ਸਿਰਜਣਾ

ਅਪਰੈਲ-ਜੂਨ 2016 (ਅੰਕ 180)

April- June 2016

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਇਜਾਜ਼ਤ
Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ -Sign: ______________________

ਪਤਾ -Address: ______________________

1728, ਸੈਕਟਰ 43-ਬੀ, 1728, Sector 43-B,

ਚੰਡੀਗੜ੍ਹ - 160022 Chandigarh - 160022

India

ਤਾਰੀਕ -Date: 25-10-2014

ਸਿਰਜਣਾ



ਅਪਰੈਲ-ਜੂਨ 2016 **180** 40 ਰੁਪਏ

ਸਿਰਜਣਾ

180
ਅਪਰੈਲ-ਜੂਨ 2016

ਸੰਪਾਦਕ : ਰਘਬੀਰ ਸਿੰਘ
Editor : Raghbir Singh

1728, ਸੈਕਟਰ 43-ਬੀ,
ਚੰਡੀਗੜ੍ਹ-160 043
ਫੋਨ : +91-172-2601693

SIRJANA
1728, Sector 43-B,
Chandigarh-160 043
INDIA
Phone : +91-172-2601693
E-mail :
raghbirssirjana@yahoo.com

Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

ਇਸ ਅੰਕ ਵਿਚ

ਸੰਪਾਦਕੀ/ਦੇਸ਼ ਭਗਤੀ ਬਨਾਮ ਦੇਸ਼ ਧ੍ਰੋਹ/1

ਗੁਰਭਜਨ ਗਿੱਲ/ਚਾਰ ਗ਼ਜ਼ਲਾਂ/3

ਉਂਕਾਰਪ੍ਰੀਤ/ਪੰਜ ਨਜ਼ਮਾਂ/5

ਕਰਮਜੀਤ ਕੌਰ ਕਿਸ਼ਾਂਵਲ/ਚਾਰ ਨਜ਼ਮਾਂ/9

ਹਰਪ੍ਰੀਤ/ਕਹਾਣੀ/ਪੰਜਾਬੀ ਸੂਟ/12

ਪ੍ਰੇਮ ਮਾਨ/ਕਹਾਣੀ/ਕੋਕੋ ਦਾ ਜਨਮ ਦਿਨ/25

ਸਿਮਰਨ ਧਾਲੀਵਾਲ/ਕਹਾਣੀ/ਛੁੱਟੀ ਹੋਣ ਤੋਂ ਪਹਿਲਾਂ/31

ਦੇਵ/ਸਵੈ ਕਥਨ/ਉਸਦੇ ਤੇ ਮੇਰੇ ਬਾਰੇ/39

ਦੇਵ/ਨਿੱਕੀਆਂ ਕਵਿਤਾਵਾਂ/46

ਅਜਮੇਰ ਸਿੱਧੂ/ਮੁਲਾਕਾਤ/ਮੈਂ ਆਪਣੀਆਂ ਗ਼ਜ਼ਲਾਂ ਵਿਚ ਸਿਰਫ ਮੁਹੱਬਤ ਦੇ ਤਾਜ ਮਹਿਲ ਨਹੀਂ ਉਸਾਰਦਾ: ਕੁਲਵਿੰਦਰ/50

ਸਾਧੂ ਬਿਨਿੰਗ/ਨਿਬੰਧ/ਜੋਅ ਹਿਲ: ਅਮਰੀਕਾ ਦੀ ਮਜ਼ਦੂਰ ਲਹਿਰ ਦਾ ਚਮਕਦਾ ਸਿਤਾਰਾ/63

ਚੰਦਰ ਮੋਹਨ/ਨਿਬੰਧ/ਅੱਜੋਕੇ ਪੰਜਾਬੀ ਨਾਵਲ ਵਿਚ ਆਦਰਸ਼-ਵਿਹੂਣੇ ਨਾਇਕ ਦਾ ਚਿਤਰਨ/67

ਹਰਿੰਦਰ ਸਿੰਘ/ਨਿਬੰਧ/'ਖਾਲੀ ਖੂਹਾਂ ਦੀ ਕਥਾ' ਨਾਵਲ ਦਾ ਪ੍ਰਤੀਕ ਵਿਧਾਨ/77

ਗੁਲਜ਼ਾਰ ਸਿੰਘ ਸੰਧੂ/ਰੀਵਿਊ/ਕਾਵਿ ਕੁਣਕਾ/85

ਜਸਬੀਰ/ਰੀਵਿਊ/ਸੜਕਛਾਪ ਸ਼ਾਇਰੀ/87

ਰਘਬੀਰ ਸਿੰਘ/ਰੀਵਿਊ/ਝੁਮਕੇ/90

ਜੀ.ਬੀ. ਸੇਖੋਂ/ਰੀਵਿਊ/ਗੰਧਲੇ ਪਾਣੀ/93

ਗੁਰਦੀਪ ਕੌਰ/ਰੀਵਿਊ/ਰੇਤ 'ਚ ਨਹਾਉਂਦੀਆਂ ਚਿੜੀਆਂ/ ਔਲੇ ਦਾ ਬੂਟਾ/95

ਪੱਤਰ/ਲਕਸ਼ਮੀ ਨਰਾਇਣ ਭੀਖੀ, ਨਰੇਸ਼ ਕੋਛੜ, ਕੇਸਰ ਸਿੰਘ ਅਟਵਾਲ, ਰਣਜੀਤ ਕੌਰ/103

ਟਾਈਟਲ ਚਿੱਤਰ : ਦੇਵ

ਚੰਦਾ-ਦਸ ਅੰਕ : ਦੇਸ : 400 ਰੁਪਏ, ਪੰਜ ਸਾਲ : 800 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 30 ਪੌਂਡ, 50 ਡਾਲਰ, ਪੰਜ ਸਾਲ 60 ਪੌਂਡ 100 ਡਾਲਰ

ਦੇਸ਼ ਭਗਤੀ ਬਨਾਮ ਦੇਸ਼ ਧ੍ਰੋਹ

ਅਸੀਂ ਮੰਨੀਏ ਭਾਵੇਂ ਨਾ, ਕੇਂਦਰ ਵਿਚ ਦੋ ਸਾਲ ਪਹਿਲਾਂ ਜਦੋਂ ਤੋਂ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦੇ ਸਿਆਸੀ ਵਿੰਗ- ਭਾਰਤੀ ਜਨਤਾ ਪਾਰਟੀ, ਦੀ ਅਗਵਾਈ ਹੇਠ ਮੋਦੀ ਸਰਕਾਰ ਕਾਇਮ ਹੋਈ ਹੈ, ਮੁਲਕ ਦਾ ਸਿਆਸੀ ਪ੍ਰਵਚਨ ਇਕ ਖਾਸ ਮੁਹਾਣ ਵੱਲ ਵਹਿ ਰਿਹਾ ਹੈ ਅਤੇ ਇਸ ਦੇ ਖਾਸੇ ਨੂੰ ਵਿਸ਼ੇਸ਼ ਪੁੱਠ ਚਾੜ੍ਹ ਦਿੱਤੀ ਗਈ ਹੈ। ਇਸ ਸਮੇਂ ਦੌਰਾਨ ਮੁਲਕ ਭਰ ਵਿਚ ਆਰ.ਐੱਸ.ਐੱਸ. ਦੀਆਂ ਸ਼ਾਖਾਵਾਂ ਦੀ ਗਿਣਤੀ ਦੁੱਗਣੀ ਹੀ ਨਹੀਂ ਹੋਈ, ਮੈਂਬਰਸ਼ਿਪ ਵੀ ਛਾਲਾਂ ਮਾਰਦੀ ਵਧੀ ਹੈ। ਕੱਲ੍ਹ ਤਕ ਜਿਹੜੀਆਂ ਗੱਲਾਂ ਦੱਬਵੀਂ ਸੁਰ ਵਿਚ ਕੀਤੀਆਂ ਜਾਂਦੀਆਂ ਰਹੀਆਂ ਸਨ, ਅੱਜ ਡੰਕੇ ਦੀ ਚੋਟ ਉੱਤੇ ਕੀਤੀਆਂ ਤੇ ਕਹੀਆਂ ਜਾ ਰਹੀਆਂ ਹਨ। ਅੱਜ ਭਾਰਤੀ ਜਨਤਾ ਪਾਰਟੀ ਜਾਂ ਆਰ.ਐੱਸ.ਐੱਸ. ਜਾਂ ਇਸ ਦੇ ਆਗੂਆਂ ਦੀ ਨੁਕਤਾਚੀਨੀ ਕਰਨ ਵਾਲਾ ਹਰ ਸ਼ਖ਼ਸ ਦੇਸ਼ ਧ੍ਰੋਹੀ ਹੈ। ਇਸ ਝੂਠ ਨੂੰ ਕਥਿਤ ਤੌਰ 'ਤੇ ਸੱਚ ਸਾਬਤ ਕਰਨ ਲਈ ਗੋਇਬਲਜ਼ ਵਾਲੇ ਪ੍ਰਾਪੇਗੰਡਾ ਦੀ ਤਰਜ਼ ਉੱਤੇ ਸੋਸ਼ਲ ਮੀਡੀਆ ਵਿਚ ਅਤੇ ਕੁਝ ਟੈਲੀਵਿਜ਼ਨ ਚੈਨਲਾਂ ਉੱਤੇ ਧੂੜਾਂ ਪੁੱਟੀਆਂ ਗਈਆਂ। ਇਨ੍ਹਾਂ ਸਾਧਨਾਂ ਦੇ ਜ਼ਰੀਏ ਅੱਜ ਜਿਹੜੀਆਂ ਗੱਲਾਂ ਅਵਾਮ ਦੇ ਮਨਾਂ ਤਕ ਪਹੁੰਚਾ ਦਿੱਤੀਆਂ ਗਈਆਂ ਹਨ, ਉਹ ਸੱਚਮੁੱਚ ਪ੍ਰੇਸ਼ਾਨ ਕਰਨ ਵਾਲੀਆਂ ਹਨ। ਮੋਦੀ ਸਰਕਾਰ ਬਣਨ ਤੋਂ ਬਾਅਦ ਮਸਲਾ ਧਰਮ-ਨਿਰਪੱਖਤਾ ਦੀ ਖਾਸ ਵਿਆਖਿਆ ਤੋਂ ਸ਼ੁਰੂ ਹੋਇਆ ਸੀ। ਸੱਤਾ ਵਿਚ ਆਉਣ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਦੇ ਆਗੂ, ਖੱਬੀਆਂ ਪਾਰਟੀਆਂ ਅਤੇ ਕਾਂਗਰਸ ਦੀ ਧਰਮ-ਨਿਰਪੱਖਤਾ ਨੂੰ ਨਕਲੀ ਧਰਮ-ਨਿਰਪੱਖਤਾ ਆਖ ਕੇ ਰੱਦ ਕਰਦੇ ਰਹੇ ਹਨ। ਨਕਲੀ ਧਰਮ-ਨਿਰਪੱਖਤਾ ਵਾਲਾ ਇਹ ਰਾਗ ਇਸ ਲਈ ਅਲਾਪਿਆ ਜਾ ਰਿਹਾ ਸੀ ਤਾਂ ਕਿ ਆਪਣੇ ਉੱਤੇ ਹਿੰਦੂ ਫਿਰਕਾਪ੍ਰਸਤੀ ਦੇ ਲੱਗਦੇ ਦੋਸ਼ਾਂ ਨੂੰ ਧੋਇਆ ਜਾ ਸਕੇ।

ਵਿਦਿਅਕ ਅਤੇ ਹੋਰ ਅਹਿਮ ਸੰਸਥਾਵਾਂ ਤੇ ਖੇਤਰਾਂ ਵਿਚ ਅੰਦਰ-ਖਾਤੇ ਵਿਚਾਰਕ ਘੁਸਪੈਠ ਤੋਂ ਬਾਅਦ, ਖਾਣ-ਪਹਿਨਣ ਦੇ ਮਾਮਲੇ 'ਤੇ ਘੱਟ-ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾਣ ਲੱਗਾ। ਆਖ਼ਰਕਾਰ ਦਾਦਰੀ ਵਾਲੀ ਘਟਨਾ ਤੋਂ ਬਾਅਦ ਸਰਕਾਰ ਖਿਲਾਫ ਰੋਹ ਦਾ ਝੰਡਾ ਬੁਲੰਦ ਹੋ ਉਠਿਆ ਅਤੇ ਅਸ਼ਹਿਣਸ਼ੀਲਤਾ ਖਿਲਾਫ ਮੁਲਕ ਭਰ ਵਿਚ ਹੋਈ ਲਾਮਬੰਦੀ ਵਿਚ ਲੇਖਕਾਂ ਨੇ ਵੱਡਾ ਯੋਗਦਾਨ ਪਾਇਆ। ਇਹ ਲਾਮਬੰਦੀ ਇੰਨੀ ਵਿਰਾਟ ਅਤੇ ਠੁੱਕਦਾਰ ਹੋ ਨਿਬੜੀ ਕਿ ਸਰਕਾਰ ਅਤੇ ਸਰਕਾਰ ਚਲਾ ਰਹੇ ਆਗੂਆਂ ਨੂੰ ਸੁਰੱਖਿਆਤਮਕ ਪਿੱਚ 'ਤੇ ਆਉਣਾ ਪਿਆ। ਦੇਸ਼-ਵਿਦੇਸ਼ ਵਿਚ ਸਰਕਾਰੀ ਪਹੁੰਚ ਦੀ ਤਿੱਖੀ ਨੁਕਤਾਚੀਨੀ ਹੋਈ। ਇਸੇ ਦੌਰਾਨ ਹੀ ਦੇਸ਼ ਧ੍ਰੋਹ ਵਾਲਾ ਰਾਗ ਛੇੜ ਦਿੱਤਾ ਗਿਆ। ਅਸਲ ਵਿਚ ਸਮੁੱਚੀ ਸਟੇਟ ਮਸ਼ੀਨਰੀ ਅਤੇ ਭਾਰਤੀ ਜਨਤਾ ਪਾਰਟੀ ਦਾ ਵਿਦਿਆਰਥੀ ਵਿੰਗ- ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿਚ ਭਗਵਾਂਕਰਨ ਵਾਲੀਆਂ ਨੀਤੀਆਂ ਤਹਿਤ ਆਪਣੀ ਸਰਗਰਮੀਆਂ ਚਲਾ ਰਹੇ ਸਨ। ਛੋਟੀਆਂ-ਮੋਟੀਆਂ ਘਟਨਾਵਾਂ ਤਾਂ ਕਈ ਥਾਈਂ ਚੱਲ ਰਹੀਆਂ ਸਨ ਪਰ ਸਾਲ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨੁਕਤਾਚੀਨੀ ਕਰਨ 'ਤੇ ਆਈ.ਆਈ.ਟੀ. ਮਦਰਾਸ ਦੇ ਪ੍ਰਸ਼ਾਸਨ ਨੇ ਅੰਬੇਦਕਰ-ਪੇਰੀਆਰ ਸਟੂਡੈਂਟਸ ਸਰਕਲ ਦੀ ਸਰਗਰਮੀ ਉੱਤੇ ਪਾਬੰਦੀ ਲਾਈ ਤਾਂ ਮਾਮਲਾ ਭੜਕ ਪਿਆ। ਫਿਰ ਪੂਣੇ ਦੀ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਦੇ ਮੁਖੀ ਦੀ ਤਾਇਨਾਤੀ ਦਾ ਮਾਮਲਾ ਭਖਿਆ। ਇਸ ਤੋਂ ਬਾਅਦ ਹੈਦਰਾਬਾਦ ਦੀ ਕੇਂਦਰੀ ਯੂਨੀਵਰਸਿਟੀ ਵਿਚ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਦਾ ਮਾਮਲਾ ਸਾਹਮਣੇ ਆਇਆ। ਜਿਸ ਤਰ੍ਹਾਂ ਏ.ਬੀ.ਵੀ.ਪੀ. ਦੀ ਸ਼ਿਕਾਇਤ ਅਤੇ ਸਰਗਰਮੀ ਤੋਂ ਬਾਅਦ ਰੋਹਿਤ ਅਤੇ ਉਸ ਦੇ ਸਾਥੀਆਂ ਨੂੰ

ਤੰਗ ਕੀਤਾ ਗਿਆ, ਉਸ ਦਾ ਨਤੀਜਾ ਰੋਹਿਤ ਵੇਮੂਲਾ ਦੀ ਖ਼ੁਦਕੁਸ਼ੀ ਦੇ ਰੂਪ ਵਿਚ ਨਿਕਲਿਆ। ਫਿਰ ਦਿੱਲੀ ਦੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ) ਵਿਚ ਵਿਦਿਆਰਥੀਆਂ ਉੱਤੇ ਦੇਸ਼ ਧ੍ਰੋਹ ਦੇ ਕੇਸ ਪਾ ਦਿੱਤੇ ਗਏ ਅਤੇ ਹੁਣ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਨਾਲ ਅਵਾਮ ਤੋਂ ਦੇਸ਼ ਭਗਤੀ ਦੇ ਸਬੂਤ ਮੰਗੇ ਜਾ ਰਹੇ ਹਨ।

ਇਹ ਹਨ ਉਹ ਹਾਲਾਤ ਜੋ ਪਿਛਲੇ ਦੋ ਸਾਲਾਂ ਦੌਰਾਨ ਬਣਾ ਦਿੱਤੇ ਗਏ ਹਨ। ਇਨ੍ਹਾਂ ਹਾਲਾਤ ਦਾ ਸਿੱਧਾ ਲਾਗਾ-ਦੇਗਾ ਉਸ ਸਿਆਸੀ ਪ੍ਰਵਚਨ ਨਾਲ ਹੈ ਜਿਹੜਾ ਅਵਾਮ ਉੱਤੇ ਥੋਪਣ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ।

ਇਸ ਸਮੁੱਚੇ ਪ੍ਰਸੰਗ ਵਿਚ ਇਨ੍ਹਾਂ ਮਸਲਿਆਂ ਉੱਤੇ ਹੋਈ ਲਾਮਬੰਦੀ ਅਤੇ ਵਿਰੋਧੀ ਧਿਰ ਦੀ ਭੂਮਿਕਾ ਦਾ ਮਸਲਾ ਵਿਚਾਰਨਾ ਬਣਦਾ ਹੈ। ਇਹ ਕੌੜੀ ਸਚਾਈ ਹੈ ਕਿ ਕੇਂਦਰ ਵਿਚ ਮੋਦੀ ਐਂਡ ਪਾਰਟੀ ਦੀ ਸੱਤਾਨਸ਼ੀਨੀ ਦਾ ਵੱਡਾ ਕਾਰਨ ਕਾਂਗਰਸ ਹੀ ਬਣੀ ਸੀ। 'ਇਮਾਨਦਾਰ' ਪ੍ਰਧਾਨ ਮੰਤਰੀ ਦੇ ਰਾਜ ਵਿਚ ਭ੍ਰਿਸ਼ਟਾਚਾਰ ਦੀ ਦਲ-ਦਲ ਵਿਚ ਗਲ-ਗਲ ਡੁੱਬੀ ਇਸ ਪਾਰਟੀ ਨੇ ਭਾਰਤੀ ਜਨਤਾ ਪਾਰਟੀ ਦੀ ਸੱਤਾਨਸ਼ੀਨੀ ਲਈ ਰਾਹ ਖੋਲ੍ਹਿਆ। ਇਹ ਮੰਨ ਲੈਣ ਵਿਚ ਕੋਈ ਹਿਚਕਚਾਹਟ ਨਹੀਂ ਹੋਣੀ ਚਾਹੀਦੀ ਕਿ ਖੱਬੀਆਂ ਪਾਰਟੀਆਂ ਠੁੱਕਦਾਰ ਸਿਆਸਤ ਦੀ ਪੈਂਠ ਪਾਉਣ ਵਿਚ ਉੱਕ ਗਈਆਂ ਹਨ। ਅਸਲ ਵਿਚ ਕਾਂਗਰਸ ਨੂੰ ਭਾਰਤੀ ਜਨਤਾ ਪਾਰਟੀ ਦਾ ਇਕੋ-ਇਕ ਬਦਲ ਮੰਨ ਕੇ ਚੱਲਣਾ ਦਰੁਸਤ ਨਹੀਂ। ਇਕ ਸਮੇਂ ਆਰ.ਐੱਸ.ਐੱਸ. ਦੇ ਕਥਿਤ ਵਿਚਾਰਵਾਨਾਂ ਨੇ ਤਾਂ ਰਾਏ ਦਿੱਤੀ ਸੀ ਕਿ ਮੁਲਕ ਨੂੰ ਬਰਬਾਦੀ ਦੇ ਰਾਹ ਪੈਣ ਤੋਂ ਡੱਕਣ ਲਈ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਨੂੰ ਆਪਸ ਵਿਚ ਹੱਥ ਮਿਲਾ ਲੈਣੇ ਚਾਹੀਦੇ ਹਨ। ਆਰ.ਐੱਸ.ਐੱਸ. ਦੇ ਇਨ੍ਹਾਂ ਵਿਚਾਰਾਂ ਦੇ ਅਰਥ ਬਹੁਤ ਵਿਰਾਟ ਸਨ। ਖੱਬੀਆਂ ਪਾਰਟੀਆਂ ਦੀ ਆਜ਼ਾਦਾਨਾ ਸਿਆਸੀ ਪੈਂਠ ਦੇ ਅਸਲ ਅਰਥ ਅਜਿਹੇ ਪ੍ਰਸੰਗਾਂ ਨੂੰ ਵਿਚਾਰਿਆਂ ਹੀ ਸਮਝ ਪੈ ਸਕਦੇ ਹਨ। ਖ਼ੈਰ! ਦੇਸ਼ ਧ੍ਰੋਹ, ਦੇਸ਼ ਭਗਤੀ ਅਤੇ 'ਭਾਰਤ ਮਾਤਾ ਕੀ ਜੈ' ਵਾਲੇ ਮਾਮਲਿਆਂ ਵਿਚ ਫਿਲਹਾਲ ਸੱਤਾ ਧਿਰ ਦੂਜਿਆਂ ਨੂੰ ਚੁੱਪ ਕਰਵਾਉਣ ਵਿਚ ਕਾਮਯਾਬ ਰਹੀ ਜਾਪਦੀ ਹੈ। ਸੱਤਾ ਧਿਰ ਦੀ ਇਹ ਹੈਂਕੜ ਭਾਵੇਂ ਵਕਤੀ ਹੀ ਹੋਵੇ, ਪਰ ਇਨ੍ਹਾਂ ਮਸਲਿਆਂ ਦੀ ਮੁੜ ਪੁਣਛਾਣ ਕਰਕੇ ਅਗਲੀ ਲੜਾਈ ਦਾ ਬੰਨ੍ਹ-ਸੁਬ ਸਮੇਂ ਦੀ ਡਾਢੀ ਲੋੜ ਹੈ। ਇਸ ਸੰਬੰਧੀ ਸਾਹਿਤਕ ਤੇ ਸਭਿਆਚਾਰਕ ਖੇਤਰ ਦੇ ਕਾਮਿਆਂ ਦੀ ਭੂਮਿਕਾ ਕੀ ਹੋਵੇ, ਇਸ ਬਾਬਤ ਹੁਣ ਨਿੱਠ ਕੇ ਵਿਚਾਰਨਾ ਬਣਦਾ ਹੈ। ਇਸ ਸਮੇਂ ਤਾਂ ਸਾਡੇ ਕੋਲ ਲੈ-ਦੇ ਕੇ ਜੇ.ਐਨ.ਯੂ. ਦੇ ਵਿਦਿਆਰਥੀ ਆਗੂ ਕਨ੍ਹੱਈਆ ਕੁਮਾਰ ਦਾ ਭਾਸ਼ਣ ਹੀ ਬਚਿਆ ਹੈ। ਉਸ ਲੜਾਈ ਦੀ ਪੁਣਛਾਣ ਹੋਣੀ ਅਜੇ ਬਾਕੀ ਹੈ ਜਿੱਥੇ ਖੱਬੀ ਧਿਰ ਇਕ ਵਾਰ ਫਿਰ ਉੱਕ ਗਈ ਜਾਪਦੀ ਹੈ। ਕਨ੍ਹੱਈਆ ਕੁਮਾਰ ਵਾਲੇ ਮਾਮਲੇ 'ਤੇ ਸਾਰਾ ਜ਼ੋਰ ਇਸ ਪਾਸੇ ਹੀ ਲਾ ਦਿੱਤਾ ਗਿਆ ਕਿ ਉਸ ਨੇ 'ਦੇਸ਼ ਧ੍ਰੋਹ' ਵਾਲੇ ਨਾਅਰੇ ਲਾਏ ਹੀ ਨਹੀਂ। ਅਗਾਂਹ ਇਹ ਪੈਂਤੜਾ 'ਜਿਨ੍ਹਾਂ ਅਜਿਹੇ ਨਾਅਰੇ ਲਾਏ ਹਨ, ਉਨ੍ਹਾਂ ਖ਼ਿਲਾਫ਼ ਕਾਰਵਾਈ ਕਰ ਲਈ ਜਾਵੇ' ਤਕ ਜਾ ਅੱਪੜਿਆ। ਇਹ ਪੈਂਤੜਾ ਐਨ ਉਸੇ ਤਰ੍ਹਾਂ ਦਾ ਸੀ ਜਿਸ ਤਰ੍ਹਾਂ 9/11 ਤੋਂ ਬਾਅਦ ਅਮਰੀਕਾ ਵਿਚ ਸਿੱਖਾਂ ਉੱਤੇ ਹਮਲੇ ਹੋਏ ਅਤੇ ਸਰਬੱਤ ਦਾ ਭਲਾ ਮੰਗਣ ਵਾਲਿਆਂ ਨੇ ਕੂਕ-ਕੂਕ ਕੇ ਕਿਹਾ ਸੀ- ਅਸੀਂ ਸਿੱਖ ਹਾਂ, ਭੁਲੇਖੇ ਵਿਚ ਸਾਨੂੰ ਨਾ ਮਾਰੋ; ਭਾਵ ਮੁਸਲਮਾਨਾਂ ਨੂੰ ਮਾਰਿਆ ਜਾ ਸਕਦਾ ਹੈ! ਇਥੇ ਪਾਦਰੀ ਮਾਰਟਿਨ ਨਿਮੋਲਰ ਦੀ ਸੰਸਾਰ ਪ੍ਰਸਿੱਧ ਰਚਨਾ 'ਪਹਿਲਾਂ ਉਹ ਆਏ' ਬਾਰੇ ਚੇਤਾ ਕਰਵਾਉਣਾ ਪ੍ਰਸੰਗ ਤੋਂ ਬਾਹਰਾ ਨਹੀਂ ਹੋਵੇਗਾ।

ਆਰ.ਐੱਸ.ਐੱਸ. ਮਾਰਕਾ ਸਿਆਸੀ ਪ੍ਰਵਚਨ ਨੂੰ ਟੱਕਰ, ਖੱਬੇ ਪੱਖ ਦਾ ਆਜ਼ਾਦਾਨਾ ਜਲੌਅ ਕਾਇਮ ਕਰਕੇ ਹੀ ਦਿੱਤੀ ਜਾ ਸਕਦੀ ਹੈ ਅਤੇ ਇਸ ਵਿਚ ਸਾਹਿਤਕ ਤੇ ਸਭਿਆਚਾਰਕ ਕਾਮਿਆਂ ਦਾ ਯੋਗਦਾਨ ਅਵੱਸ਼ ਬਹੁਤ ਅਹਿਮ ਹੈ। 000

ਚਾਰ ਗ਼ਜ਼ਲਾਂ: ਗੁਰਭਜਨ ਗਿੱਲ

-1-

ਰੁਲੀਆ ਰਾਮ ਅਜੇ ਵੀ ਰੁਲਦਾ, ਪਿੰਡਾਂ ਵਿਚ ਤੇ ਸ਼ਹਿਰ ਦੇ ਅੰਦਰ।
ਲਖਪਤ ਰਾਏ ਅਰਬਪਤੀ ਹੈ, ਦਿੱਲੀ-ਦੱਖਣ ਸਣੇ ਜਲੰਧਰ!
ਬਾਲ਼ ਚਿਰਾਗ ਧਰ ਦਿਉ ਲੋਕੋ, ਭੁੱਲ ਨਾ ਜਾਇਉ ਅਸਲੀ ਗੱਲ ਨੂੰ,
ਸ਼ਬਦ-ਗੁਰੂ ਪ੍ਰਕਾਸ਼ ਸਦੀਵੀ, ਜੋਤ ਜਗਾਉ ਦਿਲ ਦੇ ਅੰਦਰ!
ਕੁਰਸੀ 'ਤੇ ਬਹਿ ਨਾਚ ਨਚਾਵੇ, ਤੈਨੂੰ ਮੈਨੂੰ ਸਭਨਾਂ ਨੂੰ ਹੀ,
ਵੇਖਣ ਨੂੰ ਹੈ ਚੁੱਪ ਚੁਪੀਤਾ, ਚਾਤਰ ਸ਼ਾਤਰ ਅਜਬ ਕਲੰਦਰ!
ਜਿਉਂ ਭੱਠੇ ਵਿਚ ਚੌਰਸ ਇੱਟ ਨੂੰ ਖਿੰਘਰ ਕਰਦਾ ਤੇਜ਼ ਕਰਾਰਾ,
ਅਣਵਰਤੇ ਨੂੰ ਕੌਣ ਸੰਭਾਲੇ, ਏਹੀ ਲਾਵਾ ਮੇਰੇ ਅੰਦਰ!
ਗਿਆਨੀ ਧਿਆਨੀ ਸਿੱਧ ਤੇ ਜੋਗੀ, ਬੈਠ ਪਰਬਤੀਂ ਕਰਨ ਸਲਾਹਾਂ,
ਜ਼ਰ ਜਰਵਾਣੇ ਬਣੇ ਘਰਾਣੇ, ਲੁੱਟੀ ਜਾਂਦੇ ਰੋਜ਼ ਪਤੰਦਰ!
ਆਟਾ ਮੰਗਣ ਹਾਰਿਆਂ ਨੂੰ ਜੇ, ਜੋਗ ਕਮਾਉਣੋਂ ਡੱਕ ਦੇਣਾ ਸੀ,
ਗੋਰਖ ਨਾਥਾ ਪਾਈਆਂ ਕਿਉਂ ਤੂੰ, ਮੁੰਦਰਾਂ ਸਾਡੇ ਕੰਨਾਂ ਅੰਦਰ।
ਢੇਰ ਪੁਸਤਕਾਂ ਪੜ੍ਹੀਆਂ ਲਿਖੀਆਂ, ਇਹ ਗੱਲ ਸਮਝ ਕਿਉਂ ਨਹੀਂ ਆਈ,
ਗਿਆਨ ਬਣੇ ਭਗਵਾਨ ਵਿਕਾਊ, ਵੇਚ ਰਹੇ ਨੇ ਨਾਥ ਮਛੰਦਰ!

-2-

ਜਿਹੜੇ ਫੁੱਲ ਮੈਂ ਤੈਨੂੰ ਭੇਜੇ, ਓਹੀ ਸੱਜਣਾਂ ਮੋੜ ਗਿਆ ਏਂ।
ਖ਼ੁਸ਼ਬੂ ਵਰਗਾ ਸੁੱਚਾ ਰਿਸ਼ਤਾ, ਜੁੜਨੋਂ ਪਹਿਲਾਂ ਤੋੜ ਗਿਆ ਏਂ।
ਦਿਲ ਵਿਚ ਨੇ ਮਹਿਫ਼ੂਜ਼ ਅਜੇ ਵੀ, ਜ਼ਖ਼ਮ ਪੁਰਾਣੇ ਲੋਕਾਂ ਦਿੱਤੇ,
ਤੂੰ ਵੀ ਸੋਹਣੀ ਕੀਤੀ, ਸੂਲ਼ਾਂ ਓਸੇ ਥਾਂ 'ਤੇ ਪੋੜ ਗਿਆ ਏਂ।
ਆਸ ਕਰੂੰਬਲ ਫੁੱਟੀ ਹੀ ਸੀ, ਸੁੱਤੀ ਟਾਹਣੀ ਉੱਤੇ ਹੁਣ ਤਾਂ,
ਬੇਦਰਦਾ ਤੂੰ ਸ਼ੁਗਲ ਸ਼ੁਗਲ ਵਿਚ, ਐਵੇਂ ਤੋੜ ਮਰੋੜ ਗਿਆ ਏਂ।
ਭਾਰਾ ਭਾਰਾ ਸਿਰ ਹੋਇਆ ਤੇ ਅੱਖਾਂ ਅੱਗੇ ਭੰਬੂਤਾਰੇ,
ਫੁੱਲ ਨਾਲੋਂ ਖੁਸ਼ਬੋਈ ਕਾਹਨੂੰ, ਐਵੇਂ ਤੋੜ ਵਿਛੋੜ ਗਿਆ ਏਂ।
ਧਰਤੀ ਮਾਂ ਨੇ ਇਕ ਦਿਨ ਮੈਨੂੰ ਪੁੱਛਿਆ, ਦੱਸ ਤੂੰ ਕੀ ਖੱਟਿਆ ਵੇ,
ਅੰਨ ਦਾਤਾ ਬਣ ਖ਼ੁਦ ਮਰਿਆਂ, ਤੇ ਮੇਰੀ ਜਿੰਦ ਨਿਚੋੜ ਗਿਆ ਏਂ।
ਆਸ ਉਮੀਦਾਂ ਸੁਪਨੇ ਰੀਝਾਂ, ਇਹ ਜ਼ਿੰਦਗੀ ਦਾ ਅਸਲੀ ਗਹਿਣਾ,
ਪਾਰ ਲੰਘਾਵਣ ਹਾਰਿਆ ਤੂੰ ਤਾਂ, ਸਾਨੂੰ ਨਦੀਏ ਬੋੜ ਗਿਆ ਏਂ।
ਤੇਰਾ ਮੁੱਖ ਪਵਿੱਤਰ ਪੁਸਤਕ, ਪੜ੍ਹਦੇ ਸਾਂ ਤੂੰ ਇਹ ਕੀ ਕੀਤਾ,
ਸਤਰ ਅਧੂਰੀ ਅੱਧ ਵਿਚ ਰਹਿ ਗਈ, ਫੜ ਕੇ ਸਫ਼ਾ ਮਰੋੜ ਗਿਆ ਏਂ।

-3-

ਮੁਸਕਰਾ ਤੂੰ ਕਾਇਮ ਰੱਖ, ਫੁੱਲਾਂ ਦੇ ਅੰਦਰ ਤਾਜ਼ਗੀ।
ਏਸ ਨੂੰ ਵੀ ਰੱਬ ਮੰਨੇ, ਆਪਣੀ ਹੀ ਬੰਦਗੀ।
ਜ਼ੋਰਾਵਰ ਕਿੰਨੇ ਸੀ ਆਏ, ਆਏ ਆ ਕੇ ਤੁਰ ਗਏ,
ਵੇਖ ਲੈ ਸਿਦਕਾਂ ਗਵਾਈ, ਨਾ ਕਦੇ ਵੀ ਸਾਦਗੀ।
ਹੁਕਮਰਾਨੀ ਦਾ ਕਿਵੇਂ, ਅੰਦਾਜ਼ ਹੈ ਹੁਣ ਬਦਲਿਆ,
ਲੋਕ ਸੇਵਾ ਕਹਿਣ ਮੂੰਹੋਂ, ਕਰ ਰਹੇ ਬੇਹੂਦਗੀ।
ਕੋਈ ਵੀ ਮੰਜ਼ਿਲ ਉਚੇਰੀ, ਤੁਰਨ ਬਿਨ ਪਾਉਣੀ ਮੁਹਾਲ,
ਵਕਤ ਦੇ ਮੱਥੇ 'ਤੇ ਲਿਖਿਆ, ਪੜ੍ਹ ਕਦੇ ਤੂੰ ਜ਼ਿੰਦਗੀ।
ਸੁਰਖ਼ ਸੂਹਾ ਫੁੱਲ ਮੈਂ, ਕਰਦਾ ਸਲਾਮਾਂ ਵੇਖਿਆ,
ਨੂਰ ਸਾਈਂ ਦਾ ਗੁਆਚੀ, ਦੇਸ਼ ਦੀ ਮਰਦਾਨਗੀ।
ਦੋ ਕਦਮ ਅੱਗੇ ਤੁਰਨ ਤੇ ਚਾਰ ਪਿੱਛੇ ਪਰਤ ਜਾਣ,
ਤੋੜ ਦੇ ਐ ਜ਼ਿੰਦਗੀ, ਪੈਰਾਂ ਦੀ ਇਹ ਲਾਚਾਰਗੀ।
ਮੈਂ ਵੈਰਾਗੀ ਪਉਣ ਹਾਂ, ਤੇਰੇ 'ਚ ਸ਼ਾਮਲ ਹੋਣ ਲਈ,
ਮੋੜ ਦੇ ਮੈਨੂੰ ਮੇਰੇ ਮਹਿਰਮ ਮੇਰੀ ਆਵਾਰਗੀ।

-4-

ਹਿੰਮਤ ਨੂੰ ਖੰਭ ਲਾ ਕੇ, ਅਰਸ਼ ਉਡਾਰੀ ਭਰੀਏ।
ਜ਼ਿੰਦਗੀ ਉਡਣਾ ਚਾਹੇ, ਆਪਾਂ ਕੁਝ ਤਾਂ ਕਰੀਏ।
ਭੱਜ ਜਾਣਾ ਮਰਦਾਂ ਨੂੰ ਮਿਹਣਾ, ਡੁੱਬਣਾ ਮੱਛੀਆਂ,
ਚਲੋ ਚਲੋ ਹੁਣ ਤੁਰੀਏ, ਪੈਂਡਾ ਕੁਝ ਤਾਂ ਕਰੀਏ।
ਇਨਕਲਾਬ ਤੋਂ ਰੱਜਿਆਂ ਲੋਕਾਂ ਨੇ ਕੀ ਲੈਣਾ,
ਲਿੱਸਿਆਂ ਨੂੰ ਇਹ ਦੱਸੀਏ, ਕਦਮ ਅਗਾਂਹ ਨੂੰ ਧਰੀਏ।
ਤੂਫ਼ਾਨਾਂ ਦੀ ਚੁੱਪ ਵੀ ਬੜੀ ਭਿਆਨਕ ਸੁਣਿਆ,
ਆਓ ਸਾਰੇ ਏਸ ਤਰ੍ਹਾਂ ਦੀ ਚੁੱਪ ਤੋਂ ਡਰੀਏ।
ਜਿੰਨਾ ਚਿਰ ਵੀ ਧੜਕਨ ਤੁਰਦੀ ਸਾਹਾਂ ਅੰਦਰ,
ਮਿੱਟੀ ਹੋ ਕੇ, ਬਿਨ ਆਈ ਤੋਂ, ਕਾਹਨੂੰ ਮਰੀਏ।
ਸਾਡੇ ਰਾਹਾਂ ਉਤੇ ਕਾਲਖ਼ 'ਨੇਰ੍ਹ ਮਚਾਇਆ,
ਚਲੋ ਬਨੇਰੇ ਮੱਲੀਏ ਮਮਟੀ ਦੀਵਾ ਧਰੀਏ।
ਤੂੰ ਸੁਪਨੇ ਵਿਚ ਕਦੇ ਕਦਾਈਂ ਆ ਜਾਇਆ ਕਰ,
ਖ਼ੁਸ਼ਬੂ ਜਹੀਏ ਨੀ ਚਾਵਾਂ ਦੀ ਕੋਮਲ ਪਰੀਏ।
ਭਵ-ਸਾਗਰ ਤੋਂ ਪਾਰ ਜਾਣ ਦਾ ਜੇ ਹੈ ਸੁਪਨਾ,
ਪਾ ਗਲਵੱਕੜੀ ਆ ਜਾ ਦੋਵੇਂ ਰਲ ਕੇ ਤਰੀਏ।00

(113-ਐਫ਼. ਸ਼ਹੀਦ ਭਗਤ ਸਿੰਘ ਨਗਰ, ਲੁਧਿਆਣਾ-141 013)

ਪੰਜ ਨਜ਼ਮਾਂ: ਉਂਕਾਰਪ੍ਰੀਤ

ਵਚਿੱਤਰ ਵੀਣਾ

ਜਿਨ੍ਹਾਂ ਉਂਗਲਾਂ ਦੀਆਂ ਰਗਾਂ 'ਚ ਸੰਗੀਤ ਰਚਿਆ
ਉਹ ਜਦ ਛੋਹੰਦੀਆਂ ਲੱਕੜ ਦੇ ਮੋਰ ਉੱਤੇ ਕਸੀਆਂ ਤਾਰਾਂ
ਤਾਂ 'ਵੀਣਾ' ਜਨਮਦੀ।

ਵੀਣਾ ਵੱਜਦੀ, ਸਮਾਂ ਸੁਰਤਾਲਿਆ ਜਾਂਦਾ
ਰੂਹਾਂ ਕਲਬੂਤਾਂ 'ਚੋਂ ਨਿਕਲ ਕੇ ਨੱਚਦੀਆਂ
'ਬੁੱਲ੍ਹੇ' ਵਾਂਗ।

ਵੀਣਾ ਵੱਜਦੀ ਜਾਂਦੀ, ਨਾਚ ਤੇਜ਼ ਹੋਈ ਜਾਂਦਾ
ਹੋਰ ਤੇਜ਼, ਹੋਰ ਤੇਜ਼, ਹੋਰ ਤੇਜ਼
ਨੱਚ ਉੱਠਦੈ. ਲੱਕੜ ਦਾ ਮੋਰ।

ਲੱਕੜ ਦੇ ਮੋਰ ਨਾਚੋਂ, ਵਚਿੱਤਰ ਉਸਦੀ 'ਪੈਲ'
ਵਜੰਤਰੀ ਦੇ ਚਿਹਰੇ 'ਤੇ ਪੈਂਦੀ
'ਵੀਣਾ' ਨੂੰ 'ਵਚਿੱਤਰ-ਵੀਣਾ' ਕਰ ਦੇਂਦੀ।

ਬਾਂਸੁਰੀ ਦੀ ਆਤਮਕਥਾ

ਤੂੰ ਨਾਲ ਲਾਇਆ
ਸਿਮਰਤੀ 'ਚ ਉਹ ਵੇਲਾ ਆਇਆ
ਜਦ ਮੈਂ ਤੇਰੇ ਨਾਲੋਂ ਚੀਰਿਆ ਗਿਆ ਸਾਂ।

ਤੂੰ ਨੈਣ ਚੁੰਮੇ
ਤਾਂ ਤੈਂ ਬਿਨ ਬੀਤੇ
ਕਿੰਨੇ ਜਨਮ ਦਿਸ ਉਠੇ।

ਨੌਂ ਸੁਰਾਖ ਵਜੂਦ 'ਤੇ
ਬਿਰਹੋਂ ਦੇ ਜਨਮਾਂ ਦੀ ਦਾਸਤਾਂ ਬਣ ਗਏ।

ਤੂੰ ਹੋਠਾਂ ਨਾਲ ਲਾ ਕੇ ਸਾਹ ਫੂਕਿਆ
ਮੈਂ ਨੌਂ ਸੁਰਾਖਾਂ ਵਾਲੀ ਬਿਰਹੋਂ-ਜਲੀ ਪੋਰ ਤੋਂ
ਬਾਂਸੁਰੀ ਹੋ ਗਿਆ।

ਪਿਆਰ

ਜਦ ਵੀ ਮੈਂ
ਪਿਆਰ 'ਤੇ ਨਜ਼ਮ ਲਿਖਣ ਲੱਗਿਆ
ਤਦ ਮੈਨੂੰ ਕੋਰੇ ਸਫ਼ੇ 'ਤੇ ਅਥਾਹ ਪਿਆਰ ਆਇਆ
ਮੈਂ ਨਿਰਛਲ-ਸਵੱਛ ਅਹਿਸਾਸਾਂ ਨਾਲ ਭਰ ਗਿਆ
ਮੈਨੂੰ ਹਰ 'ਸਿਆਹੀ' ਵਿੱਸਰ ਗਈ।

ਕੋਰੇ ਸਫੇ 'ਚੋਂ
ਰੁੱਖ ਦੇ ਹਰੇ ਕਚੂਰ ਪੱਤੇ ਲਹਿਲਹਾਏ
ਮੇਰੀ ਸੁਰਤ ਵਿਚ, ਹਲਕੀ ਹਲਕੀ ਹਵਾ ਰੁਮਕਣ ਲੱਗੀ
ਮੈਨੂੰ ਆਹਲਣਿਆ 'ਚੋਂ, ਪੰਛੀਆਂ ਦੇ ਗੀਤ ਸੁਣਨ ਲੱਗੇ
ਗੀਤਾਂ 'ਚੋਂ ਪਰਵਾਜ਼, ਪਰਵਾਜ਼ਾਂ ਚੋਂ ਅਸਮਾਨ
ਚੰਨ, ਤਾਰੇ, ਗ੍ਰਹਿ ਆਖੰਡ-ਪੂਰਨ ਬ੍ਰਹਿਮੰਡ।

ਹਾਂ... ਮੈਂ ਪਿਆਰ ਬਾਰੇ ਨਜ਼ਮ ਲਿਖਣ ਲੱਗਿਆ
ਹਰ ਵੇਰ- ਪੂਰਨਤਾ ਵਿਚ ਗੁੰਮ ਗਿਆ
ਅਕਹਿ ਅਨਾਦ-ਵਿਸਮਾਦ 'ਚ
ਕੋਰੇ ਸਫੇ ਨੂੰ ਚੁੰਮ ਲਿਆ!!

ਵਿੱਗ

ਦੋਸਤ ਨੂੰ ਹੈਰਾਨ ਕਰਨ ਲਈ
ਸਿਰ ਸੁਨਹਿਰੀ ਵਿੱਗ ਧਰੀ
ਮੈਂ ਸੋਚਦਾਂ ਲੋਕ ਰਹਿ ਜਾਣਗੇ ਹੈਰਾਨ
ਮੇਰੇ ਵੱਲ ਅਜੀਬ ਨਜ਼ਰਾਂ ਨਾਲ ਤੱਕਣਗੇ
ਪਰ ਲੋਕਾਂ ਦੀ ਭੀੜ ਮੇਰੇ ਕੋਲੋਂ ਇੰਝ ਲੰਘ ਰਹੀ
ਜਿਵੇਂ ਕਿ ਮੈਂ ਹੁੰਦਾ ਹੀ ਨਹੀਂ।

ਅਚਾਨਕ ਇਕ ਉੱਚਾ ਕਹਿਕਹਾ ਗੂੰਜਿਆ
ਪਰ ਕੋਈ ਨਜ਼ਰੀਂ ਨਾ ਪਿਆ
ਆਵਾਜ਼ ਆਈ:"ਮੈਂ ਵਿੱਗ ਹਾਂ...
ਤੂੰ ਸ਼ਾਇਦ ਅਜਿਹਾ ਹਾਸਾ ਨਹੀਂ ਸੁਣਿਆ।
ਕਿਉਂਕਿ ਤੂੰ ਸਦਾ,ਵਿੱਗ ਚੜ੍ਹੇ ਹਾਸੇ ਸੁਣਦਾ।"
"ਵਿੱਗ ਚੜ੍ਹੇ ਹਾਸੇ?"

"ਹਾਂ..ਰਤਾ ਗਹੁ ਨਾਲ ਵੇਖ
ਔਹ ਬੰਦੇ ਦੇ ਚਿਹਰੇ ਮੁਸਕਾਨ ਦੀ ਵਿੱਗ
ਔਹ ਝੁਰੜੀਆਂ 'ਤੇ ਜਵਾਨੀ ਦੀ ਵਿੱਗ
ਤੇ ਔਹ ਵੇਖ
ਕਿਸੇ ਨੂੰ ਹੱਥ ਮਿਲਾ ਕੇ ਵਿਦਾ ਕਰ ਕੋਈ
ਅਪਣੇ ਹੱਥੋਂ ਨਿੱਘ ਦੀ ਵਿੱਗ ਉਤਾਰ
ਗਾਰਬੇਜ਼ 'ਚ ਪਾ ਰਿਹਾ।

ਤੂੰ ਕਿਵੇਂ ਇਹ ਸੋਚ ਲਿਆ
ਤੇਰੀ ਵਿੱਗ ਵੇਖਕੇ ਕੋਈ ਹੋਵੇਗਾ ਹੈਰਾਨ?
ਪਿਆਰੇ!!
ਵਿੱਗ ਦੇ ਸਹਾਰੇ, ਚੱਲ ਰਿਹਾ ਜਹਾਨ।

ਇਹ ਸਭ ਮੇਕੱਪ ਵਰਗੀ ਲਿਸ਼ਕ-ਪੁਸ਼ਕ
ਇਹ ਸਭ ਰੰਗੀਨ ਨਿਖਾਰ
'ਚੜ੍ਹਤ' ਦੀ ਵਿੱਗ ਲਾਈ
ਫਿਰ ਰਿਹਾ ਬਹੁਤਾ 'ਨਿਘਾਰ'।

ਹਾਂ... ਇਕ ਗੱਲ ਹੋਰ
ਦੋ ਦੋਸਤਾਂ ਦੇ ਦਰਮਿਆਂ
ਕਿਸੇ ਵਿੱਗ ਦੀ ਨਾ ਕੋਈ ਥਾਂ
ਜੇ ਦੋਸਤ
ਦੋਸਤ ਨੂੰ ਵਿੱਗ ਹੇਠੋਂ ਨਹੀਂ ਪਹਿਚਾਣਦਾ
ਤਾਂ ਸਮਝ ਲਵੀਂ ਦੋ ਦੋਸਤਾਂ 'ਚੋਂ ਕਿਸੇ ਇਕ 'ਤੇ
'ਦੋਸਤੀ' ਦੀ ਵਿੱਗ ਹੈ।

ਤੂੰ, ਮੈਂ ਅਤੇ ਘਰ

ਤੂੰ ਘਰ ਨਹੀਂ ਹੁੰਦੀ
ਤਾਂ ਮੈਂ ਸਿਰਫ਼ 'ਮੈਂ' ਰਹਿ ਜਾਂਦਾਂ
ਘਰ ਸਿਰਫ਼ ਦਿਸਦਾ ਹੈ, ਮਹਿਸੂਸ ਨਹੀਂ ਹੁੰਦਾ।
ਤੂੰ ਘਰ ਨਹੀਂ ਹੁੰਦੀ ਤਾਂ
ਸਰਦਲ 'ਚੋਂ 'ਜੀ ਆਇਆਂ ਨੂੰ' ਮਨਫ਼ੀ ਹੁੰਦਾ ਹੈ
ਵਿਹੜੇ 'ਚੋਂ ਤੇਰੀ ਖੁੱਲ੍ਹਦਿਲੀ
ਫਰਸ਼ 'ਚੋਂ ਤੇਰੀ ਨਿਮਰਤਾ
ਛੱਤ 'ਚੋਂ ਤੇਰੀ ਉਡਾਨ

ਕੰਧਾਂ 'ਚੋਂ ਤੇਰੀਆਂ ਬਾਹਾਂ ਦੀ ਵਲਗਣ
ਮਹਿਸੂਸ ਨਹੀਂ ਹੁੰਦੀ।

ਤੂੰ ਘਰ ਨਹੀਂ ਹੁੰਦੀ
ਤਾਂ ਰਸੋਈ ਨੂੰ ਸਾਰੇ ਸਵਾਦ ਵਿਸਰ ਜਾਂਦੇ
ਘਰ ਦੇ ਸਾਰੇ ਰੰਗ
ਤੇਰੀ ਮੁਸਕਾਨ ਬਿਨਾਂ ਫਿੱਕੇ ਪੈ ਜਾਂਦੇ
ਘਰ ਦੀ ਫਜ਼ਾ 'ਚ ਤੇਰੇ ਸਾਹਾਂ ਬਿਨਾਂ
ਪਸਰ ਜਾਂਦਾ ਇਕ ਖਲਾਅ।

ਤੂੰ ਘਰ ਨਹੀਂ ਹੁੰਦੀ ਤਾਂ ਪਤਾ ਲੱਗਦਾ
ਸ਼ੈਲਫਾਂ 'ਚ ਪਈਆਂ ਪੁਸਤਕਾਂ
ਵਿਚਲੀ ਸਾਹਿਤਕਤਾ ਦਾ
ਤੇਰੀ ਹੋਂਦ ਨਾਲ ਗੂੜ੍ਹਾ ਰਿਸ਼ਤਾ
'ਵਾਲ-ਯੂਨਿਟ' 'ਚ ਪਈਆਂ
ਦਰਸ਼ਨੀ ਵਸਤਾਂ ਵਿਚਲਾ ਦਰਸ਼ਨ, ਸੁਹਜ, ਸਲੀਕਾ
ਤੇਰੇ ਬਿਨ ਨਾ-ਪੂਰਾ।

ਤੂੰ ਘਰ ਨਹੀਂ ਹੁੰਦੀ ਤਾਂ
ਮੈਂ ਅਤੇ ਘਰ ਮਿਲ ਕੇ
ਤੇਰੀਆਂ ਗੱਲਾਂ ਕਰਦੇ ਹਾਂ
ਤੈਨੂੰ ਬਹੁਤ ਯਾਦ ਕਰਦੇ ਹਾਂ
ਨੈਣਾਂ 'ਚ ਮੋਹ ਜਲ ਭਰਦੇ ਹਾਂ
ਸਰਦਲ ਵਿਚ ਜਾ ਖੜ੍ਹਦੇ ਹਾਂ
ਮੈਂ ਮੁੜ 'ਤੂੰ' ਹੋਣ ਲਈ
ਘਰ ਮੁੜ 'ਘਰ' ਹੋਣ ਲਈ
ਤੇਰੇ ਮੁੜਨ ਦੀ ਉਡੀਕ ਕਰਦੇ ਹਾਂ।

ਤੂੰ ਘਰ ਨਹੀਂ ਹੁੰਦੀ
ਤਾਂ ਮੈਂ ਸਿਰਫ਼ 'ਮੈਂ' ਰਹਿ ਜਾਂਦਾਂ
ਘਰ ਸਿਰਫ਼ ਦਿਸਦਾ ਹੈ
ਮਹਿਸੂਸ ਨਹੀਂ ਹੁੰਦਾ।000

[onkarpreet@hotmail.com]

ਚਾਰ ਨਜ਼ਮਾਂ : ਕਰਮਜੀਤ ਕੌਰ ਕਿਸ਼ਾਂਵਲ

ਹੈ ਨਾ ?!?!

ਮਰਦ ਦੀ ਸੰਪੱਤੀ ਹੀ ਰਹੀ
ਮੁੱਦਤਾਂ ਤੋਂ ਔਰਤ
ਤੇ ਆਪਣੀ ਸੰਪੱਤੀ ਨੂੰ
ਮਨਚਾਹੇ ਤਰੀਕਿਆਂ ਨਾਲ ਵਰਤਦਾ ਰਿਹਾ ਪੁਰਸ਼

ਨਹੀਂ ਤਾਂ ਖੁਦ ਨੂੰ ਦਾਅ 'ਤੇ ਲਾ
ਜੂਏ 'ਚ ਹਾਰਿਆ ਯੁਧਿਸ਼ਟਰ ਕੀ ਹੱਕ ਰਖਦੈ
ਕਿ ਉਹ ਦਰੋਪਤੀ ਨੂੰ ਦਾਅ 'ਤ ਲਾਉਂਦਾ?!?!

ਵਸਤੂ ਕਲਚਰ

ਐ ਨਾਦਾਨ! ਸਮਝ ਜ਼ਰਾ
ਇਸ ਨਗਰ 'ਚ ਵਸਦੇ ਲੋਕ
'ਅੰਦਰੋਂ' ਨਹੀਂ 'ਬੁਲ੍ਹਾਂ' 'ਚੋਂ ਬੋਲਦੇ ਹਨ

ਇਹਨਾਂ ਦੇ ਬੋਲਾਂ 'ਚ ਹੈ ਰੂਹਾਂ ਦੀ ਇਬਾਦਤ
ਪਰ ਅੱਖਾਂ ਨਾਲ ਇਹ ਕਰਦੇ ਹਰਦਮ
ਜਿਸਮਾਂ ਦੀ ਪਰਿਕਰਮਾ

ਵਸਤਾਂ ਦੀ ਬੋਲੀ ਕਰਦੇ-ਕਰਦੇ
ਰੂਹ-ਹੀਣ ਹੋਏ ਵਪਾਰੀ
ਰੂਹਾਂ, ਭਾਵਾਂ ਤੇ ਜਿਸਮਾਂ ਦਾ ਵੀ
ਮੁੱਲ ਲਾਉਂਦੇ ਨੇ

ਇਹਨਾਂ ਲਈ ਤਨ ਮੰਡੀ, ਮਨ ਮੰਡੀ
ਇਹਨਾਂ ਦੀਆਂ ਖੋਪੜੀਆਂ ਅੰਦਰ
ਬਸ 'ਮੰਡੀ' ਦਾ ਖਾਕਾ

ਦਿਲਾਂ ਵਾਲੀ ਗੱਲ ਦੀ ਇਹ
ਖਿੱਲੀ ਉਡਾਉਂਦੇ
ਕਲਾ ਵਿਚੋਂ ਸੁਹਜ ਨਹੀਂ ਲੱਭਦੇ ਇਹ
ਕਲਾ ਨੂੰ ਮਹਿਜ਼ ਉਤੇਜਨਾ ਦਾ ਵਸੀਲਾ ਬਣਾਉਂਦੇ

ਐ ਨਾਦਾਨ!
ਕਦੇ ਇਹਨਾਂ ਦੇ ਬੁਲ੍ਹਾਂ 'ਚੋਂ ਕਿਰੇ ਬੋਲਾਂ ਨੂੰ
ਸੱਚ ਨਾ ਸਮਝ ਬੈਠੀਂ !
ਇਹ ਅੱਖੀਆਂ 'ਚ ਆਏ ਪਾਣੀ ਦਾ
ਨਾਂ ਨਹੀਂ ਜਾਣਦੇ

ਪਿਆਸੇ ਪਾਣੀਆਂ ਦੀ ਦਾਸਤਾਨ

ਚੰਗਾ ਹੈ ਕਿ ਹੁਣ ਨਾ ਹੀ ਕਰੀਏ
ਚਸ਼ਮਿਆਂ ਜਿਹੇ ਦਿਲਾਂ ਦੀ
ਦਰਿਆਵਾਂ ਜਿਹੇ ਜਨੂੰਨ ਦੀ
ਤੇ ਝੀਲਾਂ ਵਰਗੇ ਮਨਾਂ ਦੀ ਗੱਲ!

ਚਸ਼ਮੇਂ ਹੁਣ ਚਸ਼ਮੇਂ ਨਹੀਂ ਰਹੇ
ਧੁੰਦਲਾ ਗਏ ਨੇ ਵਕਤ ਦੀ ਧੁੰਦ ਨਾਲ
ਦਰਿਆ ਹੁਣ ਵਹਿੰਦੇ ਨਹੀਂ
ਬੱਸ ਰੀਂਗਦੇ ਨੇ ਸਰਪ ਦੀ ਤਰ੍ਹਾਂ
ਉਹਨਾਂ 'ਚੋਂ ਨੀਲਈ ਨਹੀਂ
ਸੁਰਮਈ ਭਾਅ ਮਾਰਦੀ ਏ!

ਝੀਲਾਂ ਦੀ ਡੂੰਘਾਣ ਉੱਸਲਵੱਟੇ ਪਈ ਲੈਂਦੀ ਏ
ਇਸ ਦੇ ਪਾਣੀਆਂ 'ਚ ਖਾਮੋਸ਼ੀ ਨਹੀਂ
ਬੱਸ ਹਲਚਲ ਰਹਿੰਦੀ ਏ!

ਹੁਣ ਪਾਣੀ ਹੀ ਪਿਆਸਾ ਹੋ ਗਿਆ
ਨਹੀਂ ਬੁਝਦੀ ਇਸ ਤੋਂ- ਸਾਡੀ ਪਿਆਸ
ਨਹੀਂ ਸਿੰਜ ਹੁੰਦੀ ਇਸ ਤੋਂ- ਪਿਆਸੀ ਧਰਤ

ਹੁਣ ਪਾਣੀ ਹੀ ਸਾਨੂੰ
ਪਿਆਸਾ ਹੋ ਕੇ ਮਿਲਦਾ ਹੈ
ਬੋਤਲਾਂ 'ਚ ਕੈਦ ਪਾਣੀ
ਪਿਆਸ ਨਹੀਂ ਬੁਝਾਉਂਦੇ
ਸਾਂਝਾਂ ਦੇ ਪੈਰਾਂ 'ਚ
ਤਿਲਕਣ ਜ਼ਰੂਰ ਕਰ ਦਿੰਦੇ ਨੇ!

ਧਰਮ-ਕਾਜ

ਕੀ ਕਰੋਗੇ ਪੁੱਛ ਕੇ
ਕਿ ਬਣੀ ਹਾਂ ਮੈਂ ਸ਼ਾਮ ਕੌਰ ਤੋਂ ਸਕੀਨਾ
ਜਾਂ ਸਕੀਨਾ ਤੋਂ ਸ਼ਾਮ ਕੌਰ

ਕੀ ਫਰਕ ਪੈਂਦੈ?

ਬੱਸ ਨਹੀਂ ਭੁੱਲਦਾ ਮੈਨੂੰ
ਕਿ ਜਿਸ ਦਰਿੰਦੇ ਨੇ
ਮੇਰਾ ਨਾਮਕਰਣ ਕੀਤਾ
ਉਸਦੇ ਇਕ ਹੱਥ 'ਚ ਸੀ
ਲਹੂ ਨਾਲ ਲਥਪਥ ਬਰਛਾ
ਤੇ ....ਤਟ ਦੂਜੇ ਹੱਥ ਨਾਲ ਉਸਨੇ ਮੈਨੂੰ
ਲੀਰਾਂ ਦੀ ਗੁੱਡੀ ਵਾਂਗ
ਮੋਢੇ ਚੁੱਕ ਲਿਆ ਸੀ

ਮੈਨੂੰ ਨਹੀਂ ਪਤਾ
ਕਿ ਉਹ ਕਿਹੜੇ ਧਰਮ ਦਾ ਰਹਿਨੁਮਾ ਸੀ
ਮੈਨੂੰ ਤਾਂ ਉਹਦੀਆਂ ਅੱਖਾਂ 'ਚ
ਭੁੱਖੇ ਭੇੜੀਏ ਜਿਹਾ ਖੌਰੂ ਦਿਸਿਆ ਬੱਸ

ਨਹੀਂ ਸਮਝ ਸਕੀ ਸੀ ਮੈਂ
ਕਿ ਕੀ ਵੈਰ ਸੀ
ਤੇ ਕਿਉਂ ਵੈਰ ਸੀ ਉਸਦਾ
ਮੇਰੇ ਮਾਂ-ਬਾਪ ਤੇ ਭਾਈਆਂ ਦੇ ਧਰਮ ਨਾਲ
ਜਿਨ੍ਹਾਂ ਨੂੰ ਉਹਨੇ
ਇਕੋ ਸਾਹ ਵੱਢ ਸੁੱਟਿਆ ਸੀ
...ਤੇ ਮੈਨੂੰ ਸਾਂਭ ਲਿਆ ਸੀ
ਜ਼ਰੂਰੀ ਸਾਮਾਨ ਦੀ ਤਰ੍ਹਾਂ
ਬਣਾ ਕੇ ਮੈਨੂੰ ਸਕੀਨਾ ਤੋਂ ਸ਼ਾਮ ਕੌਰ
ਜਾਂ ਸ਼ਾਮ ਕੌਰ ਤੋਂ ਸਕੀਨਾ
ਕਰ ਲਿਆ ਸੀ ਉਸ ਨੇ ਕਿਹੜਾ
ਧਰਮ-ਕਾਜ ਸੰਪੰਨ ?!?! 000

(ਕੋਰਡੀਆ ਕਾਲਿਜ, ਸੰਘੋਲ, ਜ਼ਿਲ੍ਹਾ ਫਤਹਿਗੜ੍ਹ ਸਾਹਿਬ
ਫੋਨ: 9779421283)

ਪੰਜਾਬੀ ਸੂਟ : ਕਹਾਣੀ : ਹਰਪ੍ਰੀਤ ਸੇਖਾ

ਵੈਨਕੂਵਰ ਇਲਾਕੇ ਵਿਚ ਝੱਖੜ ਝੁੱਲਿਆ ਸੀ। ਪਹਿਲਾਂ ਕਈ ਵਾਰ ਇਸ ਨਾਲੋਂ ਵੀ ਤੇਜ਼ ਹਵਾਵਾਂ ਵਗੀਆਂ ਸਨ ਪਰ ਉਨ੍ਹਾਂ ਨੇ ਕਦੇ ਐਨਾ ਨੁਕਸਾਨ ਨਹੀਂ ਸੀ ਕੀਤਾ। ਐਤਕੀਂ ਕਈ ਮਹੀਨੇ ਮੀਂਹ ਨਹੀਂ ਸੀ ਪਏ। ਮਾਹਰ ਕਹਿੰਦੇ ਸਨ ਕਿ ਦਰੱਖਤਾਂ ਦੀਆਂ ਟਾਹਣੀਆਂ ਵਿਚ ਨਮੀ ਘਟ ਗਈ ਸੀ, ਇਸ ਕਰਕੇ ਉਹ ਹਵਾਵਾਂ ਦੀ ਮਾਰ ਨਹੀਂ ਸੀ ਝੱਲ ਸਕੀਆਂ। ਬਹੁਤ ਸਾਰੀਆਂ ਟਾਹਣੀਆਂ ਰੁੱਖਾਂ ਨਾਲੋਂ ਟੁੱਟ ਗਈਆਂ ਸਨ। ਕੁਝ ਬਿਜਲੀ ਦੀਆਂ ਤਾਰਾਂ 'ਤੇ ਡਿੱਗੀਆਂ ਸਨ। ਬਿਜਲੀ ਬੰਦ ਹੋ ਗਈ ਸੀ। ਐਨੇ ਸਮੇਂ ਲਈ ਤਾਂ ਇੱਥੇ ਬਿਜਲੀ ਕਦੇ ਵੀ ਨਹੀਂ ਸੀ ਗਈ। ਕੱਲ੍ਹ ਦੀ ਹੀ ਬਿਜਲੀ ਬੰਦ ਸੀ। ਜਿਵੇਂ ਖ਼ਬਰਾਂ 'ਚ ਹੁੰਦਾ ਹੈ ਕਿ 'ਜਨਜੀਵਨ ਅਸਥ-ਵਿਅਸਥ' ਹੋ ਗਿਆ ਸੀ। ਸੌਣ ਤਕ ਆਪਣੇ ਆਪ ਨੂੰ ਕਾਸੇ ਵਿਚ ਵੀ ਡੁਬੋਣ ਦਾ ਕੋਈ ਵੀ ਸਾਧਨ ਨਹੀਂ ਸੀ ਬਚਿਆ। ਫੋਨ ਦੀ ਬੈਟਰੀ ਨੂੰ ਮੈਂ ਬਚਾ ਲਿਆ ਸੀ। ਫੋਨ ਦੇ ਸਿਰ ਹੀ ਤਾਂ ਸਾਰਾ ਕੰਮ ਚਲਦਾ ਹੈ। ਪਰ ਲੈਪਟਾਪ ਦੀ ਸਾਰੀ ਬੈਟਰੀ ਖਰਚੀ ਗਈ ਸੀ। ਆਮ ਵਾਂਗ ਪੰਜਾਬੀ ਸੂਟਾਂ ਦੇ ਡੀਜ਼ਾਈਨ ਦੇਖਦੀ ਰਹੀ ਸੀ, ਜਿਹੜੇ ਮਨ ਨੂੰ ਭਾਅ ਗਏ ਸਨ, ਉਨ੍ਹਾਂ ਨੂੰ ਲੈਪਟਾਪ ਵਿਚ ਸੰਭਾਲ ਲਿਆ ਸੀ ਤੇ ਮੁੜ ਮੁੜ ਉਨ੍ਹਾਂ ਨੂੰ ਦੇਖਦੀ ਰਹੀ ਸੀ।

ਸਾਰੀ ਦਿਹਾੜੀ ਵਿਚ ਇਕ ਵਾਰੀ ਵੀ ਫੋਨ ਨਹੀਂ ਸੀ ਖੜਕਿਆ। ਤੇ ਫਿਰ ਕਿਸੇ ਦਾ ਫੋਨ ਆਇਆ ਸੀ। ਉਸ ਨੇ ਕੋਈ ਬਹੁਤੀ ਪੁੱਛ-ਗਿੱਛ ਨਹੀਂ ਸੀ ਕੀਤੀ। ਵੈਸੇ ਵੀ ਪੁੱਛ-ਪੜਤਾਲ ਕਰਨ ਲਈ ਹੁੰਦਾ ਵੀ ਕੀ ਹੈ, ਸਾਰਾ ਕੁਝ ਇਸ਼ਤਿਹਾਰ ਵਿਚ ਤਾਂ ਦੱਸਿਆ ਹੀ ਹੁੰਦਾ ਹੈ। ਪਰ ਇਹ ਗੱਲ ਵੱਖਰੀ ਹੈ ਕਿ ਬਹੁਤਾ ਕੁਝ ਵਧਾ-ਘਟਾ ਕੇ ਦੱਸਿਆ ਹੁੰਦਾ ਹੈ ਤੇ ਦੱਸਣ ਵੇਲੇ ਵੀ ਉਹੀ ਇਸ਼ਤਿਹਾਰ ਵਾਲਾ ਹੀ ਰਟਿਆ-ਰਟਾਇਆ ਦੱਸ ਦਿੰਦੀ ਹਾਂ। ਮੈਂ ਆਪਣੀ ਉਮਰ ਤੇਈ ਦੀ ਥਾਂ ਉੱਨੀ ਦੱਸਦੀ ਹਾਂ। ਕਿਸੇ ਨੇ ਕਿਹੜਾ ਆ ਕੇ ਉਮਰ ਚੈੱਕ ਕਰਨ ਲਈ ਡਰਾਈਵਰ ਲਾਈਸੰਸ ਦੇਖਣਾ ਹੁੰਦਾ। ਭਾਰ ਮੈਂ 125 ਪੌਂਡ ਦੀ ਥਾਂ 105 ਦੱਸਦੀ ਹਾਂ। ਕੱਦ 5 ਫੁੱਟ 6 ਇੰਚ ਦੀ ਥਾਂ 5 ਫੁੱਟ 9 ਇੰਚ ਤੇ ਇਵੇਂ ਹੀ ਬਾਕੀ ਕਮਰ ਵਗੈਰਾ ਦਾ ਸਾਈਜ਼। ਅਗਲੇ ਕੋਲ ਕਿਹੜਾ ਇੰਚੀ ਟੇਪ ਫੜਿਆ ਹੁੰਦਾ। ਵੈਸੇ ਵੀ ਮੇਰਾ ਤਜਰਬਾ ਹੈ ਕਿ ਜਿਸ ਨੇ ਆਉਣਾ ਹੁੰਦਾ ਹੈ, ਉਹ ਬਹੁਤੇ ਸਵਾਲ ਨੀਂ ਪੁੱਛਦਾ ਅਤੇ ਜਿਹੜੇ ਜ਼ਿਆਦਾ ਸਵਾਲ ਪੁੱਛਦੇ ਹਨ, ਉਨ੍ਹਾਂ ਨੇ ਆਉਣਾ ਨਹੀਂ ਹੁੰਦਾ, ਸਿਰਫ ਠਰਕ ਭੋਰਨਾ ਹੁੰਦਾ ਹੈ। ਜਿਸ ਨੇ ਫੋਨ ਕੀਤਾ ਸੀ, ਉਹ ਆ ਗਿਆ ਸੀ। ਉਸ ਨੇ ਨੇੜੇ ਆ ਕੇ ਪੂਰਾ ਪਤਾ ਪੁੱਛਿਆ ਸੀ। ਪੂਰਾ ਐਡਰੈੱਸ ਮੈਂ ਪਹਿਲੀ ਵਾਰ ਨਹੀਂ ਦੱਸਦੀ। ਇਹ ਦੇਖਣਾ ਹੁੰਦਾ ਹੈ ਕਿ ਅਗਲਾ ਆ ਵੀ ਰਿਹਾ ਹੈ ਜਾਂ ਟਾਈਮ ਪਾਸ ਹੀ ਕਰ ਰਿਹਾ ਹੈ। ਆਖ ਦਿੰਦੀ ਹਾਂ ਕਿ ਕਿੰਗ ਜੌਰਜ ਬੁਲੇਵਰਡ ਤੇ 108 ਐਵੇਨਿਊ ਦੇ ਨੇੜੇ ਹਾਂ, ਉੱਥੇ ਪਹੁੰਚ ਕੇ ਫੋਨ ਕਰੀਂ ਫਿਰ ਪੂਰਾ ਪਤਾ ਦੱਸ ਦਿਆਂਗੀ। ਕਈ ਆਖ ਦਿੰਦੇ ਹਨ ਕਿ ਉਨ੍ਹਾਂ ਕੋਲ ਸੈੱਲ ਫੋਨ ਨਹੀਂ ਹੈ, ਹੁਣੇ ਹੀ ਦੱਸਾਂ। ਉਨ੍ਹਾਂ ਨੂੰ ਮੈਂ ਆਖ ਦਿੰਨੀ ਹਾਂ ਕਿ ਸਕਾਈ ਟਰੇਨ ਸਟੇਸ਼ਨ 'ਤੇ ਫੋਨ ਬੂਥ ਹੈ, ਉਸ ਤੋਂ ਆ ਕੇ ਫੋਨ ਕਰੀਂ। ਉਸ ਬੂਥ ਦਾ ਨੰਬਰ ਮੈਨੂੰ ਚੇਤੇ ਹੈ। ਮੈਨੂੰ ਪਤਾ ਲੱਗ ਜਾਂਦਾ ਹੈ, ਜਦੋਂ ਕਿਸੇ ਨੇ ਉੱਥੋਂ ਫੋਨ ਕੀਤਾ ਹੋਵੇ। ਪਰ ਕੱਲ੍ਹ ਵਾਲੇ ਨੂੰ ਇਹ ਸਭ ਨਹੀਂ ਸੀ ਕਹਿਣਾ ਪਿਆ। ਉਸ ਨੇ ਨੇੜੇ ਆ ਕੇ ਫੋਨ ਕਰ ਲਿਆ ਸੀ ਅਤੇ ਮੈਂ ਉਸ ਨੂੰ ਪੂਰਾ ਪਤਾ ਦੱਸ ਦਿੱਤਾ ਸੀ। ਉਸਦਾ ਪੰਜ ਕੁ ਮਿੰਟ ਬਾਅਦ ਹੀ ਮੁੜ ਫੋਨ ਆਇਆ। ਉਹ ਗਰਜਿਆ, "ਯੂ ਬਲੱਡੀ ਬਿੱਚ, ਯੂ ਥਿੰਕ ਆਈ ਵਿੱਲ ਕਮ ਟੂ ਯੂ ਬਾਏ ਸਟੇਰਜ਼ ਆਨ ਟੈਂਨਥ ਫਲੋਰ। ਨਥਿੰਗ ਇਜ਼ ਵਰਕਿੰਗ ਹੇਅਰ। ਨੋ ਐਲੀਵੇਟਰ। ਯੂ ਵੇਸਟਡ ਮਾਈ ਟਾਈਮ, ਯੂ ਹੋਰ"। ਇਹ ਮੇਰੇ ਦਿਮਾਗ ਵਿਚ ਹੀ ਨਹੀਂ ਸੀ ਆਈ ਕਿ ਐਲੀਵੇਟਰ ਬਿਜਲੀ ਦੇ ਜਾਣ ਕਾਰਣ ਬੰਦ ਹੋ ਸਕਦੇ ਹਨ। ਉਸ ਵੇਲੇ ਤਕ ਜਨਰੇਟਰ ਨਾਲ ਐਲੀਵੇਟਰ ਚਲਾਉਣ ਦਾ ਪ੍ਰਬੰਧ ਨਹੀਂ ਹੋਇਆ ਹੋਵੇਗਾ। ਬਾਅਦ ਵਿਚ, ਰਾਤ ਨੂੰ ਜਦੋਂ ਮੈਂ ਗੈਰਾਜ ਵਿਚ ਫੋਨ

ਦੀ ਬੈਟਰੀ ਚਾਰਜ ਕਰਨ ਲਈ ਆਪਣੀ ਕਾਰ ਤਕ ਗਈ ਸੀ, ਉਸ ਵੇਲੇ ਤਕ ਇਕ ਐਲੀਵੇਟਰ ਜਨਰੇਟਰ ਦੀ ਮੱਦਦ ਨਾਲ ਜੂੰਅ ਦੀ ਚਾਲੇ ਚੱਲ ਰਿਹਾ ਸੀ। ਉਸ ਵਿਚ ਸਵਾਰ ਹੋਣ ਲਈ ਮੈਨੂੰ ਲੰਬੀ ਉਡੀਕ ਕਰਨੀ ਪਈ ਸੀ। ਇਕ ਵਾਰ ਤਾਂ ਮੇਰੇ ਦਿਮਾਗ਼ ਵਿਚ ਆਇਆ ਕਿ ਪੌੜੀਆਂ ਰਾਹੀਂ ਹੇਠਾਂ ਚਲੀ ਜਾਵਾਂ ਪਰ ਇਸਦਾ ਹੌਂਸਲਾ ਨਾ ਕਰ ਸਕੀ। ਉਸ ਵੇਲੇ ਮੇਰੇ ਮੈਨੂੰ ਫੋਨ 'ਤੇ ਗਾਲ੍ਹਾਂ ਦੇਣ ਵਾਲਾ ਚੇਤੇ ਆਇਆ। ਸੋਚਿਆ ਕਿ ਉਹ ਠੀਕ ਹੀ ਸੀ। ਵੈਸੇ ਵੀ ਮੈਂ ਇਸ ਤਰ੍ਹਾਂ ਦੀਆਂ ਗਾਲ੍ਹਾਂ ਦੀ ਆਦੀ ਹੋ ਗਈ ਹਾਂ ਜਾਂ ਕਹੋ ਕਿ ਢੀਠ ਹੋ ਗਈ ਹਾਂ, ਮੇਰੇ 'ਤੇ ਅਸਰ ਨਹੀਂ ਹੁੰਦਾ। "ਓ ਵੈੱਲ!" ਆਖ ਕੇ ਮੋਢੇ ਝਟਕ ਦਿੰਦੀ ਹਾਂ। ਪਰ ਨਹੀਂ, ਇਹ ਢੀਠ ਵਾਲੀ ਗੱਲ ਪੂਰੀ ਤਰ੍ਹਾਂ ਸਹੀ ਨਹੀਂ। ਕਈ ਵਾਰ ਕਈ ਗੱਲਾਂ ਦਿਮਾਗ਼ ਵਿਚ ਅੜ ਜਾਂਦੀਆਂ ਹਨ ਤੇ ਜਿਉਣਾ ਦੁੱਭਰ ਹੋ ਜਾਂਦਾ ਹੈ। ਫਿਰ ਸੋਚਦੀ ਹਾਂ ਕਿ ਜੇ ਪੂਰੀ ਤਰ੍ਹਾਂ ਢੀਠ ਹੋ ਜਾਵਾਂ ਤਾਂ ਸਗੋਂ ਚੰਗਾ ਰਹੇ। ਇਕ ਬਿਨਾਂ ਨਾਗਾ ਹਰ ਰੋਜ਼ ਨੇਮ ਨਾਲ ਗਾਲ੍ਹਾਂ ਕੱਢਣ ਲਈ ਫੋਨ ਜ਼ਰੂਰ ਕਰਦਾ ਹੈ। ਮੈਂ ਉਸਦਾ ਫੋਨ ਨਹੀਂ ਚੁੱਕਦੀ। ਉਹ ਆਪਣਾ ਨੰਬਰ ਛੁਪਾ ਕੇ ਫੋਨ ਕਰਦਾ ਹੈ। ਛੁਪੇ ਨੰਬਰ ਵਾਲੇ ਕਿਸੇ ਵੀ ਫੋਨ ਦਾ ਮੈਂ ਜਵਾਬ ਨਹੀਂ ਦਿੰਦੀ ਤੇ ਉਹ ਮੇਰੀ ਵੌਇਸ ਮੇਲ ਵਿਚ ਚਲਿਆ ਜਾਂਦਾ ਹੈ। ਉਹ ਆਪਣਾ ਫਰਜ਼ ਪੂਰਾ ਕਰ ਲੈਂਦਾ ਹੈ, ਮੈਂ ਆਪਣਾ। ਉਹ ਗਾਲ੍ਹਾਂ ਭਰ ਦਿੰਦਾ ਹੈ ਤੇ ਮੈਂ ਬਿਨਾਂ ਸੁਣੇ ਉਨ੍ਹਾਂ ਨੂੰ ਮਿਟਾ ਦਿੰਦੀ ਹਾਂ। ਕੁਝ ਦਿਨ ਹੋਏ ਮੈਂ ਆਪਣੇ ਇਸ਼ਤਿਹਾਰ ਵਿਚ ਇਕ ਲਾਈਨ ਦਾ ਵਾਧਾ ਕਰ ਦਿੱਤਾ ਸੀ। ਇਸਦਾ ਫੈਸਲਾ ਮੈਂ ਕੋਈ ਇਕ ਦਿਨ ਵਿਚ ਹੀ ਨਹੀਂ ਸੀ ਕਰ ਲਿਆ। ਕਈ ਵਾਰ ਇਸ ਬਾਰੇ ਸੋਚਿਆ ਸੀ ਤੇ ਫਿਰ ਆਪਣਾ ਵਿਚਾਰ ਬਦਲ ਦਿੰਦੀ। ਪਰ ਇਕ ਦਿਨ ਇਹ ਫੈਸਲਾ ਕਰਨਾ ਪੈ ਹੀ ਗਿਆ। ਇਸ ਨਾਲ ਮੇਰੇ ਕਾਰੋਬਾਰ 'ਤੇ ਬਹੁਤ ਅਸਰ ਪਿਆ ਹੈ। ਹੁਣ ਹੋਰ ਛੇ ਮਹੀਨੇ ਕੰਮ ਕਰਨਾ ਪਵੇਗਾ। ਪਰ ਹੁਣ ਉਸ ਦਿਨ ਤੋਂ ਕਿਸੇ ਨੇ ਜ਼ਖ਼ਮ ਨਹੀਂ ਉਚੇੜੇ। ਇਸ ਗੱਲ ਨੂੰ ਹਾਲੇ ਦੋ ਕੁ ਹਫ਼ਤੇ ਹੀ ਹੋਏ ਹਨ, ਜਦੋਂ ਮੈਂ ਆਪਣੇ ਇਸ਼ਤਿਹਾਰ ਵਿਚ ਇਹ ਲਾਈਨ ਜੋੜ ਦਿੱਤੀ ਸੀ, "ਨੋ ਇੰਡੋ-ਕਨੇਡੀਅਨ ਮੈਨ ਪਲੀਜ਼"। ਤੇ ਇਸ ਗਾਲ੍ਹਾਂ ਕੱਢਣ ਵਾਲੇ ਦਾ ਅਗਲੇ ਦਿਨ ਫੋਨ ਆਇਆ। ਪਹਿਲਾਂ ਛੁਪਾਏ ਨੰਬਰ ਨਾਲ ਦੋ-ਤਿੰਨ ਮਿੰਟ ਦੀ ਵਿੱਥ ਨਾਲ ਕਈ ਵਾਰ ਫੋਨ ਆਇਆ ਪਰ ਮੈਂ ਜਵਾਬ ਨਾ ਦਿੱਤਾ। ਫਿਰ ਦਸ ਕੁ ਮਿੰਟ ਬਾਅਦ ਸਰੀ ਮੈਮੋਰੀਅਲ ਹਸਪਤਾਲ ਵਿਚੋਂ ਕਿਸੇ ਦਾ ਫੋਨ ਆਇਆ। ਮੇਰੇ ਅੰਦਰੋਂ ਇਕ ਆਵਾਜ਼ ਸੀ ਕਿ ਇਹ ਉਹੀ ਹੈ, ਜਿਹੜਾ ਛੁਪਾਏ ਨੰਬਰ ਨਾਲ ਫੋਨ ਕਰਦਾ ਰਿਹਾ ਸੀ। ਕੋਈ ਹੋਰ ਵੀ ਹੋ ਸਕਦਾ ਸੀ ਪਰ ਮੇਰੇ ਲਈ ਇਹ ਕੋਈ ਸਮੱਸਿਆ ਨਹੀਂ ਸੀ। ਪਹਿਲੀ ਵਾਰ ਆਉਣ ਵਾਲੇ ਵੀ ਡਰ ਕਾਰਣ ਆਪਣਾ ਨੰਬਰ ਨਹੀਂ ਦਿਖਾਉਣਾ ਚਾਹੁੰਦੇ ਹੁੰਦੇ। ਅਜਿਹੇ ਬੰਦੇ ਨਰਵਸ ਹੋਏ ਹੁੰਦੇ ਹਨ ਤੇ ਛੇਤੀ ਵਾਪਸ ਮੁੜ ਜਾਂਦੇ ਹਨ। ਖੈਰ, ਮੈਂ ਫੋਨ ਦਾ ਜਵਾਬ ਦਿੱਤਾ। ਬਹੁਤ ਹੀ ਮਿੱਠੀ ਆਵਾਜ਼ ਵਿਚ ਕਿਸੇ ਨੇ ਪੁੱਛਿਆ, "ਹਾਓ, ਆਰ ਯੂ?" ਆਪਣੀ ਆਵਾਜ਼ ਨੂੰ ਮੁਲਾਇਮ ਕਰਕੇ ਮੈਂ ਉੱਨੇ ਹੀ ਪਿਆਰ ਨਾਲ ਜਵਾਬ ਦਿੱਤਾ। ਹੁਣ ਤਾਂ ਇਹ ਆਦਤ ਹੀ ਬਣ ਗਈ ਹੈ ਕਿ ਫੋਨ ਦਾ ਜਵਾਬ ਦੇਣ ਮੌਕੇ ਇਹ ਮੁਲੰਮਾ ਆਵਾਜ਼ 'ਤੇ ਆਪ ਹੀ ਚੜ੍ਹ ਜਾਂਦਾ ਹੈ। ਪਹਿਲਾਂ-ਪਹਿਲਾਂ ਇਸ ਲਈ ਕੋਸ਼ਿਸ਼ ਕਰਨੀ ਪੈਂਦੀ ਸੀ। ਉਹ ਫਿਰ ਬੋਲਿਆ, "ਆਰ ਯੂ ਅਵੇਲਬਲ ਟੂਡੇਅ?"

"ਆਫ ਕੋਰਸ, ਹਨੀ।"

"ਆਰ ਯੂ ਫਰਮ, ਆਈ ਮੀਨ ਵਿਦ ਯੂਅਰ ਪਰਾਈਸ?"

"ਯੂ ਵੋਂਟ ਰਗਰੈੱਟ, ਡੀਅਰ।"

"ਆਈ ਐਮ ਇੰਡੋ-ਕਨੇਡੀਅਨ। ਐਮ ਆਈ ਟੂ ਬਿੱਗ ਫਾਰ ਯੂ ਟੂ ਹੈਂਡਲ?" ਉਸਦੀ ਆਵਾਜ਼ ਬਦਲ ਗਈ ਤੇ ਮੈਨੂੰ ਪੱਕਾ ਹੋ ਗਿਆ ਕਿ ਇਹ ਉਹੀ ਹੈ, ਜਿਹੜਾ ਕੁਝ ਮਿੰਟ ਪਹਿਲਾਂ ਨੰਬਰ ਛੁਪਾ ਕੇ ਫੋਨ ਕਰਦਾ ਸੀ। ਮੇਰੀ ਆਵਾਜ਼ ਦਾ ਮੁਲੰਮਾ ਵੀ ਝੱਟ ਲਹਿ ਗਿਆ। ਮੈਂ ਕਿਹਾ, "ਆਸਕ ਯੂਅਰ ਮੰਮ। ਯੂ ਵੈਲ ਗਿੱਟ ਬੈਟਰ ਆਨਸਰ," ਮੈਂ ਫੋਨ ਬੰਦ ਕਰ ਦਿੱਤਾ। ਹੋਰਾਂ ਨੂੰ ਤੰਗ

ਕਰਕੇ ਪਤਾ ਨੀਂ ਕੀ ਮਿਲਦਾ ਇਹੋ-ਜਿਹੇ ਲੋਕਾਂ ਨੂੰ! ਉਸ ਦਿਨ ਉਸਦਾ ਕਈ ਵਾਰ ਫੋਨ ਆਇਆ। ਹਾਰ ਕੇ ਮੈਂ ਫੋਨ ਹੀ ਬੰਦ ਕਰ ਦਿੱਤਾ। ਮੇਰੀ ਦਿਹਾੜੀ ਮਰ ਗਈ। ਅਗਲੇ ਦਿਨ ਮੇਰੀ ਵੋਇਸ ਮੇਲ ਵਿਚ ਉਸ ਨੇ ਭਰਿਆ ਹੋਇਆ ਸੀ, "ਤੂੰ ਪੰਜਾਬੀ ਕਮੀਊਨਿਟੀ 'ਤੇ ਧੱਬਾ ਹੈਂ"।--ਤੇ ਫਿਰ ਪੰਜਾਬੀ ਵਿਚ ਗਾਲ੍ਹਾਂ ਸਨ। ਉਸ ਤੋਂ ਅਗਲੀ ਸਵੇਰ ਉਸ ਨੇ ਭਰਿਆ, "ਯੂ ਆਰ ਡਿਸਕਰਿਮੀਨੇਟਿੰਗ ਯੂਅਰ ਓਨ ਪੀਪਲ--ਤੇ ਉਸ ਤੋਂ ਬਾਅਦ ਗਾਲ੍ਹਾਂ। ਉਸ ਦਿਨ ਤੋਂ ਬਾਅਦ ਮੈਂ ਉਸਦੀ ਆਵਾਜ਼ ਸੁਣਨ ਸਾਰ ਹੀ ਬਿਨਾਂ ਅਗਾਂਹ ਸੁਣੇ ਉਸਦੇ ਸੁਨੇਹੇ ਮਿਟਾਉਣੇ ਸ਼ੁਰੂ ਕਰ ਦਿੱਤੇ। ਕਦੇ ਸੋਚਦੀ ਹਾਂ ਕਿ ਨੰਬਰ ਬਦਲ ਲਵਾਂ। ਫਿਰ ਖਿਆਲ ਆਉਂਦਾ ਹੈ ਕਿ ਇਸ਼ਤਿਹਾਰ ਵਿਚ ਮੇਰੀ ਉਸ ਲਾਈਨ ਤੋਂ ਇਸ ਨੇ ਫਿਰ ਸਿਆਣ ਲੈਣਾ ਹੈ। ਫਿਰ ਸੋਚਦੀ ਹਾਂ ਕਿ ਜਿਸ ਦਿਨ ਉਸ ਨੂੰ ਮੇਰੀ ਕੱਢੀ ਗਾਲ੍ਹ ਭੁੱਲ ਗਈ, ਆਪੇ ਹਟ ਜਾਵੇਗਾ।

ਰਾਤ ਵਾਲੇ ਜਾਂ ਕਹੋ ਅੱਧੀ ਰਾਤ ਤੋਂ ਬਾਅਦ ਦੇ ਸੁਨੇਹਿਆਂ ਵਿਚ ਉਸਦਾ ਸੁਨੇਹਾ ਨਹੀਂ ਸੀ। ਸ਼ਾਇਦ ਭੁੱਲ ਗਿਆ ਹੋਵੇ ਜਾਂ ਫੋਨ ਦੀ ਬੈਟਰੀ ਨਹੀਂ ਹੋਣੀ। ਰਾਤ ਤਾਂ ਕਿਸੇ ਦਾ ਵੀ ਸੁਨੇਹਾ ਨਹੀਂ ਸੀ ਛੱਡਿਆ ਹੋਇਆ। ਪਹਿਲਾਂ ਤਾਂ ਮੈਂ ਇਹ ਚੈੱਕ ਹੀ ਨਾ ਕੀਤੇ। ਇਕ ਫੋਨ ਆਉਣ ਤੋਂ ਬਾਅਦ ਹੀ ਪਰਤੀ ਸਾਂ ਸ਼ਾਇਦ ਆਪਣ ਆਪ ਵਿਚ। ਉਸੇ ਤਰ੍ਹਾਂ ਹੀ ਪਈ ਰਹੀ ਸੀ। ਅੱਖਾਂ ਖੁੱਲ੍ਹੀਆਂ ਸਨ, ਸਿੱਲ੍ਹੀਆਂ ਸਨ। ਕੋਇਆਂ 'ਚ ਨਮੀ ਅਟਕ ਗਈ ਸੀ। ਅੰਦਰ ਸੁੰਨਾਪਣ ਸੀ। ਪਤਾ ਹੀ ਨਹੀਂ ਸੀ ਕਿ ਕਿੱਥੇ ਹਾਂ। ਦਿਮਾਗ਼ ਜਿਵੇਂ ਸੁੰਨ ਹੋ ਗਿਆ ਸੀ। ਮੇਰੇ ਨਾਲ ਹੁੰਦਾ ਹੈ ਇਸ ਤਰ੍ਹਾਂ ਬਹੁਤ ਵਾਰ। ਰਾਤ ਬਹੁਤ ਕੁਝ ਯਾਦ ਆਇਆ ਸੀ। ਵਾਰ ਵਾਰ ਕਈ ਕੁਝ ਅੱਖਾਂ ਅੱਗੋਂ ਲੰਘਿਆ ਸੀ। ਹੁਣ ਇਨ੍ਹਾਂ ਯਾਦਾਂ ਦੇ ਆਉਣ ਨਾਲ ਪਹਿਲਾਂ ਵਾਂਗ ਅੰਦਰ ਅੱਗ ਨਹੀਂ ਉੱਠਦੀ, ਸੁੰਨਾਪਣ ਵਧਦਾ ਹੈ। ਤੇ ਫੇਰ ਪਤਾ ਨੀ ਕਦ ਨੀਂਦ ਆਈ ਸੀ। ਪਤਾ ਨਹੀਂ ਆਈ ਵੀ ਸੀ ਕਿ ਨਹੀਂ। ਇਕ ਵਾਰ ਚੇਤਾ ਹੈ ਕਿ ਬਾਹਾਂ ਉੱਪਰ ਉੱਠੀਆਂ ਸਨ। ਦੋਹੇਂ ਹੱਥ ਜੁੜੇ ਸਨ ਤੇ ਬੁੱਲ੍ਹਾਂ ਵਿਚੋਂ ਆਵਾਜ਼ ਆਈ ਸੀ, "ਲੈ ਜਾ ਰੱਬਾ ਜੇ ਕਿਤੇ ਹੈਂ ਤਾਂ"। ਚੁਫੇਰੇ ਵਾਂਗ ਅੰਦਰ ਵੀ ਹਨੇਰਾ ਸੀ। ਜਿਵੇਂ ਬਾਹਰ ਬਿਜਲੀ ਚਲੀ ਗਈ ਸੀ। ਉਸੇ ਤਰ੍ਹਾਂ ਅੰਦਰ ਵੀ ਬੰਦ ਹੋ ਗਈ ਲੱਗਦੀ ਸੀ। ਬਾਹਰ ਗਈ ਤਾਂ ਮੈਂ ਪਹਿਲੀ ਵਾਰ ਦੇਖੀ ਸੀ ਪਰ ਅੰਦਰ ਤਾਂ ਆਮ ਹੀ ਚਲੀ ਜਾਂਦੀ ਹੈ। ਫਿਰ ਆ ਜਾਂਦੀ ਹੈ। ਕੱਲ੍ਹ ਸ਼ਾਮ ਮੈਂ ਖਿੜਕੀ ਰਾਹੀਂ ਬਾਹਰ ਦੇਖ ਰਹੀ ਸੀ। ਸਾਰੇ ਪਾਸੀਂ ਹਨੇਰੀ ਨਾਲ ਉੱਖੜੇ ਦਰੱਖਤ ਦਿਸੇ ਸਨ। ਮੇਰੀ ਨਜ਼ਰ ਦਰੱਖਤ ਨਾਲੋਂ ਥੋੜ੍ਹੀ ਜਿਹੀ ਟੁੱਟ ਕੇ ਰਤਾ ਕੁ ਉਲਾਰ ਹੋਈ ਇਕ ਟਾਹਣੀ 'ਤੇ ਅਟਕ ਗਈ ਸੀ। ਮੈਨੂੰ ਲੱਗਾ ਸੀ ਕਿ ਉਹ ਮੁੜ ਦਰੱਖਤ ਨਾਲ ਜੁੜ ਜਾਵੇਗੀ। ਫਿਰ ਲੱਗਾ ਸੀ ਕਿ ਡਿੱਗ ਪਵੇਗੀ। ਮੈਨੂੰ ਲੱਗਦਾ ਹੈ ਕਿ ਇਹ ਗੱਲ ਮੇਰੇ ਖਿਆਲਾਂ ਵਿਚ ਆਈ ਸੀ ਜਾਂ ਸ਼ਾਇਦ ਸੁਪਨੇ ਵਿਚ। ਅਜਿਹੀ ਸੁੰਨੀ ਰਾਤ ਤੋਂ ਬਾਅਦ ਬਿਸਤਰੇ ਵਿਚੋਂ ਨਿਕਲਣ ਜਾਂ ਕੁਝ ਵੀ ਕਰਨ ਲਈ ਦਿਮਾਗ਼ ਵਿਚ ਕੁਝ ਵੀ ਨਹੀਂ ਸੀ ਆ ਰਿਹਾ। ਨਹੀਂ ਤਾਂ ਨੀਂਦ ਖੁੱਲ੍ਹਣ ਤੋਂ ਬਾਅਦ ਪਹਿਲਾ ਕੰਮ ਆਪਣੇ ਇਸ਼ਤਿਹਾਰ ਨੂੰ ਕਰੈਗਸਲਿਸਟ ਅਤੇ ਲੀਓਲੈਸਟ ਵੈਬਸਾਈਟਾਂ 'ਤੇ ਪਾਉਂਦੀ ਹਾਂ ਤਾਂ ਕਿ ਇਹ ਇਸ਼ਤਿਹਾਰਾਂ ਦੀ ਲਿਸਟ ਵਿਚ ਉੱਪਰ ਆ ਜਾਣ। ਇਸੇ ਤਰ੍ਹਾਂ ਲੇਟੀ ਤੋਂ ਹੀ ਫੋਨ ਖੜਕਿਆ। ਸਿਰਹਾਣੇ ਹੇਠੋਂ ਫੋਨ ਨੂੰ ਕੱਢਿਆ। ਨੰਬਰ ਦੇਖਿਆ। ਧੁੰਦਲਾ ਜਿਹਾ ਦਿਸਿਆ ਕਿ ਕੋਈ ਨੰਬਰ ਸੀ। ਮੈਂ ਜਵਾਬ ਦੇ ਦਿੱਤਾ।

"ਹੈਲੋ, ਰੀਨਾ ਦੇਅਰ ਪਲੀਜ਼", ਜਦੋਂ ਤੋਂ ਇਸ ਅਪਾਰਟਮੈਂਟ ਵਿਚ ਆਈ ਹਾਂ, ਇਹੀ ਮੇਰਾ ਨਾਂ ਹੈ। ਇਸ ਤੋਂ ਪਹਿਲਾਂ ਗਿਲਫਰਡ ਇਲਾਕੇ ਵਿਚ ਮੇਰਾ ਨਾਂ ਕੇਟੀ ਸੀ ਤੇ ਉਸ ਤੋਂ ਪਹਿਲਾਂ ਵੈਨਕੂਵਰ ਵਿਚ ਸੈਂਡੀ। ਜੇ ਪੁਲੀਸ ਦੀ ਨਿਗ੍ਹਾ ਵਿਚ ਇੱਥੇ ਆ ਗਈ ਤਾਂ ਇਕ ਜਾਂ ਦੋ ਵਾਰ ਨਾਂ ਹੋਰ ਬਦਲਾਂਗੀ। ਫਿਰ ਆਪਣੇ ਅਸਲੀ ਨਾਂ ਵਿਚ ਟਰਾਂਟੋ ਚਲੀ ਜਾਵਾਂਗੀ। ਇਹੀ ਵਿਚਾਰ ਹੈ। ਪਰ ਇਹ ਤਾਂ ਅਗਾਂਹ ਦੀ ਗੱਲ ਹੈ, ਇਸ ਵਕਤ ਤਾਂ ਮੈਂ ਰੀਨਾ ਹਾਂ। ਮੈਂ ਅਲਸਾਈ ਜਿਹੀ ਆਵਾਜ਼ ਵਿਚ ਜਵਾਬ ਦਿੱਤਾ, "ਯੈਸ, ਦਿਸ ਇਜ਼ ਰੀਨਾ"।

"ਓ ਯੂ ਸਾਊਂਡ ਵੈਰੀ ਸੈਕਸੀ। ਆਈ ਵੁੱਡ ਲਾਈਕ ਟੂ ਹੈਵ ਯੂਅਰ ਕੰਪਨੀ ਐਟ ਮਾਈ ਪਲੇਸ ਫਾਰ ਦਾ ਈਵਨਿੰਗ"।

ਮੈਂ ਸਿਰਫ ਆਪਣੇ ਅਪਾਰਟਮੈਂਟ 'ਚ ਹੀ ਕੰਮ ਕਰਦੀ ਹਾਂ। ਬਾਹਰ ਨਹੀਂ ਜਾਂਦੀ। ਪਹਿਲਾਂ ਚਲੀ ਜਾਂਦੀ ਸੀ। ਡਰ-ਭਓ ਲੱਥ ਗਿਆ ਸੀ। ਹੁਣ ਫਿਰ ਤੋਂ ਡਰਨ ਲੱਗੀ ਹਾਂ। ਹੁਣ ਇਕ ਡਰ ਬਣਿਆ ਰਹਿੰਦਾ ਹੈ ਕਿ ਕੋਈ ਪਛਾਣ ਨਾ ਲਵੇ ਜਾਂ ਕਿਸੇ ਜਾਣ-ਪਛਾਣ ਵਾਲੇ ਨੂੰ ਨਾ ਪਤਾ ਲੱਗ ਜਾਵੇ। ਇਸੇ ਕਰਕੇ ਬਾਹਰ ਨਹੀਂ ਜਾਂਦੀ। ਹੋ ਸਕਦਾ ਹੈ ਕਿ ਅਗਲਾ ਦੂਰੋਂ-ਨੇੜੀਉਂ ਕੋਈ ਰਿਸ਼ਤੇਦਾਰ ਹੋਵੇ। ਅਪਾਰਟਮੈਂਟ ਵਿਚ ਅਜਿਹੇ ਕਿਸੇ ਦੇ ਆਏ ਤੋਂ ਆਖ ਸਕਦੀ ਹਾਂ ਕਿ ਉਹ ਹੋਰ ਸੀ, ਜਿਸਨੇ ਤੈਨੂੰ ਬੁਲਾਇਆ ਸੀ ਹੁਣੇ ਹੁਣੇ ਬਾਹਰ ਗਈ ਹੈ, ਮੈਂ ਤਾਂ ਉਸ ਕੋਲ ਠਹਿਰੀ ਹੋਈ ਹਾਂ। ਇਸ ਤਰ੍ਹਾਂ ਦੀਆਂ ਸਫਾਈਆਂ ਮੈਂ ਸੋਚੀ ਬੈਠੀ ਹਾਂ। ਪਰ ਇਨ੍ਹਾਂ ਨੂੰ ਕਿਸੇ ਮੂਹਰੇ ਪੇਸ਼ ਕਰਨ ਦੀ ਕਦੇ ਲੋੜ ਨਹੀਂ ਪਈ। ਕਦੇ ਕਦੇ ਸੋਚਦੀ ਹਾਂ ਕਿ ਮੈਂ ਪਹਿਲਾਂ ਐਨੀ ਨਿਧੜਕ ਕਿਵੇਂ ਹੋ ਗਈ ਸੀ ਤੇ ਹੁਣ ਜਦੋਂ ਤੋਂ ਸੋਚਣ ਲੱਗੀ ਹਾਂ ਕਿ ਨਵੇਂ ਸਿਰਿਉਂ ਕਿਸੇ ਨਵੇਂ ਥਾਂ ਤੋਂ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਾਂਗੀ, ਡਰ ਲੱਗਣ ਲੱਗਾ ਹੈ। ਕਵੀ ਵਾਰ ਖਿਆਲ ਆਉਂਦਾ ਹੈ ਕਿ ਕਿਉਂ ਐਵੇਂ ਹੀ ਡਰੀ ਜਾਨੀ ਹਾਂ, ਆਪਣੀ ਜ਼ਿੰਦਗੀ ਹੈ, ਜਿਵੇਂ ਜੀਅ ਕਰਦਾ ਹੈ ਜਿਉਵਾਂ ਪਰ ਇਹ ਨਵਾਂ ਡਰ ਕਿ ਕੋਈ ਆ ਕੇ ਹੁਣ ਵਾਲੀ ਜ਼ਿੰਦਗੀ ਦਾ ਪਰਦਾ ਨਾ ਫਾਸ਼ ਕਰ ਦੇਵੇ, ਹਾਵੀ ਹੋ ਜਾਂਦਾ ਹੈ। ਫਿਰ ਆਪਣੇ ਆਪ ਨੂੰ ਹੌਸਲਾ ਦਿੰਦੀ ਹਾਂ ਕਿ ਆਖ ਦਿਆਂਗੀ ਕਿ ਉਹ ਮੇਰਾ ਪਾਸਟ ਸੀ ਜਿਵੇਂ ਹੁਣ ਮੇਰਾ ਇਕ ਪਾਸਟ ਹੈ। ਫਿਰ ਦਿਮਾਗ਼ ਵਿਚ ਆਉਂਦਾ ਹੈ ਕਿ ਕੀ ਮੈਂ ਆਪ ਭੁੱਲ ਸਕਾਂਗੀ ਆਪਣੇ ਹੁਣ ਵਾਲੇ ਪਾਸਟ ਨੂੰ। ਫਿਰ ਸੋਚਦੀ ਹਾਂ ਕਿ ਇਹ ਤਾਂ ਮੇਰਾ ਆਪਣਾ ਹੀ ਅੰਦਰ ਹੈ, ਜਿਹੜਾ ਇਹ ਕੰਮ ਪਸੰਦ ਨਹੀਂ ਕਰਦਾ, ਕਿਸੇ ਨੂੰ ਇਸ ਨਾਲ ਕੀ। ਇਹ ਤਾਂ ਹੁਣ ਹੀ ਅਜਿਹੇ ਵਿਚਾਰ ਆਉਂਦੇ ਹਨ ਪਰ ਪਹਿਲਾਂ ਮੈਂ ਆਪਣੇ ਦੁਆਲੇ ਇਕ ਦਲੀਲ ਖੜ੍ਹੀ ਕਰ ਲਈ ਸੀ। ਉਦੋਂ ਮੇਰੇ ਅੰਦਰ ਸੁੰਨ ਨਹੀਂ ਸੀ ਵਰਤਦੀ, ਅੱਗ ਉੱਠਦੀ ਸੀ। ਤੇ ਇਸ ਉੱਠਦੀ ਅੱਗ ਵਿਚ ਹੀ ਮੈਂ ਇਕ ਦਾ ਸਿਰ ਪਾੜ ਦਿੱਤਾ ਸੀ।

ਉਹ ਪੰਜਾਬੀ ਸੀ। ਮੇਰੇ ਨਾਲ ਝਗੜ ਪਿਆ। ਅੱਧੇ ਘੰਟੇ ਲਈ ਆਇਆ ਸੀ ਤੇ ਮੈਨੂੰ ਨਹੀਂ ਪਤਾ ਕਿ ਉਸ ਨੂੰ ਇਸਦਾ ਪਤਾ ਨਹੀਂ ਸੀ ਜਾਂ ਅਣਜਾਣ ਹੋਣ ਦਾ ਪਖੰਡ ਕਰਦਾ ਸੀ ਕਿ ਅੱਧੇ ਘੰਟੇ ਦਾ ਮਤਲਬ ਘੜੀ ਵਾਲਾ ਅੱਧਾ ਘੰਟਾ ਨਹੀਂ ਸੀ। ਉਹ ਆਪਣੀ ਕਮਜ਼ੋਰੀ ਨੂੰ ਛੁਪਾਉਣ ਲਈ ਮੁੜ ਤੋਂ ਸਾਰੀ ਕਿਰਿਆ ਸ਼ੁਰੂ ਕਰਨੀ ਚਾਹੁੰਦਾ ਸੀ ਪਰ ਇਸ ਲਈ ਉਸ ਨੂੰ ਹੋਰ ਡਾਲਰ ਦੇਣੇ ਪੈਣੇ ਸਨ ਤੇ ਉਹ ਨਹੀਂ ਸੀ ਦੇਣੇ ਚਾਹੁੰਦਾ। ਮੈਂ ਉਸ ਨੂੰ ਡਰਾਵਾ ਦੇ ਦਿੱਤਾ ਕਿ ਚਲਿਆ ਜਾਵੇ ਨਹੀਂ ਤਾਂ ਮੇਰਾ 'ਬੁਆਏ ਫਰੈਂਡ' ਜਿਹੜਾ ਦੂਜੇ ਕਮਰੇ ਵਿਚ ਪਿਆ ਹੈ, ਉਸ ਨੂੰ ਧੱਕੇ ਮਾਰ ਕੇ ਕੱਢ ਦੇਵੇਗਾ। ਮੇਰਾ ਕੋਈ ਬੁਆਏ ਫਰੈਂਡ ਨਹੀਂ ਸੀ ਪਿਆ ਸਗੋਂ ਮੇਰੀ ਕਮਰੇ ਦੀ ਸਾਥਣ ਪਈ ਸੀ। ਇਹ ਮੈਂ ਉਸ ਨੂੰ ਡਰਾਉਣ ਲਈ ਹੀ ਕਿਹਾ ਸੀ। ਕਮਰੇ 'ਚੋਂ ਨਿਕਲਦਾ ਉਹ ਬੋਲਿਆ, "ਜਿੱਥੇ ਮਰਜ਼ੀ ਚਲੇ ਜਾਓ, ਰੰਡੀਆਂ ਸਾਰੀਆਂ ਇੱਕੋ-ਜਿਹੀਆਂ ਹੁੰਦੀਆਂ"। 'ਰੰਡੀ' ਸ਼ਬਦ ਕਿਸੇ ਨੇ ਮੇਰੇ ਲਈ ਪਹਿਲੀ ਵਾਰ ਵਰਤਿਆ ਸੀ। ਮੇਰੇ ਅੰਦਰ ਅੱਗ ਉੱਠੀ ਤੇ ਮੈਂ ਕੋਲ ਪਿਆ ਬੇਸਬਾਲ ਬੈਟ ਉਸਦੇ ਸਿਰ 'ਚ ਮਾਰਿਆ। ਮੇਰੀ ਸਾਥਣ ਨੇ ਉਸ ਨੂੰ ਹੋਰ ਡਰਾਉਣ ਲਈ ਸਾਡਾ ਇਸੇ ਕੰਮ ਲਈ ਲਾਇਆ 'ਹੂਟਰ' ਚਲਾ ਦਿੱਤਾ। ਜਿਵੇਂ ਪੁਲੀਸ ਦੀ ਕਾਰ ਆ ਰਹੀ ਹੋਵੇ। ਸਾਡਾ ਇਹ ਹਥਿਆਰ ਸਹਿਮ ਪੈਦਾ ਕਰਨ ਲਈ ਬਹੁਤ ਕਾਰਗਰ ਹੈ। ਉਹ ਆਪਣੇ ਸੱਟ ਵਾਲੀ ਥਾਂ ਨੂੰ ਨੱਪਦਾ ਕਮਰੇ 'ਚੋਂ ਬਾਹਰ ਹੋ ਗਿਆ। ਪਰ ਮੇਰੇ ਅੰਦਰ 'ਰੰਡੀ, ਰੰਡੀ' ਘੁੰਮਣ ਲੱਗਾ। ਇਸ ਸ਼ਬਦ ਨੂੰ ਮੈਂ ਬਚਪਨ ਤੋਂ ਹੀ ਸਮਾਜ ਦੀ ਸਭ ਤੋਂ ਵੱਧ ਘ੍ਰਿਣਾਯੋਗ ਔਰਤ ਲਈ ਵਰਤਦਿਆਂ ਸੁਣਦੀ ਆਈ ਸੀ। ਤੇ ਫਿਰ ਮੇਰੇ ਅੰਦਰ ਉਨ੍ਹਾਂ ਸਭ ਪ੍ਰਤੀ ਨਫਰਤ ਦੀਆਂ ਲਾਟਾਂ ਉੱਠੀਆਂ ਸਨ, ਜਿਨ੍ਹਾਂ ਬਾਰੇ ਮੈਨੂੰ ਲਗਦਾ ਸੀ ਕਿ ਉਨ੍ਹਾਂ ਨੇ ਮੈਨੂੰ ਇਸ ਦਲਦਲ ਵਿਚ ਧੱਕਿਆ ਸੀ। ਉਸ ਦਿਨ ਮੈਂ ਫਿਰ ਛਾਲ ਮਾਰਨ ਦੇ ਇਰਾਦੇ ਨਾਲ ਪਟੱਲੋ

ਬ੍ਰਿੱਜ ਵੱਲ ਭੱਜੀ ਸੀ ਪਰ ਉੱਥੇ ਪਹੁੰਚਦੇ ਪਹੁੰਚਦੇ ਮੇਰਾ ਮਨ ਥਿੜਕ ਗਿਆ ਸੀ ਤੇ ਫਿਰ ਅਗਲੇ ਦਿਨ ਅੰਦਰ ਕੁਝ ਠੱਲ੍ਹ ਪੈਣ 'ਤੇ ਮੈਨੂੰ ਆਪਣੇ ਪਿੰਡ ਵਾਲਾ ਵਿਹੜਾ ਦਿਸਿਆ ਸੀ, ਜਿੱਥੇ ਮੈਂ ਬਚਪਨ ਵਿਚ ਖੇਡੀ ਸੀ ਤੇ ਜਿੱਥੇ ਇਕ ਝੋਟਾ ਬੱਝਿਆ ਹੁੰਦਾ ਸੀ। ਲੋਕ ਕੁਝ ਰੁਪਈਏ ਦੇ ਕੇ ਉਸ ਨੂੰ ਆਪਣੀ ਮੱਝ ਦੇ ਮਗਰ ਲਾ ਕੇ ਲੈ ਜਾਂਦੇ। ਆਪਣੇ ਆਪ ਦੀਆਂ ਨਜ਼ਰਾਂ ਤੋਂ ਬਚਣ ਲਈ ਮੈਂ ਇਸ ਵਰਤਾਰੇ ਨੂੰ ਆਪਣਾ ਸਹਾਰਾ ਬਣਾ ਲਿਆ।

ਪਰ ਇਹ ਤਾਂ ਉਦੋਂ ਸੀ, ਹੁਣ ਤਾਂ ਕਈ ਵਾਰ ਜੀਅ ਕਰਦਾ ਹੈ ਕਿ ਹੁਣੇ ਹੀ ਇਹ ਕੰਮ ਬੰਦ ਕਰ ਦੇਵਾਂ, ਪਰ ਲਾਲਚ ਇਹ ਕਰਨ ਨਹੀਂ ਦਿੰਦਾ। ਸੋਚਦੀ ਹਾਂ ਕਿ ਕੁਝ ਡਾਲਰ ਹੋਰ ਜੋੜ ਲਵਾਂ, ਫਿਰ ਪੱਕੇ ਪੈਰੀਂ ਹੋ ਕੇ ਹੀ ਪੰਜਾਬੀ ਸੂਟਾਂ ਦਾ ਬੁਟੀਕ ਖੋਲ੍ਹਾਂਗੀ। ਤੇ ਇਹ ਲਾਲਚ ਹੀ ਸੀ ਕਿ ਮੈਂ ਆਈ ਕਾਲ ਨੂੰ ਪ੍ਰਵਾਨ ਕਰ ਲਿਆ। ਸੋਚਿਆ ਕਿ ਕੱਲ੍ਹ ਵੀ ਦਿਹਾੜੀ ਬਰਬਾਦ ਹੋ ਗਈ ਸੀ ਤੇ ਅੱਜ ਵੀ ਬਿਜਲੀ ਨਹੀਂ ਹੈ ਤੇ ਇੱਥੇ ਕੋਈ ਨਹੀਂ ਆਵੇਗਾ। ਸਗੋਂ ਇਹ ਤਾਂ ਚੰਗਾ ਹੈ ਕਿ "ਆਊਟ ਕਾਲ" ਆ ਗਈ ਤੇ ਉਹ ਵੀ ਸਾਰੀ ਸ਼ਾਮ ਲਈ। ਮੈਂ ਆਖ ਦਿੰਦੀ ਹਾਂ, "ਸ਼ਿਓਰ, ਆਈ ਐਮ ਫਰੀ ਦਿਸ ਈਵਨਿੰਗ"।

ਉਹ ਅੱਗੋਂ ਆਖਦਾ ਹੈ, "ਆਈ ਵਾਂਟ ਜੀ ਐਫ ਈ (ਗਰਲ ਫਰੈਂਡ ਐਕਸਪੀਰੀਐਂਸ) ਸਰਵਿਸ"।

"ਐਬਸਿਲੀਊਟਲੀ", ਮੇਰਾ ਜਵਾਬ ਹੈ।

"ਯੂ ਚਾਰਜ ਟੂ ਹੰਡਰਡ ਫਾਰ ਆਵਰ, ਰਾਈਟ?" ਇਹ ਮੇਰਾ ਇਸ਼ਤਿਹਾਰ ਵਿਚ ਦਿੱਤਾ ਰੇਟ ਹੈ। ਮੈਂ ਸੋਚਦੀ ਹਾਂ ਕਿ ਹੱਥ ਆਇਆ ਗਾਹਕ ਨਿਕਲ ਨਾ ਜਾਵੇ ਇਸ ਲਈ ਆਖ ਦੇਵਾਂ ਕਿ ਸਾਰੀ ਸ਼ਾਮ ਲਈ ਪੰਜ ਸੌ ਪਰ ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਉਹ ਆਖ ਦਿੰਦਾ ਹੈ, "ਡਨ, ਗੈੱਟ ਦਾ ਕੈਬ। ਆਈ ਵੈਲ ਪੇਅ ਫਾਰ ਦੈਟ"। ਉਸ ਨੇ ਆਪਣਾ ਪਤਾ ਲਿਖਾਇਆ ਅਤੇ ਮੈਂ ਤਿਆਰ ਹੋ ਕੇ ਪਹੁੰਚਣ ਲਈ ਦੋ ਘੰਟੇ ਦਾ ਸਮਾਂ ਮੰਗਿਆ। ਉਹ ਰਾਜ਼ੀ ਹੋ ਗਿਆ। 'ਚਲੋ ਅੱਜ ਦੀ ਦਿਹਾੜੀ ਤਾਂ ਵਿਅਰਥ ਨਹੀਂ ਗਈ' ਮੇਰੇ ਅੰਦਰੋਂ ਫਿਕਰ ਹਲਕਾ ਹੋ ਗਿਆ। ਮੈਂ ਉੱਠੀ। ਨਹਾ ਕੇ ਕੱਪੜੇ ਪਾਉਣ ਲਈ ਅਲਮਾਰੀ ਖੋਲ੍ਹੀ। ਮੇਰਾ ਪੰਜਾਬੀ ਸੂਟ ਹੈਂਗਰ 'ਤੇ ਸਭ ਤੋਂ ਮੂਹਰੇ ਲਟਕ ਰਿਹਾ ਸੀ। ਇਹੀ ਇਕ ਪੰਜਾਬੀ ਸੂਟ ਹੈ, ਜਿਹੜਾ ਮੈਂ ਹੁਣ ਬਣਵਾਇਆ ਸੀ, ਬਾਕੀ ਸਭ ਉਵੇਂ ਹੀ ਅਟੈਚੀਆਂ ਵਿਚ ਪਏ ਹਨ। ਉਹ ਅਟੈਚੀ ਕਦੇ ਵੀ ਨਹੀਂ ਖੋਲ੍ਹੇ। ਇਹ ਸੂਟ ਪਾਉਣੇ ਵੀ ਕਿੱਥੇ ਹਨ, ਕਿਤੇ ਆਉਂਦੀ-ਜਾਂਦੀ ਤਾਂ ਮੈਂ ਹੈ ਨਹੀਂ। ਜਾਵਾਂ ਵੀ ਕਿੱਥੇ? ਇਹ ਸੂਟ ਮੈਂ ਆਪਣੇ ਆਪ ਨੂੰ ਯਾਦ ਕਰਵਾਉਣ ਲਈ ਇਸੇ ਕਮਰੇ ਦੀ ਅਲਮਾਰੀ ਵਿਚ ਸਭ ਤੋਂ ਮੂਹਰੇ ਟੰਗਿਆ ਹੋਇਆ ਹੈ ਕਿ ਮੈਂ ਇਕ ਦਿਨ ਪੰਜਾਬੀ ਸੂਟਾਂ ਦਾ ਬੁਟੀਕ ਖੋਲ੍ਹਣਾ ਹੈ। ਕਈ ਵਾਰ ਮੈਂ ਢੇਰੀ ਢਾਹ ਬਹਿੰਦੀ ਹਾਂ। ਸੋਚਦੀ ਹਾਂ ਕਿ ਹੁਣ ਤਾਂ ਕਿਸੇ ਅਗਲੇ ਜਨਮ ਵਿਚ ਹੀ ਇਹ ਕਰਾਂਗੀ। ਇਸ ਸੂਟ ਦੀ ਮੈਂ ਇੰਡੀਆ ਤੋਂ ਸਿਲਾਈ ਕਰਵਾਈ ਸੀ। ਜਿਸ ਦਿਨ ਇਹ ਮੇਰੇ ਕੋਲ ਪਾਰਸਲ ਰਾਹੀਂ ਪਹੁੰਚਿਆ ਸੀ, ਮੈਨੂੰ ਇਕ ਅਨੋਖੀ ਖੁਸ਼ੀ ਹੋਈ ਸੀ। ਇਸ ਨੂੰ ਪਹਿਨਕੇ ਕਿੰਨੀ ਦੇਰ ਮੈਂ ਸ਼ੀਸ਼ੇ ਮੂਹਰੇ ਖੜ੍ਹੀ ਰਹੀ ਸੀ। ਮੈਨੂੰ ਹੈਰਾਨੀ ਹੋਈ ਸੀ ਕਿ ਇਸ ਨੂੰ ਮੈਂ ਆਪ ਡੀਜ਼ਾਈਨ ਕੀਤਾ ਸੀ। ਗਲ਼ਾ, ਘੇਰਾ, ਬਾਹਾਂ, ਰੰਗ, ਸਲਵਾਰ, ਚੁੰਨੀ ਦੀ ਕਢਾਈ ਸਾਰਾ ਕੁਝ ਪੂਰੇ ਵਿਸਥਾਰ ਨਾਲ ਮੈਂ ਦੱਸਿਆ ਸੀ। ਉਵੇਂ ਦਾ ਹੀ ਬਣਕੇ ਆਇਆ ਸੀ, ਜਿਸ ਤਰ੍ਹਾਂ ਦੀਆਂ ਮੈਂ ਫੋਟੋ ਭੇਜੀਆਂ ਸਨ। ਫੋਟੋ ਭੇਜਣ ਵੇਲੇ ਮੈਂ ਫੋਨ ਰਾਹੀਂ ਆਖ ਦਿੱਤਾ ਸੀ ਕਿ ਮੇਰਾ ਆਪਣਾ ਬੁਟੀਕ ਹੈ, ਜੇ ਤੁਸੀਂ ਇਸੇ ਤਰ੍ਹਾਂ ਦਾ ਤਿਆਰ ਕਰ ਦਿੱਤਾ ਤਾਂ ਤੁਹਾਨੂੰ ਬਹੁਤ ਸਾਰਾ ਕੰਮ ਭੇਜਾਂਗੀ। ਇਸ ਤਰ੍ਹਾਂ ਆਦੇਸ਼ ਦਿੰਦਿਆਂ ਮੇਰੇ ਅੰਦਰ ਇਕ ਵੱਖਰਾ ਹੀ ਮਾਣ ਜਿਹਾ ਕੁਝ ਉੱਠਿਆ ਸੀ। ਤੇ ਸੂਟ ਪਾ ਕੇ ਮੈਂ ਆਪਣੀਆਂ ਬਹੁਤ ਸਾਰੀਆਂ ਸੈਲਫੀਆਂ ਖਿੱਚੀਆਂ। ਇਸ ਨਾਲ ਵੀ ਸੰਤੁਸ਼ਟੀ ਨਾ ਹੋਈ ਤਾਂ ਮੇਰਾ ਜੀਅ ਕੀਤਾ ਕਿ ਇਸੇ ਸੂਟ ਵਿਚ ਕਿਤੇ ਬਾਹਰ ਜਾਵਾਂ। ਕੋਈ ਮੈਨੂੰ ਰੋਕ ਕੇ ਪੁੱਛੇ ਕਿ ਇਹ ਸੂਟ ਕਿੱਥੋਂ ਬਣਵਾਇਆ ਸੀ। ਤੇ ਫਿਰ ਮੇਰੇ

ਚਿੱਤ ਵਿਚ ਆਈ ਕਿ ਗੁਰਦਵਾਰੇ ਜਾਵਾਂ। ਵੈਨਕੂਵਰ ਆ ਕੇ ਤਾਂ ਕਦੇ ਵੀ ਨਹੀਂ ਸੀ ਗਈ ਗੁਰਦਵਾਰੇ। ਕੈਲਗਰੀ ਮਾਮੇ ਕੋਲ ਰਹਿੰਦਿਆਂ ਚਲੀ ਜਾਂਦੀ ਸੀ ਹਰੇਕ ਹਫਤੇ ਹੀ। ਲਓ ਫਿਰ ਪੁਰਾਣੀ ਗੱਲ ਯਾਦ ਆ ਗਈ। ਕਿੰਨਾ ਵੀ ਆਪਣੇ ਆਪ ਨੂੰ ਸਮਝਾ ਲਵਾਂ ਕਿ ਉਸ ਸਭ ਕੁਝ ਨੂੰ ਮੁੜ ਨਹੀਂ ਯਾਦ ਕਰਨਾ ਪਰ ਫਿਰ ਕੋਈ ਗੱਲ ਯਾਦ ਆ ਜਾਂਦੀ ਹੈ। ਖੈਰ, ਉਸ ਦਿਨ ਨਵਾਂ ਸੂਟ ਪਾ ਕੇ ਮੈਂ ਸਰੀ ਗੁਰਦਵਾਰੇ ਚਲੀ ਗਈ। ਉੱਥੇ ਰੌਣਕ ਸੀ। ਕੋਈ ਖਾਸ ਦਿਹਾੜਾ ਹੋਵੇਗਾ। ਕਾਰ ਤੋਂ ਦਰਬਾਰ ਸਾਹਬ ਤਕ ਜਾਂਦਿਆਂ ਮੈਂ ਆਪਣੇ ਸੂਟ ਬਾਰੇ ਭੁੱਲ ਹੀ ਗਈ। ਮੱਥਾ ਟੇਕਣ ਜਾਣ ਅਤੇ ਵਾਪਸ ਮੁੜਨ ਤਕ ਮੇਰੀਆਂ ਲੱਤਾਂ ਕੰਬਣ ਲੱਗੀਆਂ ਸਨ। ਮੈਨੂੰ ਲੱਗਾ ਸੀ ਜਿਵੇਂ ਹਾਲ ਵਿਚ ਬੈਠੇ ਸਭ ਮੇਰੇ ਵੱਲ ਘੂਰ-ਘੂਰ ਦੇਖ ਰਹੇ ਹੋਣ। ਲੱਗਾ ਜਿਵੇਂ ਹੁਣੇ ਕੋਈ ਮੋਢੇ ਤੋਂ ਫੜ ਕੇ ਬਾਹਰ ਧੱਕ ਦੇਵੇਗਾ। ਅੰਦਰ ਗੁਨਾਹ ਦਾ ਭਾਵ ਸੀ। ਆਪਣਾਆਪ ਹੀਣਾ-ਹੀਣਾ। ਉਨ੍ਹੀਂ ਪੈਰੀਂ ਮੈਂ ਵਾਪਸ ਆ ਗਈ। ਮੇਰੀਆਂ ਅੱਖਾਂ ਡਬਡਬਾ ਗਈਆਂ ਸਨ। ਆਪਣੇ ਕਮਰੇ ਵਿਚ ਆ ਕੇ ਮੈਂ ਚੌਫਾਲ ਡਿੱਗ ਪਈ। ਮੁੜ ਕਦੇ ਵੀ ਇਹ ਸੂਟ ਨਾ ਪਾਇਆ। ਸੋਚਦੀ ਹਾਂ ਕਿ ਇਹ ਸੂਟ ਹੁਣ ਟਰਾਂਟੋ ਜਾ ਕੇ ਹੀ ਪਾਵਾਂਗੀ। ਤੇ ਉੱਥੇ ਜਾ ਕੇ ਆਪਣਾ ਬੌਟੀਕ ਖੋਲ੍ਹਣ ਦੇ ਇਰਾਦੇ ਨੂੰ ਪੱਕਾ ਕਰਨ ਲਈ ਹੀ ਇਸ ਨੂੰ ਮੈਂ ਸਭ ਤੋਂ ਮੂਹਰੇ ਟੰਗਿਆ ਹੋਇਆ ਹੈ। ਉਸ ਸੂਟ ਨੂੰ ਪਾਸੇ ਕਰਕੇ "ਆਊਟ ਕਾਲ" 'ਤੇ ਜਾਣ ਲਈ ਕੀ ਪਾਵਾਂ ਬਾਰੇ ਸੋਚਦੀ ਹਾਂ। ਅੱਗੇ ਸ਼ੌਰਟ ਸਕੱਰਟ ਪਈ ਹੈ। ਉਸਦੀ ਕੰਨੀ ਫੜਕੇ ਬਾਕੀ ਕੱਪੜਿਆਂ ਵਿਚੋਂ ਥੋੜ੍ਹਾ ਬਾਹਰ ਵੱਲ ਖਿੱਚ ਕੇ ਦੇਖਦੀ ਹਾਂ। ਚਿੱਤ 'ਚ ਆਈ ਕਿ ਬਾਹਰ ਜਾਣਾ ਹੈ ਦਿਨ ਦਾ ਚਾਨਣ ਹੈ, ਟੈਕਸੀ 'ਤੇ ਜਾਊਂਗੀ? ਨਹੀਂ, ਡਰਾਈਵਰ ਕੋਈ ਪੰਜਾਬੀ ਬੰਦਾ ਹੋਵੇਗਾ। ਵੀਹ ਸਵਾਲ ਪੁੱਛੇਗਾ। ਇਸ ਡਰੈੱਸ ਵਿਚ ਤਾਂ ਅਨੇਕਾਂ ਨਿਗਾਹਾਂ ਉੱਠਣਗੀਆਂ। ਉਸਦੀ ਕੰਨੀ ਛੱਡ ਦਿੰਦੀ ਹਾਂ। ਜੀਨਜ਼? ਹਾਂ, ਪਰ ਨਹੀਂ, ਜੇ ਉੱਥੋਂ ਭੱਜਣਾ ਪਿਆ? ਟਾਈਟ ਜੀਨ ਛੇਤੀ ਪਾ ਵੀ ਨਹੀਂ ਹੁੰਦੀ। ਤਾਂ ਫਿਰ? ਆਮ ਢਿੱਲੜ ਜਿਹੇ ਕੱਪੜੇ ਪਾ ਲੈਂਦੀ ਹਾਂ ਅਤੇ ਸ਼ੌਰਟ ਸਕਰਟ ਤੇ ਟਾਪ ਇਕ ਬੈਗ ਵਿਚ ਪਾ ਕੇ ਨਾਲ ਲਿਜਾਣ ਲਈ ਰੱਖ ਲੈਂਦੀ ਹਾਂ। ਸੋਚਿਆ ਕਿ ਜੇ ਅਗਲੇ ਨੇ ਚਾਹਿਆ ਤਾਂ ਉੱਥੇ ਜਾ ਕੇ ਬਦਲ ਲਵਾਂਗੀ। ਮੇਕ ਅਪ ਕੀਤਾ। ਆਪਣੇ ਪਰਸ ਵਿਚ ਪੈਪਰ ਸਪਰੇਅ ਅਤੇ ਕੇ ਵਾਈ ਜੈਲੀ ਕਰੀਮ ਤੇ ਕੰਡੋਮ ਟੋਹੇ। ਆਪਣੀ ਕਾਰ ਰਾਹੀਂ ਉਸਦੇ ਦੱਸੇ ਪਤੇ ਵੱਲ ਚੱਲ ਪਈ। ਉੱਥੇ ਪਹੁੰਚ ਕੇ ਸਾਰੇ ਬਲਾਕ ਵਿਚ ਕਾਰ ਰਾਹੀਂ ਗੇੜਾ ਦੇ ਕੇ ਜਾਇਜ਼ਾ ਲਿਆ। ਉਸਦੇ ਘਰ ਮੂਹਰੇ ਕਾਰ ਰੋਕਣ ਨਾਲ ਟੈਕਸੀ ਦਾ ਕਿਰਾਇਆ ਮਰਦਾ ਸੀ। ਇਹ ਮੈਂ ਉਸ ਤੋਂ ਵਸੂਲਣਾ ਚਾਹੁੰਦੀ ਸੀ। ਮੇਰੇ ਦਿਮਾਗ਼ ਵਿਚ ਤਰਕੀਬ ਆਈ। ਮੈਂ ਕਾਰ ਪਿਛਲੀ ਗਲੀ ਵਿਚ ਰੋਕ ਦਿੱਤੀ। ਆਪਣੇ ਸੈੱਲ ਫੋਨ ਦੀ 'ਲੋਕੇਸ਼ਨ' ਔਨ ਕੀਤੀ। ਆਪਣੀ ਸਾਥਣ, ਅਨੀਤਾ, ਨੂੰ ਉਸ ਘਰ ਦਾ ਪਤਾ ਦੱਸਿਆ ਅਤੇ ਇਹ ਵੀ ਦੱਸ ਦਿੱਤਾ ਕਿ ਸਾਰੀ ਸ਼ਾਮ ਲਈ ਆਈ ਹਾਂ। ਪੈਪਰ ਸਪਰੇਅ ਨੂੰ ਮੁੜ ਟੋਹਿਆ ਅਤੇ ਕਾਰ ਵਿਚੋਂ ਨਿਕਲ ਕੇ ਉਸ ਨੂੰ ਫੋਨ ਮਿਲਾਇਆ।

"ਹਾਏ, ਆਈ ਐਮ ਹੇਅਰ। ਬਲੱਡੀ ਕੈਬ ਡਰਾਈਵਰ ਵਾਜ਼ ਇਨ ਰੱਸ਼। ਹੀ ਡਰਾਪਡ ਮੀ ਆਨ ਬੀ ਸਟਰੀਟ। ਯੂ ਆਰ ਆਨ ਏ, ਰਾਈਟ?"

"ਯੈਸ ਡਾਰਲਿੰਗ। ਕੈਬੀ ਮਸਟ ਬੀ ਐਨ ਈਸਟ ਇੰਡੀਅਨ।"

"ਯੈਸ", ਮੈਂ ਆਖ ਦਿੱਤਾ। ਇਸ ਸ਼ਹਿਰ ਵਿਚ ਜ਼ਿਆਦਾਤਰ ਟੈਕਸੀ ਡਰਾਈਵਰ ਪੰਜਾਬੀ ਹੀ ਹਨ।

"ਦੇ ਆਰ ਆਲ ਆਸਹੋਲਜ਼", ਉਹ ਬੋਲਿਆ। ਉਸਦੇ ਕਹੇ ਨੂੰ ਅਣਸੁਣਿਆ ਕਰਕੇ ਮੈਂ ਬੋਲੀ, "ਸੌਰੀ, ਆਈ ਵੈੱਲ ਬੀ ਕਪਲ ਆਫ ਮਿੰਟਸ ਲੇਟ।"

"ਨੋ ਵਰੀਜ਼।"

ਉਸਦੇ ਘਰ ਮੂਹਰੇ ਪਹੁੰਚੀ ਤਾਂ ਉਹ ਦਰਵਾਜ਼ੇ ਵਿਚ ਖੜ੍ਹਾ ਸੀ। ਚਾਲੀ-ਪੰਜਤਾਲੀ ਸਾਲ ਦਾ ਹੋਵੇਗਾ। ਰਿਸ਼ਟ ਪੁਸ਼ਟ ਗੋਰਾ। ਰਾਹ ਵਿਚ ਇਕ ਪਲ ਲਈ ਮੈਨੂੰ ਖਿਆਲ ਆਇਆ ਸੀ ਕਿ ਉਹ

ਵਧੀ ਹੋਈ ਦਾਹੜੀ ਵਾਲਾ, ਅੱਧ ਟੁੱਟੇ ਦੰਦਾਂ ਵਾਲਾ, ਖਊਂ-ਖਊਂ ਕਰਦਾ, ਸਿਗਰਟਾਂ ਦਾ ਧੂੰਆਂ ਛੱਡਦਾ ਮੁਸ਼ਕ ਮਾਰਦਾ ਬੁੱਢਾ ਹੋਵੇਗਾ। ਮੈਨੂੰ ਝੁਣਝੁਣੀ ਆਈ ਸੀ ਤੇ ਮੈਂ ਆਪਣਾ ਧਿਆਨ ਹਟਾਉਣ ਲਈ ਕਾਰ ਵਿਚ ਚੱਲ ਰਹੀ ਸੀ ਡੀ ਦੀ ਆਵਾਜ਼ ਉੱਚੀ ਕਰ ਦਿੱਤੀ ਸੀ। ਤੇ ਫਿਰ ਮੈਨੂੰ ਲੱਗਾ ਸੀ ਜਿਵੇਂ ਉਸ ਘਰ ਵਿਚ ਖਿਲਾਰਾ ਹੋਵੇਗਾ। ਬੀਅਰ ਦੀਆਂ ਖਾਲੀ ਕੇਨਾਂ ਫਰਸ਼ 'ਤੇ ਥਾਂ ਥਾਂ ਹੋਣਗੀਆਂ, ਪੀਜ਼ੇ ਵਾਲੇ ਖਾਲੀ ਡੱਬੇ ਜਾਂ ਹੋਰ ਕੂੜਾ-ਕਬਾੜ ਹੋਵੇਗਾ ਤੇ ਘਰ ਵਿਚੋਂ ਕੱਚੀ ਜਿਹੀ ਬੂਅ ਉੱਠਦੀ ਹੋਵੇਗੀ। ਪਰ ਇਸ ਤਰ੍ਹਾਂ ਦਾ ਇੱਥੇ ਕੁਝ ਵੀ ਨਹੀਂ ਸੀ। ਮੇਰੇ ਨੇੜੇ ਪਹੁੰਚਣ 'ਤੇ ਉਸ ਨੇ ਬਾਹਾਂ ਫੈਲਾਈਆਂ। ਆਪਣੇ ਨਾਲ ਘੁੱਟਿਆ। ਫਿਰ ਅੰਦਰ ਲੈ ਗਿਆ। ਮੈਂ ਉਸ ਨੂੰ ਦਰਵਾਜ਼ਾ ਬੰਦ ਕਰਦੇ ਨੂੰ ਦੇਖਿਆ। ਉਸ ਨੇ ਜਿੰਦਾ ਲਾ ਕੇ ਸੰਗਲੀ ਨਹੀਂ ਸੀ ਚੜ੍ਹਾਈ। ਉਸ ਨੇ ਮੇਰੇ ਵੱਲ ਦੇਖਿਆ। ਮੈਨੂੰ ਉਸਦੀਆਂ ਅੱਖਾਂ ਤਰਲ ਲੱਗੀਆਂ। ਇਸ ਤੋਂ ਪਹਿਲਾਂ ਕਿ ਮੈਂ ਅੱਗੇ ਵਾਲੀ ਗੱਲ ਦੱਸਾਂ, ਇਹ ਸਾਫ ਕਰ ਦਿਆਂ ਕਿ ਸੁਭਾਵਕ ਸੀ ਕਿ ਸਾਡੀ ਗੱਲ ਅੰਗ੍ਰਜ਼ੀ ਵਿਚ ਹੀ ਹੋਣੀ ਸੀ। ਉਸ ਨੂੰ ਉਵੇਂ ਹੀ ਲਿਖਣ ਨਾਲੋਂ ਮੈਂ ਪੰਜਾਬੀ ਵਿਚ ਦੱਸਾਂਗੀ। ਉਹ ਬੋਲਿਆ, "ਓਹ ਹਾਂ, ਮੈਂ ਆਪਣਾ ਨਾਂ ਦੱਸਣਾ ਤਾਂ ਭੁੱਲ ਹੀ ਗਿਆ। ਮੈਂ ਚਾਰਲਸ। ਤੂੰ ਚਾਰਲੀ ਆਖੀਂ। ਇਸ ਨੂੰ ਘਰ ਵਾਂਗ ਹੀ ਸਮਝ। ਤੈਨੂੰ ਇੱਥੇ ਕੋਈ ਖਤਰਾ ਨਹੀਂ"। ਅਤੇ ਉਸ ਨੇ ਫਿਰ ਮੈਨੂੰ ਬਾਹਾਂ ਵਿਚ ਘੁੱਟ ਲਿਆ। ਫਿਰ ਮੋਢਿਆਂ ਤੋਂ ਫੜ ਕਿ ਬੋਲਿਆ, "ਤੂੰ ਬਹੁਤ ਖੂਬਸੂਰਤ ਹੈਂ"। ਫਿਰ ਬੋਲਿਆ, "ਉਹ ਪਿਆ ਤੇਰਾ ਲਿਫਾਫਾ। ਉਸ ਨੂੰ ਚੁੱਕ ਕੇ ਸੰਭਾਲ ਲੈ ਤੇ ਹੁਣ ਤੂੰ ਮੇਰੀ ਗਰਲ ਫਰੈਂਡ ਹੈਂ।"

ਮੈਂ ਆਪਣਾ ਕਾਰੋਬਾਰੀ ਗੁਰ ਵਰਤਿਆ। ਉਸਦੀ ਗੱਲ੍ਹ 'ਤੇ ਚੁੰਮਣ ਦਿੱਤਾ ਅਤੇ ਕਿਹਾ, "ਤੂੰ ਕਿੰਨਾ ਮਿੱਠਾ ਹੈਂ!" ਫਿਰ ਮੈਂ ਲਿਫਾਫਾ ਚੁੱਕਿਆ ਅਤੇ ਕਿਹਾ, "ਕੀ ਮੈਂ ਤੇਰਾ ਗੁਸਲਖਾਨਾ ਵਰਤ ਲਵਾਂ? ਟੈਕਸੀ ਡਰਾਈਵਰ ਸ਼ਾਇਦ ਨਵਾਂ ਸੀ ਏਧਰ ਓਧਰ ਘੁਮਾ ਕੇ ਲਿਆਇਆ।"

"ਕੋਈ ਹੈਰਾਨੀ ਨਹੀਂ। ਇਹ ਹਰਾਮੀ ਇੱਦਾਂ ਹੀ ਕਰਦੇ ਹਨ। ਤੂੰ ਗੁਸਲਖਾਨਾ ਵਰਤ ਲੈ।"

ਮੈਂ ਗੁਸਲਖਾਨੇ ਵਿਚ ਵੜ ਕੇ ਲਿਫਾਫਾ ਖੋਲ੍ਹਿਆ। ਉਸ ਵਿਚ ਸੌ-ਸੌ ਡਾਲਰ ਦੇ ਦਸ ਨੋਟ ਸਨ। ਐਨੇ ਨੋਟ ਦੇਖ ਕੇ ਇਕ ਵਾਰ ਤਾਂ ਅੰਦਰ ਡਰ ਉੱਠਿਆ ਕਿ ਪਤਾ ਨਹੀਂ ਕੀ ਕਰਵਾਏਗਾ ਪਰ ਰਕਮ ਡਰ 'ਤੇ ਭਾਰੂ ਹੋ ਗਈ ਤੇ ਮੈਂ ਉਹ ਲਿਫਾਫਾ ਪਰਸ ਦੀ ਅੰਦਰਲੀ ਜੇਬ ਵਿਚ ਸੰਭਾਲ ਲਿਆ ਅਤੇ ਕੇ ਵਾਈ ਜੈਲੀ ਕਰੀਮ ਵਰਤ ਕੇ ਬਾਹਰ ਆ ਗਈ। "ਇੱਧਰ ਹੀ ਆ ਜਾ, ਪਿਆਰੀ", ਉਹ ਲਿਵਿੰਗ ਰੂਮ ਵਿਚ ਬੈਠਾ ਸੀ। ਮੈਂ ਉਸਦੇ ਨੇੜੇ ਪਹੁੰਚ ਕੇ ਉਸ ਨੂੰ ਪੁੱਛਿਆ, "ਮੇਰੇ ਕੋਲ ਸ਼ੌਰਟ ਸਕਰਟ ਤੇ ਟੌਪ ਵੀ ਹਨ ਜੇ ਤੂੰ ਕਹੇਂ ਤਾਂ ਮੈਂ ਉਹ ਪਹਿਨ ਲੈਂਦੀ ਹਾਂ?"

"ਨਹੀਂ, ਕੋਈ ਲੋੜ ਨਹੀਂ, ਤੂੰ ਇਨ੍ਹਾਂ ਕੱਪੜਿਆਂ ਵਿਚ ਹੀ ਬਹੁਤ ਜਚਦੀ ਹੈਂ", ਉਸ ਨੇ ਮੇਰੇ ਵੱਲ ਦੇਖਦੇ ਨੇ ਕਿਹਾ ਤੇ ਫਿਰ ਬੋਲਿਆ, "ਆਪਾਂ ਕੁਝ ਦੇਰ ਗੱਲਾਂ ਕਰਾਂਗੇ। ਫਿਰ ਖਾਣਾ ਖਾਣ ਚੱਲਾਂਗੇ ਤੇ ਮੁੜ ਫਿਰ ਘਰ ਆ ਕੇ ਬੈਠਾਂਗੇ। ਤੇਰੇ ਵਾਸਤੇ ਠੀਕ ਹੈ ਇਹ?"

"ਹਾਂ।"

"ਕੋਈ ਕਾਹਲ ਤਾਂ ਨਹੀਂ?"

"ਨਹੀਂ, ਨਹੀਂ, ਤੇਰੇ ਵਾਸਤੇ ਹੀ ਹੈ ਸਾਰੀ ਸ਼ਾਮ।"

"ਕੀ ਪੀਏਂਗੀ?"

"ਮੈਨੂੰ ਕਿਸੇ ਚੀਜ਼ ਦੀ ਜਰੂਰਤ ਨਹੀਂ। ਤੂੰ ਦੱਸ, ਤੇਰੇ ਲਈ ਕੋਈ ਡਰਿੰਕ ਤਿਆਰ ਕਰਾਂ?"

"ਵਾਈਨ ਲੈ ਲਾ। ਮੇਰੇ ਕੋਲ ਹੈ ਬੀਅਰ", ਉਸ ਨੇ ਬੀਅਰ ਦੀ ਖੁੱਲ੍ਹੀ ਕੇਨ ਵੱਲ ਇਸ਼ਾਰਾ ਕਰਦਿਆਂ ਕਿਹਾ।

"ਮੈਂ ਕੋਕ ਲੈ ਲੈਂਦੀਂ ਹਾਂ।"

"ਉੱਥੋਂ ਫ੍ਰਿੱਜ ਵਿਚੋਂ ਕੱਢ ਲੈ।"

ਮੈਂ ਫ੍ਰਿੱਜ ਵਿਚੋਂ ਕੋਕ ਵਾਲੀ ਕੇਨੀ ਕੱਢ ਲਈ ਅਤੇ ਸੋਫੇ 'ਤੇ ਉਸਦੇ ਨਾਲ ਜਾ ਬੈਠੀ।

"ਵੇਖ ਕਿਸ ਤਰ੍ਹਾਂ ਦਾ ਦਿਨ ਹੈ! ਆਪਣੇ ਆਪ ਨੂੰ ਕਿਤੇ ਵੀ ਰੁਝਾਉਣ ਲਈ ਕੁਝ ਵੀ ਨਹੀਂ ਹੈ। ਆਪਾਂ ਕਿੰਨੇ ਤਕਨਾਲੋਜੀ 'ਤੇ ਨਿਰਭਰ ਹੋ ਗਏ ਹਾਂ, ਆਖਦੇ ਨੇ ਉਸ ਮੈਨੂੰ ਆਪਣੇ ਨਾਲ ਲਾ ਲਿਆ। ਫਿਰ ਬੋਲਿਆ, "ਮੈਂ ਬਹੁਤ ਇਕੱਲਾ ਮਹਿਸੂਸ ਕਰ ਰਿਹਾਂ।"

"ਹੁਣ ਮੈਂ ਤੇਰੇ ਨਾਲ ਹਾਂ। ਤੂੰ ਇਕੱਲਾ ਨਹੀਂ। ਆਪਾਂ ਇੰਜੁਆਏ ਕਰਾਂਗੇ।"

"ਹਾਂ, ਮੈਨੂੰ ਵੀ ਲਗਦਾ ਹੈ। ਆਪਾਂ ਇਕੋ ਬੇੜੀ ਦੇ ਸਵਾਰ ਹਾਂ।" ਮੈਨੂੰ ਉਸਦੀ ਇਸ ਗੱਲ ਦਾ ਮਤਲਬ ਨਾ ਸਮਝ ਆਇਆ। ਉਹ ਫਿਰ ਬੋਲਿਆ, "ਤੇਰੇ ਬਾਰੇ ਕਰੈਗਸਲਿਸਟ 'ਤੇ ਪੜ੍ਹ ਕੇ ਤੇਰੇ ਵੱਲ ਮੈਂ ਇਕ ਦਮ ਖਿੱਚਿਆ ਗਿਆ।" ਮੈਂ ਸੋਚਣ ਲੱਗੀ ਕਿ ਮੇਰੇ 'ਚ ਅਜੇਹੀ ਕਿਹੜੀ ਖਾਸ ਗੱਲ ਸੀ ਸਾਰੇ ਇਸ਼ਤਿਹਾਰਾਂ ਵਿਚ ਇੱਕੋ ਜਿਹੇ ਹੀ ਤਾਂ ਸਾਰੀਆਂ ਦੇ ਸਾਈਜ਼ ਲਿਖੇ ਹੁੰਦੇ ਹਨ। ਮੇਰੇ ਦਿਮਾਗ ਵਿਚ ਇਕ ਦਮ, ਜਿਹੜੀ ਗੱਲ ਬਾਕੀਆਂ ਨਾਲੋਂ ਵੱਖਰੀ ਸੀ,ਆਈ। ਉਸ ਅਨੁਸਾਰ ਮੈਂ ਆਖ ਦਿੱਤਾ, "ਸੋ ਤੈਨੂੰ ਚਾਕਲੇਟ ਪਸੰਦ ਹੈ?"

"ਹਾਂ, ਖਾਸ ਕਰਕੇ ਤੂੰ। ਤੇਰੇ ਨਾਲ ਮੇਰੀ ਤੰਦ ਇਕ ਦਮ ਜੁੜ ਗਈ," ਆਖ ਕੇ ਉਸ ਨੇ ਮੈਨੂੰ ਆਪਣੇ ਨਾਲ ਘੁੱਟਿਆ।

"ਕਿਤੇ ਦਿਲ ਦਾ ਮਾਮਲਾ ਨਾ ਹੋਵੇ!" ਮੇਰੇ ਚਿੱਤ 'ਚ ਆਈ।

"ਆ, ਆਪਣਾ ਸਿਰ ਮੇਰੀ ਗੋਦ ਵਿਚ ਰੱਖ ਲੈ," ਉਸ ਨੇ ਆਪਣੀਆਂ ਲੱਤਾਂ ਮੂਹਰੇ ਪਏ ਕੌਫੀ ਟੇਬਲ 'ਤੇ ਨਿਸਾਲ ਲਈਆਂ। ਮੈ ਆਪਣਾ ਸਿਰ ਉਸਦੇ ਪੱਟਾਂ 'ਤੇ ਰੱਖ ਦਿੱਤਾ। ਉਹ ਮੇਰੇ ਕੇਸਾਂ ਨਾਲ ਖੇਡਣ ਲੱਗਾ।

"ਜੇ ਤੈਨੂੰ ਇਤਰਾਜ਼ ਨਹੀਂ ਤਾਂ ਆਪਣੇ ਬਾਰੇ ਦੱਸ ਕੁਝ।"

ਮੈਂ ਸੋਚਿਆ ਕਿ ਇਹ ਵੀ ਪੰਜਾਬੀ ਬੰਦਿਆਂ ਵਰਗਾ ਹੀ ਨਿਕਲਿਆ। ਉਹ ਵੀ ਤਾਂ ਇਸ ਤਰ੍ਹਾਂ ਪੁੱਛ ਕੇ ਜ਼ਖਮ ਉਚੇੜਦੇ ਹਨ। ਕਈ ਪੁੱਛ ਲੈਂਦੇ ਹਨ ਕਿ ਮੈਂ ਕਿਵੇਂ ਇਸ ਕੰਮ ਵਿਚ ਆਈ। ਜਦੋਂ ਉਹ ਇਹ ਪੁੱਛਦੇ ਹਨ ਤਾਂ ਉਨ੍ਹਾਂ ਦੇ ਅੰਦਰ ਮੇਰੇ ਲਈ ਤ੍ਰਿਸਕਾਰ ਦੀ ਭਾਵਨਾ ਸਪੱਸ਼ਟ ਦਿਸਦੀ ਹੁੰਦੀ ਹੈ ਪਰ ਪਤਾ ਨਹੀਂ ਕਿਉਂ ਉਹ ਆਪਣੇ ਆਪ ਲਈ ਉਸ ਤਰ੍ਹਾਂ ਕਿਉਂ ਨਹੀਂ ਸੋਚਦੇ। ਉਹ ਵੀ ਤਾਂ ਮੇਰੇ ਨਾਲ ਉਸ ਵੇਲੇ ਭਾਗੀਦਾਰ ਹੀ ਹੁੰਦੇ ਹਨ। ਉਨ੍ਹਾਂ ਨੂੰ ਦੱਸਣ ਲਈ ਮੈਂ ਕੋਈ ਨਾ ਕੋਈ ਕਹਾਣੀ ਘੜ ਲੈਂਦੀ ਹਾਂ। ਪਹਿਲਾਂ ਆਖ ਦਿੰਦੀ ਸੀ ਕਿ ਮਾਸੀ ਕੋਲ ਆਈ ਸੀ ਸਟੂਡੈਂਟ ਵੀਜ਼ੇ 'ਤੇ, ਮਾਸੜ ਨੇ ਰੇਪ ਕੀਤਾ ਤੇ ਘਰੋਂ ਕੱਢ ਦਿੱਤਾ, ਹੋਰ ਕੀ ਕਰਦੀ ਕੋਈ ਟਿਕਾਣਾ ਨਹੀਂ ਸੀ ਤੇ ਇਸ ਕੰਮ ਵਿਚ ਆ ਗਈ। ਕਿਸੇ ਨੇ ਪੁੱਛ ਲੈਣਾ ਕਿ ਮਾਸੜ ਕੀ ਕਰਦਾ ਹੈ ਤਾਂ ਆਖ ਦੇਣਾ ਕਿ ਟੈਕਸੀ ਚਲਾਉਂਦਾ। ਇਕ ਨੇ ਪੁੱਛ ਲਿਆ ਕਿ ਕਿਹੜੀ ਕੰਪਨੀ ਵਿਚ ਕਿਹੜੇ ਨੰਬਰ ਵਾਲੀ ਟੈਕਸੀ ਚਲਾਉਂਦਾ। ਫਿਰ ਮੈਂ ਇਹ ਕਹਿਣੋ ਹਟ ਗਈ ਅਤੇ ਆਖਣ ਲੱਗ ਪਈ ਕਿ ਕਿਸੇ ਫੈਕਟਰੀ ਵਿਚ ਕੰਮ ਕਰਦਾ ਜਾਂ ਕੋਈ ਪੁੱਛ ਲੈਂਦਾ ਕਿ ਕਿਹੜਾ ਪਿੰਡ ਹੈ। ਮਨ ਵਿਚ ਬਹੁਤ ਖਿੱਝ ਉੱਠਣੀ ਕਿ ਤੁਸੀਂ ਅੰਬ ਲੈਣੇ ਆ ਤੁਸੀਂ ਆਵਦੇ ਕੰਮ ਤੋਂ ਮਤਲਬ ਰੱਖੋ, ਪਰ ਮੈਂ ਇਹ ਆਖਦੀ ਨਾ। ਸਗੋਂ ਟਾਲਣ ਦੀ ਕੋਸ਼ਿਸ਼ ਕਰਦੀ ਪਰ ਕਈ ਮੁੜ-ਘਿੜ ਉਹੀ ਪ੍ਰਸ਼ਨ ਪੁੱਛਣ ਲੱਗਦੇ। ਜੇ ਮੈਂ ਕਿਸੇ ਪਿੰਡ ਦਾ ਐਵੇਂ ਹੀ ਨਾਂ ਦੱਸ ਦੇਵਾਂ ਤਾਂ ਅਗਲਾ ਜ਼ਰੂਰ ਹੀ ਪਿਉ ਦਾ ਨਾਂ ਪੁੱਛੇਗਾ। ਇਕ ਵਾਰ ਮੇਰਾ ਅੱਕੀ ਹੋਈ ਦਾ ਜੀਅ ਕੀਤਾ ਕਿ ਅਸਲੀ ਨਾਂ ਦੱਸ ਦੇਵਾਂ। ਉਸ ਦਿਨ ਮੈਨੂੰ ਆਪਣੇ ਮਾਪਿਆਂ 'ਤੇ ਬਹੁਤ ਹੀ ਗੁੱਸਾ ਸੀ ਕਿ ਉਨ੍ਹਾਂ ਕਿਵੇਂ ਮੇਰੇ ਨਾਲੋਂ ਨਾਤਾ ਤੋੜ ਲਿਆ ਸੀ। ਕੀ ਹੋਇਆ ਜੇ ਮੈਂ ਸੁਹੇਲ ਨੂੰ ਪਿਆਰ ਕਰ ਬੈਠੀ ਸੀ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿਚ ਉਹ ਮੇਰੇ ਨਾਲ ਧੋਖਾ ਕਰ ਗਿਆ। ਪਰ ਧੋਖਾ ਸ਼ਬਦ ਬਹੁਤ ਛੋਟਾ ਹੈ ਉਹ ਇਸ ਤੋਂ ਕਿਤੇ ਵੱਡਾ ਸੀ, ਜਿਹੜਾ ਕੁਝ ਉਸ ਨੇ ਮੇਰੇ ਨਾਲ ਕੀਤਾ। ਪਰ ਉਹ ਮੈਂ ਹੋਰ ਨਹੀਂ ਯਾਦ ਕਰਨਾ ਚਾਹੁੰਦੀ। ਉਸਦਾ ਇੰਨਾ ਕੁ ਜ਼ਿਕਰ ਆਉਣ ਨਾਲ ਹੀ ਮੇਰੇ ਅੰਦਰ ਜ਼ਹਿਰ ਭਰਨ ਲੱਗੀ ਹੈ। ਬੱਸ ਕਰਦੀ ਹਾਂ। ਹਾਂ, ਤੇ ਮੇਰੇ ਕਨੇਡਾ ਤੇ ਇੰਡੀਆ ਵਾਲੇ ਪਰਿਵਾਰ ਦਾ ਮੇਰੀ ਦੋਸਤੀ ਬਾਰੇ ਸੁਣ ਕੇ ਹੀ ਜਿਉਣਾ ਦੁੱਭਰ ਹੋ ਗਿਆ ਸੀ। ਜੇ

ਉਨ੍ਹਾਂ ਨੂੰ ਮੇਰੀ ਹੁਣ ਦੀ ਹਾਲਤ ਦਾ ਪਤਾ ਲੱਗ ਜਾਵੇ ਤਾਂ? ਇਹ ਅਸਲੀ ਨਾਂ ਦੱਸਣ ਵਾਲਾ ਖਿਆਲ ਤਾਂ ਇਕ ਗੁੱਸੇ ਵਾਲੇ ਪਲ ਆਇਆ ਸੀ, ਮੈਂ ਐਡੀ ਵੀ ਉਨ੍ਹਾਂ ਦੀ ਦੁਸ਼ਮਣ ਨਹੀਂ। ਮੈਨੂੰ ਪਤਾ ਹੈ ਸਾਡੇ ਸਮਾਜ ਦਾ। ਇਸ ਲਈ ਮੈਂ ਪੁੱਛਣ ਵਾਲੇ ਨੂੰ ਆਖ ਦਿੰਦੀ ਕਿ ਮੇਰਾ ਜਨਮ ਚਨੇਈ ਵਿਚ ਹੋਇਆ ਸੀ ਤੇ ਮਾਸੀ-ਮਾਸੜ ਬਾਰੇ ਆਖ ਦਿੰਦੀ ਹਾਂ ਕਿ ਉਹ ਕੋਲਕਤੇ ਤੋਂ ਸਨ। ਐਡੇ ਵੱਡੇ ਸ਼ਹਿਰਾਂ ਵਿਚ ਕੌਣ ਕਿਸੇ ਨੂੰ ਜਾਣਦਾ ਹੈ, ਅਗਲੇ ਦੇ ਹੋਰ ਪ੍ਰਸ਼ਨ ਮੁੱਕ ਜਾਂਦੇ ਹਨ। ਅਪਣੀ ਅਸਲ ਕਹਾਣੀ ਨੂੰ ਦੁਹਰਾ ਕੇ ਮੈਂ ਮੁੜ ਤੋਂ ਉਸ ਦਰਦ ਨੂੰ ਜਗਾਉਣਾ ਨਹੀਂ ਚਾਹੁੰਦੀ। ਬਹੁਤ ਦਰਦੀਲੀ ਕਹਾਣੀ ਹੈ। ਉਹ ਕਦੇ ਫੇਰ ਦੱਸਾਂਗੀ। ਬੱਸ ਇੰਨਾ ਕੁ ਸੱਚ ਦੱਸ ਦਿੰਦੀ ਹਾਂ ਕਿ ਸੁਪਨੇ ਮੇਰੇ ਵੱਡੇ ਸਨ ਅਤੇ ਜਿਸ ਦੇ ਨਾਲ ਮਿਲ ਕੇ ਇਨ੍ਹਾਂ ਨੂੰ ਪੂਰਾ ਕਰਨ ਲਈ ਆਪਣਾ ਪਰਿਵਾਰ ਛੱਡ ਕੇ ਤੁਰੀ ਸੀ, ਉਹ ਦਲਦਲ ਵਿਚ ਧੱਕ ਗਿਆ। ਉਹ ਮੇਰੀ ਗ਼ਲਤੀ ਸੀ।

ਪਰ ਚਾਰਲੀ ਨੂੰ ਉਹ ਘੜੀ-ਘੜਾਈ ਚੱਲਵੀਂ ਜਿਹੀ ਕਹਾਣੀ ਦੱਸਣ ਲਈ ਜੀਅ ਨਾ ਕੀਤਾ। ਸ਼ਾਇਦ ਉਸਦੀਆਂ ਅੱਖਾਂ ਵਿਚ ਤੈਰਦੀ ਉਸਦੀ ਇਕੱਲ ਕਰਕੇ ਜਾਂ ਸ਼ਾਇਦ ਉਸਦੇ ਪੰਜਾਬੀ ਸਮਾਜ ਨਾਲ ਸੰਬੰਧਤ ਨਾ ਹੋਣ ਕਰਕੇ। ਮੈਂ ਪੁੱਛ ਲਿਆ, "ਕੀ ਜਾਨਣਾ ਚਾਹੁੰਦਾ ਹੈਂ, ਮੇਰੇ ਬਾਰੇ?"

"ਕੁਝ ਵੀ। ਤੂੰ ਇੱਥੇ ਜੰਮੀ-ਪਲੀ ਹੈਂ? ਤੇਰੀ ਅੰਗ੍ਰੇਜ਼ੀ ਵਿਚ ਬਹੁਤ ਰਵਾਨੀ ਹੈ।"

"ਨਹੀਂ, ਮੇਰਾ ਜਨਮ ਇੰਡੀਆ ਵਿਚ ਹੋਇਆ ਸੀ। ਚੌਦਾਂ ਸਾਲ ਦੀ ਸੀ, ਜਦੋਂ ਕੈਲਗਿਰੀ ਮਾਮੇ-ਮਾਮੀ ਕੋਲ ਆਈ ਸੀ।"

"ਤੇਰੇ ਮਾਪੇ?"

"ਉਹ ਇੰਡੀਆ ਹੀ ਹਨ। ਭੈਣ ਹੈ, ਭਰਾ ਹੈ। ਸਾਰੇ ਹਨ ਪਰ ਮੇਰੇ ਲਈ ਕੋਈ ਵੀ ਨਹੀਂ ਹੈ ", ਮੇਰੇ ਅੰਦਰੋਂ ਹਉਕਾ ਨਿਕਲਿਆ।

"ਪਲੀਜ਼. ਹੁਣ ਹੋਰ ਨਹੀਂ। ਫੇਰ ਦੱਸ ਦੇਵਾਂਗੀ।" ਇਸ ਤੋਂ ਵੱਧ ਹੋਰ ਸੱਚ ਮੈਥੋਂ ਦੱਸ ਨਹੀਂ ਹੋਇਆ।

"ਕੋਈ ਗੱਲ ਨਹੀਂ, ਮੈਂ ਸਮਝ ਸਕਦਾ ਹਾਂ ਕਿ ਤੇਰੇ ਨਾਲ ਕੀ ਹੋਇਆ ਹੋਵੇਗਾ," ਉਸ ਨੇ ਮੈਨੂੰ ਆਪਣੇ ਨਾਲ ਘੁੱਟਿਆ, ਫਿਰ ਮੇਰੇ ਚਿਹਰੇ ਤੋਂ ਕੇਸਾਂ ਦੀਆਂ ਲਿਟਾਂ ਨੂੰ ਪਾਸੇ ਕਰਦਾ ਪਿਆਰ ਕਰਨ ਲੱਗਾ।

ਤੇ ਫਿਰ ਅਸੀਂ ਖਾਣਾ ਖਾਣ ਲਈ ਉਸਦੀ ਕਾਰ ਰਾਹੀਂ ਰੈਸਤੋਰਾਂ ਗਏ। ਉੱਥੇ ਬਹੁਤ ਭੀੜ ਸੀ। ਆਮ ਨਾਲੋਂ ਜ਼ਿਆਦਾ ਭੀੜ ਦਾ ਕਾਰਨ ਘਰਾਂ ਵਿਚ ਬਿਜਲੀ ਦਾ ਨਾ ਹੋਣਾ ਵੀ ਸੀ। ਰੈਸਤੋਰਾਂ ਦੇ ਅੰਦਰ ਜਾਣ ਲਈ ਲਾਈਨ ਵਿਚ ਖੜ੍ਹੇ ਕੇ ਅਸੀਂ ਆਪਣੀ ਵਾਰੀ ਦੀ ਉਡੀਕ ਕਰਨ ਲੱਗੇ। ਉਹ ਬੋਲਿਆ, "ਤੈਨੂੰ ਕੋਈ ਕਾਹਲੀ ਤਾਂ ਨਹੀਂ?" ਮੈਨੂੰ ਕੀ ਕਾਹਲੀ ਹੋ ਸਕਦੀ ਸੀ। ਘਰ ਵਿਚ ਕਿਹੜਾ ਕੋਈ ਉਡੀਕਦਾ ਸੀ। ਉੱਥੇ ਫਿਰ ਬਿਜਲੀ ਦੀ ਅਣਹੋਂਦ ਵਿਚ ਇਕੱਲ ਨੇ ਘੇਰ ਲੈਣਾ ਸੀ। ਉਸਦਾ ਸਾਥ ਵੀ ਮੈਨੂੰ ਚੰਗਾ ਲੱਗ ਰਿਹਾ ਸੀ। ਉਹ ਮੇਰੇ ਨਾਲ ਇਸੇ ਤਰ੍ਹਾਂ ਵਿਹਾਰ ਕਰ ਰਿਹਾ ਸੀ, ਜਿਵੇਂ ਮੈਂ ਉਸਦੀ ਸੱਚਮੁੱਚ 'ਗਰਲ ਫਰੈਂਡ' ਬਣ ਰਹੀ ਹੋਵਾਂ ਤੇ ਅਸੀਂ 'ਡੇਟ' 'ਤੇ ਆਏ ਹੋਈਏ। ਤੇ ਮੈਂ ਇਸਦਾ ਆਨੰਦ ਮਾਨਣ ਲੱਗੀ ਸੀ। ਮੈਂ ਇਕ ਵਾਰ ਤੋਂ ਬਾਅਦ ਕਦੇ ਵੀ ਸ਼ਰਾਬ ਨਹੀਂ ਸੀ ਪੀਤੀ। ਉਦੋਂ ਮੈਂ ਐਨੀ ਪੀ ਲਈ ਸੀ ਕਿ ਮੇਰੀ ਸੁੱਧ-ਬੁੱਧ ਗਵਾਚ ਗਈ ਸੀ ਜਾਂ ਸ਼ਾਇਦ ਨਸ਼ੇ ਵਿਚ ਸੁੱਧ-ਬੁੱਧ ਆ ਗਈ ਸੀ ਕਿ ਮੈਂ ਸੁਹੇਲ ਦੇ ਅਖੌਤੀ ਦੋਸਤ ਦੇ ਘਰੂੰਟ ਮਾਰੇ ਸਨ ਤੇ ਉਸ ਨੂੰ ਉਸੇ ਪੱਬ ਵਿਚ ਗਾਲ੍ਹਾਂ ਕੱਢੀਆਂ ਸਨ , ਜਿੱਥੇ ਉਹ ਮੈਨੂੰ ਆਪਣੇ ਨਾਲ ਲੈ ਕੇ ਗਿਆ ਸੀ। ਪਤਾ ਨਹੀਂ ਕਿ ਮੈਂ ਐਨਾ ਕੀ ਖਰੂਦ ਪਾਇਆ ਹੋਵੇਗਾ ਕਿ ਰਾਤ ਮੈਨੂੰ ਜੇਲ੍ਹ ਵਿਚ ਕੱਟਣੀ ਪਈ ਸੀ। ਉਸ ਤੋਂ ਬਾਅਦ ਮੈਂ ਕਦੇ ਸ਼ਰਾਬ ਨਹੀਂ ਪੀਤੀ। ਕਦੇ ਕਦੇ ਥੋੜ੍ਹੀ ਜਿਹੀ ਵਾਈਨ ਲੈ ਲੈਂਦੀ ਹਾਂ। ਤੇ ਚਾਰਲੀ ਨਾਲ ਵੀ ਰੈਸਟੋਰੈਂਟ ਵਿਚ ਵਾਈਨ ਲੈ ਲਈ। ਮੈਂ ਉਸ ਨੂੰ ਨਿੱਕੇ-ਨਿੱਕੇ ਸਵਾਲ ਪੁੱਛਦੀ ਰਹੀ ਜਿਵੇਂ ਸੱਚੀਂ ਹੀ ਡੇਟ 'ਤੇ ਆਈ ਹੋਵਾਂ ਕਿ ਉਹ ਕੀ ਕੰਮ ਕਰਦਾ ਹੈ, ਟੀ ਵੀ 'ਤੇ ਕੀ ਦੇਖਦਾ ਹੈ, ਕੀ ਸ਼ੌਕ ਹਨ, ਹਾਕੀ ਬਾਰੇ, ਉਸਦੇ ਖਾਣੇ ਦੇ ਸਵਾਦ ਬਾਰੇ। ਉਸਦਾ ਹੱਥ ਆਪਣੇ ਹੱਥਾਂ ਵਿਚ ਘੁੱਟਦੀ ਰਹੀ। ਉਸਦੇ ਕਾਰ ਚਲਾਉਂਦਿਆਂ ਆਪਣਾ ਸਿਰ ਉਸਦੇ ਮੋਢੇ ਨਾਲ ਲਾ ਦਿੱਤਾ। ਐਵੇਂ ਹੀ ਝੂਠ-ਮੂਠ ਦਾ ਪਿਆਰ ਜਤਾਉਣ ਲਈ। ਭਾਵੇਂ ਇਹ ਦਿਖਾਵਾ ਹੀ ਸੀ ਪਰ ਮੈਨੂੰ ਚੰਗਾ ਲੱਗਾ ਸੀ। ਅਸੀਂ ਖਾਣੇ ਤੋਂ ਬਾਅਦ ਉਸਦੇ ਘਰ ਪਹੁੰਚ ਗਏ ਸੀ। ਉਸ ਨੇ ਅਚਾਨਕ ਹੀ ਇਕ ਪ੍ਰਸ਼ਨ ਪੁੱਛਿਆ, ਜਿਸਦੀ ਮੈਨੂੰ ਇਕ ਪਲ ਤਾਂ ਸਮਝ ਹੀ ਨਾ ਆਈ, ਉਸ ਨੇ ਪੁੱਛਿਆ, "ਤੂੰ ਉਨ੍ਹਾਂ ਨੂੰ ਐਨੀ ਨਫਰਤ ਕਰਦੀ ਹੈਂ?"

ਇਕ ਦਮ ਮੇਰੇ ਦਿਮਾਗ਼ ਵਿਚ ਆਇਆ ਕਿ ਉਸਦਾ ਇਸ਼ਾਰਾ ਸੁਹੇਲ ਵੱਲ ਹੈ ਪਰ ਉਸ ਬਾਰੇ ਤਾਂ ਮੈਂ ਇਸ ਨਾਲ ਜ਼ਿਕਰ ਹੀ ਨਹੀਂ ਸੀ ਕੀਤਾ ਜਾਂ ਮੇਰੇ ਮਾਪਿਆਂ ਜਾਂ ਮਾਮੇ-ਮਾਮੀ ਵੱਲ। ਮੈਨੂੰ ਸਮਝ ਨਾ ਲੱਗੀ, ਮੈਂ ਪੁੱਛ ਲਿਆ, "ਕਿਨ੍ਹਾਂ ਨੂੰ?"

"ਇੰਡੋ-ਕਨੇਡੀਅਨ ਬੰਦਿਆਂ ਨੂੰ।" ਤਾਂ ਇਸਦਾ ਮਤਲਬ ਮੇਰੇ ਇਸ਼ਤਿਹਾਰ ਵਿਚ ਲਿਖੀ ਲਾਈਨ 'ਨੋ ਇੰਡੋ-ਕਨੇਡੀਅਨ ਮੈਨ ਪਲੀਜ਼' ਤੋਂ ਸੀ। ਮੈਨੂੰ ਇਕ ਦਮ ਕੋਈ ਜਵਾਬ ਨਾ ਅਹੁੜਿਆ। ਕੀ ਮੈਂ ਇਸ ਨੂੰ ਦੱਸ ਦਿਆਂ ਕਿ ਮੈਂ ਇਸ਼ਤਿਹਾਰ ਵਿਚ ਇਹ ਕਿਉਂ ਲਿਖਿਆ ਸੀ ਜਾਂ ਇਸਦੀ ਇਹ 'ਨਫਰਤ' ਵਾਲੀ ਧਾਰਨਾ ਬਣੀ ਰਹਿਣ ਦਿਆਂ। ਕੀ ਮੈਂ ਸੁੱਚ-ਮੁੱਚ ਇਨ੍ਹਾਂ ਨੂੰ ਨਫਰਤ ਕਰਦੀ ਹਾਂ? ਮੇਰੇ ਦਿਮਾਗ਼ ਵਿਚ ਆਈ।

ਇਹ ਗੱਲ ਮੇਰੇ ਦਿਮਾਗ਼ ਵਿਚ ਉਦੋਂ ਵੀ ਆਈ ਸੀ, ਜਿਸ ਦਿਨ ਮੈਂ ਪੱਕਾ ਫੈਸਲਾ ਕਰ ਲਿਆ ਸੀ ਕਿ ਇਸ਼ਤਿਹਾਰ ਵਿਚ ਇਹ ਲਿਖਣਾ ਹੈ। ਉਸ ਦਿਨ ਦਿਮਾਗ਼ ਵਿਚ ਕਈ ਪੰਜਾਬੀ ਬੰਦਿਆਂ ਦੀਆਂ ਗੱਲਾਂ ਆਈਆਂ ਸਨ, ਜਿਨ੍ਹਾਂ ਨੇ ਮੇਰੇ ਨਾਲ ਹਮਦਰਦੀ ਦਿਖਾਈ ਸੀ ਪਰ ਮੇਰਾ ਅੰਦਰ ਵਲੂੰਧਰ ਸੁੱਟਿਆ ਸੀ। ਮੈਨੂੰ ਯਾਦ ਕਰਵਾਇਆ ਸੀ ਕਿ ਮੈਂ ਗਲੀਜ਼ ਕੰਮ ਵਿਚ ਫਸੀ ਹੋਈ ਹਾਂ। ਮੈਂ ਮੂਹਰੋਂ ਕੁਝ ਵੀ ਨਹੀਂ ਸੀ ਬੋਲੀ ਸਗੋਂ ਉਨ੍ਹਾਂ ਦੀ ਹਮਦਰਦੀ ਲਈ ਝੂਠੀ-ਮੂਠੀ ਦਾ ਧੰਨਵਾਦ ਕੀਤਾ ਸੀ। ਉਨ੍ਹਾਂ ਦੀਆਂ ਕਹੀਆਂ ਗੱਲਾਂ ਚੇਤੇ ਸਨ ਪਰ ਚਿਹਰੇ ਨਹੀਂ। ਇਹ ਤਕਰੀਬਨ ਹਰ ਵਾਰ ਹੀ ਹੋਇਆ ਸੀ ਜਦੋਂ ਵੀ ਕੋਈ ਪੰਜਾਬੀ ਬੰਦਾ ਆਇਆ ਸੀ। ਉਸ ਦਿਨ ਮੇਰੇ ਦਿਮਾਗ਼ ਵਿਚ 'ਉਸਦਾ' ਖਿਆਲ ਨਹੀਂ ਸੀ ਆਇਆ। ਉਹ ਵੀ ਤਾਂ ਪੰਜਾਬੀ ਹੀ ਸੀ। ਉਸਦੀਆਂ ਅੱਖਾਂ ਵੀ ਚਾਰਲੀ ਵਾਂਗ ਨਮ ਸਨ ਤੇ ਉਸ ਨੇ ਵੀ ਡਾਲਰ ਲਿਫਾਫੇ ਵਿਚ ਪਾਏ ਹੋਏ ਸਨ। ਉਹ ਉਸ ਨੇ ਬੈੱਡ 'ਤੇ ਰੱਖ ਦਿੱਤਾ ਸੀ। ਉਸ ਨੇ ਬੈੱਡ 'ਤੇ ਬੈਠਣ ਸਾਰ ਹੀ ਰਜ਼ਾਈ ਮੰਗੀ ਸੀ। ਰਜ਼ਾਈ ਦੀ ਮੇਰੇ ਕੰਮ ਵਾਲੇ ਕਮਰੇ ਵਿਚ ਕਦੇ ਵੀ ਲੋੜ ਨਹੀਂ ਸੀ ਪਈ। ਇਹ ਕਮਰਾ ਮੈਂ ਸਿਰਫ ਪਾਸੇ ਹੀ ਰੱਖਿਆ ਹੋਇਆ। ਕੰਮ ਵਾਲੇ ਕੱਪੜੇ ਵੀ ਉਸ ਕਮਰੇ ਵਿਚ ਹੀ। ਕਈ ਵਾਰ ਮੈਨੂੰ ਇਹ ਕਮਰਾ ਪਿੰਡ ਵਾਲੇ ਹਟਵਾਣੀਏ ਦੀ ਹੱਟੀ ਲਗਦਾ ਹੁੰਦਾ ਹੈ। ਘਰ ਵਿਚ ਹੀ, ਪਰ ਪਾਸੇ। ਉਸ ਕਮਰੇ ਵਿਚ ਰਜ਼ਾਈ ਨਹੀਂ ਸੀ, ਪਰ ਉਸ ਨੇ ਮੰਗੀ ਸੀ। ਕੀ ਕਰਦੀ? ਇਸ ਲਈ ਆਪਣੇ ਰਹਿਣ ਵਾਲੇ ਕਮਰੇ ਵਿਚੋਂ ਚੁੱਕ ਲਿਆਈ, ਨਾਲੇ ਬਹਾਨੇ ਨਾਲ ਡਾਲਰ ਗਿਣ ਆਈ। ਸੋਚਿਆ ਆਪਣੇ ਲਈ ਨਵੀਂ ਰਜ਼ਾਈ ਲੈ ਆਵਾਂਗੀ, ਇਸ ਨੂੰ ਇਸ ਕਮਰੇ ਦੀ ਅਲਮਾਰੀ ਵਿਚ ਹੀ ਰੱਖ ਛੱਡਾਂਗੀ, ਕਦੇ ਇਸ ਵਰਗਾ ਕੋਈ ਹੋਰ 'ਕਰੇਜ਼ੀ' ਬੰਦਾ ਆ ਸਕਦਾ ਹੈ। ਸੱਚੀਂ, ਉਸ ਵਕਤ ਉਹ ਮੈਨੂੰ ਇਸੇ ਤਰ੍ਹਾਂ ਹੀ ਲੱਗਾ ਸੀ। ਰਜ਼ਾਈ ਉੱਪਰ ਲੈ ਉਹ ਆਖਣ ਲੱਗਾ ਕਿ ਬੱਤੀ ਬੁਝਾ ਦੇਵਾਂ ਤੇ ਰਜ਼ਾਈ ਦਾ ਪੱਲਾ ਉਸ ਚੁੱਕ ਰੱਖਿਆ ਸੀ ਕਿ ਆਹ ਤੂੰ ਵੀ ਆ ਜਾ। ਮੈਂ ਬੱਤੀ ਬੁਝਾ ਕੇ ਉਸਦੇ ਨਾਲ ਪੈ ਗਈ। ਉਸ ਨੇ ਆਪਣਾ ਸਿਰ ਮੇਰੀ ਹਿੱਕ ਨਾਲ ਲਾ ਲਿਆ। ਤੇ ਫਿਰ ਧਾਹੀਂ ਰੋ ਪਿਆ। ਉਸਦੀ ਆਵਾਜ਼ ਵਿਚ ਪਤਾ ਨਹੀਂ ਕੀ ਸੀ, ਮੈਂ ਤੁਰਤ ਪਸੀਜੀ ਗਈ। ਮੇਰਾ ਹੱਥ ਉਸਦੇ ਕੇਸਾਂ ਵਿਚ ਚਲਾ ਗਿਆ। ਮੇਰੀਆਂ ਅੱਖਾਂ ਵਿਚ ਨਮੀ ਆ ਗਈ। ਉਹ ਹੋਰ ਹੋਰ ਮੇਰੇ ਨਾਲ ਲੱਗਦਾ ਜਾਵੇ। ਤੇ ਫਿਰ ਕੁਝ ਦੇਰ ਬਾਅਦ ਉਸਦਾ ਰੋਣ ਹਲਕਾ ਹੋਇਆ ਤਾਂ ਉਹ ਬੋਲਿਆ, "ਮੇਰਾ ਘਰ ਬਹੁਤ ਠੰਡਾ ਹੈ। ਉੱਥੇ ਬਹੁਤ ਹਨੇਰਾ ਹੈ। ਕੋਈ ਵੀ ਨਹੀਂ ਹੈ ਉੱਥੇ। ਮੇਰਾ ਕੋਈ ਵੀ ਨਹੀਂ ਹੈ। ਮੇਰਾ ਕੋਈ ਵੀ ਨਹੀਂ ਹੈ ਇਸ

ਦੁਨੀਆਂ 'ਤੇ।" ਤੇ ਉਹ ਫਿਰ ਧਾਹੀਂ ਰੋ ਪਿਆ। "ਹੈ ਕਿਉਂ ਨਹੀਂ, ਮੈਂ ਹਾਂ । ਮੈਂ ਹਾਂ ਤੇਰੇ ਲਈ।" ਮੈਂ ਉਸ ਨੂੰ ਆਪ ਮੁਹਾਰੇ ਹੀ ਆਪਨੇ ਨਾਲ ਹੋਰ ਘੁੱਟ ਲਿਆ। ਤੇ ਇਹ ਸ਼ਬਦ ਵੀ ਆਪਨੇ ਆਪ ਹੀ ਨਿਕਲੇ ਸਨ। ਤੇ ਫਿਰ ਉਸ ਦੱਸਿਆ ਸੀ ਕਿ ਉਸਦੀ ਪਤਨੀ ਤੇ ਬੇਟਾ ਕਾਰ ਐਕਸੀਡੈਂਟ ਵਿਚ ਉਸ ਤੋਂ ਬਹੁਤ ਦੂਰ ਚਲੇ ਗਏ ਸਨ। ਆਪਨਾ ਮਨ ਹਲਕਾ ਕਰਕੇ ਉਹ ਜਾਣ ਲੱਗਾ ਤਾਂ ਮੈਂ ਆਖ ਦਿੱਤਾ ਕਿ ਉਹ ਇੱਥੇ ਰਾਤ ਰਹਿ ਸਕਦਾ ਹੈ ਪਰ ਉਹ ਚਲਾ ਗਿਆ ਸੀ। ਜਾਣ ਲੱਗੇ ਨੂੰ ਮੈਂ ਇਉਂ ਵੀ ਕਿਹਾ ਸੀ ਕਿ ਉਹ ਕਦੇ ਵੀ ਆ ਸਕਦਾ ਹੈ ਪਰ ਉਹ ਮੁੜ ਕਦੇ ਵੀ ਨਹੀਂ ਸੀ ਆਇਆ। ਮੇਰਾ ਜੀਅ ਕਰਦਾ ਸੀ ਕਿ ਜੇ ਉਹ ਮੁੜ ਆਵੇ ਤਾਂ ਮੈਂ ਉਸ ਨੂੰ ਆਪਨੇ ਰਹਿਣ ਵਾਲੇ ਕਮਰੇ ਵਿਚ ਲਿਜਾਵਾਂ। ਉਸ ਵਾਲੀ ਰਜ਼ਾਈ ਵੀ ਮੈਂ ਆਪਨੇ ਕਮਰੇ ਵਿਚ ਮੁੜ ਤੋਂ ਲੈ ਗਈ ਸੀ। ਸੁਹੇਲ ਦੇ ਕਾਰੇ ਤੋਂ ਬਾਅਦ ਤਾਂ ਮੇਰਾ ਕਿਸੇ ਵੀ ਮਰਦ ਲਈ ਦਿਲ ਨਹੀਂ ਸੀ ਧੜਕਿਆ ਤੇ ਉਸ ਲਈ ਧੜਕਿਆ, ਪਰ ਉਹ ਮੁੜ ਕਦੇ ਵੀ ਨਹੀਂ ਸੀ ਆਇਆ। ਉਸ ਨੂੰ ਯਾਦ ਕਰਕੇ ਸੋਚਦੀ ਹਾਂ ਕਿ ਐਨਾ ਪਿਆਰ ਕਰਨ ਵਾਲੇ ਮੇਰੇ ਵਾਰੀ ਕਿੱਥੇ ਚਲੇ ਗਏ ਸਨ। ਉਸਦੀ ਯਾਦ ਮੈਨੂੰ ਇਸ਼ਤਿਹਾਰ ਵਿਚ ਉਹ ਲਾਈਨ ਪਾਉਣ ਤੋਂ ਬਾਅਦ ਦੂਜੇ-ਤੀਜੇ ਦਿਨ ਆਈ ਸੀ। ਜੇ ਉਸ ਨੇ ਕਦੇ ਦੁਬਾਰਾ ਆਉਣਾ ਹੋਇਆ? ਮੇਰੇ ਅੰਦਰੋਂ ਆਵਾਜ਼ ਉੱਠੀ। ਮੇਰਾ ਜੀਅ ਕੀਤਾ ਕਿ ਮੈਂ ਉਹ ਲਾਈਨ ਹਟਾ ਦੇਵਾਂ। ਤੇ ਫਿਰ ਮੈਨੂੰ ਯਾਦ ਆ ਗਿਆ ਸੀ ਕਿ ਮੈਂ ਉਸ ਨੂੰ ਆਪਨੀ ਈਮੇਲ ਤੇ ਫੇਸਬੁੱਕ ਵਾਲੀਆਂ (ਜਾਹਲੀ ਨਾਂ ਹੇਠ) ਆਈ ਡੀਆਂ ਵੀ ਦਿੱਤੀਆਂ ਸਨ, ਜੇ ਉਸ ਨੇ ਮੁੜ ਆਉਣਾ ਹੁੰਦਾ ਤਾਂ ਉਨ੍ਹਾਂ ਰਾਹੀਂ ਸੰਪਰਕ ਕਰ ਸਕਦਾ ਹੈ। ਇਸ਼ਤਿਹਾਰ ਵਿਚ ਉਹ ਲਾਈਨ ਪਾਉਣ ਵਾਲੇ ਦਿਨ ਮੈਨੂੰ ਉਹ ਗੋਰਾ ਵੀ ਚੇਤੇ ਨਹੀਂ ਸੀ ਆਇਆ, ਜਿਸ ਨੇ ਸਾਰੀ ਰਾਤ ਮੈਨੂੰ ਸੂਲੀ ਟੰਗੀ ਰੱਖਿਆ ਸੀ। ਮੇਰੇ ਨਾਲ ਜ਼ਬਰ-ਜਿਨਾਹ ਕਰਦਾ ਰਿਹਾ ਸੀ। ਮਾਰ ਕੁਟਾਈ ਵੀ ਕਰ ਗਿਆ ਤੇ ਜਾਣ ਲੱਗਾ ਮੇਰੇ ਕੋਲ ਪਏ ਦੋ ਹਜ਼ਾਰ ਡਾਲਰ ਵੀ ਲੈ ਗਿਆ ਸੀ। ਉਸ ਦਿਨ ਤਾਂ ਗੱਲਾਂ ਦੀਆਂ ਸੂਲਾਂ ਚੁੱਭੀਆਂ ਸਨ ਤੇ ਜਾਂ ਉਸ ਬਜ਼ੁਰਗ ਦਾ ਚਿਹਰਾ ਸੀ, ਜਿਹੜਾ ਸਭ ਕੁਝ 'ਤੇ ਹਾਵੀ ਹੋ ਗਿਆ ਸੀ। ਬਜ਼ੁਰਗ ਦਾ ਚਿਹਰਾ ਤਾਂ ਪੂਰੀ ਤਰ੍ਹਾਂ ਦੇਖਿਆ ਵੀ ਨਹੀਂ ਸੀ ਗਿਆ। ਕਿਸੇ ਦਾ ਦੋ ਵਾਰ ਨੰਬਰ ਲੁਕ ਕੇ ਫੋਨ ਆਇਆ। ਤੇ ਫਿਰ ਗੁਰਦਵਾਰੇ ਤੋਂ ਕਿਸੇ ਦਾ ਫੋਨ ਆਇਆ। ਮੈਂ ਸੋਚਿਆ ਕਿ ਕਿਸੇ ਨੇ ਆਪਨਾ ਨੰਬਰ ਲੁਕੋ ਕੇ ਟਰਾਈ ਕੀਤਾ ਹੋਵੇਗਾ ਤੇ ਅਸਫਲ ਹੋਣ ਤੋਂ ਬਾਅਦ ਗੁਰਦਵਾਰੇ ਰੁਕ ਕੇ ਫੋਨ ਕੀਤਾ ਹੋਵੇਗਾ। ਮੇਰੇ ਫੋਨ 'ਤੇ ਗੁਰਦਵਾਰੇ ਦਾ ਨਾਂ ਆਇਆ ਸੀ। ਫੋਨ ਕਰਨ ਤੋਂ ਘੰਟਾ ਕੁ ਬਾਅਦ ਉਹ ਪਹੁੰਚਿਆ ਸੀ। ਦਰਵਾਜ਼ਾ ਖੋਲ੍ਹਨ ਸਾਰ ਹੀ ਮੈਂ ਭਮੰਤਰ ਗਈ। ਮੈਨੂੰ ਪਤਾ ਹੀ ਨਾ ਲੱਗੇ ਕਿ ਕੀ ਕਰਾਂ। ਜਿਵੇਂ ਮੇਰਾ ਦਾਦਾ ਦਰਵਾਜ਼ੇ ਵਿਚ ਖੜ੍ਹਾ ਹੋਵੇ। ਉਵੇਂ ਹੀ ਖੁੱਲ੍ਹੀ ਚਿੱਟੀ ਦਾਹੜੀ। ਉਸਦੇ ਬੋਲਾਂ ਨੇ ਮੈਨੂੰ ਹੋਰ ਬੁੰਦਲਾ ਦਿੱਤਾ। ਉਹ ਬੋਲਿਆ, "ਮੈਂ ਕੱਲ੍ਹ ਨੂੰ ਸੱਚੀਂ ਡਾਲਰ ਲੈ ਕੇ ਆਊਂ। ਅੱਜ ਤਾਂ ਮੈਂ ਦੇਖਣ ਹੀ ਆਇਆ ਸੀ।" ਤੇ ਉਹ ਮੁੜ ਗਿਆ। ਮੈਂ ਦਰਵਾਜ਼ਾ ਢੋਹ ਕੇ ਉੱਥੇ ਹੀ ਬੈਠ ਗਈ। ਕੀ ਦੇਖਣ ਆਇਆ ਸੀ ਕਿ ਸੱਚੀਂ ਉਸਦੀ ਪੋਤੀ--- ਇਸ ਤੋਂ ਅੱਗੇ ਮੈਂ ਸੋਚ ਨਾ ਸਕੀ। ਮੇਰਾ ਜੀਅ ਕਰਦਾ ਸੀ ਕਿ ਇੱਥੇ ਹੀ ਮੈਂ ਗਰਕ ਜਾਵਾਂ।

ਮੇਰੇ ਕਨੇਡਾ ਤੁਰਨ ਵੇਲੇ ਦਾਦੇ ਦਾ ਕਿਹਾ ਉਵੇਂ ਹੀ ਅੰਦਰ ਗੂੰਜਣ ਲੱਗਾ। ਉਸ ਨੇ ਕਿਹਾ ਸੀ, "ਕੁੜੀਏ, ਸਿਆਣੀ ਬਣ ਕੇ ਰਹੀਂ।" ਉਸ ਤੋਂ ਪਹਿਲਾਂ ਉਸ ਨੇ ਡੈਡੀ ਨੂੰ ਵੀ ਕਿਹਾ ਸੀ,"ਓ ਨਾ ਭੇਜ ਕੁੜੀ ਨੂੰ ਪਰਦੇਸੀਂ।" ਜਿਉਂ ਹੀ ਦਾਦੇ ਦਾ ਚਿਹਰਾ ਅੱਖਾਂ ਮੂਹਰੇ ਆਉਂਦਾ, ਮੈਨੂੰ ਆਪਨੇ ਆਪ ਤੋਂ ਕਚਿਆਣ ਆਉਣ ਲੱਗਦੀ। ਮੁੜ ਤੋਂ ਸਭ ਕੁਝ ਅੱਖਾਂ ਮੂਹਰਿਉਂ ਘੁੰਮਿਆ ਸੀ। ਸੁਹੇਲ ਦਾ ਵੈਨਕੂਵਰ ਲਿਆਉਣਾ ਤੇ ਫਿਰ ਦਲਦਲ ਵਿਚ ਧੱਕ ਕੇ ਲਾਪਤਾ ਹੋ ਜਾਣਾ। ਤੇ ਮੇਰਾ ਜੀਅ ਕਰਦਾ ਸੀ ਕਿ ਕੁਝ ਵੀ ਮੇਰੇ ਦਿਮਾਗ਼ ਵਿਚ ਨਾ ਆਵੇ। ਮੈਨੂੰ ਪੱਠੇ ਕੁਤਰਨ ਵਾਲੀ ਮਸ਼ੀਨ ਦਿਸੀ ਸੀ। ਮੇਰਾ ਜੀਅ ਕਰਦਾ ਸੀ ਕਿ ਮੇਰਾ ਸਿਰ ਉਸਦੀਆਂ ਗਰਾਰੀਆਂ ਵਿਚ ਦੀ ਲੰਘ ਜਾਵੇ ਤੇ ਅੰਦਰਲੇ ਸਾਰੇ ਖਿਆਲ ਉਸ ਵਿਚ ਨਪੀੜ ਕੇ ਨੁੱਚੜ ਜਾਣ। ਪਰ ਖਿਆਲਾਂ ਨੇ ਕਿੱਥੇ ਨੁੱਚੜਨਾ ਸੀ!

ਸੋਚਿਆ ਕਿ ਹੁਣ ਬੱਸ ਹੋਰ ਨਹੀਂ, ਜਿੰਨਾ ਕਰ ਲਿਆ ਬਹੁਤ ਹੈ। ਸਾਰਾ ਦਿਨ ਆਪਨਾ ਫੋਨ ਬੰਦ ਕਰੀ ਰੱਖਿਆ। ਨਵਾਂ ਇਸ਼ਤਿਹਾਰ ਵੀ ਨਾ ਪਾਇਆ। ਦਾਦਾ ਤਾਂ ਕਦੋਂ ਦਾ ਚੜ੍ਹਾਈ ਕਰ ਗਿਆ ਸੀ, ਉਸ ਨੇ ਕਿੱਥੇ ਇੱਥੇ ਆਉਣਾ ਸੀ। ਦਾਦੇ ਦਾ ਚਿਹਰਾ ਦਿਸਣੋਂ ਕੁਝ ਘਟਿਆ ਤਾਂ ਮਨ ਗਿਣਤੀਆਂ ਮਿਣਤੀਆਂ ਵਿਚ ਪੈ ਗਿਆ। ਪੰਜਾਹ ਕੁ ਹਜ਼ਾਰ ਹੋਰ ਜੁੜ ਜਾਵੇ ਤਾਂ ਪੱਕੇ ਪੈਰੀਂ ਹੀ ਬਿਜ਼ਨਸ ਸ਼ੁਰੂ ਕਰਾਂ। 'ਦਾਦੇ ਵਰਗਾ ਪੰਜਾਬੀ ਆ ਕੇ ਮੁੜ ਅੰਦਰ ਖਲਬਲੀ ਨਾ ਮਚਾਵੇ', ਇਹ ਸੋਚ ਕੇ ਮਨ ਬਣਾ ਲਿਆ ਕਿ ਕਿਸੇ 'ਆਪਨੇ' ਬੰਦੇ ਨੂੰ ਮਿਲਣਾ ਹੀ ਨਹੀਂ। ਤੇ ਮੈਂ ਇਸ਼ਤਿਹਾਰ ਵਿਚ ਉਹ ਲਾਈਨ ਜੋੜ ਦਿੱਤੀ।

ਮੇਰਾ ਇਸ਼ਤਿਹਾਰ ਪੜ੍ਹ ਕੇ ਮੇਰੀ ਸਾਥਣ, ਅਨੀਤਾ, ਦਾ ਫੋਨ ਆਇਆ ਸੀ। ਉਹ ਬੋਲੀ, "ਇਹ ਤੂੰ ਕੀ ਕਰ ਰਹੀ ਐਂ? ਇਹ ਤਾਂ ਸਗੋਂ ਸਭ ਤੋਂ ਸੌਖੇ ਹੁੰਦੇ ਆ। ਵਿਚਾਰੇ ਡਰੇ ਹੋਏ ਆਉਂਦੇ ਆ ਤੇ ਮਿੰਟਾਂ 'ਚ ਹੀ ਮੁੜ ਜਾਂਦੇ ਆ।" ਮੈਨੂੰ ਵੀ ਇਸਦਾ ਪਤਾ ਸੀ ਤੇ ਇਹ ਵੀ ਅਹਿਸਾਸ ਸੀ ਕਿ ਇਸ ਨਾਲ ਕਮਾਈ ਵਿਚ ਵੀ ਫਰਕ ਪਵੇਗਾ ਪਰ ਬਚਣ ਲਈ ਇਹੀ ਤਰੀਕਾ ਮੈਨੂੰ ਠੀਕ ਲੱਗਾ। ਅਨੀਤਾ ਦੀਆਂ ਸਲਾਹਾਂ ਮੈਨੂੰ ਹਮੇਸ਼ਾ ਹੀ ਠੀਕ ਲਗਦੀਆਂ ਹਨ। ਜੇ ਉਹ ਮੈਨੂੰ ਨਾ ਮਿਲਦੀ ਤਾਂ ਸ਼ਾਇਦ ਮੈਂ ਕਦੇ ਵੀ ਵਾਪਸ ਮੁੜਨ ਬਾਰੇ ਨਾ ਸੋਚਦੀ। ਕਦੇ ਵੀ ਆਪਨਾ ਬੁਟੀਕ ਖੋਲ੍ਹਣ ਬਾਰੇ ਨਾ ਸੋਚਦੀ। ਉਸ ਨੇ ਤਾਂ ਮੈਨੂੰ ਆਪਨੇ ਵਾਂਗ ਅੱਗੇ ਪੜ੍ਹਾਈ ਕਰਨ ਬਾਰੇ ਉਕਸਾਇਆ ਸੀ। ਮੈਂ ਪੜ੍ਹਨ ਬਾਰੇ ਤਾਂ ਨਾ ਸੋਚ ਸਕੀ ਪਰ ਮੇਰਾ ਸੂਟਾਂ ਦੇ ਡੀਜ਼ਾਈਨ ਦਾ ਸ਼ੌਕ ਮੁੜ ਜਾਗ ਪਿਆ। ਪਰ ਉਸਦੀ ਇਸ਼ਤਿਹਾਰ ਵਿਚੋਂ ਇਹ ਲਾਈਨ ਕੱਟਣ ਦੀ ਸਲਾਹ ਮੈਂ ਨਾ ਮੰਨੀ।

ਤੇ ਹੁਣ ਸ਼ਾਇਦ ਇਸੇ ਲਾਈਨ ਕਰਕੇ ਹੀ ਚਾਰਲੀ ਨੇ ਪੁੱਛਿਆ ਸੀ, "ਤੂੰ ਉਨ੍ਹਾਂ ਨੂੰ ਐਨੀ ਨਫਰਤ ਕਰਦੀ ਹੈਂ?" ਇਕ ਪਲ ਲਈ ਮੈਂ ਸ਼ਸ਼ੋਪੰਜ ਵਿਚ ਪੈ ਗਈ ਕਿ ਕੀ ਮੈਂ ਸੱਚ-ਮੁੱਚ ਹੀ ਉਨ੍ਹਾਂ ਨੂੰ ਨਫਰਤ ਕਰਦੀ ਹਾਂ। ਇਹ ਮੇਰੇ ਪਾਸਟ ਦਾ ਦਰਦ ਹੈ ਜਾਂ ਭਵਿੱਖ ਦੀ ਚਿੰਤਾ, ਮੈਨੂੰ ਨਹੀਂ ਪਤਾ। ਮੇਰੀਆਂ ਸੋਚਾਂ ਰਲਗੱਡ ਹੋ ਜਾਂਦੀਆਂ ਹਨ। ਜਦੋਂ ਵੀ ਕੋਈ 'ਆਪਨਾ' ਮੇਰੇ ਕੋਲ ਆਉਂਦਾ ਹੈ ਮੇਰੇ ਅੰਦਰ ਵੱਖਰੀ ਕਿਸਮ ਦੀਆਂ ਭਾਵਨਾਵਾਂ ਉੱਠਦੀਆਂ ਹਨ। ਕੀ ਉਹ ਨਫਰਤ ਹੁੰਦੀ ਹੈ ਜਾਂ ਪੰਜਾਬੀ ਸਮਾਜ ਵਿਚ ਪਤਾ ਲੱਗਣ ਦਾ ਡਰ ਜਾਂ ਕੁਝ ਹੋਰ? ਇਸ ਬਾਰੇ ਮੈਨੂੰ ਨੀ ਪਤਾ ਕਿ ਉਹ ਕੀ ਹੈ। ਪਰ ਮੈਂ ਕੁਝ ਅਪਸਿੱਟ ਜ਼ਰੂਰ ਹੋ ਜਾਂਦੀ ਹਾਂ। ਕੀ ਮੈਂ ਚਾਰਲੀ ਨੂੰ ਦੱਸ ਦਿਆਂ ਕਿ ਇਹ ਲਾਈਨ ਮੈਂ ਕਿਉਂ ਇਸ਼ਤਿਹਾਰ ਵਿਚ ਲਿਖੀ ਸੀ ਜਾਂ ਇਸ ਨੂੰ ਇਸੇ ਤਰ੍ਹਾਂ ਸੋਚਦੇ ਰਹਿਣ ਦਿਆਂ, ਜਿਸ ਤਰ੍ਹਾਂ ਦੀ ਧਾਰਨਾ ਇਸ ਨੇ ਬਣਾ ਲਈ ਸੀ। ਇਸ ਬਾਰੇ ਮੈਂ ਕੋਈ ਵੀ ਫੈਸਲਾ ਨਾ ਕਰ ਸਕੀ। ਮੈਂ ਚੁੱਪ ਰਹੀ।

ਮੇਰੀ ਚੁੱਪ ਨੂੰ ਸ਼ਾਇਦ ਉਸ ਨੇ 'ਹਾਂ' ਸਮਝ ਲਿਆ ਸੀ। ਉਹ ਬੋਲਿਆ, "ਇਹ ਸਾਰੇ ਇਹੋ-ਜਿਹੇ ਹੀ ਹੁੰਦੇ ਆ। ਦੇਖਿਆ ਦਿੱਲੀ ਵਿਚ ਉਨ੍ਹਾਂ ਇਕ ਮਾਸੂਮ ਕੁੜੀ ਦਾ ਬਲਾਤਕਾਰ ਕੀਤਾ। ਕੀ ਤੂੰ ਯਕੀਨ ਕਰੇਂਗੀ ਕਿ ਚਲਦੀ ਬੱਸ ਵਿਚ ਐਨੇ ਜਣਿਆਂ ਨੇ! ---ਇਨ੍ਹਾਂ ਨੂੰ ਗੋਲੀ ਮਾਰ ਦੇਣੀ ਚਾਹੀਦੀ ਹੈ।"

ਇਹ ਖਬਰ ਬਹੁਤ ਦਿਨ ਅਖਬਾਰਾਂ, ਟੀ ਵੀ ਤੇ ਸੋਸ਼ਲ ਮੀਡੀਆ 'ਤੇ ਚਲਦੀ ਰਹੀ ਸੀ। ਪਰ ਜਿਸ ਤਰ੍ਹਾਂ ਉਹ ਬੋਲ ਰਿਹਾ ਸੀ, ਉਸ ਨੂੰ ਸੁਣ ਕੇ ਮੇਰੇ ਦਿਮਾਗ਼ ਵਿਚ ਆਇਆ ਕਿ ਇਸ ਨੂੰ ਇੰਨਾ ਦੁੱਖ ਕਿਉਂ ਪਹੁੰਚਿਆ ਸੀ? ਉਹ ਬੋਲੀ ਜਾ ਰਿਹਾ ਸੀ, "ਇਹ ਆਪਣੀਆਂ ਕੁੜੀਆਂ ਨੂੰ ਆਪਣੀ ਇੱਜ਼ਤ ਨਾਲ ਜੋੜ ਕੇ ਦੇਖਦੇ ਆ। ਇਹ ਨਹੀਂ ਚਾਹੁੰਦੇ ਕਿ ਏਨ੍ਹਾਂ ਦੀਆਂ ਕੁੜੀਆਂ ਕਿਸੇ ਹੋਰ ਧਰਮ ਜਾਂ ਨਸਲ ਦੇ ਬੰਦੇ ਨਾਲ ਦੋਸਤੀ ਕਰਨ। ਪਰ ਇਹ ਆਪ ਦੂਜਿਆਂ ਦੀਆਂ ਕੁੜੀਆਂ ਨੂੰ ਖਰਾਬ ਕਰਕੇ ਖੁਸ਼ ਹੁੰਦੇ ਆ। ਮੈਨੂੰ ਯਕੀਨ ਹੈ ਕਿ ਤੂੰ ਵੀ ਇਨ੍ਹਾਂ ਦੀ ਸ਼ਿਕਾਰ ਹੋਈ ਹੈਂ। ਮੈਨੂੰ ਵੀ ਇਨ੍ਹਾਂ ਨੇ ਐਡਾ ਜ਼ਖਮ ਦਿੱਤਾ ਹੈ----

ਮੈਂ ਉਸ ਨੂੰ ਬਾਹਾਂ ਵਿਚ ਘੁੱਟਿਆ ਅਤੇ ਉਸਦੀ ਪਿੱਠ ਨੂੰ ਪਲੋਸਿਆ। "ਚਲ ਛੱਡ, ਆਪਾਂ

ਆਪਣੀ ਸ਼ਾਮ ਦਾ ਆਨੰਦ ਮਾਣੀਏ," ਮੈਂ ਕਿਹਾ।

"ਨਹੀਂ, ਮੈਨੂੰ ਕਹਿਣ ਦੇ। ਫਿਕਰ ਨਾ ਕਰ, ਆਪਾਂ ਰਲ ਕੇ ਆਪਣੀ ਸ਼ਾਮ ਦਾ ਆਨੰਦ ਲਵਾਂਗੇ। ਤੈਨੂੰ ਪਤਾ ਇਨ੍ਹਾਂ ਨੇ ਮੇਰੇ ਨਾਲ ਕੀ ਕੀਤਾ?" ਮੈਂ ਉਸ ਵੱਲ ਦੇਖਿਆ। ਉਹ ਬੋਲਿਆ, "ਤਿੰਨ ਬਲੱਡੀ ਈਸਟ-ਇੰਡੀਅਨ ਮੁੰਡਿਆਂ ਨੇ ਮੇਰੀ ਸਤਾਰਾਂ ਸਾਲਾਂ ਦੀ ਧੀ ਨਾਲ ਬਲਾਤਕਾਰ ਕੀਤਾ ਤੇ ਫੇਰ ਉਸ ਨੂੰ ਮਾਰ ਦਿੱਤਾ। ਮੈਂ ਇਨ੍ਹਾਂ ਸਾਰਿਆਂ ਨੂੰ ਨਫਰਤ ਕਰਦਾਂ। ਉਸਦੇ ਸਾਹ ਤੇਜ਼ ਹੋ ਗਏ। ਉਸ ਨੂੰ ਸ਼ਾਂਤ ਕਰਨ ਲਈ ਮੈਂ ਉਸਦੇ ਹੱਥਾਂ ਨੂੰ ਆਪਣੇ ਹੱਥਾਂ ਵਿਚ ਘੁੱਟਿਆ। ਮੈਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਉਸ ਨੂੰ ਕਿਵੇਂ ਸ਼ਾਂਤ ਕਰਾਂ। ਮੈਂ ਪੁੱਛ ਲਿਆ, "ਕੀ ਉਹ ਫੜੇ ਗਏ ਸਨ ?"

"ਹਾਂ, ਉਹ ਜੇਲ੍ਹ ਵਿਚ ਬੰਦ ਹਨ।"

"ਬਹੁਤ ਚੰਗਾ, ਉਨ੍ਹਾਂ ਨੂੰ ਉੱਥੇ ਹੀ ਸੜਨ ਚਾਹੀਦਾ ਹੈ," ਮੈਂ ਕਿਹਾ। ਫਿਰ ਕੁਝ ਦੇਰ ਮੈਂ ਉਸ ਨੂੰ ਸ਼ਾਂਤ ਕਰਦੀ ਰਹੀ। ਕੁਝ ਕੁ ਪਲਾਂ ਬਾਅਦ ਉਹ ਅੰਦਰ ਵੱਲ ਗਿਆ। ਸ਼ਾਇਦ ਗੁਸਲਖਾਨੇ ਵਿਚ ਗਿਆ ਹੋਵੇਗਾ। ਫਿਰ ਆ ਕੇ ਉਸ ਨੇ ਗਲਾਸਾਂ ਵਿਚ ਵਾਈਨ ਪਾਈ ਅਤੇ ਬੋਲਿਆ, "ਆਹ, ਏਨ੍ਹਾਂ ਤੋਂ ਰਲਕੇ ਬਦਲਾ ਲਈਏ।"

ਮੈਂ ਉਸਦਾ ਭਾਵ ਨਾ ਸਮਝ ਸਕੀ। ਉਹ ਫਿਰ ਬੋਲਿਆ, "ਜਦੋਂ ਈਸਟ-ਇੰਡੀਅਨ ਕੁੜੀ ਕਿਸੇ ਹੋਰ ਨਸਲ ਦੇ ਬੰਦੇ ਨਾਲ ਜਾਂਦੀ ਹੈ ਤਾਂ ਇਨ੍ਹਾਂ ਨੂੰ ਬਹੁਤ ਤਕਲੀਫ ਹੁੰਦੀ ਹੈ। ਹੈ ਨਾ?"

ਮੈਂ ਕੁਝ ਨਾ ਕਿਹਾ। ਉਹ ਫਿਰ ਬੋਲਿਆ,"ਮੈਂ ਜਦੋਂ ਕਿਸੇ ਈਸਟ-ਇੰਡੀਅਨ ਕੁੜੀ ਦੇ ਕੱਪੜੇ ਉਤਾਰਦਾ ਹਾਂ ਤਾਂ ਮੈਨੂੰ ਬਹੁਤ ਸਕੂਨ ਮਿਲਦਾ ਹੈ। ਮੈਨੂੰ ਲਗਦਾ ਹੈ ਜਿਵੇਂ ਮੈਂ ਆਪਣੀ ਧੀ ਦਾ ਬਦਲਾ ਲੈ ਰਿਹਾ ਹੋਵਾਂ। ਜੇ ਕਦੇ ਮੈਨੂੰ ਕੋਈ ਈਸਟ-ਇੰਡੀਅਨ ਕੁੜੀ ਨਹੀਂ ਲੱਭਦੀ ਤਾਂ ਮੈਂ ਜਿਹੜੀ ਵੀ ਮਿਲਦੀ ਹੈ, ਉਸ ਨੂੰ ਪੰਜਾਬੀ ਸੂਟ ਪਹਿਨਾ ਦਿੰਦਾ ਹਾਂ ਤੇ ਆਪ ਉਤਾਰਦਾ ਹਾਂ। ਪਰ ਅੱਜ ਤਾਂ ਮੇਰੇ ਕੋਲ ਕੁੜੀ ਵੀ ਈਸਟ ਇੰਡੀਅਨ ਹੈ, ਸੂਟ ਵੀ ਹੈ ਤੇ ਕੁੜੀ ਵੀ ਉਹ ਜਿਹੜੀ ਈਸਟ ਇੰਡੀਅਨਾਂ ਨੂੰ ਆਪ ਵੀ ਨਫਰਤ ਕਰਦੀ ਹੈ। ਅੱਜ ਦੀ ਸ਼ਾਮ ਸਪੈਸ਼ਲ ਹੋਵੇਗੀ," ਆਖ ਕੇ ਉਹ ਮੁਸਕਰਾ ਪਿਆ। ਮੈਨੂੰ ਉਸਦੀ ਮੁਸਕਰਾਹਟ ਬੁਰੀ ਲੱਗੀ। ਮੈਂ ਕਿਹਾ, "ਮੇਰੇ ਕੋਲ ਪੰਜਾਬੀ ਸੂਟ ਨਹੀਂ ਹੈ।"

"ਉਸਦੀ ਚਿੰਤਾ ਨਾ ਕਰ। ਉਹ ਮੈਂ ਖਰੀਦ ਕੇ ਰੱਖੇ ਹੋਏ ਹਨ। ਆ, ਤੈਨੂੰ ਦੇਵਾਂ। ਤੂੰ ਉਹ ਪਾ ਲੈ।" ਉਹ ਉੱਠਿਆ। ਮੈਂ ਉਵੇਂ ਹੀ ਬੈਠੀ ਰਹੀ। ਮੈਂ ਕਿਹਾ, "ਜੇ ਉਹ ਬਲਾਤਕਾਰੀ ਈਸਟ ਇੰਡੀਅਨਾਂ ਦੀ ਥਾਂ ਗੋਰੇ ਹੁੰਦੇ ਤਾਂ ਤੂੰ ਕਿਸ ਤੋਂ ਬਦਲਾ ਲੈਂਦਾ?

"ਗੋਰੇ ਇਸ ਤਰ੍ਹਾਂ ਨਹੀਂ ਕਰਦੇ," ਉਸ ਨੇ ਜਵਾਬ ਦਿੱਤਾ।

"ਕਿਉਂ ਨਹੀਂ ਕਰਦੇ? ਵਿੱਲੀ ਪਿਕਟਨ ਕੌਣ ਹੈ, ਜਿਸ ਨੇ ਐਨੀਆਂ ਕੁੜੀਆਂ ਨਾਲ ਬਲਾਤਕਾਰ ਕਰਕੇ ਉਨ੍ਹਾਂ ਨੂੰ ਮਾਰਿਆ ਤੇ ਫਿਰ ਉਨ੍ਹਾਂ ਦਾ ਮਾਸ ਆਪਣੇ ਸੂਰਾਂ ਨੂੰ ਖਵਾ ਦਿੱਤਾ," ਮੈਂ ਉਸ ਨੂੰ ਵੈਨਕੂਵਰ ਦੇ ਬਹੁਤ ਬਦਨਾਮ ਕਾਤਲ ਦੀ ਉਦਾਹਰਣ ਦਿੱਤੀ।

"ਉਹਦੀ ਗੱਲ ਛੱਡ, ਉਹ ਅਪਰਾਧੀ ਸੀ। ਆਹ, ਪੰਜਾਬੀ ਸੂਟ ਪਾ ਲੈ," ਉਸ ਨੇ ਆਪਣਾ ਹੱਥ ਅਗਾਂਹ ਕਰਕੇ ਕਿਹਾ।

"ਇਹ ਵੀ ਤਾਂ ਅਪਰਾਧੀ ਹੀ ਸਨ ਤੇ ਤੂੰ ਕਿਸੇ ਅਪਰਾਧੀ ਦਾ ਬਦਲਾ ਪੰਜਾਬੀ ਸੂਟ ਤੋਂ ਕਿਉਂ ਲੈਣਾ ਚਾਹੁੰਨੈ?"

"ਚੇਤੇ ਰੱਖ, ਮੈਂ ਤੈਨੂੰ ਡਾਲਰ ਦਿੱਤੇ ਹਨ।"

"ਪਰ ਪੰਜਾਬੀ ਸੂਟ ਪਾਉਣ ਦੀ ਤੇਰੀ ਕੋਈ ਪਹਿਲਾਂ ਸ਼ਰਤ ਨਹੀਂ ਸੀ ਤੇ ਮੈਂ ਇਹ ਨਹੀਂ ਪਾਵਾਂਗੀ," ਮੈਂ ਉਸੇ ਤਰ੍ਹਾਂ ਹੀ ਸੋਫੇ 'ਤੇ ਬੈਠੀ ਨੇ ਕਿਹਾ।

ਅਗਲੇ ਦਿਨ ਮੈਂ ਆਪਣੇ ਇਸ਼ਤਿਹਾਰ ਵਿਚੋਂ ਉਹ ਲਾਈਨ ਕੱਟ ਦਿੱਤੀ। 000

(14913 – 83 A Avenue, Surrey, BC, Canada V3S 7S2)

ਕੋਕੋ ਦਾ ਜਨਮ ਦਿਨ : ਕਹਾਣੀ : ਪ੍ਰੇਮ ਮਾਨ

ਅੱਜ ਸਾਡੀ ਦੋਹਤੀ ਦਾ ਪਹਿਲਾ ਜਨਮ ਦਿਨ ਹੈ। ਸਾਡੀ ਬੇਟੀ ਨਿਮਰਤ ਨੇ ਆਪਣੀ ਬੇਟੀ, ਜਾਣੀ ਕਿ ਸਾਡੀ ਦੋਹਤੀ, ਦਾ ਨਾਂ ਕੋਕੋ ਰੱਖਿਆ ਹੈ। ਪੱਛਮੀ ਦੇਸ਼ਾਂ ਵਿਚ ਕੋਕੋਨਟ ਨੂੰ ਆਮ ਤੌਰ 'ਤੇ ਕੋਕੋ ਵੀ ਕਹਿ ਦਿੰਦੇ ਹਨ। ਅਮਰੀਕਾ ਵਿਚ ਕਈ ਔਰਤਾਂ ਦੇ ਨਾਂ ਕੋਕੋ ਹਨ। ਸਾਡੀ ਬੇਟੀ ਨੂੰ ਇਹ ਨਾਂ ਬਹੁਤ ਪਸੰਦ ਹੈ ਅਤੇ ਸਾਨੂੰ ਵੀ ਇਹ ਨਾਂ ਪਸੰਦ ਹੈ ਕਿਉਂਕਿ ਕੋਕੋ ਨਾਂ ਦਾ ਪੰਜਾਬੀ ਵਿਰਸੇ ਨਾਲ ਵੀ ਸੰਬੰਧ ਹੈ। ਛੋਟੇ ਹੁੰਦੇ ਅਸੀਂ ਕੋਕੋ ਨਾਂ ਆਮ ਸੁਣਦੇ ਸੀ। ਜਦੋਂ ਵੀ ਮਾਂ-ਪਿਉ ਨੇ ਕੋਈ ਚੀਜ਼ ਬੱਚਿਆਂ ਤੋਂ ਲਕਾਉਣੀ ਹੁੰਦੀ ਤਾਂ ਕਹਿ ਦੇਣਾ ਕਿ ਕੋਕੋ ਲੈ ਗਈ। ਅੱਜ ਅਸੀਂ ਕੋਕੋ ਦੇ ਜਨਮ ਦਿਨ 'ਤੇ ਆਪਣੀ ਬੇਟੀ ਦੇ ਘਰ ਆਏ ਹੋਏ ਹਾਂ। ਮੈਂ ਬੈੱਡ-ਰੂਮ ਵਿਚ ਬੈਠਾ ਸੋਚਾਂ ਵਿਚ ਖੁਭਿਆ ਪਿਆ ਹਾਂ। ਮੇਰੀ ਪਤਨੀ ਰਵਨੀਤ, ਜਿਸ ਨੂੰ ਮੈਂ ਆਮ ਤੌਰ 'ਤੇ ਨੀਤ ਕਹਿ ਕੇ ਹੀ ਬੁਲਾਉਂਦਾ ਹਾਂ, ਇਕ ਹੋਰ ਕਮਰੇ ਵਿਚ ਤਿਆਰ ਹੋ ਰਹੀ ਹੈ। ਕੋਕੋ ਦੇ ਜਨਮ ਦੀ ਕਹਾਣੀ ਵੀ ਅਜੀਬ ਹੀ ਹੈ। ਕਦੇ ਸੋਚਿਆ ਵੀ ਨਹੀਂ ਸੀ ਕਿ ਸਾਡੀ ਦੋਹਤੀ ਇਸ ਤਰ੍ਹਾਂ ਪੈਦਾ ਹੋਵੇਗੀ ਜਿਵੇਂ ਉਹ ਹੋਈ ਹੈ।

000

ਸਾਨੂੰ ਹਿੰਦੁਸਤਾਨ ਛੱਡਿਆਂ ਲਗਪਗ 40 ਸਾਲ ਹੀ ਹੋ ਗਏ ਹਨ। ਸਾਡਾ ਇਕੋ ਇਕ ਬੱਚਾ ਸਾਡੀ ਬੇਟੀ ਨਿਮਰਤ ਹੈ ਜੋ ਅਮਰੀਕਾ ਆ ਕੇ ਹੀ ਪੈਦਾ ਹੋਈ ਸੀ ਜੋ ਹੁਣ 33 ਸਾਲ ਦੀ ਹੋ ਗਈ ਹੈ। ਪਹਿਲਾਂ ਪਹਿਲ ਅਮਰੀਕਾ ਆ ਕੇ ਅਸੀਂ ਬਹੁਤ ਸੰਘਰਸ਼ ਵਿਚੋਂ ਲੰਘੇ। ਬੜੇ ਔਖੇ ਦਿਨ ਦੇਖੇ। ਛੋਟੀਆਂ ਛੋਟੀਆਂ ਨੌਕਰੀਆਂ ਕੀਤੀਆਂ ਜਿਨ੍ਹਾਂ ਨਾਲ ਗੁਜ਼ਾਰਾ ਵੀ ਮਸਾਂ ਹੀ ਹੁੰਦਾ ਸੀ। ਭਾਵੇਂ ਪੰਜਾਬ ਤੋਂ ਐੱਮ.ਏ. ਅਕਾਉਂਟਿੰਗ ਕੀਤੀ ਹੋਈ ਸੀ ਪਰ ਹਿੰਦੁਸਤਾਨ ਦੀ ਡਿਗਰੀ ਨੂੰ ਅਮਰੀਕਾ ਵਿਚ ਘੱਟ ਹੀ ਪੁੱਛਦੇ ਹਨ। ਜੇ ਲੋੜ ਹੋਵੇ ਤਾਂ ਦੁਨੀਆ ਦੀ ਕਿਸੇ ਵੀ ਯੂਨੀਵਰਸਿਟੀ ਦੀ ਡਿਗਰੀ ਮਨਜ਼ੂਰ ਕਰ ਲੈਂਦੇ ਹਨ ਪਰ ਜੇ ਲੋੜ ਨਾ ਹੋਵੇ ਤਾਂ ਫਿਰ ਬਿਲਕੁਲ ਨਹੀਂ। ਤਿੰਨਾਂ ਕੁ ਸਾਲਾਂ ਬਾਅਦ ਇਕ ਕੰਪਨੀ ਵਾਲਿਆਂ ਨੇ ਮੈਨੂੰ ਦਫ਼ਤਰ ਦੀ ਨੌਕਰੀ ਦੇ ਹੀ ਦਿੱਤੀ। ਫਿਰ ਕੁਝ ਸਾਹ ਵਿਚ ਸਾਹ ਆਇਆ। ਗੁਜ਼ਾਰਾ ਥੋੜ੍ਹਾ ਵਧੀਆ ਹੋਣ ਲੱਗਾ। ਉਸ ਤੋਂ ਬਾਅਦ ਹੀ ਅਸੀਂ ਆਪਣੇ ਪਰਿਵਾਰ ਨੂੰ ਵਧਾਉਣ ਬਾਰੇ ਸੋਚਿਆ। ਕੁਝ ਸਾਲਾਂ ਬਾਅਦ ਨਿਮਰਤ ਪੈਦਾ ਹੋਈ। ਜਦੋਂ ਨਿਮਰਤ ਪੈਦਾ ਹੋਈ ਤਾਂ ਕਈ ਰਿਸ਼ਤੇਦਾਰਾਂ ਅਤੇ ਦੋਸਤਾਂ ਨੇ ਤਾਂ ਕੁਝ ਵੀ ਨਾ ਕਿਹਾ ਅਤੇ ਜਿਨ੍ਹਾਂ ਨੇ ਸਾਨੂੰ ਖ਼ਤ ਲਿਖੇ ਉਨ੍ਹਾਂ ਵਿਚੋਂ ਬਹੁਤਿਆਂ ਨੇ ਤਾਂ ਇਹੋ ਕਿਹਾ ਸੀ ਕਿ ਵਾਹਿਗੁਰੂ ਅਗਾਂਹ ਬੇਟਾ ਵੀ ਦੇਵੇਗਾ। ਉਨ੍ਹਾਂ ਦਿਨਾਂ ਵਿਚ ਫ਼ੋਨ ਤਾਂ ਬਹੁਤ ਹੀ ਘੱਟ ਸਨ, ਅਤੇ ਬਹੁਤੀਆਂ ਗੱਲਾਂ ਚਿੱਠੀਆਂ ਰਾਹੀਂ ਹੀ ਹੁੰਦੀਆਂ ਸਨ। ਬਹੁਤ ਥੋੜ੍ਹੇ ਹੀ ਦੋਸਤ ਸਨ ਜਿਨ੍ਹਾਂ ਨੇ ਨਿਮਰਤ ਦੇ ਜਨਮ 'ਤੇ ਸਾਨੂੰ ਵਧਾਈਆਂ ਦਿੱਤੀਆਂ ਸਨ। ਪਰ ਅਸੀਂ ਦੋਵੇਂ ਬਹੁਤ ਖ਼ੁਸ਼ ਸਾਂ ਕਿ ਸਾਡੇ ਘਰ ਬੇਟੀ ਨੇ ਜਨਮ ਲਿਆ ਹੈ। ਅਸੀਂ ਨਿਮਰਤ ਦੇ ਜਨਮ ਤੋਂ ਪਹਿਲਾਂ ਹੀ ਇਹ ਫ਼ੈਸਲਾ ਕਰ ਲਿਆ ਸੀ ਕਿ ਅਸੀਂ ਇਕੋ ਬੱਚਾ ਪੈਦਾ ਕਰਨਾ ਹੈ। ਇਸ ਤਰ੍ਹਾਂ ਨਿਮਰਤ ਸਾਡੀ ਇਕੋ ਇਕ ਬੱਚੀ ਜਾਂ ਕਹਿ ਲਓ ਬੱਚਾ ਹੈ।

000

ਘਰ ਵਿਚ ਖ਼ੁਸ਼ੀ ਹੋਵੇ, ਚੰਗਾ ਗੁਜ਼ਾਰਾ ਹੋਵੇ, ਪਿਆਰ ਹੋਵੇ, ਅਤੇ ਇਕ ਦੂਜੇ ਨਾਲ ਸਹਿਮਤੀ ਹੋਵੇ ਤਾਂ ਸਮਾਂ ਬੀਤਣ ਦਾ ਪਤਾ ਵੀ ਨਹੀਂ ਲਗਦਾ। ਸਾਲ ਵੀ ਦਿਨਾਂ ਵਾਂਗ ਝੱਟ ਹੀ ਲੰਘ ਜਾਂਦੇ ਹਨ। ਜੇ ਗੁਜ਼ਾਰਾ ਮੁਸ਼ਕਲ ਨਾਲ ਹੋਵੇ, ਘਰ ਵਿਚ ਤੰਗੀਆਂ ਹੋਣ, ਇਕ ਦੂਜੇ ਨਾਲ ਸਹਿਮਤੀ ਨਾ ਹੋਵੇ, ਇਕ ਦੂਜੇ ਲਈ ਪਿਆਰ ਨਾ ਹੋਵੇ, ਲੜਾਈ ਝਗੜਾ ਹੋਵੇ ਤਾਂ ਦਿਨ ਵੀ ਸਾਲਾਂ ਵਾਂਗ ਲੰਘਦੇ ਹਨ। ਸਾਡੇ ਘਰ ਵਿਚ ਸਾਡੀ ਦੋਹਾਂ ਦੀ ਆਪੋ ਵਿਚ ਪੂਰੀ ਸਹਿਮਤੀ ਰਹੀ ਹੈ, ਗੁਜ਼ਾਰਾ ਵੀ ਬਹੁਤ ਸੋਹਣਾ ਚਲਦਾ ਰਿਹਾ ਹੈ, ਅਮਰੀਕਾ ਵਿਚ ਆਉਣ ਤੋਂ ਤਿੰਨ-ਚਾਰ ਸਾਲ ਬਾਅਦ ਤੰਗੀਆਂ ਵੀ ਲਗਪਗ ਖ਼ਤਮ ਹੋ ਗਈਆਂ ਸਨ। ਫਿਰ ਨਿਮਰਤ ਦਾ ਜਨਮ ਹੋਣ 'ਤੇ ਘਰ ਵਿਚ ਹੋਰ ਵੀ ਰੌਣਕ ਆ ਗਈ। ਇਸ ਤਰ੍ਹਾਂ ਸਾਲਾਂ ਦੇ ਲੰਘਣ ਦਾ ਕੋਈ ਪਤਾ ਹੀ ਨਾ ਲੱਗਾ। ਇਸ ਖ਼ੁਸ਼ੀ ਦੇ ਮਾਹੌਲ

ਵਿਚ ਹੀ ਨਿਮਰਤ ਰਿੜ੍ਹਨ ਲੱਗ ਪਈ, ਫਿਰ ਤੁਰਨ ਲੱਗ ਪਈ, ਫਿਰ ਤੋਤਲੀਆਂ ਤੋਤਲੀਆਂ ਗੱਲਾਂ ਕਰਨ ਲੱਗ ਪਈ, ਫਿਰ ਪ੍ਰਾਇਮਰੀ ਸਕੂਲ ਜਾਣ ਲੱਗ ਪਈ, ਫਿਰ ਮਿਡਲ ਸਕੂਲ ਅਤੇ ਫਿਰ ਹਾਈ ਸਕੂਲ ਵਿਚ ਚਲੇ ਗਈ। ਇੰਝ ਲਗਦਾ ਜਿਵੇਂ ਅੱਖ ਫਰਕਣ ਵਾਲੀ ਦੇਰੀ ਵਿਚ ਹੀ ਉਹ ਸਾਡੇ ਘਰ ਤੋਂ ਕੁਝ ਦੂਰ ਕਾਲਿਜ ਵਿਚ ਪੜ੍ਹਨ ਵਾਸਤੇ ਚਲੇ ਗਈ ਅਤੇ ਕਾਲਿਜ ਦੀ ਡੌਰਮ (ਹੋਸਟਲ) ਵਿਚ ਹੀ ਰਹਿਣ ਲੱਗ ਪਈ। ਨਿਮਰਤ ਦਾ ਕਾਲਜ ਵਿਚ ਦਾਖ਼ਲ ਹੋ ਕੇ ਸਾਥੋਂ ਕੁਝ ਦੂਰ ਚਲੇ ਜਾਣਾ ਸਾਡੇ ਲਈ ਇਕ ਤਰ੍ਹਾਂ ਸਦਮੇ ਵਾਂਗ ਹੀ ਸੀ। ਇੰਝ ਲੱਗਾ ਜਿਵੇਂ ਖ਼ੂਬਸੂਰਤ ਸੁਪਨਾ ਦੇਖਦਿਆਂ ਅਚਾਨਕ ਅੱਖ ਖੁੱਲ ਗਈ ਹੋਵੇ। ਬੱਸ ਇਹੋ ਤਾਂ ਜ਼ਿੰਦਗੀ ਦੀ ਅਸਲੀਅਤ ਹੈ। ਹਰ ਪਲ, ਹਰ ਘੜੀ, ਹਰ ਦਿਨ ਇਕੋ ਜਿਹਾ ਨਹੀਂ ਰਹਿੰਦਾ। ਪਤਾਨਹੀਂ ਜ਼ਿੰਦਗੀ ਦੇ ਰਾਹ 'ਤੇ ਕਿੱਥੇ ਜਾ ਕੇ ਕਿਹੋ ਜਿਹਾ ਮੋੜ ਆ ਜਾਣਾ ਹੈ। ਨਿਮਰਤ ਦਾ ਕਾਲਿਜ ਘਰ ਤੋਂ ਥੋੜ੍ਹੀ ਦੂਰ ਹੀ ਸੀ, ਕਾਰ ਵਿਚ ਡੇਢ ਕੁ ਘੰਟਿਆਂ ਦਾ ਰਾਹ ਸੀ। ਅਸੀਂ ਹਰ ਹਫ਼ਤੇ ਨਿਮਰਤ ਨੂੰ ਮਿਲਣ ਜਾਂਦੇ ਸਾਂ ਅਤੇ ਉਹ ਵੀ ਛੁੱਟੀਆਂ ਵਿਚ ਘਰ ਆ ਜਾਂਦੀ ਸੀ। ਆਮ ਤੌਰ 'ਤੇ ਹਿੰਦੁਸਤਾਨੀ ਮਾਂ-ਪਿਉ ਆਪਣੇ ਬੱਚਿਆਂ ਨੂੰ ਡਾਕਟਰ ਜਾਂ ਇੰਜੀਨੀਅਰ ਬਣਨ ਲਈ ਹੀ ਜ਼ੋਰ ਪਾਉਂਦੇ ਹਨ ਪਰ ਅਸੀਂ ਨਿਮਰਤ ਨੂੰ ਉਸ ਦੀ ਜ਼ਿੰਦਗੀ ਬਾਰੇ ਪੂਰੀ ਖੁੱਲ ਦਿੱਤੀ ਸੀ। ਅਸੀਂ ਉਸ ਨੂੰ ਇਹੋ ਕਿਹਾ ਸੀ ਕਿ ਉਸ ਨੂੰ ਜ਼ਿੰਦਗੀ ਵਿਚ ਉਹ ਨੌਕਰੀ ਹੀ ਲੈਣੀ ਚਾਹੀਦੀ ਹੈ ਜਿਸ ਨਾਲ ਉਸ ਨੂੰ ਖ਼ੁਸ਼ੀ ਮਿਲੇ। ਨਿਮਰਤ ਨੇ ਕਾਲਿਜ ਤੋਂ ਕਮਿਊਨਿਕੇਸ਼ਨ ਦੀ ਡਿਗਰੀ ਕਰ ਕੇ ਉਸੇ ਸ਼ਹਿਰ ਵਿਚ ਇਕ ਕੰਪਨੀ ਵਿਚ ਨੌਕਰੀ ਲੈ ਲਈ ਸੀ। ਉਹ ਆਪਣੀ ਨੌਕਰੀ ਤੋਂ ਬਹੁਤ ਖ਼ੁਸ਼ ਸੀ।

000

ਮੈਂ ਬੈਠਾ ਸੋਚਦਾਂ ਕਿ ਹਿੰਦੁਸਤਾਨੀ ਲੋਕ ਲੜਕੀਆਂ ਪੈਦਾ ਹੋਣ 'ਤੇ ਖ਼ੁਸ਼ੀ ਕਿਉਂ ਨਹੀਂ ਮਨਾਉਂਦੇ? ਖ਼ੁਸ਼ੀ ਮਨਾਉਣੀ ਤਾਂ ਇਕ ਪਾਸੇ, ਬਹੁਤੇ ਲੋਕ ਤਾਂ ਅਫ਼ਸੋਸ ਹੀ ਪ੍ਰਗਟ ਕਰਦੇ ਹਨ। ਸਾਡੇ ਹਿੰਦੁਸਤਾਨੀ ਸਮਾਜ ਵਿਚ ਔਰਤਾਂ ਦੀ ਵੁੱਕਤ ਹੀ ਕੀ ਹੈ? ਉਨ੍ਹਾਂ ਨੂੰ ਬਰਾਬਰਤਾ ਹੀ ਕਦੋਂ ਦਿੱਤੀ ਗਈ ਹੈ? ਅਖੇ ਤੁਸੀਂ ਬੇਟੀ ਪੈਦਾ ਕਰੋ, ਉਸ ਨੂੰ ਪਾਲ ਕੇ ਵੱਡੀ ਕਰੋ, ਫਿਰ ਉਸ ਨੂੰ ਵਿਆਹ ਕੇ ਕਿਸੇ ਬਿਗਾਨੇ ਘਰ ਤੋਰ ਦੇਵੋ ਅਤੇ ਵਿਆਹ ਦਾ ਖ਼ਰਚ ਵੀ ਆਪ ਹੀ ਕਰੋ ਅਤੇ ਨਾਲ ਦਾਜ ਵੀ ਦੇਵੋ। ਫਿਰ ਇਹ ਫ਼ਿਕਰ ਕਿ ਤੁਹਾਡੀ ਬੇਟੀ ਬਿਗਾਨੇ ਘਰ ਕਿਵੇਂ ਰਹਿੰਦੀ ਹੈ ਅਤੇ ਉਸ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਂਦਾ ਹੈ। ਇਹੋ ਜਿਹੇ ਕਾਰਨਾਂ ਕਰ ਕੇ ਲੋਕ ਬੇਟੀਆਂ ਪੈਦਾ ਕਰਨ ਤੋਂ ਡਰਨ ਨਾ ਤਾਂ ਕੀ ਕਰਨ? ਮੈਨੂੰ ਯਾਦ ਆ ਰਿਹਾ ਹੈ ਕਿ ਸਾਡੇ ਵੇਲੇ ਕਿਵੇਂ ਲੜਕੀਆਂ ਦੇ ਸਕੂਲਾਂ ਕਾਲਿਜਾਂ ਅੱਗੇ ਨੌਜਵਾਨ ਮੁੰਡੇ ਲੜਕੀਆਂ ਨੂੰ ਦੇਖਣ ਅਤੇ ਛੇੜਨ ਲਈ ਖੜ੍ਹੇ ਰਹਿੰਦੇ ਸਨ। ਰਾਹ ਜਾਂਦੀਆਂ ਲੜਕੀਆਂ ਨੂੰ ਛੇੜਨਾ, ਭੈੜੀਆਂ ਗੱਲਾਂ ਕਹਿਣੀਆਂ, ਅਤੇ ਕੁਚੱਜੇ ਬੋਲ ਬੋਲਣੇ। ਜਿਵੇਂ ਹਿੰਦੁਸਤਾਨ ਵਿਚ ਲੜਕੀਆਂ ਦੇ ਬਲਾਤਕਾਰ ਹੋ ਰਹੇ ਹਨ ਬਹੁਤ ਸ਼ਰਮ ਦੀ ਗੱਲ ਹੈ। ਬਲਾਤਕਾਰ ਕਰ ਕੇ ਲੜਕੀਆਂ ਨੂੰ ਮਾਰ ਕੇ ਦਰਖਤਾਂ ਨਾਲ ਟੰਗਿਆ ਜਾਂਦਾ ਹੈ, ਅੱਗ ਲਾ ਕੇ ਸਾੜ ਦਿੱਤਾ ਜਾਂਦਾ ਹੈ। ਰਾਹ ਜਾਂਦੀਆਂ ਲੜਕੀਆਂ 'ਤੇ ਤੇਜ਼ਾਬ ਸੁੱਟਿਆ ਜਾਂਦਾ ਹੈ। ਕਿੰਨੀਆਂ ਘਿਨਾਉਣੀਆਂ ਗੱਲਾਂ ਹਨ। ਮੇਰਾ ਮਨ ਇਹੋ ਜਿਹੇ ਆਦਮੀਆਂ ਲਈ ਨਫ਼ਰਤ ਨਾਲ ਭਰ ਜਾਂਦਾ ਹੈ। ਮੇਰੇ ਸਰੀਰ ਨੂੰ ਝੁਣਝੁਣੀ ਆ ਜਾਂਦੀ ਹੈ। ਫਿਰ ਇਹੋ ਜਿਹੇ ਮਾਹੌਲ ਵਾਲੇ ਦੇਸ਼ ਵਿਚ ਬੇਟੀਆਂ ਕੌਣ ਪੈਦਾ ਕਰਨਾ ਚਾਹੇਗਾ? ਅਮਰੀਕਾ ਹੈ। ਔਰਤਾਂ ਨੂੰ ਪੂਰੀ ਆਜ਼ਾਦੀ ਹੈ। ਭਾਵੇਂ ਸੰਪੂਰਨ ਬਰਾਬਰਤਾ ਨਹੀਂ ਪਰ ਫਿਰ ਵੀ ਪੂਰੀ ਦੇ ਨੇੜੇ ਤੇੜੇ ਹੀ ਹੈ। ਕੋਈ ਵੀ ਰਾਹ ਜਾਂਦੀਆਂ ਔਰਤਾਂ ਨੂੰ ਤੰਗ ਨਹੀਂ ਕਰਦਾ। ਮਾਂ-ਪਿਉ ਨੂੰ ਵਿਆਹ ਵਿਚ ਕੋਈ ਦਾਜ ਨਹੀਂ ਦੇਣਾ ਪੈਂਦਾ। ਵਿਆਹ 'ਤੇ ਖ਼ਰਚ ਕਰਨਾ ਵੀ ਲੜਕੀਆਂ ਦੇ ਮਾਂ-ਪਿਉ ਦਾ ਫ਼ਰਜ਼ ਨਹੀਂ ਸਮਝਿਆ ਜਾਂਦਾ। ਇਸੇ ਕਰ ਕੇ ਤਾਂ ਇੱਥੇ ਲੋਕ ਬੇਟੀਆਂ ਪੈਦਾ ਕਰਨ ਵਿਚ ਕੋਈ ਫ਼ਰਕ ਨਹੀਂ ਸਮਝਦੇ। ਬਹੁਤ ਸਾਰੇ ਲੋਕ ਤਾਂ ਬੇਟੀਆਂ ਨੂੰ ਬੇਟਿਆਂ ਤੋਂ ਜ਼ਿਆਦਾ ਪਸੰਦ ਕਰਦੇ ਹਨ।

ਮੈਨੂੰ ਯਾਦ ਹੈ ਕਿ ਸਾਡੇ ਕਾਲਿਜ ਪੜ੍ਹਦੀ ਇਕ ਲੜਕੀ ਨੇ ਖੂਹ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਸੀ। ਕਾਰਨ ਸਿਰਫ਼ ਇਹੋ ਸੀ ਕਿ ਕੁਝ ਲੜਕੇ ਉਸ ਨੂੰ ਕਾਲਿਜ ਆਉਂਦੀ ਜਾਂਦੀ ਨੂੰ ਤੰਗ ਕਰਦੇ ਸਨ। ਉਸ ਲੜਕੀ ਨੇ ਆਪਣੇ ਮਾਂ-ਪਿਉ ਨੂੰ ਵੀ ਇਸ ਬਾਰੇ ਦੱਸਿਆ ਸੀ ਪਰ ਗ਼ਰੀਬ ਮਾਂ-ਪਿਉ ਕੁਝ ਨਾ ਕਰ ਸਕੇ। ਲੜਕੀ ਨੇ ਆਪਣੀਆਂ ਕੁਝ ਔਰਤ ਅਧਿਆਪਕਾਂ ਨਾਲ ਵੀ ਗੱਲ ਕੀਤੀ ਪਰ ਉਹ ਵੀ ਕੁਝ ਨਾ ਕਰ ਸਕੀਆਂ। ਕਿਸੇ ਵੀ ਲੜਕੇ ਨੂੰ ਉਸ ਲੜਕੀ ਦੀ ਮੌਤ ਦਾ ਦੋਸ਼ੀ ਨਹੀਂ ਸੀ ਠਹਿਰਾਇਆ ਗਿਆ।

ਕਿੰਨੀਆਂ ਲੜਕੀਆਂ ਨੂੰ ਸਿਰਫ਼ ਇਸ ਲਈ ਹੀ ਮਾਰ ਦਿੱਤਾ ਜਾਂਦਾ ਕਿ ਉਹ ਆਪਣੀ ਮਰਜ਼ੀ ਨਾਲ ਵਿਆਹ ਕਰਾ ਲੈਂਦੀਆਂ ਭਾਵੇਂ ਆਪਣੀ ਜਾਤ ਵਿਚ ਹੋਵੇ ਜਾਂ ਜਾਤ ਤੋਂ ਬਾਹਰ। ਇਸ ਨੂੰ ਇੱਜ਼ਤ ਦਾ ਸਵਾਲ ਬਣਾ ਲਿਆ ਜਾਂਦਾ। ਅਸੀਂ ਹਾਲੇ ਵੀ ਜਾਤਾਂ ਦੇ ਸਿਲਸਿਲੇ ਨੂੰ ਨਹੀਂ ਤਿਆਗਦੇ। ਅਸੀਂ ਤਾਂ ਬਦੇਸ਼ਾਂ ਵਿਚ ਆ ਕੇ ਵੀ ਜਾਤਾਂ ਦੇ ਚਿੱਕੜ ਵਿਚੋਂ ਨਹੀਂ ਨਿਕਲਦੇ।

ਮੈਂ ਸੁਣਿਆ ਕਿ ਸਾਡੇ ਪਿੰਡ ਵਾਲੀ ਬਿਸ਼ਨੀ ਦੇ ਛੇ ਕੁੜੀਆਂ ਹੋਈਆਂ ਸਨ। ਹਰ ਵਾਰੀ ਉਨ੍ਹਾਂ ਨੂੰ ਮੁੰਡੇ ਦੀ ਆਸ ਹੀ ਹੁੰਦੀ ਸੀ ਪਰ ਹਰ ਵਾਰੀ ਲੜਕੀ ਹੋਣ 'ਤੇ ਉਹ ਨਿਰਾਸ ਹੋ ਜਾਂਦੇ। ਬਿਸ਼ਨੀ ਆਪਣੀਆਂ ਲੜਕੀਆਂ ਨੂੰ ਭੋਰਾ ਕੁ ਅਫ਼ੀਮ ਦੇ ਕੇ ਮੰਜੇ 'ਤੇ ਪਾ ਦਿੰਦੀ ਅਤੇ ਆਪ ਘਰ ਦੇ ਕੰਮਾਂ ਕਾਰਾਂ ਵਿਚ ਲੱਗੀ ਰਹਿੰਦੀ। ਅਫ਼ੀਮ ਤੇ ਅਮਲ ਦੀ ਘੂਕੀ ਨਾਲ ਲੜਕੀਆਂ ਸੁੱਤੀਆਂ ਰਹਿੰਦੀਆਂ। ਸੁਣਿਆਂ ਕਿ ਅਫ਼ੀਮ ਥੋੜ੍ਹੀ ਜ਼ਿਆਦਾ ਦੇਣ ਨਾਲ ਛੇਆਂ ਵਿਚੋਂ ਪੰਜ ਕੁੜੀਆਂ ਦੀ ਮੌਤ ਹੋ ਗਈ ਸੀ ਜਨਮ ਤੋਂ ਕੁਝ ਮਹੀਨਿਆਂ ਬਾਅਦ ਹੀ। ਸਿਰਫ਼ ਇਕੋ ਇਕ ਬੇਟੀ ਬਚੀ ਸੀ।

ਸੋਚਦਾਂ ਕਿ ਭਾਵੇਂ ਹਿੰਦੁਸਤਾਨ ਵਿਚ ਮਾਹੌਲ ਕੁਝ ਬਦਲ ਰਿਹਾ ਪਰ ਹਾਲੇ ਅਸੀਂ ਬਹੁਤ ਪਿੱਛੇ ਹਾਂ। ਜੇ ਔਰਤਾਂ ਨੂੰ ਬਰਾਬਰਤਾ ਦੇ ਹੱਕ ਦੇਣ ਦੀ ਗੱਲ ਕਰੀਏ, ਉਨ੍ਹਾਂ ਨੂੰ ਮਾਣ ਅਤੇ ਇੱਜ਼ਤ ਦੇਣ ਦੀ ਗੱਲ ਕਰੀਏ, ਤਾਂ ਸਾਡਾ ਸਮਾਜ ਹਾਲੇ ਬਹੁਤ ਪਿੱਛੇ ਹੈ ਅਤੇ ਇਹ ਤਬਦੀਲੀ ਬਹੁਤ ਹੌਲੀ ਹੌਲੀ ਆ ਰਹੀ ਹੈ।

000

ਹਾਂ ਸੱਚ ਮੈਂ ਗੱਲ ਤਾਂ ਕੋਕੋ ਦੇ ਜਨਮ ਦਿਨ ਦੀ ਕਰ ਰਿਹਾ ਸੀ ਪਰ ਗੱਲ ਕਿਧਰੇ ਹੋਰ ਹੀ ਤੁਰ ਗਈ। ਮੈਂ ਦੱਸਿਆ ਸੀ ਕਿ ਅੱਜ ਕੋਕੋ ਦਾ ਜਨਮ ਦਿਨ ਹੈ ਅਤੇ ਉਸ ਦੇ ਜਨਮ ਦੀ ਕਹਾਣੀ ਵੀ ਅਜੀਬ ਹੀ ਹੈ।

ਕੁਝ ਸਾਲ ਪਹਿਲਾਂ ਦੀ ਗੱਲ ਹੈ, ਮੈਂ ਘਰ ਬੈਠਾ ਇਕ ਕਿਤਾਬ ਪੜ੍ਹ ਰਿਹਾ ਸੀ ਕਿ ਨੀਤ ਆ ਕੇ ਕੋਲ ਬੈਠ ਗਈ।

"ਮੈਨੂੰ ਪਤਾ ਲੱਗਾ ਆ ਕਿ ਅਮਰਜੀਤ ਹੁਰਾਂ ਦੀ ਬੇਟੀ ਸੁਖਜੀਤ ਸਮਲਿੰਗੀ ਹੈ।" ਨੀਤ ਨੇ ਇਕ ਦੋ ਹੋਰ ਗੱਲਾਂ ਕਰਨ ਤੋਂ ਬਾਅਦ ਆਖਿਆ। ਅਮਰਜੀਤ, ਉਸ ਦਾ ਪਤੀ, ਅਤੇ ਬੱਚੇ ਸਾਡੇ ਗੁਆਂਢ ਵਿਚ ਰਹਿੰਦੇ ਹਨ।

"ਤੈਨੂੰ ਕਿੱਦਾਂ ਪਤਾ?" ਮੈਂ ਕਿਤਾਬ ਤੋਂ ਧਿਆਨ ਹਟਾ ਕੇ ਨੀਤ ਵੱਲ ਵੇਖਦਿਆਂ ਪੁੱਛਿਆ।

"ਮੇਰੀ ਸਹੇਲੀ ਸੁਦੇਸ਼ ਨੇ ਫ਼ੋਨ 'ਤੇ ਦੱਸਿਆ।"

"ਉਸ ਨੂੰ ਕਿਵੇਂ ਪਤਾ ਲੱਗਾ?"

"ਇਹ ਤਾਂ ਮੈਂ ਪੁੱਛਿਆ ਨਹੀਂ। ਪਰ ਬੰਤ ਤੂੰ ਵੀ ਗਾਹਾਂ ਤੇ ਗਾਹਾਂ ਪ੍ਰਸ਼ਨ ਹੀ ਕਰਦਾ ਰਹਿੰਦਾਂ।" ਮੇਰਾ ਪੂਰਾ ਨਾਂ ਤਾਂ ਗੁਰਬੰਤ ਹੈ ਪਰ ਮੇਰੀ ਪਤਨੀ ਨੀਤ ਮੈਨੂੰ ਬੰਤ ਕਹਿ ਕੇ ਹੀ ਬੁਲਾਉਂਦੀ ਹੈ।

"ਕੀ ਪਤਾ ਕਿਸੇ ਨੇ ਐਵੇਂ ਹੀ ਗੱਲ ਬਣਾ ਲਈ ਹੋਵੇ।"

"ਕਿਸੇ ਨੇ ਗੱਲ ਬਣਾ ਕੇ ਕੀ ਲੈਣਾ?"

"ਕੀ ਲੈਣ ਦਾ ਤਾਂ ਗੱਲ ਬਣਾਉਣ ਵਾਲੇ ਨੂੰ ਹੀ ਪਤਾ ਹੋਊ।"

"ਬੱਸ ਤੂੰ ਵੀ ਕਿਸੇ ਗੱਲ 'ਤੇ ਇਤਬਾਰ ਨੀ ਕਰਦਾ।"

"ਗੱਲ ਇਤਬਾਰ ਦੀ ਨਹੀਂ। ਪਹਿਲੀ ਗੱਲ ਤਾਂ ਇਹ ਕਿ ਸਾਨੂੰ ਪਤਾ ਹੀ ਨਹੀਂ ਕਿ ਇਹ ਗੱਲ

ਸੱਚ ਹੈ ਕਿ ਨਹੀਂ। ਦੂਜੀ ਗੱਲ ਇਹ ਕਿ ਜੇ ਇਹ ਸੱਚ ਵੀ ਹੈ ਤਾਂ ਸਾਨੂੰ ਕੀ? ਸੁਖਜੀਤ 26-27 ਸਾਲਾਂ ਦੀ ਹੈ। ਉਸ ਨੂੰ ਆਪਣੇ ਫ਼ੈਸਲੇ ਕਰਨ ਦਾ ਹੱਕ ਹੈ। ਜੇ ਉਹ ਸਮਲਿੰਗੀ ਹੈ ਤਾਂ ਕੀ ਹੋਇਆ। ਜੇ ਉਸ ਦੀ ਖ਼ੁਸ਼ੀ ਇਸੇ ਵਿਚ ਹੈ ਤਾਂ ਕੀ ਫ਼ਰਕ ਪੈਂਦਾ।" ਮੈਂ ਜਿਸ ਕੰਪਨੀ ਵਿਚ ਕੰਮ ਕਰਦਾਂ ਉਹ ਕਾਫ਼ੀ ਵੱਡੀ ਹੈ। ਮੇਰੇ ਨਾਲ ਕੰਮ ਕਰਨ ਵਾਲੀ ਇਕ ਲੜਕੀ ਅਤੇ ਇਕ ਲੜਕਾ ਸਮਲਿੰਗੀ ਹਨ। ਦੋਵੇਂ ਮੇਰੇ ਥੋੜ੍ਹੇ ਜਿਹੇ ਦੋਸਤ ਵੀ ਹਨ। ਮੈਂ ਉਨ੍ਹਾਂ ਨਾਲ ਇਸ ਵਿਸ਼ੇ 'ਤੇ ਤਿੰਨ-ਚਾਰ ਵਾਰੀ ਕੁਝ ਗੱਲਾਂ ਵੀ ਕੀਤੀਆਂ ਹਨ। ਇਸ ਕਾਰਨ ਮੈਂ ਕਿਸੇ ਦੇ ਸਮਲਿੰਗੀ ਹੋਣ ਨੂੰ ਬਹੁਤ ਆਸਾਨੀ ਨਾਲ ਹੀ ਸਵੀਕਾਰ ਕਰ ਲੈਂਦਾ ਹਾਂ।

"ਪਰ ਮੈਂ ਤਾਂ ਸੋਚਦੀ ਆਂ ਵਿਚਾਰੇ ਮਾਂ-ਪਿਉ 'ਤੇ ਕੀ ਬੀਤਦੀ ਹੋਊ।" ਥੋੜ੍ਹੀ ਕੁ ਦੇਰ ਚੁੱਪ ਰਹਿਣ ਤੋਂ ਬਾਅਦ ਨੀਤ ਬੋਲੀ।

"ਉਨ੍ਹਾਂ 'ਤੇ ਕੀ ਬੀਤਣੀ ਐ? ਉਨ੍ਹਾਂ ਦੀ ਆਪਣੀ ਜ਼ਿੰਦਗੀ ਹੈ ਅਤੇ ਸੁਖਜੀਤ ਦੀ ਆਪਣੀ। ਸੁਖਜੀਤ ਉਨ੍ਹਾਂ ਦੀ ਬੇਟੀ ਹੈ, ਗ਼ੁਲਾਮ ਤਾਂ ਨਹੀਂ ਕਿ ਹਰ ਕੰਮ ਉਨ੍ਹਾਂ ਦੀ ਮਰਜ਼ੀ ਅਤੇ ਖ਼ੁਸ਼ੀ ਲਈ ਹੀ ਕਰੇ। ਉਸ ਦੀ ਆਪਣੀ ਿੰਦਗੀ ਹੈ, ਆਪਣੀ ਖ਼ੁਸ਼ੀ ਹੈ, ਆਪਣੇ ਵਿਚਾਰ ਹਨ। ਜੋ ਵੀ ਉਸ ਨੂੰ ਚੰਗਾ ਲਗਦਾ, ਉਸ ਨੂੰ ਉਹ ਕਰਨ ਦਾ ਹੱਕ ਹੈ।"

"ਵਿਚਾਰਿਆਂ ਦੀ ਇਕੋ ਇਕ ਬੇਟੀ। ਹੁਣ ਕਿਸੇ ਦੋਹਤੇ ਦੋਹਤੀ ਦੀ ਆਸ ਵੀ ਨਹੀਂ ਰਹੀ।" ਫਿਰ ਕਾਫ਼ੀ ਦੇਰ ਚੁੱਪ ਰਹਿ ਕੇ ਨੀਤ ਬੋਲੀ। ਪਰ ਮੈਂ ਕੋਈ ਜਵਾਬ ਨਾ ਦਿੱਤਾ।

"ਮੈਨੂੰ ਤਾਂ ਫ਼ਿਕਰ ਐ ਜੇ ਆਪਣੀ ਨਿਮਰਤ ਵੀ ..." ਨੀਤ ਕੁਝ ਮਿੰਟ ਰਸੋਈ ਵੱਲ ਘੁੰਮ ਕੇ ਆ ਕੇ ਫਿਰ ਬੋਲੀ।

"ਨਿਮਰਤ ਵੀ ਕੀ?" ਮੈਂ ਨੀਤ ਦੀ ਗੱਲ ਦਾ ਮਤਲਬ ਸਮਝਦਿਆਂ ਵੀ ਪ੍ਰਸ਼ਨ ਕਰ ਦਿੱਤਾ।

"ਜੇ ਨਿਮਰਤ ਵੀ ਸਮਲਿੰਗੀ ਹੋਈ ਤਾਂ ਅਸੀਂ ਕੀ ਕਰਾਂਗੇ?"

"ਕਰਨਾ ਕੀ ਹੈ, ਅਸੀਂ ਆਪਣੀ ਜ਼ਿੰਦਗੀ ਜੀਵਾਂਗੇ ਅਤੇ ਉਸ ਨੂੰ ਆਪਣੀ ਜ਼ਿੰਦਗੀ ਜੀਣ ਦੇਵਾਂਗੇ ਜਿਵੇਂ ਵੀ ਉਹ ਚਾਹੁੰਦੀ ਹੈ।"

ਇਸ ਤੋਂ ਬਾਅਦ ਨੀਤ ਕੁਝ ਨਾ ਬੋਲੀ ਪਰ ਉਸ ਦਾ ਚਿਹਰਾ ਕਾਫ਼ੀ ਉਦਾਸ ਲੱਗ ਰਿਹਾ ਸੀ। ਉਸ ਨੇ ਇਕ ਦੋ ਡੂੰਘੇ ਹਉਕੇ ਲਏ ਅਤੇ ਕੁਝ ਕੋਝੇ ਜਿਹੇ ਢੰਗ ਨਾਲ ਮੇਰੇ ਵੱਲ ਵੇਖਿਆ ਵੀ। ਫਿਰ ਉਹ ਦੂਸਰੇ ਕਮਰੇ ਵਿਚ ਜਾ ਕੇ ਪਾਠ ਕਰਨ ਲੱਗ ਪਈ।

ਭਾਵੇਂ ਮੈਂ ਕਹਿਣ ਨੂੰ ਤਾਂ ਉਪਰ ਵਾਲੀਆਂ ਗੱਲਾਂ ਕਹਿ ਦਿੱਤੀਆਂ ਪਰ ਮੈਂ ਕਾਫ਼ੀ ਦੇਰ ਸੁਖਜੀਤ ਦੇ ਸਮਲਿੰਗੀ ਹੋਣ ਬਾਰੇ ਸੋਚਦਾ ਰਿਹਾ ਕਿ ਉਸ ਦੇ ਮਾਂ-ਪਿਉ ਨੇ ਇਸ ਖ਼ਬਰ ਨੂੰ ਕਿਵੇਂ ਲਿਆ ਹੋਵੇਗਾ। ਕੀ ਉਨ੍ਹਾਂ ਨੇ ਇਸ ਗੱਲ ਨੂੰ ਸੌਖਿਆਂ ਹੀ ਸਵੀਕਾਰ ਕਰ ਲਿਆ ਹੋਵੇਗਾ ਜਾਂ ਫਿਰ ਕਾਫ਼ੀ ਸੰਘਰਸ਼ ਵਿਚੋਂ ਲੰਘੇ ਹੋਣਗੇ। ਜੇ ਸੱਚਮੁੱਚ ਹੀ ਨਿਮਰਤ ਸਮਲਿੰਗੀ ਹੋਈ ਤਾਂ ਮੈਨੂੰ ਇਸ ਨੂੰ ਕਿਵੇਂ ਸਵੀਕਾਰ ਕਰਨਾ ਚਾਹੀਦਾ ਹੈ। ਮੈਂ ਸੋਚਾਂ ਵਿਚ ਹੀ ਇਸ ਗੱਲ ਨੂੰ ਸਵੀਕਾਰ ਕਰਨ ਬਾਰੇ ਸੋਚਦਾ ਰਿਹਾ।

000

ਅਜੀਬ ਗੱਲ ਸੀ ਕਿ ਨਿਮਰਤ 25 ਸਾਲ ਦੀ ਹੋ ਗਈ ਸੀ ਪਰ ਉਸ ਦਾ ਕੋਈ ਵੀ ਬੁਆਏ-ਫਰੈਂਡ ਨਹੀਂ ਸੀ। ਅਮਰੀਕਾ ਵਰਗੇ ਮੁਲਕਾਂ ਵਿਚ ਤਾਂ ਲੜਕੀਆਂ ਲੜਕੇ ਛੋਟੀ ਉਮਰ ਤੋਂ ਹੀ ਬੁਆਏ-ਫਰੈਂਡ ਅਤੇ ਗਰਲ-ਫਰੈਂਡ ਬਣਾਈ ਫਿਰਦੇ ਹਨ। ਨਿਮਰਤ ਨੇ ਵਿਆਹ ਬਾਰੇ ਕਦੇ ਕੋਈ ਹੁੰਗਾਰਾ ਨਹੀਂ ਸੀ ਭਰਿਆ। ਮੇਰਾ ਵਿਚਾਰ ਤਾਂ ਇਹੋ ਸੀ ਕਿ ਜਦੋਂ ਨਿਮਰਤ ਦਾ ਮਨ ਮੰਨੇਂਗਾ ਉਦੋਂ ਉਸ ਦਾ ਵਿਆਹ ਕਰ ਦੇਵਾਂਗੇ। ਬੱਚਿਆਂ ਨੂੰ ਐਵੇਂ ਵਿਆਹ ਲਈ ਮਜਬੂਰ ਨਹੀਂ ਕਰਨਾ ਚਾਹੀਦਾ ਅਤੇ ਉਹ ਵੀ ਅਮਰੀਕਾ ਵਿਚ ਅਤੇ ਫਿਰ ਇਸ ਇੱਕੀਵੀਂ ਸਦੀ ਵਿਚ? ਵਿਆਹ ਦੇ ਮਤਲਬ ਹੀ ਬਦਲੀ ਜਾ ਰਹੇ ਹਨ। ਕਦੇ ਰਿਵਾਜ ਸੀ ਕਿ ਹਿੰਦੁਸਤਾਨ ਵਿਚ ਬਾਰਾਂ-ਤੇਰਾਂ ਸਾਲ ਦੇ ਬੱਚਿਆਂ ਨੂੰ ਵਿਆਹ ਦਿੰਦੇ ਸਨ। ਫਿਰ ਕਈ ਕਈ ਸਾਲ ਲੜਕਾ ਆਪਣੇ ਘਰ ਅਤੇ ਲੜਕੀ ਆਪਣੇ ਘਰ ਰਹੀ

ਜਾਂਦੇ ਸਨ। ਪਰ ਹੁਣ ਤਾਂ ਬੱਚੇ ਕਹਿ ਦਿੰਦੇ ਹਨ ਕਿ ਉਨ੍ਹਾਂ ਨੇ ਸੈਟਲ ਹੋਣ ਤੋਂ ਪਹਿਲਾਂ ਵਿਆਹ ਦੀ ਗੱਲ ਵੀ ਨਹੀਂ ਕਰਨੀ। ਅੱਜਕੱਲ੍ਹ, ਖਾਸ ਕਰਕੇ ਪੱਛਮੀ ਦੇਸ਼ਾਂ ਵਿਚ, ਬਹੁਤੇ ਬੱਚੇ ਤਾਂ ਵਿਆਹ ਕਰਾਉਂਦੇ ਹੀ ਨਹੀਂ। ਕਹਿੰਦੇ ਹਨ, ਪਹਿਲਾਂ ਵਿਆਹ ਕਰਾਓ, ਇੰਨਾ ਪੈਸਾ ਖ਼ਰਚੋ, ਫਿਰ ਜੇ ਨਾ ਬਣੀ ਤਾਂ ਤਲਾਕ ਕਰੋ, ਫਿਰ ਪੈਸਾ ਖ਼ਰਚੋ। ਇਹ ਕੋਈ ਗੱਲ ਹੈ? ਆਰਾਮ ਨਾਲ ਵਿਆਹ ਤੋਂ ਬਗ਼ੈਰ ਹੀ ਇਕੱਠੇ ਰਹੀ ਜਾਓ। ਜਦੋਂ ਤਕ ਨਿਭ ਗਈ ਵਧੀਆ। ਜਦੋਂ ਦਿਲ ਅੱਕ ਗਿਆ, ਆਪਣਾ ਬੋਰੀ ਬਿਸਤਰਾ ਚੁੱਕੋ ਅਤੇ ਵੱਖਰਾ ਵਸੇਰਾ ਬਣਾ ਲਓ। ਨੀਤ ਨੇ ਕਈ ਵਾਰੀ ਨਿਮਰਤ ਨਾਲ ਵਿਆਹ ਦੀ ਗੱਲ ਛੇੜੀ ਸੀ ਪਰ ਨਿਮਰਤ ਨੇ ਕਦੇ ਵੀ ਕੋਈ ਠੀਕ ਜਵਾਬ ਨਾ ਦਿੱਤਾ। "ਮੰਮੀ, ਤੁਸੀਂ ਹਰ ਵੇਲ਼ੇ ਵਿਆਹ ਦੀ ਗੱਲ ਹੀ ਕਿਉਂ ਕਰਦੇ ਹੋ?" "ਮੰਮੀ, ਮੈਂ ਜਦੋਂ ਵਿਆਹ ਕਰਾਉਣਾ ਹੋਊ ਤੁਹਾਨੂੰ ਦੱਸ ਦੇਵਾਂਗੀ।" ਨਿਮਰਤ ਦੇ ਜਵਾਬ ਇਹੋ ਜਿਹੇ ਹੀ ਹੁੰਦੇ ਸਨ।

ਪੰਜ ਕੁ ਸਾਲ ਪਹਿਲਾਂ ਦੀ ਗੱਲ ਹੈ, ਵੀਕ-ਐਂਡ 'ਤੇ ਨਿਮਰਤ ਆਈ ਹੋਈ ਸੀ। ਮੈਂ ਅਤੇ ਨੀਤ ਬੈਠੇ ਕੁਝ ਸਲਾਹਾਂ ਕਰ ਰਹੇ ਸੀ ਕਿ ਨਿਮਰਤ ਆ ਕੇ ਸਾਡੇ ਕੋਲ਼ ਬੈਠ ਗਈ।

"ਮੰਮੀ ਡੈਡੀ, ਮੈਂ ਤੁਹਾਡੇ ਨਾਲ ਇਕ ਗੱਲ ਕਰਨੀ ਹੈ।" ਕੁਝ ਦੇਰ ਸਾਧਾਰਨ ਜਿਹੀਆਂ ਗੱਲਾਂ ਕਰਨ ਤੋਂ ਬਾਅਦ ਨਿਮਰਤ ਬੋਲੀ।

"ਬੇਟਾ ਜ਼ਰੂਰ।" ਮੈਂ ਆਖਿਆ।

"ਮੈਂ ਸਮਲਿੰਗੀ ਹਾਂ ਅਤੇ ਮੇਰੀ ਸਾਥਣ ਕਰਿਸੀ ਮੇਰੇ ਨਾਲ ਰਹਿਣ ਲੱਗ ਪਈ ਹੈ।"

ਮੈਂ ਅਤੇ ਨੀਤ ਨੇ ਇਕ ਦੂਜੇ ਵੱਲ ਦੇਖਿਆ ਪਰ ਕਿਹਾ ਕੁਝ ਨਾ।

"ਤੁਸੀਂ ਮੇਰੇ ਫ਼ੈਸਲੇ ਨਾਲ ਰਜ਼ਾਮੰਦ ਹੋ?" ਸਾਡੇ ਕੁਝ ਨਾ ਕਹਿਣ 'ਤੇ ਨਿਮਰਤ ਨੇ ਫਿਰ ਕਿਹਾ।

"ਬੇਟਾ, ਜੇ ਤੇਰਾ ਇਹੋ ਫ਼ੈਸਲਾ ਤਾਂ ਅਸੀਂ ਇਸ ਨੂੰ ਸਵੀਕਾਰ ਕਰਦੇ ਹਾਂ।" ਮੈਂ ਉੱਠ ਕੇ ਨਿਮਰਤ ਨੂੰ ਕਲਾਵੇ ਵਿਚ ਲੈਂਦਿਆਂ ਆਖਿਆ। ਨੀਤ ਨੇ ਵੀ ਢਿੱਲੇ ਜਿਹੇ ਹੱਥਾਂ ਨਾਲ ਉੱਠ ਕੇ ਨਿਮਰਤ ਨੂੰ ਜੱਫੀ ਵਿਚ ਲੈ ਲਿਆ ਪਰ ਕਿਹਾ ਕੁਝ ਨਾ। ਉਸ ਦੇ ਚਿਹਰੇ ਦੇ ਹਾਵ ਭਾਵ ਕੁਝ ਇਸ ਤਰ੍ਹਾਂ ਸਨ ਜਿਵੇਂ ਕਹਿ ਰਹੇ ਹੋਣ ਕਿ ਓਹੀ ਗੱਲ ਹੋਈ ਜਿਸ ਦਾ ਡਰ ਸੀ।

"ਤੁਹਾਨੂੰ ਕੋਈ ਇਤਰਾਜ਼ ਜਾਂ ਨਮੋਸ਼ੀ ਤਾਂ ਨਹੀਂ।"

"ਬੇਟਾ, ਸਾਨੂੰ ਇਤਰਾਜ਼ ਜਾਂ ਨਮੋਸ਼ੀ ਕਾਹਦੀ? ਤੇਰੀ ਜ਼ਿੰਦਗੀ ਹੈ। ਤੂੰ ਬੱਚੀ ਤਾਂ ਹੈ ਨਹੀਂ। ਜੋ ਵੀ ਫ਼ੈਸਲਾ ਤੂੰ ਕਰਨਾ, ਉਹ ਠੀਕ ਹੀ ਹੈ। ਤੇਰੀ ਖ਼ੁਸ਼ੀ ਵਿਚ ਹੀ ਸਾਡੀ ਖ਼ੁਸ਼ੀ ਹੈ। ਇਸ ਵਿਚ ਨਮੋਸ਼ੀ ਕਾਹਦੀ? ਇਹ ਸਾਡੇ ਘਰ ਦਾ ਮਾਮਲਾ, ਇਸ ਵਿਚ ਕਿਸੇ ਦਾ ਕੀ ਐ।" ਮੇਰਾ ਜਵਾਬ ਸੀ।

"ਮੰਮੀ, ਤੁਸੀਂ ਕੀ ਸੋਚਦੇ ਹੋ?" ਨਿਮਰਤ ਨੇ ਆਪਣੀ ਮਾਂ ਨੂੰ ਚੁੱਪ ਬੈਠਿਆਂ ਦੇਖ ਕੇ ਪੁੱਛਿਆ।

"ਧੀਏ, ਮੈਂ ਕੀ ਕਹਿ ਸਕਦੀ ਹਾਂ। ਜੋ ਤੈਨੂੰ ਠੀਕ ਲਗਦਾ ਮੈਨੂੰ ਮਨਜ਼ੂਰ ਹੈ। ਸਾਨੂੰ ਤਾਂ ਇਹ ਭਾਣਾ ਮੰਨਣਾ ਹੀ ਪੈਣਾ।" ਨੀਤ ਦੀਆਂ ਅੱਖਾਂ ਵਿਚੋਂ ਕੁਝ ਅੱਥਰੂ ਡਿਗਦੇ ਦਿਸੇ।

"ਤੁਹਾਨੂੰ ਕੋਈ ਦੁੱਖ ਤਾਂ ਨਹੀਂ ਲੱਗੇਗਾ?"

"ਮੈਨੂੰ ਦੁੱਖ ਲੱਗੇ ਵੀ ਤਾਂ ਧੀਏ ਮੈਂ ਕੀ ਕਰ ਸਕਦੀ ਹਾਂ।"

"ਡੈਡੀ ਮੰਮੀ, ਆਈ ਲਵ ਯੂ।" ਨਿਮਰਤ ਇਹ ਕਹਿ ਕੇ ਸਾਨੂੰ ਦੋਹਾਂ ਨੂੰ ਆਪਣੀਆਂ ਬਾਹਾਂ ਵਿਚ ਪਿਆਰ ਨਾਲ ਘੁੱਟ ਕੇ ਅੰਦਰ ਆਪਣੇ ਕਮਰੇ ਵਿਚ ਚਲੇ ਗਈ।

"ਮੈਂ ਕਿਹਾ ਭਲਾ ਲੋਕ ਸਮਲਿੰਗੀ ਕਿਉਂ ਬਣਦੇ ਹਨ?" ਕੁਝ ਦੇਰ ਚੁੱਪ ਰਹਿਣ ਤੋਂ ਬਾਅਦ ਨੀਤ ਨੇ ਉਦਾਸੀ ਭਰੀ ਆਵਾਜ਼ ਵਿਚ ਮੈਨੂੰ ਪੁੱਛਿਆ।

"ਵੈਸੇ ਇਸ ਵਿਸ਼ੇ 'ਤੇ ਕੋਈ ਵੀ ਸਹਿਮਤੀ ਨਹੀਂ। ਕਈ ਰਾਵਾਂ ਹਨ। ਕੁਝ ਵਿਦਵਾਨ ਤਾਂ ਕਹਿੰਦੇ ਹਨ ਕਿ ਕਈ ਇਨਸਾਨ ਜਨਮ ਤੋਂ ਹੀ ਸਮਲਿੰਗੀ ਹੁੰਦੇ ਹਨ। ਉਨ੍ਹਾਂ ਦੇ ਦਿਮਾਗ਼ ਵਿਚ ਕੁਝ ਅਜਿਹੇ ਕੈਮੀਕਲ ਹੁੰਦੇ ਹਨ ਜੋ ਉਨ੍ਹਾਂ ਨੂੰ ਸਮਲਿੰਗੀ ਬਣਾ ਦਿੰਦੇ ਹਨ। ਪਰ ਕੁਝ ਵਿਦਵਾਨ ਇਸ

ਗੱਲ ਨਾਲ ਸਹਿਮਤ ਨਹੀਂ। ਉਨ੍ਹਾਂ ਅਨੁਸਾਰ ਇਨਸਾਨ ਮਨੋਵਿਗਿਆਨਕ ਕਾਰਨਾਂ ਅਤੇ ਜਿਸ ਵਾਤਾਵਰਨ ਵਿਚ ਪਲਿਆ ਹੋਵੇ ਉਸ ਕਾਰਨ ਸਮਲਿੰਗੀ ਬਣਦਾ ਹੈ। ਕੁਝ ਵਿਦਵਾਨ ਕਹਿੰਦੇ ਹਨ ਕਿ ਇਹ ਦੋਵੇਂ ਰਾਵਾਂ ਹੀ ਠੀਕ ਹਨ।"

ਨੀਤ ਨੇ ਹੋਰ ਕੁਝ ਵੀ ਨਾ ਕਿਹਾ ਪਰ ਉਹ ਬਹੁਤ ਉਦਾਸ ਅਤੇ ਪ੍ਰੇਸ਼ਾਨ ਦਿਸ ਰਹੀ ਸੀ। ਮੈਂ ਉਸ ਨੂੰ ਦਿਲਾਸਾ ਦਿੱਤਾ ਅਤੇ ਬੱਚੀ ਦੀ ਖ਼ੁਸ਼ੀ ਨੂੰ ਸਵੀਕਾਰ ਕਰਨ ਦੀ ਸਲਾਹ ਦਿੱਤੀ। ਕੁਝ ਦੇਰ ਬਾਅਦ ਨੀਤ ਉੱਠੀ ਅਤੇ ਅੰਦਰ ਬੈੱਡ-ਰੂਮ ਵਿਚ ਜਾ ਕੇ ਪਾਠ ਕਰਨ ਲੱਗ ਪਈ।

000

"ਮੰਮੀ ਡੈਡੀ, ਮੈਂ ਕੁਝ ਮਹੀਨਿਆਂ ਤਕ ਮਾਂ ਬਣਨ ਵਾਲੀ ਹਾਂ।" ਡੇਢ ਕੁ ਸਾਲ ਪਹਿਲਾਂ ਨਿਮਰਤ ਨੇ ਸਾਡੇ ਕੋਲ ਬੈਠਿਆਂ ਮੁਸਕਰਾ ਕੇ ਮੈਨੂੰ ਅਤੇ ਨੀਤ ਨੂੰ ਦੱਸਿਆ।

"ਬੇਟਾ, ਬਹੁਤ ਬਹੁਤ ਵਧਾਈਆਂ।" ਮੈਂ ਨਿਮਰਤ ਦਾ ਸਿਰ ਪਲੋਸਦਿਆਂ ਆਖਿਆ।

"ਪੁੱਤਰ ਵਧਾਈਆਂ। ਪਰ ਇਹ ਹੋਇਆ ਕਿਵੇਂ? ਤੂੰ ਤਾਂ ਵਿਆਹੀ ਵੀ ਨਹੀਂ ਅਤੇ ਤੇਰਾ ਕੋਈ ਬੁਆਏ-ਫਰੈਂਡ ਵੀ ਨਹੀਂ।" ਨੀਤ ਨੇ ਨਿਮਰਤ ਨੂੰ ਬਾਹਾਂ ਵਿਚ ਘੁੱਟਦਿਆਂ ਵਧਾਈਆਂ ਦੇਣ ਦੇ ਨਾਲ ਨਾਲ ਸਵਾਲ ਵੀ ਕਰ ਦਿੱਤਾ।

"ਮਾਂ, ਇੱਕੀਵੀਂ ਸਦੀ ਦੇ ਜ਼ਮਾਨੇ ਵਿਚ ਬੱਚੇ ਪੈਦਾ ਕਰਨ ਲਈ ਪਤੀ ਜਾਂ ਬੁਆਏ-ਫਰੈਂਡ ਦੀ ਲੋੜ ਨਹੀਂ।"

"ਫਿਰ ਇਹ ਹੋਇਆ ਕਿਵੇਂ?" ਨੀਤ ਦਾ ਅਗਲਾ ਸਵਾਲ ਸੀ।

"ਮਾਂ, ਇਹ ਆਰਟੀਫੀਸ਼ਲ ਇਨਸੈਮੀਨੇਸ਼ਨ ਨਾਲ ਹੋਇਆ ਜਿਸ ਵਿਚ ਡਾਕਟਰ ਕਿਸੇ ਆਦਮੀ ਵੱਲੋਂ ਦਾਨ ਕੀਤਾ ਸਪਰਮ ਔਰਤ ਦੇ ਅੰਦਰ ਪਾ ਦਿੰਦੇ ਹਨ।"

"ਤੇ ਫਿਰ ਬੱਚੇ ਦਾ ਪਿਉ ਕੌਣ ਹੈ?" ਕੁਝ ਦੇਰ ਚੁੱਪ ਰਹਿਣ ਤੋਂ ਬਾਅਦ ਨੀਤ ਨੇ ਸਵਾਲ ਕੀਤਾ।

"ਮਾਂ, ਕੋਈ ਪਤਾ ਨਹੀਂ। ਪਿਉ ਦੇ ਜਾਨਣ ਦੀ ਕੀ ਲੋੜ ਐ? ਸਿਰਫ਼ ਉਸ ਦੀ ਨਸਲ, ਰੰਗ, ਪੜ੍ਹਾਈ, ਅਤੇ ਹੋਰ ਵਿਸ਼ੇਸ਼ਤਾਵਾਂ ਵਗ਼ੈਰਾ ਬਾਰੇ ਪਤਾ।"

"ਜਿਵੇਂ ਤੂੰ ਖ਼ੁਸ਼ ਹੈਂ।" ਨੀਤ ਨੇ ਜਿਵੇਂ ਔਖਿਆਂ ਸੌਖਿਆਂ ਸਭ ਕੁਝ ਸਵੀਕਾਰ ਕਰ ਲਿਆ ਹੋਵੇ।

"ਬੇਟਾ ਤੇਰੀ ਕੀ ਖ਼ਾਹਿਸ਼ ਹੈ, ਬੇਟੇ ਦੀ ਜਾਂ ਬੇਟੀ ਦੀ?" ਮੈਂ ਨਿਮਰਤ ਨੂੰ ਪੁੱਛਿਆ।

"ਡੈਡੀ, ਮੈਂ ਤਾਂ ਬੇਟੀ ਚਾਹਾਂਗੀ। ਪੁੱਤਰਾਂ ਨਾਲੋਂ ਧੀਆਂ ਜ਼ਿਆਦਾ ਪਿਆਰ ਕਰਦੀਆਂ ਹਨ।"

"ਬੇਟੀ ਤੂੰ ਬਿਲਕੁਲ ਠੀਕ ਕਿਹਾ।" ਮੇਰਾ ਜਵਾਬ ਸੀ।

"ਲਓ ਮੂੰਹ ਮਿੱਠਾ ਕਰੋ।" ਨੀਤ ਨੇ ਰਸੋਈ ਵਿਚੋਂ ਲੱਡੂਆਂ ਦਾ ਡੱਬਾ ਲਿਆ ਕੇ ਨਿਮਰਤ ਅਤੇ ਮੇਰੇ ਵੱਲ ਕਰਦਿਆਂ ਆਖਿਆ। ਮੈਂ ਇਕ ਲੱਡੂ ਚੁੱਕ ਕੇ ਖਾ ਲਿਆ ਅਤੇ ਨਿਮਰਤ ਨੇ ਥੋੜ੍ਹਾ ਜਿਹਾ ਲੱਡੂ ਭੰਨ ਕੇ ਲੈ ਲਿਆ।

ਕੁਝ ਮਹੀਨਿਆਂ ਬਾਅਦ ਕੋਕੋ ਪੈਦਾ ਹੋਈ ਜਿਸ ਨੂੰ ਦੇਖਦਿਆਂ ਅਤੇ ਜਿਸ ਨਾਲ ਲਾਡ ਕਰਦਿਆਂ ਅਸੀਂ ਫੁੱਲੇ ਨਹੀਂ ਸਮਾਉਂਦੇ। ਅੱਜ ਕੋਕੋ ਦਾ ਪਹਿਲਾ ਜਨਮ ਦਿਨ ਹੈ। ਅਸੀਂ ਕੱਲ੍ਹ ਦੇ ਹੀ ਬੇਟੀ ਦੇ ਘਰ ਆਏ ਹੋਏ ਹਾਂ ਕੋਕੋ ਦਾ ਜਨਮ ਦਿਨ ਮਨਾਉਣ ਲਈ।

"ਡੈਡੀ, ਤੁਸੀਂ ਇੱਥੇ ਹੀ ਬੈਠੇ ਓ! ਮਹਿਮਾਨ ਆਉਣੇ ਸ਼ੁਰੂ ਹੋ ਗਏ। ਬਾਹਰ ਆ ਜਾਓ।" ਨਿਮਰਤ ਨੇ ਆ ਕੇ ਮੇਰੀਆਂ ਸੋਚਾਂ ਦੀ ਲੜੀ ਤੋੜ ਦਿੱਤੀ। 000

(Phone: 860-983-5002
44 Rock Spring Road
West Orange, NJ 07052, USA)

ਛੁੱਟੀ ਹੋਣ ਤੋਂ ਪਹਿਲਾਂ : ਕਹਾਣੀ : ਸਿਮਰਨ ਧਾਲੀਵਾਲ

ਪਿਛਲੇ ਮਹੀਨ ਜਦੋਂ ਬਲਦੀਪ ਮੈਨੂੰ ਮਿਲਿਆ ਸੀ, ਉਹ ਪਹਿਲਾਂ ਨਾਲੋਂ ਵੀ ਵੱਧ ਉਦਾਸ ਸੀ। "ਫਤਹਿ, ਜ਼ਿੰਦਗੀ ਸਾਲੀ ਜ਼ਹਿਰ ਵਰਗੀ ਏ। ਜੀਅ ਕਰਦੈ ਥੁੱਕ ਕੇ ਪਰ੍ਹਾਂ ਮਾਰਾਂ।"

...ਤੇ ਸੱਚਮੁਚ ਉਸਨੇ ਥੁੱਕ ਸੁੱਟਿਆ ਸੀ ਜਿਵੇਂ ਜ਼ਿੰਦਗੀ ਨੂੰ।

"ਫਤਹਿ! ਉਨੇ ਫਾਹਾ ਲੈ ਲਿਆ ਯਾਰ। ਮੈਂ ਦੇਖ ਕੇ ਆਇਆਂ। ਉਹਦੀਆਂ ਬਾਹਰ ਨੂੰ ਨਿਕਲੀਆਂ ਅੱਖਾਂ...।" ਸੋਢੀ ਬੱਚਿਆਂ ਵਾਂਗ ਰੋਣ ਲੱਗਿਆ ਸੀ।

ਅੱਖਾਂ ਤਾਂ ਮੇਰੀਆਂ ਵੀ ਭਰ ਆਈਆਂ ਸਨ। ਮੇਰੇ ਦਿਮਾਗ਼ ਵਿਚ ਬਲਦੀਪ ਦੀ ਤਸਵੀਰ ਉਭਰ ਆਈ ਸੀ।

"ਥੋੜ੍ਹਾ ਜਿਹਾ ਖੁਦ ਨੂੰ ਵੀ ਤਾਂ ਬਦਲ ਲੈ ਦੀਪ। ਜ਼ਿੰਦਗੀ 'ਚ ਇੰਝ ਦਾ ਬਹੁਤ ਕੁਝ ਹੁੰਦੈ। ਹਰ ਗੱਲ ਮਨ 'ਤੇ ਨਾ ਲਗਾਇਆ ਕਰ।" ਉਸ ਦਾ ਉਦਾਸ ਚਿਹਰਾ ਦੇਖਕੇ ਮੈਂ ਵੀ ਉਦਾਸ ਹੋ ਗਿਆ ਸੀ ਉਸ ਦਿਨ।

"ਮੈਂ ਸੰਵੇਦਨਸ਼ੀਲ ਬੰਦਾ ਆਂ ਯਾਰ! ਕੋਈ ਹੋਰ ਹੁੰਦਾ ਤਾਂ ਪਰਵਾਹ ਨਾ ਕਰਦਾ...।" ਉਹ ਹਰ ਗੱਲ ਦੀ ਪਰਵਾਹ ਕਰਦਾ।

ਪਰ ਉਸਨੇ ਇੰਝ ਕਿਵੇਂ... ਮੈਂ ਸੋਚਦਾ ਰਿਹਾ।

ਸਿਰਹਾਣੇ ਪਈ ਚਾਹ ਪਾਣੀ ਬਣ ਗਈ ਸੀ। ਗਗਨ ਅੰਦਰ ਆਈ। ਮੇਰੀਆਂ ਭਿੱਜੀਆਂ ਅੱਖਾਂ ਦੇਖ ਕੇ ਉਹ ਡਰ ਗਈ।

"ਕੀ ਹੋਇਆ!" ਉਸਦੀ ਆਵਾਜ਼ ਵਿਚ ਸਹਿਮ ਸੀ।

"ਦੀਪ ਨੇ...।" ਮੇਰਾ ਗੱਚ ਭਰ ਆਇਆ।

ਪਰ ਉਹ ਕੁਝ ਨਾ ਬੋਲੀ। "ਉਧਰ ਜਾਣੈਂ ਤੁਸੀਂ? ਮੈਂ ਖਾਣਾ ਬਣਾ ਲਵਾਂ।" ਉਹ ਕਿਚਨ ਵਿਚ ਜਾ ਕੇ ਖਾਣਾ ਬਣਾਉਣ ਲੱਗੀ।

ਮੈਂ ਕਹਿਣਾ ਚਾਹੁੰਦਾ ਸੀ ਕਿ ਤੂੰ ਵੀ ਨਾਲ ਚੱਲ ਪੈ... ਕਿਹੜਾ ਕਿਸੇ ਦਾ ਦੁੱਖ...। ਪਰ ਕੁਝ ਕਹਿਣ ਦੀ ਜਿਵੇਂ ਹਿੰਮਤ ਹੀ ਨਾ ਪਈ।

ਮੈਂ ਕੰਬਲ ਉਪਰ ਲੈ ਕੇ ਕਿੰਨੀ ਹੀ ਦੇਰ ਉਸੇ ਤਰ੍ਹਾਂ ਪਿਆ ਰਿਹਾ। ਵਕਤ ਦਾ ਕੁਝ ਪਤਾ ਹੀ ਨਾ ਲੱਗਿਆ। ਮੇਰੀਆਂ ਸੋਚਾਂ ਵਿਚ ਦੀਪ ਘੁੰਮਦਾ ਰਿਹਾ।

ਜਿਸ ਦਿਨ ਉਸਦੀ ਦੇਖ-ਦਿਖਾਈ ਹੋਈ, ਸੋਢੀ ਦੀ ਦੁਕਾਨ 'ਤੇ ਮਿਲੇ ਸੀ ਅਸੀਂ। ਦੀਪ ਉਸ ਦਿਨ ਵੀ ਉਦਾਸ ਸੀ।

"ਹੁਣ ਤਾਂ ਹੱਸ ਲੈ ਚਾਰ ਦਿਨ। ਵਿਆਹ ਪਿੱਛੋਂ ਸਾਡੇ ਵਾਂਗ ਰੋਇਆ ਕਰੇਂਗਾ। ਨਹੀਂ ਤਾਂ ਪੁੱਛ ਲੈ ਕੈਸ਼ੀਅਰ ਸਾਬ੍ਹ ਨੂੰ।" ਸੋਢੀ ਦੀਪ ਨੂੰ ਆਖਦਾ, ਮੇਰੇ ਵੱਲ ਦੇਖ ਕੇ ਮੁਸਕਰਾਇਆ। ਦੀਪ ਫਿੱਕਾ ਜਿਹਾ ਹੱਸਿਆ। ਮੈਂ ਜਾਣਦਾ ਸਾਂ ਉਸਦੇ ਸੁਭਾਅ ਨੂੰ। ਇਸ ਲਈ ਉਸਦੀ ਬਰਾਤ ਵਾਲੇ ਦਿਨ ਮੈਂ ਉਸਨੂੰ ਹਸਾਉਣ ਦੀ ਕੋਸ਼ਿਸ਼ ਵਾਰ ਵਾਰ ਕਰਦਾ ਰਿਹਾ ਸੀ। ਪਰ ਦੀਪ ਤਾਂ ਜਿਵੇਂ ਸੱਤ ਜਨਮਾਂ ਦਾ ਉਦਾਸ ਸੀ।

ਉਸਦੀ ਲਾੜਾ ਬਣੇ ਦੀ ਤਸਵੀਰ ਮੇਰੀਆਂ ਅੱਖਾਂ ਅੱਗੇ ਆ ਗਈ।

"ਬੱਚਿਆਂ ਦੇ ਆਉਣ ਤੋਂ ਪਹਿਲਾਂ ਮੁੜ ਆਇਓ ਫਿਰ ਉਧਰੋਂ। ਅੱਜ ਤਾਂ ਚੱਲ ਸਬੱਬ ਨਾਲ...। ਮੈਂ ਜਾ ਕੇ ਲੀਵ ਦੇ ਦਿੰਦੀ ਹਾਂ ਤੁਹਾਡੀ।" ਗਗਨ ਦੇ ਬੋਲਾਂ ਨੇ ਮੇਰੀ ਸੁਰਤੀ ਤੋੜ ਦਿੱਤੀ।

"ਮੈਂ ਮੇਲੇ ਤਾਂ ਨਹੀਂ ਚੱਲਿਆ। ਮੇਰਾ ਸਭ ਤੋਂ ਕਰੀਬੀ ਦੋਸਤ ਫਾਹਾ ਲੈ ਕੇ ਮਰ ਗਿਆ... ਤੈਨੂੰ...।" ਕਿੰਨਾ ਕੁਝ ਕਹਿਣਾ ਚਾਹੁੰਦਾ ਸੀ ਮੈਂ, ਪਰ ਕਹਿ ਨਾ ਸਕਿਆ।

ਦੀਪ ਦੇ ਵਿਆਹ ਮੌਕੇ ਵੀ ਤਾਂ ਆਹੀ ਕੁਝ ਹੋਇਆ ਸੀ। ਗਗਨ ਵਿਆਹ ਨਹੀਂ ਸੀ ਤੁਰੀ

ਮੇਰੇ ਨਾਲ। ਹਜ਼ਾਰ ਵਾਰ ਪੁੱਛਣ 'ਤੇ ਇਕ ਸਤਰ ਵਿਚ ਗੱਲ ਮੁਕਾ ਦਿੱਤੀ ਸੀ ਉਸਨੇ। "ਬੱਸ ਮੇਰਾ ਮਨ ਨਹੀਂ ਕਰਦਾ।"

...ਤੇ ਮੈਨੂੰ ਤੁਰਨ ਵੇਲੇ ਹਜ਼ਾਰ ਵਾਰ ਯਾਦ ਕਰਵਾਇਆ ਸੀ। "ਵੇਲੇ ਨਾਲ ਮੁੜ ਆਇਓ... ਐਵੇਂ ਨਾ ਬੰਨ੍ਹੇ ਰਹਿਓ ਉੱਥੇ।" ਮੇਰਾ ਦਿਲ ਕੀਤਾ ਸੀ, ਸਿਰ ਉੱਤੋਂ ਪੱਗ ਵਗਾਹ ਕੇ ਮਾਰਾਂ।

"ਸਾਲਾ ਕਿਤੇ ਜਾਣਾ ਹੋਵੇ। ਤੇਰਾ ਆਹੀ ਯੱਭ ਰਹਿੰਦਾ।" ਮੈਂ ਬੋਲਦਾ ਬੋਲਦਾ ਰੁਕ ਗਿਆ। ਡਰ ਸੀ ਕਿ 'ਹਮੇਸ਼ਾ' ਵਾਂਗ ਇਸ ਵਾਰ ਵੀ 'ਨਿੱਕੀ ਜਿਹੀ ਗੱਲ' ਵਧ ਕੇ 'ਕਲੇਸ਼' ਨਾ ਬਣ ਜਾਏ। ਮੇਰਾ ਮਨ ਸਾਰਾ ਦਿਨ ਬੁਝਿਆ ਰਿਹਾ ਸੀ। ਪਰ ਫਿਰ ਵੀ ਮੈਂ ਦੀਪ ਨੂੰ ਖੁਸ਼ ਦੇਖਣਾ ਚਾਹੁੰਦਾ ਸੀ।

"ਸਾਡੀ ਬਣਨੀ ਨਹੀਂ ਫਤਹਿ। ਮੈਂ ਮਹਿਸੂਸ ਕੀਤਾ। ਜ਼ਮੀਨ ਅਸਮਾਨ ਦਾ ਫਰਕ ਹੈ ਸਾਡੀ ਸੋਚ ਵਿਚ।" ਵਿਆਹ ਤੋਂ ਦੋ ਕੁ ਮਹੀਨੇ ਪਹਿਲਾਂ, ਦੀਪ ਭਵਿੱਖਬਾਣੀ ਕਰਨ ਲੱਗਿਆ ਸੀ।

"ਫਿਰ ਤਾਂ ਦੋ ਗੱਲਾਂ ਨੇ...। ਜਾਂ ਤਾਂ ਹੁਣ ਹਿੰਮਤ ਕਰ ਲੈ। ਜਵਾਬ ਦੇ ਦੇ ਇਸ ਰਿਸ਼ਤੇ ਤੋਂ...। ਜਾਂ ਫਿਰ ਸਾਰੀ ਉਮਰ...।" ਉਸ ਪਲ ਜਿਵੇਂ ਮੈਨੂੰ ਮੇਰਾ ਵੇਲਾ ਚੇਤੇ ਆ ਗਿਆ ਸੀ। "ਬਾਕੀ ਇਕ ਦੂਜੇ ਨੂੰ ਸਮਝਣ 'ਤੇ ਟਾਈਮ ਲੱਗਦਾ। ਦੋ ਭਾਂਡੇ ਆਪਸ 'ਚ ਭਿੜ ਈ ਪੈਂਦੇ ਨੇ...।"

ਇਸੇ ਭੇੜ ਤੋਂ ਡਰਦਿਆਂ, ਬਰਾਤ ਮੁੜਦਿਆਂ ਸਾਰ ਮੈਂ ਮੋਟਰਸਾਈਕਲ ਚੁੱਕਕੇ ਘਰ ਮੁੜ ਆਇਆ ਸੀ। ਦੀਪ ਨੇ ਬਹੁਤ ਰੋਕਿਆ। ਬਹੁਤ ਤਰਲੇ ਲਏ। ਇਕ ਮਨ ਕੀਤਾ, ਗਗਨ ਨੂੰ ਫੋਨ ਕਰ ਕੇ ਨਾ ਆਉਣ ਦਾ ਕਹਿ ਦਿਆਂ। ਇੰਨਾ ਵੀ ਕਿਹੜਾ ਭੁਚਾਲ ਆ ਚੱਲਿਆ। ਪਰ ਮਨ ਨੂੰ ਇਕ ਅਜੀਬ ਜਿਹੀ ਚਿੰਤਾ ਖਾਈ ਜਾ ਰਹੀ ਸੀ। ਮੈਂ ਘਰ ਮੁੜ ਆਇਆ। ਪਰ ਗਗਨ ਤਾਂ ਫਿਰ ਵੀ ਨਰਾਜ਼ ਸੀ। ਖਿਝ ਸੀ ਉਸਦੇ ਬੋਲਾਂ 'ਚ।

"ਰੋਟੀ ਖਾਣੀ ਐ?" ਬੱਚਿਆਂ ਨਾਲ ਪਈ ਹੀ ਬੋਲੀ ਸੀ ਉਹ।

ਮੈਂ ਸਿਰ ਹਿਲਾ ਕੇ ਨਾਂਹ ਕਰ ਦਿੱਤੀ। ਮਨ 'ਤੇ ਛਾਈ ਉਦਾਸੀ ਹੋਰ ਗੂੜ੍ਹੀ ਹੋ ਗਈ ਸੀ।

"ਅੱਜ ਫਿਰ ਮੈਂ ਐਕਟਿਵਾ ਲੈ ਜਾਂਦੀ ਹਾਂ," ਪਰਸ ਚੁੱਕਦੀ ਹੋਈ ਗਗਨ ਬੋਲੀ। ਉਸ ਨੇ ਮੇਰਾ ਜਵਾਬ ਨਹੀਂ ਸੀ ਉਡੀਕਿਆ। "ਰੋਟੀ ਪਈ ਏ ਰਸੋਈ 'ਚ। ਖਾ ਲਿਓ। ਛੁੱਟੀ ਤੋਂ ਪਹਿਲਾਂ ਆ ਜਾਇਓ...।" ਅਗਲੇ ਪਲ ਸਕੂਟੀ ਸਟਾਰਟ ਹੋਣ ਦੀ ਆਵਾਜ਼ ਮੇਰੇ ਕੰਨੀਂ ਪਈ...। ਤੇ ਓਸ ਤੋਂ ਅਗਲੇ ਪਲ ਗਗਨ ਬੂਹਿਉਂ ਬਾਹਰ ਹੋ ਗਈ।

ਅਸੀਂ ਦੋਨੋਂ ਇਕੋ ਬੈਂਕ ਵਿਚ ਨੌਕਰੀ ਕਰਦੇ ਹਾਂ।

ਗਗਨ ਦੇ ਚਲੇ ਜਾਣ ਤੋਂ ਬਾਅਦ ਮੈਂ ਦੀਪ ਨੂੰ ਭੁੱਲ ਕੇ ਸਾਡੇ ਆਪਣੇ ਰਿਸ਼ਤੇ ਬਾਰੇ ਸੋਚਣ ਲੱਗਾ।

ਕਿੰਨੇ ਸਾਲ ਬੀਤ ਗਏ ਨੇ ਸਾਡੇ ਵਿਆਹ ਨੂੰ, ਪਰ ਫਿਰ ਵੀ ਮੈਂ ਗਗਨ ਨੂੰ ਸਮਝ ਨਹੀਂ ਸਕਿਆ। ਨਿੱਕੀ ਨਿੱਕੀ ਗੱਲ ਤੋਂ ਸਾਡੇ ਵਿਚ ਤਕਰਾਰ ਹੋ ਜਾਂਦੀ। ਮੈਂ ਹਰ ਤਰ੍ਹਾਂ ਨਾਲ ਮਾਹੌਲ ਨੂੰ ਠੀਕ ਰੱਖਣ ਦੀ ਕੋਸ਼ਿਸ਼ ਕਰਦਾ।

"ਸਭ ਤੋਂ ਕਰੀਬੀ ਯਾਰ ਹੀ ਸਭ ਤੋਂ ਪਹਿਲਾਂ ਘਰਾਂ ਨੂੰ ਦੌੜ ਗਏ।" ਮੈਨੂੰ ਯਾਦ ਹੈ, ਵਿਆਹ ਵਾਲੀ ਰਾਤ ਮੇਰੇ ਨਾ ਰੁਕਣ ਤੋਂ ਬਹੁਤ ਖਫਾ ਹੋਇਆ ਸੀ ਦੀਪ।

... ਤੇ ਮੈਂ ਅੱਜ ਵੀ ਬੱਚਿਆਂ ਦੇ ਸਕੂਲ ਤੋਂ ਮੁੜਨ ਤੋਂ ਪਹਿਲਾਂ ਘਰ ਮੁੜਨਾ ਹੈ। ਗਗਨ ਦੀ ਗੱਲ ਯਾਦ ਕਰਕੇ ਮਨ ਇਕ ਵਾਰ ਫਿਰ ਤੋਂ ਉਦਾਸ ਹੋ ਗਿਆ। ਮੈਂ ਉਠ ਕੇ ਕੱਪੜੇ ਬਦਲੇ। ਬਿਨ ਨਹਾਏ ਹੀ ਤਿਆਰ ਹੋ ਕੇ ਦੀਪ ਦੇ ਪਿੰਡ ਵੱਲ ਨੂੰ ਤੁਰ ਪਿਆ। ਸਾਰੇ ਰਾਹ ਦੀਪ ਜਿਵੇਂ ਮੇਰੇ ਨਾਲ ਤੁਰਦਾ ਰਿਹਾ। ਇਸ ਰਸਤੇ ਤੋਂ ਕਿੰਨੀ ਵਾਰ ਇਕੱਠਿਆਂ ਗੁਜ਼ਰੇ ਸਾਂ ਅਸੀਂ। ਮੇਰੇ ਚੇਤੇ ਵਿਚ

ਉਹ ਦਿਨ ਉਭਰ ਆਇਆ, ਜਦ ਉਸਦੇ ਰੋਕੇ ਬਾਅਦ ਉਸਦੇ ਪਿੰਡ ਗਏ ਸੀ ਅਸੀਂ। ਬਾਕੀ ਪਰਿਵਾਰ ਨੂੰ ਭੇਜ ਕੇ, ਉਹ ਸਾਡੇ ਨਾਲ ਸੋਢੀ ਵਾਲੀ ਗੱਡੀ 'ਚ ਆ ਬੈਠਾ। ਸੋਢੀ ਗੱਡੀ ਚਲਾ ਰਿਹਾ ਸੀ। ਅਸੀਂ ਦੋਨੋਂ ਪਿਛਲੀ ਸੀਟ 'ਤੇ ਬੈਠੇ ਸਾਂ।

"ਫਤਹਿ! ਮੇਰਾ ਮਨ ਨਹੀਂ ਠੀਕ।"

"ਦੀਪ ਕਿਉਂ ਇੰਨਾ ਨੈਗੇਟਿਵ ਸੋਚਦਾ ਹੈਂ ਯਾਰ। ਕੁੜੀ ਪੜ੍ਹੀ ਲਿਖੀ ਏ। ਘਰ ਪਰਿਵਾਰ ਚੰਗਾ ਹੈ, ਹੋਰ ਦਿੱਕਤ ਕੀ ਹੈ? ਇਹ ਵੀ ਤਾਂ ਦੱਸ। ਜਦ ਦੇਖ-ਦਿਖਾਈ ਹੋਈ ਸੀ, ਤੂੰ ਉਦੋਂ ਕਿਉਂ ਨਾ ਨਾਂਹ ਕੀਤੀ ਇਸ ਰਿਸ਼ਤੇ ਤੋਂ?"

"ਨਾਂਹ ਇਸ ਲਈ ਨਹੀਂ ਸੀ ਕਰ ਸਕਿਆ, ਕਿਉਂਕਿ ਸਾਡੇ ਇੱਥੇ ਰਿਸ਼ਤੇ ਮੁੰਡੇ ਕੁੜੀ ਦੇ ਨਹੀਂ ਹੁੰਦੇ। ਦੋ ਪਰਿਵਾਰਾਂ ਦੇ ਹੁੰਦੇ ਨੇ। ਸਮਾਜ ਦੇ ਹੁੰਦੇ ਨੇ...। ਅਸੀਂ ਖੁਦ ਮਰਦੇ ਹਾਂ ਪਰ ਸਮਾਜ ਲਈ ਜਿਉਣ ਦੀ ਕੋਸ਼ਿਸ਼ ਕਰਦੇ ਹਾਂ...।" ਮੈਂ ਦੇਖਿਆ ਉਸਦੀਆਂ ਅੱਖਾਂ ਵਿਚ ਹਲਕੀ ਜਿਹੀ ਨਮੀ ਸੀ।

ਉਹ ਨਮੀ ਸ਼ਾਇਦ ਇਸੇ ਦਿਨ ਦਾ ਸੰਕੇਤ ਸੀ।

"ਤੂੰ ਤਾਂ ਕਲਾਕਾਰ ਐਂ ਦੀਪ। ਤੈਥੋਂ ਵੱਧ ਕੌਣ ਸਮਝ ਸਕਦਾ। ਮਨ ਨੂੰ ਸਮਝਾ। ਇਉਂ ਕਿਵੇਂ ਸਰਨਾ ਯਾਰ...।" ਮੈਂ ਉਸਦੇ ਕੱਲ੍ਹ ਲਈ ਚਿੰਤਤ ਸਾਂ।

"ਫਤਹਿ ਮਨ ਐਵੇਂ ਹੀ ਉਦਾਸ ਨਹੀਂ ਹੁੰਦਾ। ਬਹੁਤ ਕੁਝ ਮਹਿਸੂਸ ਕਰਦਾ ਇਹ।" ਉਸ ਦਿਨ ਮੈਨੂੰ ਲੱਗਿਆ ਸੀ ਜਿਵੇਂ ਉਹ ਆਪਣੇ ਕਿਸੇ ਨਾਟਕ ਦਾ ਸੰਵਾਦ ਸੁਣਾ ਰਿਹਾ ਹੋਵੇ। ਪਰ ਸੱਚਮੁੱਚ ਉਸਦੀ ਜ਼ਿੰਦਗੀ ਉਦਾਸ ਬਣ ਗਈ ਸੀ। ਉਸਦੇ ਮਹਿਸੂਸ ਕੀਤੇ ਸੰਕੇਤ ਸੱਚ ਹੋਈ ਜਾ ਰਹੇ ਸਨ।

ਮਸਾਂ ਤਿੰਨ ਕੁ ਦਿਨ ਹੀ ਬੀਤੇ ਸਨ ਅਜੇ। ਫੋਨ 'ਤੇ ਸਾਡੀ ਲੰਬੀ ਗੱਲ ਹੋਈ ਸੀ।

"ਗੱਲ ਕਿੰਨੀ ਮਾਮੂਲੀ ਸੀ ਫਤਹਿ। ਮੈਂ ਸਿਰਫ ਇਹ ਕਿਹਾ ਸੀ ਕਿ ਬਹੁਤਾ ਮੇਕਅੱਪ ਨਾ ਕਰਿਆ ਕਰ। ਮੈਨੂੰ ਨਹੀਂ ਚੰਗਾ ਲੱਗਦਾ। ਕੀ ਬੁਰਾਈ ਸੀ ਇਸ ਗੱਲ 'ਚ। ਉਹ ਮੂੰਹ ਬਣਾਈ ਬੈਠੀ ਦੋ ਦਿਨ ਹੋਗੇ। ਸਾਰਾ ਦਿਨ ਰੋਟੀ ਨਹੀਂ ਖਾਧੀ।" ਦੀਪ ਦੀ ਆਵਾਜ਼ ਵਿਚ ਖਿਝ ਵੀ ਸੀ ਤੇ ਉਦਾਸੀ ਵੀ।

"ਇਕ ਦੂਜੇ ਨੂੰ ਸਮਝਣ ਵਿਚ ਵਕਤ ਲੱਗਦਾ। ਅਜੇ ਤਾਂ ਦਿਨ ਹੀ ਦੋ ਹੋਏ ਨੇ। ਸਿੰਪਲ ਲਿਵਿੰਗ ਤੈਨੂੰ ਪਸੰਦ ਹੈ। ਪਰ ਔਰਤ ਨੂੰ ਹਾਰ-ਸ਼ਿੰਗਾਰ ਵੱਧ ਚੰਗਾ ਲੱਗਦਾ। ਇਹ ਗੱਲ ਲੜਨ ਵਾਲੀ ਨਹੀਂ।"

ਮੇਰੀਆਂ ਅੱਖਾਂ ਅੱਗੇ ਗਗਨ ਆ ਗਈ ਸੀ। ਅਸੀਂ ਤਾਂ ਦਸ ਸਾਲ ਇਕੱਠੇ ਰਹਿ ਕੇ ਵੀ ਨਹੀਂ ਸਾਂ ਸਮਝ ਸਕੇ ਇਕ ਦੂਜੇ ਨੂੰ।

ਸੱਚਮੁੱਚ ਹੋਣੀਆਂ ਦੇ ਵੀ ਸੰਕੇਤ ਹੁੰਦੇ ਨੇ।

ਸਾਡੇ ਵਿਚਕਾਰ ਅਕਸਰ ਤਣਾਅ ਪਸਰਿਆ ਰਹਿੰਦਾ। ਵਜਾਹ ਹੁੰਦੀ, ਬੱਸ ਬੇਅਰਥ ਜਿਹੀਆਂ ਗੱਲਾਂ।

"ਹਰੇਕ ਇਨਸਾਨ ਲਈ ਜ਼ਿੰਦਗੀ ਦੇ ਆਪਣੇ ਆਪਣੇ ਅਰਥ ਹੁੰਦੇ ਨੇ ਫਤਹਿ। ਮੇਰੇ ਲਈ ਜ਼ਿੰਦਗੀ ਮਹਿਜ਼ ਆਟਾ ਸਬਜ਼ੀਆਂ ਖਰੀਦਣਾ ਨਹੀਂ। ਥੀਏਟਰ ਜਨੂੰਨ ਹੈ ਮੇਰਾ।" ਉਸ ਦਿਨ ਸਭ ਤੋਂ ਵੱਧ ਤੜਫਿਆ ਸੀ ਦੀਪ। "ਉਹ ਆਖਦੀ ਹੈ, ਮੇਰਾ ਨਾਟ-ਗਰੁੱਪ ਵਾਲੀ ਸਾਵੀ ਨਾਲ ਰਿਸ਼ਤਾ। ਮੇਰੇ ਕਿਰਦਾਰ 'ਤੇ ਸ਼ੱਕ ਹੈ ਉਸਨੂੰ। ਕਹਿੰਦੀ ਤੂੰ ਨਾਟਕ ਖੇਡਦਾ ਨਹੀਂ, 'ਨਾਟਕ ਕਰਦਾਂ।"

ਅੱਜ ਉਸ ਨਾਟਕ ਵਾਲਾ ਦੀਪ...

ਕਾਲਿਜ ਵੇਲੇ ਸ਼ੁਰੂ ਹੋਇਆ ਸੀ ਦੀਪ ਦਾ ਇਹ ਸਫਰ।

ਪ੍ਰੋਫੈਸਰ ਵਰਮਾ ਨੇ ਕਲਾਸ ਵਿਚ ਆ ਕੇ ਪੁੱਛਿਆ ਸੀ, ਸਭ ਨੂੰ। "ਅਸੀਂ ਨਾਟਕ ਦਾ

ਮੰਚਨ ਕਰਨਾ ਹੈ। ਜਿਹੜੇ ਵਿਦਿਆਰਥੀ ਇੱਛਕ ਨੇ, ਅਡੀਸ਼ਨ ਲਈ ਜ਼ਰੂਰ ਆਇਓ।"

ਦੀਪ ਸਭ ਤੋਂ ਪਹਿਲਾਂ ਗਿਆ ਤੇ ਉਸ ਨਾਟਕ ਦਾ ਕੇਂਦਰੀ ਪਾਤਰ ਬਣਿਆ ਸੀ। ਮੈਂ ਤੇ ਸੋਢੀ ਨੇ ਸਭ ਤੋਂ ਅੱਗੇ ਬੈਠ ਕੇ ਨਾਟਕ ਦੇਖਿਆ ਸੀ।

ਨਾਟਕ ਇਸ਼ਕ ਹੋ ਨਿਬੜਿਆ ਸੀ ਦੀਪ ਦਾ।

"ਇਸ ਨਾਟਕਬਾਜ਼ੀ ਨੇ ਰੋਟੀ ਨਹੀਂ ਦੇਣੀ। ਜ਼ਿੰਮੇਵਾਰੀ ਵੀ ਤਾਂ ਕੋਈ ਚੀਜ਼ ਹੁੰਦੀ। ਫੜਿਆ ਬੈਗ ਤੇ ਤੁਰ ਗਏ ਘਰ ਤੋਂ।" ਦੀਪ ਦੇ ਨਾਟਕ ਫੈਸਟੀਵਲ 'ਤੇ ਜਾਣ ਲੱਗਿਆਂ ਵੀ ਕਲੇਸ਼ ਪਾ ਕੇ ਬੈਠ ਗਈ ਸੀ ਨਿਰਮਲ। ਸਾਫ ਕਿਹਾ ਸੀ ਉਸਨੇ ਕਿ ਉਹ ਇਸ 'ਫਾਲਤੂ ਕੰਮ' ਨੂੰ ਛੱਡ ਕੇ ਕੋਈ 'ਹੋਰ ਧੰਦਾ'ਕਰ ਲਏ।

"ਮੈਂ ਬਹੁਤ ਕੁਝ ਛੱਡਿਆ ਯਾਰ। ਸਿਰਫ ਇਸ ਲਈ ਕਿ ਘਰ ਦਾ ਮਾਹੌਲ ਠੀਕ ਰਹੇ। ਪਰ ਨਾਟਕ ਬਿਨਾਂ ਮਰ ਜਾਊਂ ਮੈਂ।" ਸਾਡੇ ਕੋਲ ਬੈਠਾ ਦੀਪ ਅੰਤਾਂ ਦਾ ਨਿਰਾਸ ਸੀ।

ਮੈਂ ਤੇ ਸੋਢੀ ਨੇ ਬਹੁਤ ਸਮਝਾਇਆ। ਪਰ ਜਾਣ ਦੀ ਗੱਲ ਤਾਂ ਉਸ ਨੇ ਉਸ ਦਿਨ ਵੀ ਕੀਤੀ ਸੀ...।

"ਨੱਬੇ ਪਰਸੈਂਟ ਤਲਾਕ ਤਾਂ ਵਿਚਾਰ ਨਾ ਮਿਲਣ ਕਰਕੇ ਹੀ ਹੁੰਦੇ ਨੇ। ਜੇ ਨਹੀਂ ਬਣ ਆਉਂਦੀ ਤਾਂ ਹੁਣ ਅਲੱਗ ਹੋ ਜਾਓ। ਕਲ੍ਹ ਨੂੰ ਬੱਚੇ ਹੋ ਜਾਣ ਤੋਂ ਬਾਅਦ ਬੰਦਾ ਬੱਚਿਆਂ ਖਾਤਰ ਸਮਝੌਤੇ ਕਰਦਾ ਫਿਰਦਾ। ਇਉਂ ਜ਼ਿੰਦਗੀ ਕਿਵੇਂ ਨਿਕਲੂ?"

...ਤੇ ਸੱਚਮੁੱਚ ਜ਼ਿੰਦਗੀ ਇੰਝ ਹੀ ਲੰਘਦੀ ਰਹੀ। ਨਿਰਮਲ ਤੇ ਦੀਪ ਅਕਸਰ ਲੜਦੇ, ਝਗੜਦੇ। ਦੀਪ ਪ੍ਰੇਸ਼ਾਨ ਹੋ ਉਠਦਾ। ਰਾਤ ਨੂੰ ਨੀਂਦ ਦੀ ਗੋਲੀ ਖਾ ਕੇ ਸੌਂਦਾ। ਉਹ ਮਾਨਸਿਕ ਤੌਰ 'ਤੇ ਟੁੱਟਦਾ ਜਾ ਰਿਹਾ ਸੀ।

ਨਿਰਮਲ ਨਿੱਕੀ ਨਿੱਕੀ ਗੱਲ 'ਤੇ ਰੁੱਸ ਕੇ ਬੈਠ ਜਾਂਦੀ। ਸਿੱਧੀ ਜਿਹੀ ਗੱਲ ਨੂੰ ਆਪਣੇ ਹੀ ਅਰਥ ਦੇ ਕੇ ਕਲੇਸ਼ ਪਾ ਲੈਂਦੀ। ਘਰੇ ਰੋਟੀ ਨਾ ਪੱਕਦੀ। ਉਹ ਅੰਦਰ ਵੜ ਕੇ ਰੋਂਦੀ ਰਹਿੰਦੀ। ਘਰ ਦੀਆਂ ਚੀਜ਼ਾਂ ਭੰਨ ਸੁੱਟਦੀ। ਕਦੇ ਕਦੇ ਦੀਪ ਦਾ ਫੋਨ ਚੈੱਕ ਕਰਨ ਲੱਗਦੀ। ਕਿਸੇ ਔਰਤ ਦਾ ਨਾਮ ਪੜ੍ਹਕੇ ਉਸਦਾ ਵਤੀਰਾ ਹੋਰ ਬਦਲ ਜਾਂਦਾ।

"ਤਾਂ ਹੀ ਤਾਂ ਸਾਰਾ ਦਿਨ ਕੰਨ ਨਾਲੋਂ ਫੋਨ ਨਹੀਂ ਲੱਥਦਾ...।" ਉਹ ਜੋ ਮਨ ਵਿਚ ਆਉਂਦਾ ਬੋਲ ਜਾਂਦੀ।

ਦੀਪ ਐਸੀਆਂ ਹਜ਼ਾਰਾਂ ਗੱਲਾਂ ਦੱਸਦਾ।

"ਤੁਹਾਡੇ ਮਾਨਸਿਕ ਪੱਧਰ ਨਹੀਂ ਮਿਲਦੇ ਅਸਲ 'ਚ।" ਸੁਣ ਕੇ ਦੀਪ ਮਾਨਸਿਕ ਤੌਰ 'ਤੇ ਖੁਰਦਾ ਰਹਿੰਦਾ।

ਮੈਂ ਖੁਦ ਨੂੰ ਦੀਪ ਦੀ ਥਾਏਂ ਰੱਖ ਕੇ ਦੇਖਦਾ। ਸ਼ਾਇਦ ਇਸੇ ਲਈ ਮੈਨੂੰ ਉਸਦੀ ਤਕਲੀਫ ਵੱਧ ਸਮਝ ਆਉਂਦੀ ਸੀ।

ਮਾਨਸਿਕ ਪੱਧਰ ਤਾਂ ਸਾਡਾ ਵੀ ਨਹੀਂ ਮਿਲਦਾ।

ਇਸ ਲਈ ਤਾਂ ਦੀਪ ਦੇ ਨਾ ਰਹਿਣ ਦੀ ਗੱਲ ਵੀ ਇੰਨੀ ਛੋਟੀ ਲੱਗੀ ਸੀ ਗਗਨ ਨੂੰ।

ਖੁਸ਼ੀ 'ਚ ਨਾ ਸਹੀ... ਪਰ ਕਿਸੇ ਦੇ ਦੁੱਖ 'ਚ ਤਾਂ...

ਪਰ ਗਗਨ ਨੂੰ ਨਾ ਤਾਂ ਦੀਪ ਪਸੰਦ ਸੀ ਨਾ ਸੋਢੀ।

"ਜਿਹੋ ਜਿਹਾਂ ਨਾਲ ਰਹਿਣਾ-ਬਹਿਣਾ, ਉਹੋ ਜਿਹੀ ਮੱਤ ਆਉਣੀ। ਐਵੇਂ ਤਾਂ ਨਹੀਂ ਰੋਂਦੀ ਅਗਲੀ।" ਗਗਨ ਦੀਪ ਹੋਰਾਂ ਨਾਲ ਬੈਠਣ ਤੋਂ ਖਿਝਣ ਲੱਗਦੀ।

ਸਾਰਾ ਦਿਨ ਬੈਂਕ ਬੀਤ ਜਾਂਦਾ। ਕਦੇ ਸਬੱਬ ਨਾਲ ਸਾਡੀ ਮੁਲਾਕਾਤ ਹੁੰਦੀ। ਫਿਰ ਤੋਂ ਪਹਿਲਾਂ ਵਾਲੀ ਜ਼ਿੰਦਗੀ ਜਿਉਣ ਨੂੰ ਮਨ ਕਰਦਾ। ਸੋਢੀ ਕਾਲਿਜ ਦੇ ਦਿਨ ਅੱਖਾਂ ਸਾਹਮਣੇ ਲੈ ਆਉਂਦਾ। ਇਕ ਪਲ ਲਈ ਜ਼ਿੰਦਗੀ ਚੰਗੀ- ਚੰਗੀ ਲੱਗਣ ਲੱਗ ਜਾਂਦੀ।

ਮੈਂ ਤੇ ਸੋਢੀ ਡਰਿੰਕ ਕਰ ਲੈਂਦੇ। ਪਰ ਦੀਪ ਨੇ ਕਦੇ ਸ਼ਰਾਬ ਨੂੰ ਹੱਥ ਵੀ ਨਹੀਂ ਸੀ

ਲਾਇਆ।

"ਸੋਫੀ ਬੰਦੇ ਤੋਂ ਨਹੀਂ ਡਰਦੀ ਤੀਵੀਂ। ਸ਼ਾਮ ਨੂੰ ਲਾ ਕੇ ਜਾਹ ਤਾਂ ਦੋ ਪੈੱਗ। ਆਖੀਂ ਜੇ ਤੁੱਚੀ ਸਾਹ ਵੀ ਲੈ ਗਈ।" ਦੀਪ ਹੱਸਣ ਲੱਗਦਾ।

ਸਾਹਮਣੇ ਦੀਪ ਦਾ ਘਰ ਹੈ।

ਗਲੀ ਦੇ ਮੋੜ ਤੋਂ ਹੀ ਉਸਦਾ ਚੁਬਾਰਾ ਦਿਸ ਰਿਹਾ।

"ਕਿਵੇਂ ਦੇਖਾਂਗਾ ਮੈਂ ਉਸਨੂੰ...।" ਮੇਰੇ ਅੰਦਰ ਜਿਵੇਂ ਇਕ ਚੀਸ ਜਿਹੀ ਉੱਠੀ।

ਗਲੀ ਦਾ ਮੋੜ ਪਾਰ ਕਰ ਕੇ, ਮੈਂ ਦੀਪ ਦੇ ਵਿਹੜੇ ਵਿਚ ਖੜ੍ਹਾ ਸਾਂ। ਸਾਰਾ ਕੁਝ ਖਿੰਡਿਆ ਖਿੰਡਿਆ ਲੱਗ ਰਿਹਾ ਸੀ। ਨਿਰਮਲ ਲਾਸ਼ ਦੇ ਸਿਰਹਾਣੇ ਬੈਠੀ ਰੋ ਰਹੀ ਸੀ। ਦੀਪ ਦਾ ਭਰਾ, ਉਸਦੀ ਮਾਂ, ਸਕੇ-ਸੰਬੰਧੀ, ਸਾਰੇ ਮੈਨੂੰ ਸੋਗ ਵਿਚ ਡੁੱਬੇ ਲੱਗੇ। ਮੈਂ ਵੀ ਲੋਕਾਂ ਵਿਚ ਜਾ ਬੈਠਾ ਸਾਂ।

ਪਿਛਲੀ ਵਾਰ ਜਦੋਂ ਅਸੀਂ ਮਿਲੇ ਸਾਂ, ਦੀਪ ਉਦੋਂ ਵੀ ਉਦਾਸ ਸੀ।

"ਥੋੜ੍ਹੇ ਜਿਹੇ ਪੈਸੇ ਉਧਾਰੇ ਚਾਹੀਦੇ ਨੇ, ਫਤਹਿ।" ਸਾਡੀ ਸਾਂਝ ਵਿਚ ਪਹਿਲੀ ਵਾਰ ਦੀਪ ਨੇ ਇੰਝ ਪੈਸੇ ਮੰਗੇ ਸੀ।

"ਕੀ ਜ਼ਰੂਰਤ ਪੈ ਗਈ?" ਸੁਣ ਕੇ ਹੈਰਾਨ ਜਿਹਾ ਹੋ ਗਿਆ ਸੀ ਮੈਂ।

"ਮੇਰੇ ਭਾਣਜੇ ਦਾ ਵਿਆਹ ਏ। ਨਿਰਮਲ ਕਹਿੰਦੀ ਮੈਥੋਂ ਬੱਸਾਂ 'ਤੇ ਧੱਕੇ ਨਹੀਂ ਖਾ ਹੁੰਦੇ। ਮੈਂ ਕਿਹਾ ਸਰਦਾਰਨੀ ਨੂੰ ਗੱਡੀ ਲੈ ਦਈਏ।" ਉਹ ਖਸਿਆਨਾ ਜਿਹਾ ਹੱਸਿਆ।

ਪਰ ਉਸਦੇ ਹਾਸਿਆਂ ਪਿੱਛੇ ਤਕਲੀਫ ਸੀ।

...ਤੇ ਅਗਲੇ ਪਲ ਉਹੀ ਤਕਲੀਫ ਉਸਦੇ ਬੁਲ੍ਹਾਂ 'ਤੇ ਆ ਗਈ। "ਮੈਂ ਡੀ ਸੀ ਲੱਗਿਆ ਬੈਠਾਂ। ਰੋਟੀ ਦਾ ਝੱਟ ਮਸਾਂ ਸਰਦਾ। 'ਡਰਾਮੇਬਾਜ਼ੀਆਂ' 'ਚ ਗੱਫੇ ਨਹੀਂ ਮਿਲਦੇ। ਪਰ ਓਹਨੂੰ ਕੀ ਪਤਾ...। ਕੁੱਤੀ ਜ਼ਿੰਦਗੀ ਸਾਲੀ"।

ਉਹ ਜਦ ਵੀ ਮਿਲਦਾ, ਜ਼ਿੰਦਗੀ ਨਾਲੋਂ ਪਹਿਲਾਂ ਨਾਲੋਂ ਵੀ ਵੱਧ ਟੁੱਟਿਆ ਲੱਗਦਾ। ਕਈ ਵਾਰ ਉਹ ਸਾਰਾ ਸਾਰਾ ਦਿਨ ਸੋਢੀ ਦੀ ਦੁਕਾਨ 'ਤੇ ਬੈਠਾ ਰਹਿੰਦਾ।

"ਰੋਟੀ ਖਾ ਕੇ ਆਇਆਂ?" ਸੋਢੀ ਪੁੱਛਦਾ।

"ਵੱਖੀਆਂ ਬਾਹਰ ਨੂੰ ਆਈਆਂ ਪਈਆਂ ਭਾਈ ਜਾਨ।"

"ਸਾਲਿਆ ਝੂਠ ਬੋਲਦਾਂ।" ਸੋਢੀ ਜਾਣਦਾ ਸੀ, ਦੀਪ ਜਦੋਂ ਵੀ ਇੰਝ ਆਉਂਦਾ, ਘਰੋਂ ਲੜ ਕੇ ਆਉਂਦਾ ਸੀ।

ਦੀਪ ਦਾ ਨਵਾਂ ਨਵਾਂ ਵਿਆਹ ਹੋਇਆ ਸੀ। ਨਿਰਮਲ ਕੋਲੋਂ ਚੁਲ੍ਹੇ 'ਚ ਅੱਗ ਨਾ ਮੱਚਦੀ। ਟੀਨ ਪਾ ਕੇ ਬਣਾਈ ਰਸੋਈ ਉਸਨੂੰ ਪਸੰਦ ਨਾ ਆਉਂਦੀ। ਚਾਰ ਕੁ ਦਿਨ ਉਹਨੇ ਦੀਪ ਨੂੰ ਪਿਆਰ ਨਾਲ ਨਵੀਂ ਰਸੋਈ ਬਣਾਉਣ ਦੀ ਸਿਫਾਰਸ਼ ਕੀਤੀ। ਪੰਜਵੇਂ ਦਿਨ ਨੂੰ ਉਸ ਨੇ ਕੰਮ ਤੋਂ ਜਵਾਬ ਦੇਣਾ ਸ਼ੁਰੂ ਕਰ ਦਿੱਤਾ।

ਦੀਪ ਦੀ ਬੇਬੇ ਕੰਮ ਕਰਦੀ।

ਆਖਿਰ ਦੀਪ ਅੱਕ ਗਿਆ ਸੀ ਇਸ ਸੀਤ ਯੁੱਧ ਤੋਂ।

"ਯਾਰ ਸੋਢੀ! ਰਸੋਈ 'ਚ ਲਾਉਣ ਲਈ ਟਾਈਲਾਂ ਖਰੀਦੀਏ ਕਿਤਿਉਂ?"

ਅਗਲੇ ਦਿਨ ਸੋਢੀ ਨੂੰ ਨਾਲ ਲੈ ਕੇ ਦੀਪ ਸ਼ਿਵਦੀਪ ਮਾਰਬਲ ਹਾਊਸ 'ਤੇ ਪਹੁੰਚ ਗਿਆ।

ਉਹ ਘਰ ਦੀ ਹਰ ਚੀਜ਼ ਬੜੀ ਰੀਝ ਨਾਲ ਖਰੀਦਦਾ।

"ਮੈਂ ਇਹਨੂੰ ਸੱਚਮੁੱਚ ਦਾ ਘਰ ਬਣਾਉਣਾ ਚਾਹੁੰਦਾਂ।" ਉਹ ਬੀ.ਏ. ਵੇਲੇ ਪੜ੍ਹੇ ਲੇਖ 'ਘਰ ਦਾ ਪਿਆਰ' ਦਾ ਹਵਾਲਾ ਦੇਣ ਲੱਗਦਾ।

ਮੈਂ ਦਰੀ 'ਤੇ ਬੈਠੇ ਨੇ ਉਸੇ ਘਰ ਵੱਲ ਨਜ਼ਰ ਮਾਰੀ। ਕਿੰਨਾ ਖਾਲੀ ਖਾਲੀ ਤੇ ਉਦਾਸ ਜਿਹਾ ਲੱਗਿਆ ਸੀ ਉਹ ਘਰ ਦੀਪ ਬਿਨਾਂ।

ਉਹ ਘਰ ਦੀ ਖੁਸ਼ੀ ਲਈ ਜਿਉਂਦਾ ਤੇ ਘਰ ਦੀ ਖੁਸ਼ੀ ਲਈ ਮਰਦਾ। ਦੀਪ ਤੇ ਨਿਰਮਲ ਦੇ ਝਗੜੇ ਕਾਰਨ ਦੀਪ ਦੀ ਬੇਬੇ ਦੁਖੀ ਹੁੰਦੀ।

ਉਸ ਨੇ ਬੇਬੇ ਨੂੰ ਆਪਣੇ ਭਰਾ ਕੋਲ ਭੇਜ ਦਿੱਤਾ। "ਦੀਪ ਤਾਂ ਜਲਦਾ ਹੀ ਹੁੰਦਾ... ਬੇਬੇ ਨੂੰ ਕਿਉਂ ਤੜਪਾਉਣਾ।" ਉਹ ਅੰਦਰ ਹੀ ਅੰਦਰ ਮੱਚਦਾ ਰਹਿੰਦਾ।

ਮੇਰੇ ਸੋਚਾਂ ਵਿਚ ਗੁਆਚੇ ਤੋਂ ਕੋਈ ਮੇਰੇ ਅੱਗੇ ਚਾਹ ਦਾ ਗਲਾਸ ਧਰ ਗਿਆ। ਮੇਰਾ ਮਨ ਕੀਤਾ, ਉਠ ਕੇ ਚਾਹ ਦਾ ਗਲਾਸ ਵਾਪਸ ਕਰ ਦੇਵਾਂ। ਪਰ ਚਾਹ ਫੜਾਉਣ ਵਾਲਾ ਮੁੰਡਾ ਅੱਗੇ ਨਿਕਲ ਗਿਆ ਸੀ।

ਸੋਢੀ ਦਾ ਨੰਬਰ ਡਾਇਲ ਕੀਤਾ।

"ਹਾਂ ਫਤਹਿ! ਬੱਸ ਆਇਆ ਮੈਂ। ਬਾਜ਼ਾਰ ਆਏ ਸੀ ਅਸੀਂ।"

ਮੈਂ ਚਾਹ ਦਾ ਘੁੱਟ ਭਰਿਆ।

"ਮੈਂ ਤਾਂ ਆਏ ਗਏ ਨੂੰ ਚਾਹ ਪਿਆਉਣ ਜੋਗਾ ਵੀ ਨਹੀਂ ਯਾਰ।" ਮੈਨੂੰ ਲੱਗਿਆ ਜਿਵੇਂ ਦੀਪ ਬੋਲਿਆ ਹੋਵੇ।

ਦੀਪ ਕੋਲ ਕੋਈ ਆਉਂਦਾ। ਨਿਰਮਲ ਔਖੀ ਭਾਰੀ ਹੋ ਕੇ ਚਾਹ ਧਰਦੀ। ਅਗਲਾ ਬੂਹਾ ਨਾ ਟੱਪਦਾ। ਦੋਹਾਂ ਵਿਚਾਲੇ ਤਕਰਾਰ ਛਿੜ ਪੈਂਦੀ।

ਨਿਰਮਲ ਉਸਦੇ ਦੋਸਤਾਂ ਤੋਂ ਖਿਝਦੀ। "ਕਿਤੇ ਘੜੀ ਸਾਹ ਵੀ ਨਹੀਂ ਆਉਂਦਾ ਇਸ ਘਰ ਵਿਚ।" ਉਹ ਅੰਦਰ ਵੜ ਕੇ ਪੈ ਜਾਂਦੀ। ਬੱਚੇ ਭੁੱਖੇ ਬੈਠੇ ਰਹਿੰਦੇ। ਦੀਪ ਤਰਲੇ ਕਰਦਾ। ਸਮਝਾਉਂਦਾ।

"ਗੱਲ ਕੀ ਹੋਈ, ਇਹ ਵੀ ਤਾਂ ਪਤਾ ਲੱਗੇ। ਵਸਦੇ ਘਰਾਂ 'ਚ ਆਉਣਾ ਜਾਣਾ ਤਾਂ ਲੱਗਿਆ ਰਹਿੰਦਾ।"

ਪਰ ਨਿਰਮਲ ਨਾ ਕੁਝ ਬੋਲਦੀ ਨਾ ਸਮਝਦੀ।

ਦੀਪ ਕਈ ਵਾਰ ਆਪਣੇ ਕਪੜੇ ਆਪ ਧੋਂਦਾ। ਪਰ ਫਿਰ ਕਲੇਸ਼ ਤੋਂ ਡਰਦਿਆਂ ਉੱਚੀ ਸਾਹ ਨਾ ਲੈਂਦਾ।

"ਕਿੰਨੇ ਔਖੇ ਸਾਹ ਨਿਕਲੇ ਹੋਣੇ ਉਸਦੇ।" ਸੋਚ ਕੇ ਮੇਰਾ ਹਉਕਾ ਨਿਕਲ ਗਿਆ।

ਕਿੰਨਾ ਅਜੀਬ ਰਿਸ਼ਤਾ ਹੈ ਇਹ। ਸਮਾਜ ਤੋਂ ਡਰਦਿਆਂ ਦੀਪ, ਸਾਰਾ ਕੁਝ ਅੰਦਰ ਹੀ ਅੰਦਰ ਜਰਦਾ ਰਿਹਾ। ਖੁਦ ਝੁਕ ਕੇ ਵੀ ਉਹ ਲੜਾਈ ਮੁਕਾਉਣ ਦੀ ਕੋਸ਼ਿਸ਼ ਕਰਦਾ। ਅੰਦਰ ਵੜ ਕੇ ਨਿਰਮਲ ਨੂੰ ਸਮਝਾਉਂਦਾ। ਉਹ ਜੋ ਆਖਦੀ ਕਰਦਾ ਰਹਿੰਦਾ। ਪਰ ਉਹਨਾਂ ਦੇ ਰਿਸ਼ਤੇ ਵਿਚ ਆਪਣਾਪਨ ਨਹੀਂ ਸੀ ਆ ਸਕਿਆ।

ਬਜ਼ਾਰੋਂ ਮੁੜ ਕੇ ਸੋਢੀ ਕਦੋਂ ਮੇਰੇ ਕੋਲ ਆ ਖੜ੍ਹਿਆ ਸੀ, ਮੈਨੂੰ ਪਤਾ ਹੀ ਨਾ ਲੱਗਾ।

"ਖਬਰੇ ਕਿਹੜਾ ਤੂਫਾਨ ਉੱਠਿਆ ਹੋਣਾ ਉਹਦੇ ਅੰਦਰ।" ਮੈਂ ਦੀਪ ਦੇ ਮਨ ਦੀ ਹਾਲਤ ਬਾਰੇ ਸੋਚਣ ਲੱਗਾ।

"ਬਾਲਣ ਤਾਂ ਛੱਡ ਆਏ ਅਸੀਂ ਸਿਵਿਆਂ 'ਚ...।"

ਸੋਢੀ ਮੇਰੇ ਨਾਲ ਗੱਲਾਂ ਕਰਨੀਆਂ ਚਾਹੁੰਦਾ ਸੀ। ਪਰ ਮੇਰਾ ਧਿਆਨ ਵਾਰ ਵਾਰ ਦੀਪ ਵੱਲ ਜਾਈ ਜਾਂਦਾ।

ਕਿੰਨੇ ਭੁਚਾਲ ਸਹਿੰਦਾ ਰਿਹਾ ਸੀ ਉਹ ਮਨ 'ਤੇ। ਘਰ ਦੀਆਂ ਗੱਲਾਂ ਕਰਦਿਆਂ ਉਹ ਮਨ ਭਰ ਆਉਂਦਾ। "ਮੈਂ ਤਾਂ ਬੱਚਿਆਂ ਬਾਰੇ ਸੋਚਦਾਂ ਯਾਰ। ਉਹ ਨਿੱਤ ਲੜਦਿਆਂ ਦੇਖਦੇ ਸਾਨੂੰ। ਕੀ ਅਸਰ ਪੈਂਦੇ ਉਨ੍ਹਾਂ 'ਤੇ।"

ਉਹ ਸੀਰਤ ਤੇ ਨੂਰ ਲਈ ਦਿਨ ਰਾਤ ਸੁਪਨੇ ਸਿਰਜਦਾ। ਸੀਰਤ ਨੂਰ ਤੋਂ ਵੱਡੀ ਹੈ। "ਮੈਂ ਬੱਚਿਆਂ ਨੂੰ ਉਨ੍ਹਾਂ ਦੀ ਮਰਜ਼ੀ ਨਾਲ ਜਿਉਣ ਦੇਣਾ। ਜੋ ਦਿਲ ਕਰਦਾ ਕਰਨ। ਜਿਵੇਂ ਮਨ ਕਰਦਾ ਰਹਿਣ। ਅਸੀਂ ਪੈਦਾ ਹੋਏ। ਭੁੱਖਾਂ ਕੱਟੀਆਂ। ਮਾਂ-ਬਾਪ ਜੋ ਕਿਹਾ ਕਰ ਲਿਆ। ਜਿੱਥੇ ਕਿਹਾ ਵਿਆਹ ਕਰਵਾ ਲਿਆ। ਫਿਰ ਘਰ ਬਣਾਉਣ ਲਈ ਪੈਰ ਪੈਰ 'ਤੇ ਸਮਝੌਤੇ। ਖਾਣਾ-ਪੀਣਾ। ਪਾਉਣਾ-ਹੰਢਾਉਣਾ। ਸਾਰਾ ਕੁਝ।"

ਉਹ ਨਿਰਮਲ ਦੀ ਬੇਲੋੜੀ ਦਖਲ-ਅੰਦਾਜ਼ੀ ਤੋਂ ਖਿਝਦਾ।

ਨਿੱਕੀ ਨਿੱਕੀ ਗੱਲ ਤੋਂ ਦੋਨੋਂ ਲੜ ਪੈਂਦੇ। ਵਿਆਹ ਹੁੰਦਿਆਂ ਕਪੜਿਆਂ ਤੋਂ ਦੋਨਾਂ ਵਿਚਾਲੇ ਬਹਿਸ ਹੋ ਜਾਂਦੀ। "ਮੈਂ ਨਾਲ ਨਹੀਂ ਜਾਣਾ। ਜਲੂਸ ਹੀ ਕਢਵਾ ਹੁੰਦਾ ਹਰ ਥਾਂ।" ਦੀਪ ਮੂੰਹ ਬਣਾ ਕੇ ਬੈਠ ਜਾਂਦੀ। ਦੀਪ ਪੱਗ ਲਾਹ ਕੇ ਵਗਾਹ ਮਾਰਦਾ।

"ਰਿਸ਼ਤਿਆਂ ਵਿਚ ਸਾਹ ਲੈਣ ਜੋਗੀ ਸਪੇਸ ਤਾਂ ਚਾਹੀਦੀ ਏ ਯਾਰ। ਮੈਂ ਹੋਰ ਕੁਝ ਵੀ ਹੋਣ ਤੋਂ ਪਹਿਲਾਂ ਇਨਸਾਨ ਹਾਂ। ਬੰਦਾ ਮਰਜ਼ੀ ਨਾਲ ਪਾ ਨਹੀਂ ਸਕਦਾ। ਮਰਜ਼ੀ ਨਾਲ ਖਾ ਨਹੀਂ ਸਕਦਾ।" ਨਿਰਮਲ ਖਿਝਣੋਂ ਨਾ ਹਟਦੀ। ਦੀਪ ਤੜਫਣੋਂ ਨਾ ਹਟਦਾ।

ਜਿਸ ਦਿਨ ਉਹ ਆਖਰੀ ਵਾਰ ਮਿਲਿਆ, ਉਸ ਦਿਨ ਉਹ ਆਪਣੇ ਸਹੁਰਿਓਂ ਮੁੜਿਆ ਸੀ।

"ਨਿਰਮਲ ਦੇ ਪਾਪਾ ਦੀ ਮੌਤ ਹੋ ਗਈ ਯਾਰ। ਚੌਥ ਨੂੰ ਭੋਗ ਏ। ਉਹਨੂੰ ਪਿੰਡ ਛੱਡ ਕੇ ਆਇਆਂ।" ਮੈਂ ਅਫਸੋਸ ਜਤਾਇਆ।

"ਉਹਨੇ ਮੇਰੇ ਮਾਪਿਆਂ ਦੀ ਕਦੀ ਬਹੁਤੀ ਪਰਵਾਹ ਨਹੀਂ ਕੀਤੀ ਫਤਹਿ। ਮੇਰੇ ਮਨ ਵਿਚ ਤਾਂ ਹੀ ਉਹਦੇ ਮਾਂ-ਬਾਪ ਲਈ ਕੋਈ ਥਾਂ ਨਹੀਂ ਬਣ ਸਕੀ।"

ਉਹ ਕਦੇ ਕਦੇ ਰਿਸ਼ਤਿਆਂ ਦੇ ਇਸੇ ਖਾਲੀਪਨ 'ਤੇ ਖਿਝਣ ਲੱਗਦਾ।

"ਫੁੱਲਾਂ ਤੋਂ ਮਗਰੋਂ ਮੇਰੇ ਗਰੁੱਪ ਦੇ ਸਾਥੀ ਅਫਸੋਸ ਕਰਨ ਲਈ ਘਰ ਆ ਗਏ। ਉਸ ਦਿਨ ਦਾ ਗਾਹ ਪਾਈ ਬੈਠੀ ਘਰ 'ਚ। ਉਹਦੇ ਮਨ 'ਚੋਂ ਸਾਵੀ ਲਈ ਵਹਿਮ ਨਹੀਂ ਨਿਕਲਦਾ।"

ਹਮੇਸ਼ਾ ਵਾਂਗ ਉਸਦੀਆਂ ਗੱਲਾਂ ਵਿਚ ਉਹੀ ਤਕਲੀਫ ਸੀ।

"ਤੂੰ ਪ੍ਰੇਸ਼ਾਨ ਹੋਣ ਦੀ ਬਜਾਏ...।" ਪਰ ਦੀਪ ਨੇ ਮੈਨੂੰ ਗੱਲ ਪੂਰੀ ਨਹੀਂ ਸੀ ਕਰਨ ਦਿੱਤੀ।

"ਕੀ ਕਰਾਂ? ਨਾਟਕ ਛੱਡ ਦਿਆਂ? ਗਰੁੱਪ ਛੱਡ ਦਿਆਂ... ਲੋਕਾਂ ਨੂੰ ਕਹਾਂ ਮੇਰੇ ਘਰ ਆਉਣਾ ਛੱਡ ਦਿਓ। ਦੁਨੀਆਦਾਰੀ ਛੱਡੀ ਜਾ ਸਕਦੀ ਯਾਰ! ਸਾਰਾ ਕੁਝ ਮੈਂ ਹੀ ਛੱਡਾਂ? ਜਵਾਕ ਆਪ ਹਾਣੀ ਹੋਣ ਲੱਗੇ। ਉਹਨੇ ਤਾਂ ਬਦਲਿਆ ਨਹੀਂ ਖੁਦ ਨੂੰ। ਬਜ਼ਾਰ ਦਸ ਮਿੰਟ ਵੀ ਵੱਧ ਲੱਗ ਜਾਣ, ਸਾਡੇ ਘਰੇ ਤਾਂ ਕਲੇਸ਼। ਹੱਦ ਹੋ ਗਈ ਸਾਲੀ...।" ਉਸਦੇ ਬੋਲਾਂ ਵਿਚ ਅੰਤਾਂ ਦਾ ਹਰਖ ਸੀ।

ਉਹ ਗਲੇ ਤਕ ਭਰਿਆ ਵਾਰ ਵਾਰ ਮਰ ਜਾਣ ਦੀਆਂ ਗੱਲਾਂ ਕਰਦਾ।

"ਔਰਤ ਸ਼ੱਕੀ ਹੋ ਸਕਦੀ। ਮੰਨ ਲਿਆ ਮੈਂ। ਪਰ ਉਹਨੂੰ ਤਾਂ ਹਰ ਗੱਲ ਤੋਂ ਤਕਲੀਫ ਏ। ਉਹਨੂੰ ਤਾਂ ਤੂੰ ਤੇ ਸੋਢੀ ਵੀ ਚੰਗੇ ਨਹੀਂ ਲੱਗਦੇ। ਤੁਹਾਡੇ ਨਾਲ ਮੇਰਾ ਅਫੇਅਰ ਤਾਂ ਨਹੀਂ ਚੱਲਦਾ...।" ਗੱਲ ਕਰਦਾ ਦੀਪ ਖੁਦ ਹੀ ਹੱਸ ਪਿਆ ਸੀ।

ਉਸ ਦਿਨ ਉਸ ਦੇ ਚਲੇ ਜਾਣ ਤੋਂ ਬਾਅਦ, ਮੈਂ ਦੇਰ ਤੀਕ ਉਸੇ ਦੇ ਬਾਰੇ ਸੋਚਦਾ ਰਿਹਾ ਸਾਂ।

"ਨਿਰਮਲ ਕਿਉਂ ਕਰਦੀ ਹੈ ਇੰਝ?" ਮੈਂ ਉਸਦੀ ਮਾਨਸਿਕਤਾ ਨੂੰ ਸਮਝਣ ਦੀ ਕੋਸ਼ਿਸ਼ ਕਰਦਾ।

"ਔਰਤ ਨੂੰ ਤਾਂ ਰਿਸ਼ੀ ਮੁਨੀ ਨਹੀਂ ਸਮਝ ਸਕੇ ਭਾਈ ਸਾਬ੍ਹ। ਤੂੰ ਮੈਂ ਤਾਂ ਤੁੱਛ ਪ੍ਰਾਣੀ

ਹਾਂ...।" ਦੀਪ ਦੇ ਹਾਸਿਆਂ ਪਿੱਛੇ ਵੀ ਇਕ ਦਰਦ ਛੁਪਿਆ ਹੁੰਦਾ।

"ਤੇਰੀ ਗੱਲ ਸੱਚ ਸੀ ਫਤਹਿ! ਮੈਂ ਪਹਿਲੇ ਦਿਨ ਹੀ ਹਿੰਮਤ ਨਾ ਕਰ ਸਕਿਆ।" ਉਹ ਬੀਤੇ ਨੂੰ ਕੋਸਣ ਲੱਗਦਾ।

"ਸਾਡੇ ਸਮਾਜ 'ਚ ਰਿਸ਼ਤੇ ਇੰਝ ਹੀ ਬਣਦੇ ਨੇ... ਤੇ ਇੰਝ ਹੀ ਨਿਭਦੇ ਨੇ ਦੀਪ...।" ਮੈਂ ਦੂਰ ਤੀਕ ਝਾਤ ਮਾਰਦਾ।

ਮੈਨੂੰ ਹਜ਼ਾਰਾਂ ਕਹਾਣੀਆਂ ਨਜ਼ਰ ਆਉਂਦੀਆਂ। ਦੀਪ ਵਰਗੇ ਲੋਕਾਂ ਦੀਆਂ। ਸੈਂਕੜੇ ਘਰਾਂ ਦੀਆਂ। ਘਰੋਂ ਬਾਹਰ ਲੋਕ ਹੱਸਦੇ। ਮੁਸਕਰਾਉਂਦੇ। ਵਸਦੇ ਰਸਦੇ ਹੋਣ ਦਾ ਅਭਿਨੈ ਕਰਦੇ।

"ਪਹਿਲੇ ਦਿਨੋਂ ਡਰਾ ਕੇ ਰੱਖਦਾ ਨਾ... ਆਖ ਜੇ ਕੰਨਾਂ 'ਚ ਪਾਈ ਵੀ ਰੜਕ ਜਾਂਦੀ।" ਸੋਢੀ ਮਜ਼ਾਕ ਕਰਨ ਲੱਗਦਾ। ਪਰ ਦੀਪ ਵਰਗਾ ਸਾਊ ਬੰਦਾ ਨਹੀਂ ਸੀ ਡਰਾ ਸਕਦਾ ਕਿਸੇ ਨੂੰ।

ਮੇਰੇ ਸਾਹਮਣੇ ਸਾਡੇ ਬੈਂਕ ਵਾਲੀ ਗੋਗੀ ਮੈਡਮ ਆਣ ਖੜ੍ਹਦੀ। ਉਸ ਦਾ ਘਰ ਵਾਲਾ ਨਿੱਤ ਦਾ ਸ਼ਰਾਬੀ ਸੀ। ਸਾਰਾ ਘਰ ਉਹ ਆਪ ਚਲਾਉਂਦੀ। ਕਈ ਵਾਰ ਮੈਂ ਉਸਨੂੰ ਬਜ਼ਾਰ 'ਚ ਦੇਖਦਾ...। ਚੱਕੀ ਤੋਂ ਆਟਾ ਪਿਸਵਾਉਂਦੀ। ਦੁਕਾਨਾਂ ਤੋਂ ਸਬਜ਼ੀਆਂ ਖਰੀਦਦੀ। ਬੱਚਿਆਂ ਨੂੰ ਸਕੂਲ ਛੱਡਦੀ। ਲਾਈਨਾਂ 'ਚ ਲੱਗ ਬਿਜਲੀ ਦਾ ਬਿੱਲ ਭਰਦੀ।... ਤੇ ਕਈ ਵਾਰ ਸਾਡੇ ਕੋਲ ਬੈਠ ਆਪਣੀ ਕਿਸਮਤ ਤੇ ਪਤੀ ਦੋਹਾਂ ਨੂੰ ਕੋਸਦੀ। ਅਣਜੋੜ ਰਿਸ਼ਤੇ ਦੀ ਤਕਲੀਫ ਮੈਂ ਉਸਦੇ ਚਿਹਰੇ ਤੋਂ ਪੜ੍ਹਦਾ ਰਹਿੰਦਾ।

ਰੋਣ ਕੁਰਲਾਉਣ ਦੀਆਂ ਆਵਾਜ਼ਾਂ ਨੇ ਮੇਰੀ ਬਿਰਤੀ ਤੋੜੀ।

ਘੜੀ 'ਤੇ ਟਾਈਮ ਦੇਖਿਆ। "ਬੱਚਿਆਂ ਦੇ ਘਰ ਆਉਣ ਤਕ ਮੁੜਨਾ ਹੈ।" ਮਨ ਵਿਚ ਖਿਆਲ ਆਇਆ।

ਉਲਝੇ ਹੋਏ ਮਨ ਨਾਲ ਬੈਠਾ ਸਾਂ। ਉੱਥੇ ਹੀ ਬੈਠਾ ਸੋਢੀ ਦੀਪ ਦੀਆਂ ਗੱਲਾਂ ਕਰ ਰਿਹਾ ਸੀ। ਪਰ ਮੇਰੇ ਕੋਲੋਂ ਦੀਪ ਦੀ ਕੋਈ ਗੱਲ ਨਾ ਕਰ ਹੁੰਦੀ। ਕਈ ਤਰ੍ਹਾਂ ਦੇ ਖਿਆਲ ਆਪਸ ਵਿਚ ਰਲਗੱਡ ਹੋਣ ਲੱਗਦੇ। ਇਕੋ ਵੇਲੇ ਕਈ ਕਹਾਣੀਆਂ ਮੇਰੇ ਮਨ ਵਿਚ ਤੁਰਨ ਲੱਗਦੀਆਂ। "ਹਰ ਬੰਦੇ ਦੀ ਇਹੀ ਕਹਾਣੀ ਹੈ।" ਮੈਂ ਖੁਦ ਹੀ ਫੈਸਲਾ ਕਰਦਾ।

"ਪੁਲਿਸ ਦਾ ਮਾਮਲਾ ਬੜੀ ਮੁਸ਼ਕਿਲ ਨਾਲ ਸੈੱਟ ਕੀਤਾ ਸਵੇਰੇ"। ਸੋਢੀ ਕਿਸੇ ਨੂੰ ਦੱਸ ਰਿਹਾ ਸੀ।

"ਪਰ ਇਹ ਖੁਦਕੁਸ਼ੀ ਨਹੀਂ, ਇਹ ਤਾਂ ਕਤਲ ਹੈ।" ਮੇਰਾ ਮਨ ਕੀਤਾ ਉੱਚੀ ਸਾਰੀ ਚੀਕ ਕੇ ਕਹਾਂ।

ਸਿਵਿਆਂ ਵੱਲ ਜਾਂਦਿਆਂ, ਮੈਂ ਸਾਰੇ ਰਸਤੇ ਸੋਚਾਂ ਵਿਚ ਉਲਝਿਆ ਰਿਹਾ। ਮਰਨ ਤੋਂ ਪਹਿਲਾਂ ਦੀਪ ਹਜ਼ਾਰ ਵਾਰ ਮਰਿਆ ਸੀ। ਉਹ ਮਜ਼ਾਕ ਕਰਦਾ, "ਅਸੀਂ ਤਾਂ ਨਿੱਤਨੇਮੀ ਹਾਂ ਭਾਈ ਜਾਨ"। ਫਿਰ ਖੁਦ ਹੀ ਆਪਣੀ ਗੱਲ ਦੇ ਅਰਥ ਕਰਨ ਲੱਗਦਾ। "ਬਿਨਾਂ ਨਾਗਾ ਲੜੀਦਾ। ਹੋਏ ਕਿ ਨਹੀਂ ਨਿੱਤਨੇਮੀ।" ਉਹ ਜਿਵੇਂ ਹੱਸਣ ਦੇ ਬਹਾਨੇ ਲੱਭਦਾ ਰਹਿੰਦਾ।

ਦੀਪ ਦਾ ਸਿਵਾ ਬਲ ਰਿਹਾ।

ਮੇਰੀਆਂ ਅੱਖਾਂ ਫੇਰ ਭਰ ਆਈਆਂ।

ਘੜੀ 'ਤੇ ਟਾਈਮ ਦੇਖਿਆ।

"ਛੁੱਟੀ ਹੋਣ ਤੋਂ ਪਹਿਲਾਂ...। ਗਗਨ ਨੇ ਫੇਰ ਖਿਝਣਾ ਐਵੇਂ...।"

ਮਨ ਵਿਚ ਸੋਚ ਕੇ ਸਿਵਿਆਂ ਤੋਂ ਬਾਹਰ ਆ ਗਿਆ। ਮੈਨੂੰ ਲੱਗਿਆ—ਦੀਪ ਕਿਧਰੇ ਆਸ-ਪਾਸ ਹੀ ਖੜ੍ਹਾ ਕਹਿ ਰਿਹਾ ਸੀ, "ਸਭ ਤੋਂ ਕਰੀਬੀ ਯਾਰ ਹੀ ਸਭ ਤੋਂ ਪਹਿਲਾਂ ਘਰਾਂ ਨੂੰ ਦੌੜ ਗਏ।" 000

(ਪਿੰਡ ਤੇ ਡਾ. ਧਾਰੀਵਾਲ, ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ - 143416,
ਫੋਨ: 94832-15168)

ਉਸਦੇ ਤੇ ਮੇਰੇ ਬਾਰੇ : ਸਵੈ ਕਥਨ : ਦੇਵ

1990 ਦੇ ਆਰੰਭ ਤੋਂ ਅਸੀਂ ਇਕ ਦੂਜੇ ਦੇ ਵਾਕਫ ਹੋ ਗਏ ਸੀ। ਇਹ ਮੇਰੇ ਦੂਸਰੇ ਵੱਡੇ ਰਿਸ਼ਤੇ ਦੀ ਸ਼ੁਰੂਆਤ ਸੀ। ਪਹਿਲਾ ਰਿਸ਼ਤਾ ਹਾਇਤੀ ਨਾਲ ਸੀ, ਜੋ ਤਿੰਨ ਚਾਰ ਸਾਲ ਰਿਹਾ। ਉਸ ਰਿਸ਼ਤੇ ਅੰਦਰ ਮੈਨੂੰ ਅੰਤਰ-ਸਭਿਆਚਾਰਕ ਸੰਬੰਧਾਂ ਦੀ ਜੁਮੈਟਰੀ ਸਮਝ ਪੈਣੀ ਸ਼ੁਰੂ ਹੋਈ। ਆਪਣੇ ਮੂਲ ਸੁਭਾਅ ਕਾਰਨ ਮੈਂ ਬਹੁਤ ਹੀ ਇਕੱਲਪਸੰਦ ਹਾਂ। ਇਕੱਲਪਸੰਦੀ ਦਾ ਇਕ ਕਾਰਨ ਮੇਰਾ ਪ੍ਰੋਫੈਸ਼ਨ ਚਿੱਤਰਕਾਰੀ ਵੀ ਹੈ। ਸਟੂਡੀਓ ਵਿਚਲੀ ਘੰਟਿਆਂ-ਬੱਧੀ ਹਾਜ਼ਰੀ ਬਾਕੀ ਦੇ ਹੋਰ ਮਾਧਿਅਮਾਂ ਨਾਲ ਵਿੱਥ ਦਾ ਕਾਰਨ ਬਣ ਜਾਂਦੀ ਹੈ। ਇਕਾਂਤ ਤੇ ਇਕੱਲਪਸੰਦੀ ਦੀ ਮੇਰੀ ਇਹ ਰੁਚੀ ਭਾਰਤ ਵਿਚ ਵੀ ਉਸੇ ਤਰ੍ਹਾਂ ਰਹੀ ਹੈ, ਜਿਵੇਂ ਮੈਂ ਅੱਜ, ਆਪਣੀ ਤਰ੍ਹਾਂ ਦਾ, ਜੀਵਨ ਜਿਉਂ ਰਿਹਾ ਹਾਂ ਯੂਰਪ ਅੰਦਰ। ਬਹੁਤੀ ਸੋਸ਼ਲਾਈਜ਼ਿੰਗ ਨੂੰ ਮੈਂ ਕਦੇ ਵੀ ਬਹੁਤੀ ਮਹੱਤਤਾ ਨਹੀਂ ਦਿੱਤੀ। ਇਸ ਤਰ੍ਹਾਂ ਦੇ ਰਿਸ਼ਤੇ ਵਿਚ ਮੈਨੂੰ ਖਤਰਾ ਹੁੰਦੈ, ਬਹੁਤੀ ਉਤੇਜਨਾ ਨਾਲ ਇੰਟਰ-ਰੀਐਕਟ ਨਾ ਕਰ ਸਕਣ ਦਾ।

ਆਪਣੀ ਤਬੀਅਤ ਕਾਰਨ ਅਤੇ ਵੱਖ ਵੱਖ ਸਮਾਜਾਂ ਤੇ ਦੇਸ਼ਾਂ ਵਿਚ ਰਹਿਣ ਕਾਰਨ ਆਪਣੀਆਂ ਨਿੱਜੀ ਲੋੜਾਂ ਦੇ ਸੰਬੰਧ ਵਿਚ ਬਹੁਤਾ ਕੁਝ ਮੈਂ ਖੁਦ ਹੀ ਕਰਦਾ ਰਿਹਾ ਹਾਂ; ਖਾਣਾ ਬਣਾਉਣਾ, ਕਪੜੇ ਧੋਣੇ ਤੇ ਘਰ ਦੀ ਸਫਾਈ ਵਗੈਰਾ। ਰੋਜ਼ਾਨਾ ਜ਼ਿੰਦਗੀ ਨਾਲ ਜੁੜੀਆਂ ਹੋਰ ਲੋੜਾਂ ਦੇ ਮਾਮਲੇ ਵਿਚ ਵੀ ਮੇਰੀ ਇਸ ਆਦਤ ਨੇ ਮੈਨੂੰ ਕਿਸੇ ਦੂਸਰੇ ਨਾਲ ਰਹਿਣ ਦੀ ਲੋੜ, ਆਦਤ ਤੇ ਨਿਰਭਰਤਾ ਤੋਂ ਮੁਕਤ ਕਰੀ ਰੱਖਿਆ ਹੈ। ਘਰ ਅੰਦਰਲੇ ਸੁਹਜ ਤੇ ਸਫਾਈ ਪ੍ਰਤੀ ਲਗਾਉ ਤੇ ਆਲੋਚਨਾ ਕਰਕੇ ਆਪਣੀ ਦੋਸਤ ਨਾਲ ਮੇਰੀ ਤਕਰਾਰ ਸਭ ਤੋਂ ਜ਼ਿਆਦਾ ਇਸ ਮਾਮਲੇ ਉੱਤੇ ਹੀ ਹੁੰਦੀ ਹੈ। ਰਿਸ਼ਤੇ ਅੰਦਰ ਲੋੜੋਂ ਵੱਧ ਭਾਵੁਕ ਜਾਂ ਉਪ ਭਾਵੁਕ ਮੈਂ ਕਦੇ ਨਹੀਂ ਰਿਹਾ। ਦੂਸਰੇ ਨੂੰ ਮੇਰਾ ਚੁੱਪ-ਚੁਪੀਤਾ ਹੋਣਾ ਖੁਸ਼ਕ ਵੀ ਜਾਪ ਸਕਦੈ। ਰਿਸ਼ਤਿਆਂ ਵਿਚ ਵਿਖਾਵਾ ਕਰਨ ਤੋਂ ਮੈਂ ਚਿੜਦਾ ਹਾਂ। ਨਾ ਹੀ ਮੈਂ ਨਿੱਕੀਆਂ ਨਿੱਕੀਆਂ ਗੱਲਾਂ ਕਰਕੇ ਸ਼ਾਮ ਦੀ ਮਹਿਫਲ ਨੂੰ ਦਿਲਚਸਪ ਬਣਾਉਣ ਵਾਲਾ ਵਿਅਕਤੀ ਹਾਂ। ਆਪਣੇ ਚੁਣੇ ਹੋਏ ਮਾਧਿਅਮ ਬਾਰੇ ਸੰਵਾਦ ਕਰਨ ਤੇ ਸੁਣਨ ਲਈ ਜ਼ਰੂਰ ਮੈਂ ਉਤਸੁਕ ਰਹਿੰਦਾ ਹਾਂ। ਭਾਰਤ ਨਾਲੋਂ ਯੂਰਪੀ ਸਮਾਜ ਦਾ ਜੋ ਵੱਡਾ ਅੰਤਰ ਹੈ, ਉਹ ਹੈ ਉੱਥੋਂ ਦੀ ਵਿਅਕਤੀਗਤ ਆਜ਼ਾਦੀ, ਜੋ ਯੂਰਪ ਵਿਚ ਲੰਬੇ ਆਵਾਸ ਤੋਂ ਬਾਅਦ ਮੇਰੇ ਸੁਭਾਅ ਦਾ ਅਟੁੱਟ ਅੰਗ ਬਣ ਚੁੱਕੀ ਹੈ।

ਅੰਤਰ-ਜਾਤੀ ਜਾਂ ਦੇਸ਼ਗਤ ਰਿਸ਼ਤੇ ਜਿੱਥੇ ਆਪਸੀ ਨੇੜਤਾ ਦੀ ਨੀਂਹ ਬਣਦੇ ਹਨ, ਉੱਥੇ ਇਹਨਾਂ ਵਿਚ ਖਤਰੇ ਵੀ ਬਹੁਤ ਨੇ। ਭਾਰਤ ਵਿਚ 'ਪਰਿਵਾਰ' ਰਿਸ਼ਤਿਆਂ ਲਈ ਭਾਵੁਕ ਸੁਰੱਖਿਆ ਪ੍ਰਦਾਨ ਕਰਦਾ ਹੈ, ਪਰ ਮੇਰੀ ਨਜ਼ਰ ਵਿਚ ਇਹ ਬਹੁਤ ਹੀ ਇਮੋਸ਼ਨਲ ਪਰੇਸ਼ਾਨੀਆਂ ਪੈਦਾ ਕਰਨ ਵਾਲਾ ਸੰਸਾਰ ਵੀ ਹੈ। ਭਾਰਤੀ ਸਮਾਜ ਵਿਚ ਸ਼ਖਸੀ ਆਜ਼ਾਦੀ ਨਾ-ਮਾਤਰ ਹੈ। ਇੱਥੇ ਨਿੱਜਤਵ ਲਈ, ਪਰਾਈਵੇਸੀ ਲਈ, ਕੋਈ ਥਾਂ ਨਹੀਂ। ਭਾਰਤੀ ਸਮਾਜ ਵਿਚ ਪਰਿਵਾਰ ਤੋਂ 'ਬਾਹਰ' ਜ਼ਾਤੀ ਆਜ਼ਾਦੀ ਜਾਂ ਪਰਸਨਲ ਸਪੇਸ ਨੂੰ ਨਕਾਰਾਤਮਕ ਅਰਥਾਂ ਵਿਚ ਲਿਆ ਜਾਂਦਾ ਹੈ। ਪਰਿਵਾਰ ਦੀ ਸਮੁੱਚਤਾ ਦੇ ਸੰਦਰਭ ਵਿਚ ਜ਼ਾਤੀ ਆਜ਼ਾਦੀ ਨੂੰ ਵਿਰੋਧ ਵਜੋਂ ਹੀ ਵੇਖਿਆ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਦੇ ਨਕਾਰਾਤਮਕ ਦਬਾਅ ਤੋਂ ਪੱਛਮੀ ਸਮਾਜ ਦੇ ਰਿਸ਼ਤੇ ਜੇ ਪੂਰੀ ਤਰ੍ਹਾਂ ਮੁਕਤ ਨਹੀਂ ਤਾਂ ਬਹੁਤ ਹੱਦ ਤਕ ਆਜ਼ਾਦ ਨੇ। ਸਮਾਜਕ ਪੱਖ ਤੋਂ ਜਾਂ ਲੋਕਾਈ ਦੀ ਨਜ਼ਰ ਤੋਂ ਆਪਣੇ ਰਿਸ਼ਤੇ ਦੇ ਮਾਮਲੇ ਵਿਚ ਮੈਂ ਪੂਰੀ ਤਰ੍ਹਾਂ ਫਰੀ ਹਾਂ। ਫੇਰ ਵੀ ਪੂਰਬੀ ਸੁਭਾਅ ਵਾਲੀਆਂ ਗੱਲਾਂ, ਆਦਤਾਂ, ਰੁਚੀਆਂ, ਰੇਸ਼ੀਅਲ ਸੁਭਾਅ ਕਾਰਨ, ਚੇਤਨ ਤੇ ਅਵਚੇਤਨ ਰੂਪ ਵਿਚ ਮੇਰੇ ਵਿਚ ਸਮਾਈਆਂ ਹੋਈਆਂ ਹਨ। ਮਸਲਨ ਸਾਡੇ ਬਾਡੀ ਬੀਹੇਵੀਅਰ ਅਲੱਗ ਅਲੱਗ ਨੇ। ਗਰਮੀਆਂ ਵਿਚ ਮੈਂ ਅਜੇ ਵੀ ਬੀਚ 'ਤੇ ਕਪੜੇ ਉਤਾਰ ਕੇ ਨਗਨ ਨਹੀਂ ਲੇਟ ਸਕਿਆ। ਘਰ ਦੀ ਆਪਣੀ ਇਕੱਲ ਵਿਚ ਮੇਰੀ ਦੋਸਤ ਨਗਨ ਘੁੰਮਦੀ ਫਿਰਦੀ ਰਹਿ ਸਕਦੀ ਹੈ। ਇੰਝ ਕਰਦੀ ਹੋਈ ਉਹ ਮੈਨੂੰ

ਕਿਸੇ ਤਰ੍ਹਾਂ ਨਾਲ ਪਰੇਸ਼ਾਨ ਨਹੀਂ ਕਰਦੀ, ਅਤੇ ਨਾ ਹੀ ਨੈਤਿਕ ਤੌਰ 'ਤੇ ਸਤਾਉਂਦੀ ਹੈ। ਹਾਂ, ਰਾਤ ਨੂੰ ਮੈਂ ਸਾਰੇ ਕਪੜੇ 'ਉਤਾਰ' ਕੇ ਸੌਣ ਦਾ ਆਦੀ ਹਾਂ।

ਸਾਡੇ ਸੁਭਾਅ ਵਿਚ ਜਿੱਥੇ ਬਹੁਤ ਸਾਰੀਆਂ ਸਾਂਝਾਂ ਨੇ, ਉੱਥੇ ਵਖਰੇਵੇਂ ਵੀ ਅਨੇਕਾਂ ਨੇ। ਆਪਣੇ ਸਟੂਡੀਉ ਵਿਚ ਜਾਣ ਤੋਂ ਪਹਿਲਾਂ ਰਸੋਈ ਨੂੰ ਸਾਫ ਕਰਨਾ ਮੇਰੀ ਡੋਮੇਨ ਹੈ। ਮੈਂ ਆਪਣੀ ਜੀਵਨ-ਜਾਚ ਨੂੰ ਜਿਉਣ ਦਾ ਇਸ ਤਰ੍ਹਾਂ ਦਾ ਪੈਟਰਨ ਬਣਾ ਲਿਆ ਹੋਇਆ ਹੈ, ਜਿਵੇਂ ਮੇਰੀ ਪਾਰਟਨਰ ਦੀ ਮੌਤ ਹੋ ਚੁੱਕੀ ਹੋਵੇ, ਜਾਂ ਅਸੀਂ ਇਕ ਦੂਸਰੇ ਨੂੰ ਛੱਡਕੇ 'ਵੱਖ' ਹੋ ਚੁੱਕੇ ਹੋਈਏ। ਨਿਰਭਰਤਾ ਦੀ ਗ਼ੁਲਾਮੀ ਤੋਂ ਹਰ ਹੀਲੇ ਆਜ਼ਾਦ ਰਹਿਣ ਦੀ ਮੈਂ ਪੂਰਨ ਕੋਸ਼ਿਸ਼ ਤੇ ਤਰੱਦਦ ਕਰਦਾ ਹਾਂ। ਪਰ ਇਸ ਸੁਭਾਅ ਦੇ ਬਾਵਜੂਦ ਅਨੇਕਾਂ ਗੱਲਾਂ ਤੇ ਸਥਿਤੀਆਂ ਵਿਚ ਆਪਣੇ ਆਪ ਨੂੰ ਮੈਂ ਪਾਰਟਨਰ 'ਤੇ ਨਿਰਭਰ ਬਣਾਇਆ ਹੋਇਆ ਹੈ। ਜਿੱਥੇ ਮੈਂ ਪੇਂਟ ਕਰਨ ਅਥਵਾ ਆਪਣੀ ਸਿਰਜਣਾ ਪ੍ਰਤੀ ਚੇਤੰਨ ਹਾਂ ਅਤੇ ਬਾਕਾਇਦਾ ਜ਼ਾਬਤੇ ਦਾ ਪਾਲਣ ਕਰਦਾ ਹਾਂ, ਉੱਥੇ ਮੈਂ ਅਨੁਸ਼ਾਸਨੀ ਤੇ ਦੁਨਿਆਵੀ ਕੰਮਾਂ ਵਿਚ ਆਲਸੀ ਹਾਂ ਅਤੇ ਅਣਗਹਿਲੀ ਵਰਤਦਾ ਹਾਂ। ਇਹ ਆਲਸ ਤੇ ਅਣਗਹਿਲੀ ਸਾਡੇ ਰਿਸ਼ਤੇ ਵਿਚ ਤਿੱਖੀ ਤਕਰਾਰ ਵੀ ਪੈਦਾ ਕਰਦੀ ਹੈ। ਉਸਨੂੰ ਬਹੁਤ ਵਾਰ ਉੱਕਾ ਸਮਝ ਨਹੀਂ ਪੈਂਦੀ ਕਿ ਆਪਣੇ ਮਾਧਿਅਮ ਪ੍ਰਤੀ ਏਨੇ ਡਸਿਪਲਨ ਦਾ ਪਾਲਣ ਕਰਦਾ ਹੋਇਆ ਮੈਂ 'ਮੇਜ਼ ਤੋਂ ਦੂਰ' ਭੱਜਦੇ ਰਹਿਣ ਵਾਲਾ ਕਿਉਂ ਹਾਂ। ਮੈਂ ਮੇਜ਼ ਉੱਤੇ ਬੈਠ ਕੇ ਕੰਮ ਕਰਨ ਵਾਲਾ ਸ਼ਖਸ ਨਹੀਂ। ਮੇਰੀ ਦੋਸਤ ਏਜੰਡੇ ਦੀ ਪਾਬੰਦ ਹੈ। ਮੈਂ ਬਹੁਤ ਕੁਝ ਆਪਣੀ ਸਿਮਰਤੀ ਦੇ ਸਹਾਰੇ ਕਰਦਾ ਹਾਂ, ਜਾਂ ਨਿੱਕੀਆਂ ਨਿੱਕੀਆਂ ਪੀਲੀਆਂ ਸਲਿੱਪਾਂ ਟੈਲੀਫੋਨ ਦੇ ਇਰਦ ਗਿਰਦ ਖਿੰਡਾਈ ਰਖਦਾਂ। ਟੈਲੀਫੋਨ ਨੰਬਰ, ਅਪਾਇੰਟਮੈਂਟਾਂ ਦਾ ਵਕਤ ਆਦਿ, ਨਿੱਕੀਆਂ ਪਰਚੀਆਂ 'ਤੇ ਲਿਖੇ ਹੁੰਦੇ ਹਨ। ਬਹੁਤ ਵਾਰ ਉਹ ਮੇਰੀ ਆਦਤ ਦੀ ਇਸ ਅਨਾਰਕੀ ਤੋਂ ਖਫਾ ਹੁੰਦੀ ਹੈ ਤੇ ਚਿੜ ਉਠਦੀ ਹੈ। ਕਾਰਨ ਇਹ ਕਿ ਬਚਪਨ ਤੋਂ ਹੀ ਇਸ ਤਰ੍ਹਾਂ ਦਾ ਜ਼ਾਬਤਾ ਮੈਂ ਸਿੱਖਿਆ ਨਹੀਂ ਅਤੇ ਨਾ ਹੀ ਕਿਸੇ ਨੇ ਮੈਨੂੰ ਸਿਖਾਇਆ ਹੈ। ਆਪਣੀ ਇਸ ਕਮਜ਼ੋਰੀ ਨੂੰ ਮੈਂ ਕਦੇ ਛੁਪਾਇਆ ਨਹੀਂ, ਅਤੇ ਨਾ ਹੀ ਕਲਾਕਾਰਾਂ ਵਾਲੀ ਬੇਪਰਵਾਹੀ ਵਰਗੀ ਅਹਿਮੀਅਤ ਦਿੱਤੀ ਹੈ। ਹਾਂ ਤਕਲੀਫ ਉਦੋਂ ਹੁੰਦੀ ਹੈ ਜਦੋਂ ਮੈਂ ਇਤਲਾਹ ਲਈ ਰੱਖੀ ਇਸ ਤਰ੍ਹਾਂ ਦੀ ਕੋਈ ਸਲਿੱਪ ਗੁਆ ਬੈਠਦਾ ਹਾਂ, ਅਤੇ ਉਸਨੂੰ ਲੱਭਦਿਆਂ ਕਿੰਨਾ ਹੀ ਸਮਾਂ ਬਰਬਾਦ ਹੋ ਜਾਂਦਾ ਹੈ। ਇਸ ਤਰ੍ਹਾਂ ਦੀ ਨਿੱਕੀ ਜਿਹੀ ਚੀਜ਼ ਜਦੋਂ ਮੇਰੇ ਜ਼ਿਹਨ ਵਿਚ ਅਟਕ ਜਾਂਦੀ ਹੈ ਤਾਂ ਮੈਂ ਬੁਖ਼ਲਾ ਉਠਦਾ ਹਾਂ। ਸ਼ਿਕਾਇਤ ਹੁੰਦੀ ਹੈ ਕਿ ਜ਼ਰੂਰ ਮੇਰੀ ਦੋਸਤ ਨੇ ਮੇਰਾ ਮੇਜ਼ ਸਾਫ ਕਰਨ ਲੱਗੇ ਕਿਤੇ ਮਿਸਪਲੇਸ ਕਰ ਦਿੱਤੀ ਹੋਵੇਗੀ। ਭਾਰਤ ਵਿਚ ਅਸੀਂ ਸਮਝਦੇ ਹਾਂ ਕਿ ਜੇ ਕੰਮ ਅੱਜ ਨਹੀਂ ਹੋਇਆ ਤਾਂ ਕੱਲ ਹੋ ਜਾਵੇਗਾ। ਇਸ ਤਰ੍ਹਾਂ ਦੀ ਆਦਤ ਨੂੰ ਸੈਂਟਰਲ ਯੂਰਪ ਵਿਚ ਕਿਰਦਾਰ ਦੇ ਚੰਗੇ ਪੱਖ ਵਜੋਂ ਨਹੀਂ ਲਿਆ ਜਾਂਦਾ। ਸਪੇਨ ਨਾਲ ਮੇਰਾ ਮੁਹੱਬਤ ਦਾ ਰਿਸ਼ਤਾ ਸ਼ਾਇਦ ਮੇਰੇ ਸੁਭਾਅ ਦੀ ਇਸ ਆਲਸ ਜਾਂ ਮਸਤੀ ਵਿਚੋਂ ਹੀ ਪੈਦਾ ਹੋਇਆ। ਸਪੈਨਿਸ਼ 'ਮਨਿਆਨਾ' ਯਾਨੀ 'ਕੱਲ੍ਹ' ਸੈਂਟਰਲ ਯੂਰਪ ਵਿਚ ਉੱਕਾ ਹੀ ਮਨਾਹ ਹੈ।

ਅੰਤਰ-ਸਭਿਆਚਾਰਕ ਨਾਤਾ ਜਿੱਥੇ ਮੇਰੇ ਲਈ ਰਿਸ਼ਤੇ ਦੀ ਨਵੀਂ ਪਹਿਚਾਣ, ਪਰੰਪਰਾ ਦੀ ਸੀਮਾਂ ਦੀ ਬਜਾਏ ਨਵੇਂ ਦਿਸਹੱਦਿਆਂ ਨਾਲ ਸੰਵਾਦ ਸੀ, ਉੱਥੇ ਆਪਣੀ ਅੰਦਰਲੀ ਹੋਂਦ ਅਤੇ ਬਾਹਰਲੇ ਵੱਖਰੇ ਸਮਾਜ ਦੇ ਪ੍ਰਸ਼ਨਾਂ ਤੇ ਸਰੋਕਾਰਾਂ ਨਾਲ ਜੂਝਣਾ ਵੀ ਸੀ। ਗ਼ੈਰ ਭਾਰਤੀ ਸਭਿਆਚਾਰਾਂ ਨਾਲ ਮੇਰਾ ਸੰਪਰਕ ਬਚਪਨ ਤੋਂ ਹੀ ਹੋ ਗਿਆ ਸੀ। ਈਸਟ ਅਫਰੀਕਾ ਵਿਚ ਸਾਡੇ ਪੜੋਸੀ ਤੇ ਕਿਰਾਏਦਾਰ ਹਰ ਮਜ਼ਹਬ ਵਿਚੋਂ ਸਨ, ਇਸਾਈ, ਹਿੰਦੂ, ਮੁਸਲਮਾਨ, ਅੰਗਰੇਜ਼ ਤੇ ਅਫਰੀਕਨ ਲੋਕ। ਇਸ ਵਾਤਾਵਰਣ ਨੇ ਮੈਨੂੰ ਬੰਦ ਸਪੇਸ ਦੀ ਗ਼ੁਲਾਮੀ ਤੋਂ ਮੁਕਤ ਰੱਖਿਆ। ਸ਼ੁਰੂ ਤੋਂ ਹੀ ਮੈਂ ਇਹ ਵੀ ਜਾਣ ਗਿਆ ਕਿ ਭਾਰਤੀ, ਅਤੇ ਮੇਰੇ ਸੰਦਰਭ ਵਿਚ ਪੰਜਾਬੀ, ਰਿਸ਼ਤਾ ਤੇ ਭਾਈਚਾਰਾ ਦੋਹਰੀ ਮਾਨਸਿਕਤਾ ਦੀ ਚਾਰ ਦੀਵਾਰੀ ਵਿਚ ਕੈਦ ਸੀ। ਧਾਰਮਿਕ ਪਰਪੰਚ ਦੇ ਥੱਲੇ ਦਲਦਲ

ਵਾਲਾ ਜੀਵਨ ਵੀ ਸੀ। ਸਾਡੇ ਪਰਿਵਾਰ ਵਿਚ ਇਕਸਾਰਤਾ ਤੇ ਇਕਸੁਰਤਾ ਦੀ ਘਾਟ ਸੀ। ਮੇਰੇ ਬਾਲ ਮਨ 'ਤੇ ਇਸ ਦੇ ਪ੍ਰਭਾਵ ਬਹੁਤ ਗਹਿਰੇ ਖੁਰਚੇ ਗਏ ਸਨ। ਯੂਰਪ ਦੇ ਰਿਸ਼ਤਿਆਂ ਵਿਚ ਭਾਰਤੀ ਰਿਸ਼ਤਿਆਂ ਵਾਲਾ ਅਖੌਤੀ ਸਹਿਜ ਤੇ 'ਪਰਿਵਾਰਕ ਏਕਤਾ' ਵਾਲਾ ਦਿਖਾਵਾ ਨਹੀਂ, ਅਤੇ ਨਾ ਹੀ ਉਪਭਾਵੁਕਤਾ ਦੀ ਬਹੁਤਾਤ ਹੈ। ਜੋ ਮੈਂ ਯੂਰਪ ਵਿਚ ਦੇਖਿਆ, ਜੀਵਿਆ ਤੇ ਅਨੁਭਵ ਕੀਤਾ ਹੈ, ਉਹ ਹੈ ਰਿਸ਼ਤੇ ਪ੍ਰਤੀ ਸੁੱਚਤਾ ਤੇ ਇਮਾਨਦਾਰੀ। ਮੈਂ ਇਹ ਨਹੀਂ ਕਹਿੰਦਾ ਕਿ ਉੱਥੇ ਰਿਸ਼ਤੇ ਵਿਚ ਤਣਾਉ ਜਾਂ ਉਤਰਾਅ-ਚੜ੍ਹਾ ਗ਼ੈਰਹਾਜ਼ਰ ਹੁੰਦਾ ਹੈ। ਪੂਰਬੀ ਹੋਵੇ ਜਾਂ ਪੱਛਮੀ, ਤਣਾਉ ਜਾਂ ਉਤਰਾਅ-ਚੜ੍ਹਾ ਤਾਂ ਹਰ ਰਿਸ਼ਤੇ ਦੀ ਹੋਣੀ ਹੈ। ਸੱਚ ਇਹ ਹੈ ਕਿ ਯੂਰਪ ਵਿਚ ਲੋਕ-ਲੱਜ ਦੇ ਨਾਂ 'ਤੇ ਬਿਮਾਰ ਰਿਸ਼ਤੇ ਦਾ ਭਾਰ ਨਹੀਂ ਚੁੱਕਿਆ ਜਾਂਦਾ। ਆਪਣੀ ਖੁਸ਼ੀ ਦੀ ਥਾਂ ਪਰਿਵਾਰ ਦੀ ਇੱਜ਼ਤ, ਖੁਸ਼ੀ ਜਾਂ ਏਕਤਾ ਦਾ ਰਾਮ ਰੌਲਾ ਤੇ ਵਿਰੋਧ ਨਹੀਂ। ਮੇਰੇ ਲਈ ਭਾਰਤੀ ਰਿਸ਼ਤੇ ਅੰਦਰ ਮੁੜਕੇ ਟਿਕ ਸਕਣਾ ਸ਼ਾਇਦ ਕਦੇ ਵੀ ਮੁਮਕਿਨ ਨਾ ਹੋਵੇ। ਸਾਰੀ ਉਮਰ ਦੀ ਸਵੈ-ਫਰੇਬੀ ਦੀ ਥਾਂ ਮੈਨੂੰ ਇਕੱਲਾ ਰਹਿਣਾ ਮਨਜ਼ੂਰ ਹੈ।

ਅਸੀਂ ਦੋਨੋਂ ਹੀ ਹਾਰਡ ਹੈੱਡਿਡ ਯਾਨੀ ਸਿਰ-ਸੜੇ ਹਾਂ, ਦੋਵੇਂ ਹੀ ਇੰਤਹਾ-ਪਸੰਦ ਹਾਂ, ਸਮਝੌਤੇ ਦੀ ਥਾਂ ਬੜੀ ਹੀ ਥੋੜ੍ਹੀ ਰਹਿ ਜਾਂਦੀ ਹੈ। ਰਿਸ਼ਤੇ ਅੰਦਰ ਸਨਾਤਨੀ ਬੋਝ ਦਾ ਤਾਂ ਕਦੇ ਸਵਾਲ ਹੀ ਨਹੀਂ ਆਇਆ। ਬਹੁਤ ਕੁਝ ਸਾਂਝਾ ਹੋਣ ਦੇ ਬਾਵਜੂਦ ਸਾਡੇ ਸੁਭਾਅ ਵਿਚ ਵੱਖਰਤਾਵਾਂ ਵੀ ਬਹੁਤ ਨੇ। ਜਿਵੇਂ ਮੈਂ ਉਸ ਦੇ ਸੁਭਾਅ ਤੇ ਆਦਤਾਂ ਨੂੰ ਕਾਫੀ ਹੱਦ ਤਕ ਸਵੀਕਾਰ ਕੀਤਾ ਹੋਇਆ ਹੈ, ਉਵੇਂ ਹੀ ਉਸਨੇ ਵੀ ਕੀਤਾ ਹੈ। ਪਰ ਉਸਨੂੰ ਮੇਰੀਆਂ ਕਈ ਆਦਤਾਂ ਬਹੁਤ ਨਾਪਸੰਦ ਨੇ, ਜਿਵੇਂ ਮੇਰਾ ਕਿਸੇ ਨੂੰ ਨਾਂਹ ਨਾ ਕਰ ਸਕਣਾ, ਬਿਨਾਂ ਪੂਰਵ ਇਤਲਾਹ ਦਿੱਤੇ ਆ ਜਾਣ ਵਾਲੇ ਹਰ ਕਿਸੇ ਲਈ ਆਪਣਾ ਬੂਹਾ ਖੋਲ੍ਹਦੇ ਰਹਿਣਾ, ਥੋੜ੍ਹੀ ਜਿਹੀ ਵਾਕਫੀ ਨੂੰ ਵੀ ਦੋਸਤੀ ਦਾ ਦਰਜਾ ਦੇ ਦੇਣਾ, ਲੋੜੋਂ ਵੱਧ ਭੋਜਨ ਤਿਆਰ ਕਰਨਾ, ਆਪਣੇ ਦੁੱਖ ਨਾਲ ਆਪ ਹੀ ਅੰਦਰੋ ਅੰਦਰ ਘੁਲਦੇ ਰਹਿਣਾ, ਬੱਤੀਆਂ ਤੇ ਰੋਸ਼ਨੀਆਂ ਬੇਲੋੜੇ ਤੌਰ 'ਤੇ ਜਗਾਈ ਰੱਖਣੀਆਂ। ਇਸੇ ਤਰ੍ਹਾਂ ਇਕੋਲੋਜੀ ਤੇ ਚੀਜ਼ਾਂ ਨੂੰ ਵੇਸਟ ਕਰਨ ਦੀ ਮੇਰੀ ਆਦਤ ਤੋਂ ਵੀ ਉਹ ਤੰਗ ਪੈ ਜਾਂਦੀ ਹੈ। ਜਿੱਥੇ ਉਹ ਪੈਸੇ ਖਰਚਣ ਪ੍ਰਤੀ ਅਤਿਅੰਤ ਸੰਕੋਚੀ ਹੈ, ਉੱਥੇ ਮੇਰੀ ਫਜ਼ੂਲ ਖਰਚੀ ਦਾ ਕੋਈ ਹੱਦ ਬੰਨਾ ਨਹੀਂ। ਇਹ ਵੀ ਨਹੀਂ ਕਿ ਮੇਰੇ ਕੋਲ ਪੈਸੇ ਦੀ ਬਹੁਤਾਤ ਹੈ। ਬੱਸ ਸਾਡਾ ਦੋਹਾਂ ਦਾ ਬਚਪਨ ਤੇ ਪਰਵਰਿਸ਼ ਵੱਖੋ ਵੱਖਰੀ ਤਰ੍ਹਾਂ ਦੇ ਰਹੇ ਹਨ।

ਬਚਪਨ ਵਿਚ ਮੈਨੂੰ ਕਿਸੇ ਤਰ੍ਹਾਂ ਦੀ ਕਿੱਲਤ ਜਾਂ ਦਿੱਕਤ ਤਾਂ ਨਹੀਂ ਸੀ ਰਹੀ, ਪਰ ਪਰਿਵਾਰਕ ਪਿਆਰ ਮੇਰੀ ਜ਼ਿੰਦਗੀ 'ਚੋਂ ਉੱਕਾ ਹੀ ਮਨਫੀ ਰਿਹਾ। ਆਪਣੇ ਅੰਦਰ ਮਨੁੱਖੀ ਮੋਹ ਅਤੇ ਨਿੱਘ ਦੀ ਪਹਿਚਾਣ ਜੀਵਨ ਸਫਰ ਦੌਰਾਨ ਮੈਨੂੰ ਖੁਦ ਹੀ ਕਰਨੀ ਪਈ ਹੈ। ਇਸ ਘਾਟ ਨੇ ਮੇਰੇ ਅੰਦਰਲੀ ਇਕੱਲਤਾ ਨੂੰ ਜਨਮ ਦਿੱਤਾ ਹੈ, ਅਤੇ ਦੂਜਿਆਂ ਨਾਲ ਸੰਚਾਰ ਵਿਚ ਆਉਣ ਤੋਂ ਵਾਂਝਿਆਂ ਕਰੀ ਰੱਖਿਆ ਹੈ। ਜਿਉਂ ਜਿਉਂ ਮੈਨੂੰ ਖੁਦ ਦੀ ਅਤੇ ਆਪਣੀ ਸਿਰਜਣਾ ਦੀ ਪਹਿਚਾਣ ਹੁੰਦੀ ਗਈ, ਬਾਹਰਲੇ ਸੰਸਾਰ ਤੇ ਲੋਕਾਂ ਨਾਲ ਮੇਰਾ ਰਾਬਤਾ ਵੀ ਬਣਦਾ ਗਿਆ। ਮੈਂ ਕਦੇ ਵੀ ਭੀੜ ਤੇ ਮਜਲਸਾਂ ਵਿਚ ਨਿੱਕੀਆਂ ਨਿੱਕੀਆਂ ਗੱਲਾਂ ਕਰਨ ਤੇ ਟੋਟਕੇ ਸੁਣਾਉਣ ਵਾਲਾ ਬੰਦਾ ਨਹੀਂ ਰਿਹਾ। ਜਦ ਤਕ ਮੈਨੂੰ ਪੂਰਾ ਵਿਸ਼ਵਾਸ ਨਾ ਹੋਵੇ, ਮੈਂ ਕਿਸੇ ਵੀ ਥਾਂ ਜਾਂ ਦਾਅਵਤ ਉੱਤੇ ਜਾਣ ਤੋਂ ਝਿਜਕਦਾ ਤੇ ਸੰਗਦਾ ਹਾਂ। ਮੈਂ ਆਪਣੇ ਰਿਸ਼ਤੇ ਦੀ ਪਰਾਈਵੇਸੀ ਤੇ ਸ਼ੁੱਧਤਾ ਉੱਤੇ ਪਹਿਰਾ ਦਿੰਦਾ ਹਾਂ ਅਤੇ ਜ਼ਿੱਦ ਦੀ ਹੱਦ ਤਕ ਇਸ ਦਾ ਪਾਲਣ ਕਰਦਾ ਹਾਂ। ਰਸੋਈ ਅੰਦਰ ਖਾਣੇ ਦੇ ਮੇਜ਼ 'ਤੇ ਦੋਸਤਾਂ ਤੋਂ ਸਿਵਾ ਹੋਰ ਕਿਸੇ ਲਈ ਉੱਕਾ ਹੀ ਕੋਈ ਥਾਂ ਨਹੀਂ, ਮੇਰੇ ਰਿਸ਼ਤੇਦਾਰਾਂ ਲਈ ਵੀ ਨਹੀਂ। ਇਹ ਉਹ ਸਪੇਸ ਹੈ ਜੋ ਦੋ ਮਨੁੱਖੀ ਜ਼ਿੰਦਗੀਆਂ ਦੀ ਪਰਸਪਰ ਖਿੱਚ, ਕਸ਼ਮਕਸ਼ ਅਤੇ ਪੂਰਨ ਸੂਝ ਸਮਝ ਰਾਹੀਂ ਹੀ ਪ੍ਰਾਪਤ ਹੁੰਦੀ ਹੈ।

ਜੋ ਲੋਕ ਫਰੇਬੀ ਰਿਸ਼ਤਿਆਂ ਦਾ ਤਮਾਸ਼ਾ ਕਰਦੇ ਅਤੇ ਚੁਕ-ਚਲਾਕੀਆਂ ਦਾ ਚਿੱਕੜ ਉਛਾਲਦੇ ਰਹਿੰਦੇ ਨੇ, ਉਹਨਾਂ ਤੋਂ ਸਾਨੂੰ ਦੋਹਾਂ ਨੂੰ ਨਫਰਤ ਤੇ ਕੋਫਤ ਹੁੰਦੀ ਹੈ। ਇਸ ਤਰ੍ਹਾਂ ਦੇ ਲੋਕ ਕਦੇ ਵੀ ਸਾਡੀ ਜ਼ਿੰਦਗੀ ਦਾ ਹਿੱਸਾ ਜਾਂ ਅੰਗ ਨਹੀਂ ਰਹੇ। ਮੈਂ ਆਪਣੀ ਨਿੱਕੀ ਜਿਹੀ ਪਰ ਬਹੁਤ ਵੱਡੀ ਦੁਨੀਆਂ ਨਾਲ ਜੇ ਪੂਰਾ ਸੰਤੁਸ਼ਟ ਨਹੀਂ, ਤਾਂ ਮੈਨੂੰ ਇਸ ਨਾਲ ਸ਼ਿਕਾਇਤ ਵੀ ਕੋਈ ਨਹੀਂ। ਮੇਰੀ ਦੋਸਤ ਨੂੰ ਗਿਲਾ ਹੈ ਕਿ ਬਹੁਤ ਗੱਲਾਂ ਵਿਚ ਮੈਂ ਯੂਰਪੀ ਸੁਭਾਅ ਵਾਲਾ ਨਹੀਂ। ਜਲਦੀ ਸੌਣਾ ਤੇ ਸਵੇਰ ਸਾਰ ਬਹੁਤ ਹੀ ਜਲਦੀ ਉਠਣਾ- ਇਹ ਆਦਤ ਮੇਰੀ ਭਾਰਤੀ ਪਿਛੋਕੜ ਦੀ ਹੈ। ਮੈਂ ਰਾਤ ਦਾ ਆਦਮੀ ਨਹੀਂ, ਸਵੇਰ ਦਾ ਪੁਰਸ਼ ਹਾਂ। ਪਰਿਵਾਰਕ ਦਾਅਵਤਾਂ ਤੋਂ ਮੈਂ ਅੱਕ ਜਾਂਦਾ ਹਾਂ। ਸੁਹਜ ਦੇ ਸੰਬੰਧ ਵਿਚ ਸਾਡੇ ਦੋਹਾਂ ਦੀ ਰਾਇ ਬਹੁਤ ਹੱਦ ਤਕ ਇਕ ਹੀ ਹੈ। ਮੇਰੇ ਸੰਦਰਭ ਵਿਚ ਇਹ ਬੋਧਕ ਪੱਧਰ 'ਤੇ ਨਿੱਜੀ ਉਤਸੁਕਤਾ ਦੇ ਤਰੱਦਦ ਨਾਲ ਹਾਸਲ ਹੋਈ ਹੈ। ਮੇਰੀ ਦੋਸਤ ਵਿਚ ਇਹ ਸਾਰੇ ਗੁਣ ਕੁਦਰਤੀ ਨੇ। ਨਿੱਕੇ ਪਰਿਵਾਰਕ ਪਿਛੋਕੜ 'ਚੋਂ ਹੋਣ ਕਰਕੇ ਉਸ ਅੰਦਰ 'ਤਰੱਕੀ' ਕਰਨ ਦੀ ਚੇਸ਼ਟਾ ਤੇ ਲਗਨ ਹੈਰਾਨ ਕਰਨ ਵਾਲੀ ਹੈ। ਜਿਸ ਕਿਸੇ ਕੰਮ ਨੂੰ ਉਹ ਹੱਥ ਪਾਉਂਦੀ ਹੈ, ਉਸਨੂੰ ਸਿਖਰ ਤੋੜ ਤਕ ਲੈ ਜਾਂਦੀ ਹੈ। ਮੇਰੇ ਅੰਦਰ ਇਸ ਗੁਣ ਲੱਛਣ ਦੀ ਬਹੁਤ ਘਾਟ ਹੈ। ਮੈਂ ਕਿਸੇ ਵੀ ਕੰਮ ਦੇ ਪ੍ਰੋਸੈਸ ਵਿਚ ਉਦੋਂ ਤਕ ਹੀ ਕੇਂਦਰਤ ਰਹਿੰਦਾ ਹਾਂ ਜਦੋਂ ਤਕ ਉਸ ਵਿਚੋਂ ਮੇਰੀ ਰਚਨਾਤਮਕਤਾ ਦੀ ਪਹਿਚਾਣ ਹੁੰਦੀ ਰਹੇ। ਹਾਸਲ ਮੁਕਾਮ ਜਾਂ ਪ੍ਰਾਪਤੀ ਕਦੇ ਵੀ ਮੇਰੀ ਉਤਸੁਕਤਾ ਨੂੰ ਬਰਕਰਾਰ ਨਹੀਂ ਰੱਖ ਪਾਉਂਦੀ। ਪ੍ਰਾਪਤੀ ਮੈਨੂੰ ਉਹੋ ਪ੍ਰਤੀਤ ਹੁੰਦੀ ਹੈ ਜਿਸ ਨਾਲ ਮੇਰੇ ਅੰਦਰ ਵੀ ਪਰਿਵਰਤਨ ਹੁੰਦੈ। ਮੇਰੀ ਇਸ ਮਾਨਸਿਕਤਾ ਦਾ ਮੇਰੇ ਭਾਰਤੀ ਹੋਣ ਨਾਲ ਉੱਕਾ ਹੀ ਕੋਈ ਵਾਸਤਾ ਨਹੀਂ।

ਸਾਨੂੰ ਦੋਹਾਂ ਨੂੰ ਹੀ ਮਹਿਮਾਨ ਦੀ ਆਉ-ਭਗਤ ਦਾ ਝੱਲ ਹੈ। ਮਹਿਮਾਨ ਦੀ ਖੁਸ਼ੀ ਲਈ ਅਸੀਂ ਨਿੱਕੀ ਤੋਂ ਨਿੱਕੀ ਲੋੜ ਵੱਲ ਧਿਆਨ ਦਿੰਦੇ ਹਾਂ। ਪੱਛਮੀ ਸਮਾਜ ਦੀ ਜੰਮਪਲ ਹੋਣ ਸਦਕਾ ਉਹ ਸੋਚ ਸਮਝ ਕੇ, ਲੋੜ ਨਾਲੋਂ ਵੱਧ ਨਾ ਘੱਟ, ਦੀ ਪਾਬੰਦ ਹੈ ਤੇ ਮੈਂ ਪੰਜਾਬੀ ਮੂਲ ਦਾ ਹੋਣ ਕਰਕੇ ਕੁਝ ਜ਼ਿਆਦਾ ਹੀ ਚਾਅ ਦਾ ਖਿਲਾਰਾ ਪਾ ਬੈਠਦਾ ਹਾਂ। ਮੇਰੀ ਇਹ ਆਦਤ ਕਈ ਵਾਰ ਮੇਰੀ ਦੋਸਤ ਨੂੰ ਚੰਗੀ ਨਹੀਂ ਲੱਗਦੀ। ਮੇਰੇ ਲੋੜੋਂ ਵੱਧ ਉਦਾਰ ਹੋਣ ਦੀ ਆਦਤ ਤੋਂ ਉਸਨੂੰ ਕੋਫਤ ਹੁੰਦੀ ਹੈ। ਮੱਧ ਯੂਰਪੀ ਸੁਭਾਅ ਨਾਟਕੀ ਵਿਖਾਵੇ ਵਾਲਾ ਨਹੀਂ, ਠਰੰਮੇ ਵਾਲਾ ਹੈ। ਸਵਿੱਸ ਤਾਂ ਹੋਰ ਵੀ ਜ਼ਿਆਦਾ ਸੰਕੋਚਵਾਨ ਲੋਕ ਨੇ। ਵੈਸੇ ਸਵਿੱਸ ਸਮਾਜ ਦਾ ਪ੍ਰਭਾਵ ਮੇਰੇ 'ਤੇ ਵੀ ਪਿਆ ਹੋਇਆ ਹੈ। ਇਹ ਲੋਕ ਇਕੋ ਵੇਲੇ ਮੈਨੂੰ ਖਿੱਚ ਵੀ ਪਾਉਂਦੇ ਨੇ, ਤੇ ਕਈ ਵਾਰ ਇਹਨਾਂ ਪ੍ਰਤੀ ਉਦਾਸੀਨਤਾ ਵੀ ਉਤਪੰਨ ਹੁੰਦੀ ਹੈ। ਸੋਸ਼ਲ ਤੇ ਘਰੇਲੂ ਅਨੁਸ਼ਾਸਨ ਲਈ ਮੇਰੇ ਅੰਦਰ ਬਹੁਤ ਵੱਡੀ ਭਾਵਨਾ ਹੈ। ਸਾਡੇ ਘਰ ਅੰਦਰ ਅਣਚਾਹੇ ਵਿਅਕਤੀ ਲਈ ਕੋਈ ਥਾਂ ਨਹੀਂ। ਇਹ ਗੱਲ ਵੱਖਰੀ ਹੈ ਕਿ ਅਸੀਂ ਕਿਸੇ ਬਿਨ ਬੁਲਾਏ ਢੀਠ ਦੀ ਵੀ ਆਉ ਭਗਤ ਕਰਦੇ ਹਾਂ, ਕਿਉਂਕਿ ਉਹ ਸ਼ਖਸ ਸਾਡੇ ਕਿਸੇ ਵਾਕਫ ਨਾਲ ਆਇਆ ਹੁੰਦੈ। ਪਰਬਤਾਂ ਵਿਚ ਮੇਰੀ ਦੋਸਤ ਦੀ ਰੁਚੀ ਕਾਰਨ ਮੈਂ ਵੀ ਕੁਝ ਕੁਝ ਪਰਬਤਾਂ ਦੀ ਘੁੰਮਕੜੀ ਦਾ ਆਦੀ ਹੋਇਆ ਹਾਂ। ਮੇਰੇ ਅੰਦਰ ਬਾਹਰਲੇ ਸੰਸਾਰ ਲਈ ਜੋ ਹਿਚਕਿਚਾਹਟ ਹੈ, ਉਸ ਕਾਰਨ ਘੱਟ ਰਚਣਾ-ਮਿਚਣਾ ਮੇਰੀ ਸੀਮਾ ਬਣ ਜਾਂਦਾ ਹੈ। ਮੈਂ ਬਹੁਤ ਘੱਟ ਕਿਸੇ ਦੇ ਨਜ਼ਦੀਕ ਜਾਂਦਾ ਹਾਂ। ਇਸਦੇ ਬਾਵਜੂਦ ਜੇ ਮੇਰੀ ਵਾਕਫੀਅਤ ਦਾ ਘੇਰਾ ਕਾਫੀ ਵਿਸ਼ਾਲ ਤੇ ਦੂਰ ਦੂਰ ਤਕ ਪਸਰਿਆ ਹੋਇਆ ਹੈ ਤਾਂ ਉਸ ਵਿਚ ਮੇਰੇ ਸਵੈ ਦਾ ਦਖਲ ਘੱਟ ਤੇ ਮੇਰੇ ਚਿਤਰਕਾਰ ਹੋਣ ਦਾ ਸਬੱਬ ਜ਼ਿਆਦਾ ਹੈ।ਕੁਝ ਬਾਹਰੋਂ ਦਿਸਦੇ ਸਵੈ-ਵਿਰੋਧ ਮੇਰੇ ਨਾਲ ਜੁੜੇ ਹੋਏ ਹਨ। ਮੈਂ ਛੇਤੀ ਕੀਤਿਆਂ ਕੋਈ ਫੈਸਲਾ ਨਹੀਂ ਲੈਂਦਾ, ਹਾਂ ਨਾਂਹ ਵਿਚਕਾਰ ਭਟਕਦਾ ਰਹਿੰਦਾ ਹਾਂ। ਫੈਸਲੇ ਤਕ ਅਪੜਨ ਲਈ ਮੈਨੂੰ ਬਹੁਤ ਤਰੱਦਦ ਕਰਨਾ ਪੈਂਦਾ ਹੈ। ਇਸਦੇ ਉਲਟ ਮੇਰੀ ਦੋਸਤ ਨੂੰ ਇਸ ਤਰ੍ਹਾਂ ਦੀ ਕੋਈ ਪਰੇਸ਼ਾਨੀ ਨਹੀਂ ਉਠਾਉਣੀ ਪੈਂਦੀ। ਮਿਹਨਤ ਤੇ ਕਰਮ-ਧਰਮ ਦੀ ਉਹ ਮੇਰੇ ਲਈ ਸ਼ਾਨਦਾਰ ਪ੍ਰੇਰਨਾ ਰਹੀ ਹੈ।

ਵੱਖਰਤਾਵਾਂ, ਸਾਂਝਾਂ ਤੇ ਸਮਾਨ ਰੁਚੀਆਂ ਦੇ ਇਸ ਵੇਰਵੇ ਤੋਂ ਪਿੱਛੋਂ ਮੈਂ ਇਹ ਕਹਿ ਸਕਦਾ ਹਾਂ ਕਿ ਇਹ ਜ਼ਰੂਰੀ ਨਹੀਂ ਸਾਡੇ ਵਰਗੇ ਦੋ ਵਿਅਕਤੀ ਕਾਮਯਾਬ ਆਪਸੀ ਰਿਸ਼ਤੇ ਦੀ ਗਾਰੰਟੀ ਵੀ ਹੋਣ। ਅਸਾਂ ਦੋਹਾਂ ਨੇ ਕਦੇ ਵੀ ਰਿਸ਼ਤੇ ਤੇ ਖੁਸ਼ੀ ਨੂੰ ਸਦੀਵੀ ਨਹੀਂ ਮਿਥਿਆ। ਦੋਹਾਂ ਨੇ ਆਪਣੇ ਆਪਣੇ ਜੀਵਨ ਨੂੰ ਤੇ ਆਪਸ ਵਿਚਲੀ ਸਾਂਝੀ ਜ਼ਿੰਦਗੀ ਨੂੰ ਆਪਣੇ ਸੱਚ ਸਹਿਤ ਵੱਧ ਤੋਂ ਵੱਧ ਇਮਾਨਦਾਰੀ ਨਾਲ ਜਿਉਣ ਦੀ ਕੋਸ਼ਿਸ਼ ਕੀਤੀ ਹੈ। ਤਾਂ ਵੀ ਸਮੇਂ ਸਮੇਂ ਸਾਨੂੰ ਦੋਹਾਂ ਨੂੰ ਆਪਣੀ ਸਪੇਸ ਤੇ ਇਕਾਂਤ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਇਸ ਵਾਸਤੇ ਅਸੀਂ ਆਪਣੇ ਹੀ ਤਰੀਕੇ ਨਾਲ ਇੰਤਜ਼ਾਮ ਕੀਤੇ ਹੋਏ ਨੇ। ਸਮੇਂ ਸਮੇਂ ਅਸੀਂ ਇਕ ਦੂਸਰੇ ਤੋਂ ਵਿੱਥ ਤੇ ਵਕਫਾ ਰੱਖਣ ਦਾ ਕਾਵਿਕ ਤਰਕ ਤੇ ਤਰੀਕਾ ਲੱਭ ਲਿਆ ਹੈ। ਇਸ ਤਰ੍ਹਾਂ ਕਰਦਿਆਂ ਹੋਇਆਂ ਸ਼ੁਰੂ ਸ਼ੁਰੂ ਵਿਚ ਮੇਰੇ ਅੰਦਰ ਡਰ ਤੇ ਉਦਾਸੀ ਉਪਜਦੀ ਸੀ, ਪਰ ਬਾਅਦ ਵਿਚ ਇਸ ਭੈਅ ਤੋਂ ਮੁਕਤ ਹੋ ਕੇ ਅਸੀਂ ਇਕ ਦੂਸਰੇ ਦੇ ਹੋਰ ਵੀ ਨਜ਼ਦੀਕ ਹੁੰਦੇ ਰਹੇ ਹਾਂ। ਹਰ ਰਿਸ਼ਤਾ ਆਪਣੀਆਂ ਸਾਰੀਆਂ ਸੰਭਾਵਨਾਵਾਂ ਹੰਢਾ ਲੈਣ ਬਾਅਦ ਖੁਦ ਆਪਣੇ ਆਪ ਲਈ ਨਵੇਂ ਖਤਰੇ ਵੀ ਸਹੇੜ ਸਕਦੈ। ਅਸੀਂ ਦੋਵੇਂ ਹੀ ਸਨਾਤਨੀ ਤੇ ਪਰੰਪਰਕ ਰਾਹਾਂ ਤੋਂ ਹਟ ਕੇ ਤੁਰਨ ਦੇ ਰਾਹੀ ਹਾਂ। ਰਿਸ਼ਤੇ ਪ੍ਰਤੀ ਸਾਡੇ ਆਪਣੇ ਨਿਵੇਕਲੇ ਨਿਯਮ ਹਨ। ਸਾਡਾ ਰਿਸ਼ਤਾ ਅਨੁਭਵ ਦੀ ਪਹਿਚਾਣ ਅਤੇ ਇਕ ਦੂਸਰੇ ਪ੍ਰਤੀ ਮੋਹ ਤੇ ਸਤਿਕਾਰ ਦੇ ਸ਼ਫਾਫ ਪਾਣੀਆਂ ਉੱਤੇ ਆਧਾਰਤ ਹੈ। ਤਾਂ ਵੀ ਇਸ ਰਿਸ਼ਤੇ ਦੀ ਇਕਾਗਰਤਾ ਅੰਦਰ ਭੰਵਰ ਤੇ ਤੂਫਾਨ ਅਕਸਰ ਉਠਦੇ ਰਹਿੰਦੇ ਨੇ। ਰਿਸ਼ਤਾ ਖਿਲਰ ਤੇ ਟੁੱਟ ਜਾਣ ਦਾ ਸਹਿਮ ਤੇ ਭੈਅ ਹਰ ਪਲ ਬਣਿਆ ਰਹਿੰਦਾ ਹੈ। ਇਸ ਲਈ ਮੈਂ ਤੇ ਉਹ ਹਮੇਸ਼ਾ ਹੀ ਤਿਆਰ ਵੀ ਰਹਿੰਦੇ ਹਾਂ।

ਦੇਹ ਤੋਂ ਪਹਿਲਾਂ ਸਾਡੇ ਦੋਹਾਂ ਦੇ ਪਰਸਪਰ ਆਕਰਸ਼ਣ ਦੇ ਪਿੱਛੇ ਸੁਹਜ ਤੇ ਚਿਤਰਕਲਾ ਦੀ ਸਮਝ ਕਾਰਜਸ਼ੀਲ ਸੀ। ਰਿਸ਼ਤੇ ਵਿਚ ਜੁੜਨ ਤੋਂ ਪਹਿਲਾਂ ਉਹ ਮੇਰੇ ਰਚਨਾ-ਸੰਸਾਰ ਤੋਂ ਵਾਕਫ ਹੋ ਚੁੱਕੀ ਸੀ। ਸਾਲ 1990 ਵਿਚ ਉਹ ਆਪਣੀ ਯਹੂਦੀ ਸਹੇਲੀ ਨਾਲ ਬਾਸਲ ਦੀ ਅੰਤਰਰਾਸ਼ਟਰੀ ਨੁਮਾਇਸ਼ ਵਿਚ ਪਹਿਲੀ ਵਾਰ ਮੇਰੇ ਚਿਤਰ ਤੱਕਣ ਆਈ ਸੀ। ਉਹ ਆਪਣੇ ਪੁਰਾਣੇ ਰਿਸ਼ਤੇ ਤੋਂ ਅਜੇ ਕੁਝ ਸਮਾਂ ਪਹਿਲਾਂ ਹੀ ਵੱਖ ਹੋਈ ਸੀ। ਉਸ ਦਾ ਪਹਿਲਾ ਮਿੱਤਰ ਵੀ ਮੈਨੂੰ ਮਿਲ ਚੁੱਕਾ ਸੀ। ਉਸ ਨਾਲ ਵੀ ਮੇਰਾ ਸੰਪਰਕ ਮੇਰੀ ਕਲਾ ਕਰ ਕੇ ਹੀ ਹੋਇਆ। ਮੈਂ ਲੰਬੇ ਅਰਸੇ ਤੋਂ ਇਕੱਲਾ ਰਹਿਣ ਦਾ ਆਦੀ ਹੋ ਚੁੱਕਾ ਸਾਂ। ਇਸ ਲਈ ਝੱਟ ਪਟ ਵਾਲੀ ਮੁਲਾਕਾਤ ਤੋਂ ਪਿੱਛੋਂ ਰਿਸ਼ਤੇ ਵਿਚ ਜੁੜਨ ਤੋਂ ਮੈਂ ਝਿਜਕਦਾ ਸਾਂ। ਇਸ ਲਈ ਇਸ ਘਟਨਾ ਨੂੰ ਵੀ ਮੈਂ ਹੌਲੀ ਹੌਲੀ ਹੀ ਆਪਣੇ ਅੰਦਰ ਸਮਾ ਸਕਿਆ। ਉਸਨੂੰ ਬਹੁਤ ਛੇਤੀ ਪਤਾ ਲੱਗ ਗਿਆ ਸੀ ਕਿ ਇਹ ਬੰਦਾ ਆਪਣੇ ਆਪ ਦੂਸਰੇ ਨਾਲ ਘੱਟ ਹੀ ਰਾਬਤਾ ਪੈਦਾ ਕਰਨ ਵਾਲਾ ਹੈ। ਆਪਣੇ ਫਲੈਟ ਨੂੰ ਛੱਡ ਕੇ ਇਹ ਤਾਂ ਉੱਕਾ ਹੀ ਬਾਹਰ ਨਹੀਂ ਨਿਕਲੇਗਾ। ਜਦ ਤਕ ਅਸੀਂ ਦੋਹਾਂ ਨੇ ਇਕੱਠੇ ਰਹਿਣ ਦਾ ਫੈਸਲਾ ਨਹੀਂ ਕਰ ਲਿਆ, ਉਦੋਂ ਤਕ ਅਕਸਰ ਉਹ ਆਪ ਹੀ ਮੇਰੇ ਕੋਲ ਆਉਂਦੀ ਤੇ ਰਹਿੰਦੀ ਸੀ। ਕਿਸੇ ਹੋਰ ਦੇ ਟਿਕਾਣੇ 'ਤੇ ਜਾਣ ਤੋਂ ਜੋ ਝਿਜਕ ਤੇ ਸੰਗ ਮੇਰੇ ਅੰਦਰ ਹੈ, ਉਹ ਮੇਰੇ ਜ਼ਾਤੀ ਰਿਸ਼ਤੇ ਵਿਚ ਵੀ ਮੌਜੂਦ ਹੈ। ਇਸ ਕਰ ਕੇ ਸਾਡੇ ਰਿਸ਼ਤੇ ਵਿਚ ਅੱਗੇ ਚੱਲ ਕੇ ਖਤਰੇ ਨਜ਼ਰ ਆਉਣ ਲੱਗੇ। ਇਸ ਦੁਫਾੜ ਤੇ ਤ੍ਰੇੜ ਨੂੰ ਭਰਨ ਤੇ ਜੋੜਨ ਲਈ ਸਾਨੂੰ ਚੋਖੀ ਕੋਸ਼ਿਸ਼ ਕਰਨੀ ਪਈ। ਇਸ ਸਥਿਤੀ ਨੇ ਸਾਡੇ ਦੋਹਾਂ ਅੰਦਰ ਉਦਾਸੀ ਤੇ ਵਿਯੋਗ ਦੇ ਬੀਜ ਵੀ ਬੀਜ ਦਿੱਤੇ।

ਜੇ ਅਸੀਂ ਏਨੇ ਲੰਮੇ ਸਮੇਂ ਤਕ ਬਚੇ ਰਹੇ ਤਾਂ ਉਸਦਾ ਕਾਰਨ ਸੀ ਸਾਡੇ ਦੋਹਾਂ ਅੰਦਰ ਵੱਖ ਵੱਖ ਦੇਸ਼ਾਂ ਦੇ ਸਫਰਾਂ ਲਈ ਅਥਾਹ ਸ਼ੌਕ ਤੇ ਲਗਾਉ। ਹਿੰਦੁਸਤਾਨ ਤੋਂ ਬਿਨਾਂ ਅਸਾਂ ਦੋਹਾਂ ਨੇ ਯੂਰਪ, ਅਮਰੀਕਾ ਤੇ ਲਾਤਨ ਅਮਰੀਕਾ ਦੇ ਸਫਰ ਇਕੱਠਿਆਂ ਕੀਤੇ ਨੇ। ਇਹਨਾਂ ਵਿਚੋਂ

ਲਗਪਗ ਅੱਧੇ ਸਫਰਾਂ ਦਾ ਬਹਾਨਾ ਭਾਵੇਂ ਵੱਖ ਵੱਖ ਦੇਸ਼ਾਂ ਵਿਚ ਮੇਰੀਆਂ ਨੁਮਾਇਸ਼ਾਂ ਦਾ ਲੱਗਣਾ ਵੀ ਸੀ। ਸਫਰਾਂ ਦੌਰਾਨ ਅਸੀਂ ਇਕ ਦੂਜੇ ਦੇ ਬੜਾ ਹੀ ਨਜ਼ਦੀਕ ਹੋ ਜਾਂਦੇ ਰਹੇ ਹਾਂ। ਆਜ਼ਾਦ, ਇਕ ਦੂਸਰੇ ਨੂੰ ਮਿਲਣ ਦੀ ਪਹਿਲੀ ਉਤਸੁਕਤਾ ਵਾਂਗ ਹੀ। ਪਰ ਘਰ ਪਰਤ ਕੇ ਅਸੀਂ ਫਿਰ ਪੁਰਾਣੀਆ ਆਦਤਾਂ ਤੇ ਪੈਟਰਨਾਂ ਅੰਦਰ ਕੈਦ ਤੇ ਜਲਾਵਤਨ ਹੋ ਜਾਂਦੇ। ਇਸ ਅਵਸਥਾ ਤੋਂ ਬਾਹਰ ਨਿਕਲਣ ਦੀ ਜਾਚ ਅਸੀਂ ਆਪੋ ਆਪਣੀ ਸੀਮਾ ਕਰਕੇ ਵਿਸਾਰ ਬੈਠੇ। ਸ਼ਿਕਾਇਤਾਂ ਤੇ ਸ਼ਿਕਵੇ ਸਾਡੀ ਚੁੱਪ ਤੇ ਗੱਲਾਂ ਦੀ ਵਿਆਕਰਣ ਬਣਨ ਲੱਗੇ। ਜਾਂ ਤਾਂ ਮੈਂ ਬਹੁਤ ਅੰਤਰਮੁਖੀ, ਚੁੱਪ ਤੇ ਗੁੰਮ ਸੁਮ ਹੋ ਜਾਂਦਾ ਅਤੇ ਜਾਂ ਫਿਰ ਕਿਸੇ ਵੀ ਵਕਤ ਬਰੂਦ ਵਾਂਗ ਫਟਣ ਵਰਗਾ ਹੋ ਜਾਂਦਾ। ਉਹ ਆਪਣੀਆਂ ਸਹੇਲੀਆਂ ਤੇ ਸਿਨਮੇ ਅੰਦਰ ਗੁਆਚਣ ਲੱਗੀ। ਮੈਂ ਮਸਲਿਆਂ ਦੇ ਸੁਲਝਾਉਣ ਬਾਰੇ ਬਹੁਤ ਸੋਚਿਆ ਪਰ ਕੋਈ ਹੱਲ ਨਾ ਮਿਲਿਆ। ਸੋ ਮੈਂ ਸਭ ਕੁਝ ਆਪਣੇ ਧੁਰ ਅੰਦਰ ਜਮ੍ਹਾਂ ਕਰਨ ਦਾ ਗ਼ੁਲਾਮ ਬਣ ਗਿਆ। ਰਿਸ਼ਤੇ ਵਿਚਲੀਆਂ ਸਮੱਸਿਆਵਾਂ ਨੂੰ ਆਪਣੇ ਆਪ ਵਿਚ ਮਨ- ਬਚਨੀ ਕਰਦੇ ਰਹਿਣ ਨਾਲ ਹੀ ਸੁਲਝਾਇਆ ਨਹੀਂ ਜਾ ਸਕਦਾ, ਇਸ ਗੱਲ ਦੀ ਸਮਝ ਮੈਨੂੰ ਬਹੁਤ ਦੇਰ ਨਾਲ ਲੱਗੀ। ਉਦੋਂ ਤਕ ਮੈਂ ਆਪਣੇ ਰਿਸ਼ਤੇ ਤੋਂ ਲੰਮੀ ਵਿੱਥ ਬਣਾ ਕੇ 'ਆਪਣੀ ਸਪੇਸ' ਦੇ ਫੈਸਲੇ ਤਕ ਪਹੁੰਚ ਚੁੱਕਾ ਸੀ। ਇਸ ਰਿਸ਼ਤੇ ਤੋਂ 'ਬਾਹਰ ਨਿਕਲਣ' ਦਾ ਅੰਤਮ ਫੈਸਲਾ ਮੈਂ ਕੀਤਾ। ਇਹ ਆਸਾਨ ਨਹੀਂ, ਪਰ ਇਸ ਤੋਂ ਬਿਨਾਂ ਸਾਡੇ ਕੋਲ ਹੋਰ ਕੋਈ ਰਾਹ ਨਹੀਂ ਸੀ ਰਹਿ ਗਿਆ। ਉਸਦੇ ਘਰ ਬਦਲਨ ਵਿਚ ਮੈਂ ਆਪ ਉਸ ਦੀ ਮਦਦ ਕੀਤੀ।

ਇਸ ਨਵੀਂ ਸਥਿਤੀ ਨੇ ਮੇਰੇ ਅੰਦਰ ਨਵੇਂ ਪ੍ਰਸ਼ਨ ਖੜ੍ਹੇ ਕੀਤੇ ਨੇ, ਆਪਣੇ ਰਿਸ਼ਤੇ ਤੇ ਪੁਨਰ ਵਿਚਾਰ ਕਰਨ ਲਈ। ਕੀ ਅਸੀਂ ਵੱਖ ਵੱਖ ਰਾਹਾਂ ਦੇ ਪਾਂਧੀ ਬਣ ਜਾਵਾਂਗੇ? ਸਾਡਾ ਰਿਸ਼ਤਾ ਬੱਸ ਰਿਸ਼ਤੇ ਦਾ ਇਤਿਹਾਸ ਬਣ ਕੇ ਹੀ ਰਹਿ ਜਾਵੇਗਾ? ਇਸ ਦੀ ਚਿੰਤਾ ਸਾਨੂੰ ਦੋਹਾਂ ਨੂੰ ਹੈ। ਕਿਉਂਕਿ ਸਾਡੀਆਂ ਦੋਸਤੀਆਂ ਦਾ ਸਾਂਝਾ ਸੰਸਾਰ ਬਹੁਤ ਵਿਸ਼ਾਲ ਤੇ ਕਈ ਦੇਸ਼ਾਂ ਤਕ ਪਸਰਿਆ ਹੋਇਆ ਹੈ। ਪਰ ਮੈਂ ਹਰ ਨਵੀਂ ਸੰਭਾਵਨਾ ਲਈ ਤਿਆਰ ਹਾਂ। ਸਾਨੂੰ ਦੋਹਾਂ ਨੂੰ ਧੁਰ ਅੰਦਰ ਪੂਰਾ ਵਿਸ਼ਵਾਸ ਹੈ ਕਿ ਇਸ ਪਰਿਵਰਤਨ ਨਾਲ ਅਸੀਂ ਇਕ ਦੂਸਰੇ ਦੇ ਹੋਰ ਵੀ ਨਜ਼ਦੀਕ ਆ ਜਾਵਾਂਗੇ। ਮੁਮਕਿਨ ਹੈ ਸਾਡਾ ਸਰੀਰਕ ਸੰਬੰਧ ਬਿਲਕੁਲ ਹੀ ਖਤਮ ਹੋ ਜਾਵੇ। ਮਾੜੇ ਦੇਹ ਸੰਪਰਕ ਦੀ ਬਜਾਏ ਖ਼ੂਬਸੂਰਤ ਦੋਸਤੀ ਨੂੰ ਮੈਂ ਕਿਤੇ ਵੱਧ ਤਰਜੀਹ ਦਿੰਦਾ ਹਾਂ। ਵੈਸੇ ਵੀ ਮਰਦ ਤੇ ਔਰਤ ਦੀਆਂ ਦੇਹਾਂ ਦੀ 'ਜਨੈਟਿਕ' ਅਵਸਥਾ ਅਲੱਗ ਅਲੱਗ ਹੁੰਦੀ ਹੈ। ਦੋਹਾਂ ਨੇ ਮਿਡਲ ਪਾਥ ਜਾਂ ਵਿਚਕਾਰਲਾ ਰਾਹ ਜੋ ਢੂੰਡਣਾ ਹੁੰਦੈ, ਉਸ ਲਈ ਰਵਾਇਤੀ ਲੀਹਾਂ ਤੋਂ ਪਾਰ ਜਾਣ ਦੀ ਲੋੜ ਹੁੰਦੀ ਹੈ। ਬਹੁਤ ਵਾਰ ਅਸੀਂ ਦੋਵੇਂ ਕਾਮਯਾਬ ਰਹੇ ਤੇ ਅਨੇਕਾਂ ਵਾਰ ਨਹੀਂ ਵੀ। ਕਈ ਵਾਰ ਮੇਰੀ ਦੋਸਤ ਨੇ ਵਿਆਹ ਬਾਰੇ ਇਸ਼ਾਰਾ ਵੀ ਕੀਤਾ ਪਰ ਮੈਂ ਚੁੱਪ ਰਿਹਾ, ਕਿਉਂਕਿ ਮੈਂ 'ਮੈਰੀਡ' ਜੋੜਿਆਂ ਨੂੰ ਬਹੁਤ ਜਲਦੀ ਤਲਾਕ ਤਕ ਪਹੁੰਚਦੇ ਤੱਕਿਆ ਹੈ। ਜੁੜੇ ਰਹਿਣ ਵਾਲਿਆਂ ਵਿਚ ਮੈਂ ਸੰਤਾਨ, ਸਮਾਜ ਤੇ ਹੋਰ ਦੁਨਿਆਵੀ ਚੱਕਰਾਂ ਦੀ ਚਾਰਦੀਵਾਰੀ ਉਸਰੀ ਵੇਖੀ ਹੈ। ਇਸ ਚਾਰਦੀਵਾਰੀ ਤੋਂ ਬਾਹਰ 'ਅਡਲਟਰੀ', ਵਿਆਹ-ਬਾਹਰੇ ਸੰਬੰਧ ਮੈਂ ਆਪਣੇ ਵਾਕਫਾਂ ਮਿੱਤਰਾਂ ਵਿਚ ਆਮ ਤੱਕੇ ਨੇ। ਏਥੇ ਨੈਤਿਕਤਾ ਦਾ ਸਵਾਲ ਸਾਹਮਣੇ ਨਹੀਂ ਰਹਿੰਦਾ, ਰਿਸ਼ਤੇ ਦੀ ਸਹੂਲਤ ਤੇ ਸੀਮਾ ਮੁਖ ਰਹਿੰਦੀ ਹੈ।

ਅੱਜੋਕੀ ਆਧੁਨਿਕ ਦੁਨੀਆਂ ਅੰਦਰ ਸਨਾਤਨੀ ਸਮਾਜ ਵਾਲੀ ਸੁਰੱਖਿਆ ਕਦੋਂ ਦੀ ਗ਼ਾਇਬ ਹੋ ਚੁੱਕੀ ਹੈ। ਮੈਂ ਨਹੀਂ ਸਮਝਦਾ ਪੁਰਾਤਨਤਾ ਨਾਲ ਬੱਝੇ ਪਰਿਵਾਰ ਵਿਚ ਸੁਰੱਖਿਆ ਜ਼ਿਆਦਾ ਹੁੰਦੀ ਹੈ। ਮੈਂ ਇਹ ਵੀ ਮੰਨਣ ਲਈ ਤਿਆਰ ਨਹੀਂ ਕਿ ਭਾਰਤੀ ਪਰਿਵਾਰਕ ਰਿਸ਼ਤਿਆਂ ਅੰਦਰ ਮੈਂ ਜ਼ਿਆਦਾ ਮਹਿਫੂਜ਼ ਹੋਵਾਂਗਾ। ਮੇਰੀ ਦੋਸਤ ਮੇਰੇ ਨਾਲੋਂ ਕਿਤੇ ਜ਼ਿਆਦਾ

ਪਰਿਵਾਰ ਨਾਲ ਜੁੜੀ ਹੋਈ ਹੈ। ਪਰਿਵਾਰ ਦੇ 'ਜਸ਼ਨ ਦਿਨਾਂ' ਵਿਚ ਮੈਥੋਂ ਵੱਧ ਸ਼ਾਮਲ ਹੁੰਦੀ ਹੈ। ਇਹ ਮੈਨੂੰ ਚੰਗਾ ਲੱਗਦੈ। ਕਾਫੀ ਹੱਦ ਤਕ ਉਸ ਦੀ ਕੋਸ਼ਿਸ਼ ਰਹੀ ਹੈ ਕਿ ਮੈਂ ਉਸ ਦੇ ਪਰਿਵਾਰ ਦੀ ਦੁਨੀਆਂ ਨਾਲ ਵੱਧ ਤੋਂ ਵੱਧ ਮੇਲ-ਮਿਲਾਪ ਰੱਖਾਂ। ਕੋਸ਼ਿਸ਼ ਕਰਦਾ ਹਾਂ ਪਰ ਮਾਯੂਸ ਹੁੰਦਾ ਰਹਿੰਦਾ ਹਾਂ। ਵੈਸੇ ਵੀ ਪਰਿਵਾਰਾਂ ਦੇ ਸ਼ੋਰ ਸ਼ਰਾਬੇ ਤੋਂ ਮੈਂ ਛੇਤੀ ਅੱਕ ਜਾਂਦਾ ਹਾਂ। ਕਿਤਾਬ ਜਾਂ ਅਖਬਾਰ ਦੇ ਪਿੱਛੇ ਗੁਆਚ ਜਾਂਦਾ ਹਾਂ। ਇਹ ਉਸਨੂੰ ਵੀ ਪਤਾ ਹੁੰਦੈ। ਮੇਰੇ ਅੰਦਰ ਜੋ ਇਕ ਬੋਹੇਮੀਅਨ ਘਰ ਕਰੀ ਬੈਠੈ, ਉਸ ਕਾਰਨ ਸਾਨੂੰ ਦੋਹਾਂ ਨੂੰ ਕਈ ਵਾਰ ਲੱਗਦੈ, ਮੈਂ ਰਿਸ਼ਤਿਆਂ ਦੀ ਦੁਨੀਆਂ ਲਈ ਨਹੀਂ ਬਣਿਆ। ਸਿਰਫ ਆਪਣੀ ਰਚਨਾ ਤੇ ਸਟੂਡੀਉ ਅੰਦਰ ਆਪਣੇ ਆਪ ਨੂੰ ਸਹਿਜ ਤੇ ਸੁਰੱਖਿਅਤ ਮਹਿਸੂਸ ਕਰਦਾ ਹਾਂ। ਉਸਨੇ ਕਾਫੀ ਕੋਸ਼ਿਸ਼ ਕੀਤੀ ਹੈ ਮੈਨੂੰ ਤਬਦੀਲ ਕਰਨ ਦੀ। ਉਸ ਦੀ ਕਲਪਨਾ ਵਿਚ ਜੋ ਕੋਈ ਰਿਸ਼ਤੇ ਦੀ ਤਸਵੀਰ ਹੈ, ਉਸ ਵਿਚ ਮੈਂ ਫਿੱਟ ਨਹੀਂ ਬੈਠਦਾ। ਤਦ ਵੀ ਸਾਡੇ ਦੋਹਾਂ ਅੰਦਰ ਇਕ ਜ਼ਖਮੀ ਮੁਹੱਬਤ ਦੀ ਲਾਟ ਚੁੱਪ ਚੁਪੀਤੀ ਸੁਲਘਦੀ ਰਹਿੰਦੀ ਹੈ। ਅਸੀਂ ਉਸ ਮੁਕਾਮ 'ਤੇ ਵੀ ਕਈ ਵਾਰ ਪਹੁੰਚੇ ਜਿੱਥੇ ਸਿਕਾਇਤਾਂ ਤੋਂ ਬਿਨਾਂ ਕੁਝ ਨਹੀਂ ਸੀ ਅਤੇ ਨਫਰਤ ਦਾ ਪਰਛਾਵਾਂ ਮੰਡਰਾਉਂਦਾ ਰਹਿੰਦਾ ਸੀ। ਇਹ ਵੀ ਸੰਭਵ ਹੈ ਜੇ ਅਸੀਂ ਕਿਸੇ ਨਿਊਟਰਲ ਥਾਂ ਹੁੰਦੇ, ਯਾਨੀ ਸਾਡੀ ਆਪਣੇ ਪਰਿਵਾਰਾਂ ਤੋਂ ਵਿੱਥ ਇਕੋ ਜਿੰਨੀ ਹੁੰਦੀ, ਤਾਂ ਸ਼ਾਇਦ ਅਸੀਂ ਇਕ ਦੂਸਰੇ ਦੇ ਵੱਧ ਨਜ਼ਦੀਕ ਹੁੰਦੇ। ਇਹ ਮੇਰਾ ਭਰਮ ਵੀ ਹੋ ਸਕਦੈ!

ਰਿਸ਼ਤੇ ਦੀ ਨਾਕਾਮਯਾਬੀ ਦਾ ਕਾਰਨ ਸ਼ਾਇਦ ਉਸਦਾ ਮਹਿਜ਼ ਇਕ ਆਦਤ ਜਾਂ ਰੁਟੀਨ ਬਣ ਜਾਣਾ ਹੈ। ਦੂਜੇ ਬੰਨੇ ਹਰ ਰਿਸ਼ਤੇ ਦਾ ਰੁਟੀਨ ਵਿਚ ਪਏ ਰਹਿਣਾ ਵੀ ਕੁਦਰਤੀ ਹੈ। ਮੈਂ ਅਕਸਰ ਕਹਿੰਦਾ ਹਾਂ ਮੁਹੱਬਤ ਹਰ ਪਲ ਇਕ ਦੂਜੇ ਨੂੰ ਜਾਣਦੇ ਰਹਿਣ ਦੀ ਪ੍ਰਕਿਰਿਆ ਹੈ। ਪਰ ਇਹ ਕਾਵਿਕ ਪ੍ਰਵਚਨ ਰਿਸ਼ਤਿਆਂ ਦੇ ਸੱਚ ਅੰਦਰ ਕਿੰਨਾ ਕੁ ਹਕੀਕਤ ਬਣ ਸਕਦੈ? ਰਿਸ਼ਤਾ ਨਾ ਹੀ ਮਹਿਜ਼ ਹਿਸਾਬ ਕਿਤਾਬ ਹੈ ਜਿਸ ਅਨੁਸਾਰ ਗਿਣਤੀ ਮਿਣਤੀ ਨਾਲ ਦੁਖ ਸੁਖ ਜਾਂ ਖੁਸ਼ੀਆਂ ਗ਼ਮੀਆਂ ਨੂੰ ਘਟਾਇਆ ਵਧਾਇਆ ਜਾ ਸਕਦੈ। ਅਸਾਂ ਦੋਹਾਂ ਨੇ ਕਦੇ ਵੀ ਮੀਆਂ ਬੀਵੀ ਵਾਲੇ ਸਨਾਤਨੀ ਰੋਲ ਨੂੰ ਪ੍ਰਮੁਖਤਾ ਨਹੀਂ ਦਿੱਤੀ। ਉਸਦਾ ਬਦਲ ਕੀ ਹੈ, ਇਸ ਦੀ ਸਾਨੂੰ ਦੋਹਾਂ ਨੂੰ ਤਲਾਸ਼ ਰਹੀ ਹੈ ਤੇ ਰਹੇਗੀ। ਕਈ ਵਾਰ ਅਸੀਂ ਲੋੜੋਂ ਵੱਧ 'ਸੁਚੇਤ' ਹੋਣ ਕਾਰਨ ਵੀ ਰਿਸ਼ਤੇ ਦੀ ਸਹਿਜਤਾ ਤੇ ਸਮਾਨਤਾ ਤੋਂ ਭਟਕਦੇ ਰਹੇ ਹਾਂ। ਸੰਚਾਰ ਦੇ ਮਾਮਲੇ 'ਚ ਭਾਸ਼ਾ ਦੀ ਦਿੱਕਤ ਵੀ ਕਾਰਨ ਰਹੀ। ਨਾ ਉਹ ਮੇਰੀ ਭਾਸ਼ਾ ਬੋਲਦੀ ਹੈ ਤੇ ਨਾ ਮੈਂ ਉਹਦੀ ਚੰਗੀ ਤਰ੍ਹਾਂ। ਠੀਕ ਆਪਸੀ ਸੰਚਾਰ ਵਿਚ ਇਹ ਰੁਕਾਵਟ ਵੀ ਆਪਣਾ ਪ੍ਰਭਾਵ ਛੱਡਦੀ ਰਹੀ। ਇਸ ਸੰਬੰਧ ਵਿਚ ਵਧੇਰੇ ਕਮਜ਼ੋਰੀ ਮੇਰੀ ਰਹੀ ਹੈ। ਯੂਰਪ ਵਿਚ ਮੂਲ ਰੂਪ ਵਿਚ ਮੈਂ ਚਿਤਰ ਕਲਾ ਨੂੰ ਹੀ ਆਪਣੀ ਭਾਸ਼ਾ ਸਮਝਦਾ ਰਿਹਾ ਤੇ ਉਸ ਲਈ ਹੀ ਸੰਘਰਸ਼ ਕਰਦਾ ਰਿਹਾ ਹਾਂ। ਜਿਸ ਭਾਸ਼ਾ ਵਿਚ ਮੈਂ ਲਿਖਦਾ ਸੀ, ਉਸਦੀ ਉਸਨੂੰ ਉੱਕਾ ਸਮਝ ਨਹੀਂ ਸੀ। ਇਸ ਲਈ ਮੈਂ ਕੀ ਲਿਖਦਾ ਹਾਂ, ਇਸਦੀ ਉਸਨੂੰ ਕੋਈ ਖਬਰ ਨਹੀਂ ਸੀ। ਸਵਿੱਸ ਹੋਣ ਦੇ ਬਾਵਜੂਦ ਉਸਦੇ ਪਰਿਵਾਰ ਵਿਚ ਸਪੇਨੀ ਭਾਸ਼ਾ ਬੋਲੀ ਜਾਂਦੀ ਹੈ। ਅਸੀਂ ਆਪੋ ਵਿਚ ਅੰਗਰੇਜ਼ੀ ਰਾਹੀਂ ਤਾਲਮੇਲ ਰਖਦੇ ਹਾਂ। ਇਹਨਾਂ ਗੱਲਾਂ ਨੇ ਵੀ ਸਾਡੇ ਰਿਸ਼ਤੇ ਅੰਦਰ ਕੁਝ ਕੁਝ ਤਣਾਉ ਪੈਦਾ ਕੀਤਾ। ਦੂਜੇ ਬੰਨੇ ਇਹ ਵੀ ਤਾਂ ਸੱਚ ਹੈ ਕਿ ਇਕੋ ਭਾਸ਼ਾ ਦੇ ਵਿਅਕਤੀ ਆਪਣੇ ਰਿਸ਼ਤਿਆਂ ਅੰਦਰ ਦਿਨ ਰਾਤ ਟੁੱਟਦੇ ਤੇ ਡਾਈਵੋਰਸ ਲੈਂਦੇ ਰਹੇ ਨੇ। ਯੂਰਪੀ ਭੋਜਨ ਨੂੰ ਮੈਂ ਆਪਣੀ ਤਬੀਅਤ ਦਾ ਹਿੱਸਾ ਬਣਾ ਚੁੱਕਾ ਹਾਂ। ਖਾਣ ਤੇ ਰਸੋਈ ਸੰਸਾਰ ਦੇ ਮਾਮਲੇ ਵਿਚ ਸਾਡੇ ਦੋਹਾਂ ਵਿਚਕਾਰ ਸਾਂਝ ਰਹੀ ਹੈ। ਪੰਜਾਬੀ ਭੋਜਨ ਨੂੰ ਵੀ ਉਹ ਪਸੰਦ ਕਰਦੀ ਹੈ, ਪਰ ਰੋਜ਼ ਰੋਜ਼ ਨਹੀਂ। ਭੋਜਨ ਤਿਆਰ ਕਰਨ ਦੇ ਮਾਮਲੇ ਵਿਚ ਮੇਰੀ ਅਜਾਰਾਦਾਰੀ ਰਹੀ ਹੈ। ਵੈਸੇ ਜੇ ਮੈਂ

ਪਕਾਉਂਦਾ ਤਾਂ ਉਹ ਬਰਤਨ ਸਾਫ ਕਰਦੀ, ਜੇ ਉਹ ਪਕਾਉਂਦੀ ਤਾਂ ਰਸੋਈ ਮੈਂ ਸਾਫ ਕਰਦਾ। ਤਦ ਵੀ ਪਕਾਉਣ ਦੇ ਉਸਦੇ ਨਿਯਮਾਂ ਦਾ ਮੈਂ ਪਾਲਣ ਕਰਦਾ ਹਾਂ। ਉਸਨੂੰ ਪਕਾਉਂਦਿਆਂ ਸਿਰਫ ਤੱਕਦਾ ਹਾਂ। ਜੋ ਉਹ ਕਹਿੰਦੀ ਹੈ ਉਹੀ ਕਰਦਾ ਹਾਂ, ਆਲੋਚਨਾ ਨਹੀਂ ਕਰਦਾ। ਇਸ ਦੇ ਉਲਟ ਮੇਰੇ ਭੋਜਨ ਪਕਾਉਣ ਦੀਆਂ ਆਪਣੀਆਂ ਵਿਧੀਆਂ ਹਨ, ਜੋ ਕਿਸੇ ਕਿਤਾਬ ਵਿਚ ਦਰਜ ਨਹੀਂ। ਉਹ ਲੂਣ ਘੱਟ, ਮਿਰਚ ਘੱਟ, ਮਸਾਲੇ ਘੱਟ ਵਰਗੀ ਨਿੱਕੀ ਨਿੱਕੀ ਟੋਕਾ ਟਾਕੀ ਕਰਦੀ, ਤੇ ਅਜਿਹੇ ਭੋਜਨ ਲਈ ਆਖਦੀ, ਜੋ ਜਿਵੇਂ ਬੰਦਿਆਂ ਨੇ ਨਹੀਂ ਸਵਿੱਸ ਗਾਈਆਂ ਨੇ ਚਰਨਾ ਹੋਵੇ। ਕਈ ਵਾਰ ਮੈਂ ਉਕਤਾ ਕੇ ਕਹਿੰਦਾ, 'ਤਾਂ ਫਿਰ ਤੂੰ ਹੀ ਬਣਾ ਲੈ'। ਮੇਰੇ ਸੁਭਾਅ ਵਿਚ ਆਰੰਭ ਵਿਚ ਜੋ ਬੇਸ਼ੁਮਾਰ ਸਪੌਨਟੈਨਿਟੀ ਸੀ, ਉਹ ਹੌਲੀ ਹੌਲੀ ਦਬਦੀ ਗਈ, ਜਾਂ ਮੈਂ ਉਸਨੂੰ ਦਫਨ ਕਰਨ ਦੇ ਤਰੀਕੇ ਢੂੰਡਣ ਲੱਗਾ। ਅਸਾਂ ਦੋਹਾਂ ਨੇ ਖੁਲ੍ਹੇ ਆਕਾਸ਼ ਵਿਚ ਰਿਸ਼ਤੇ ਦਾ ਸ੍ਰੀਗਨੇਸ਼ ਕੀਤਾ ਸੀ। ਅੰਤ ਨੂੰ ਬੰਦ ਗਲ਼ੀ 'ਚ ਕੈਦ ਦੋ ਤੜਪਦੇ ਉਦਾਸ ਪਰਛਾਵੇਂ ਬਣ ਗਏ।

000

ਦੇਵ ਦੀਆਂ ਨਵੀਆਂ ਨਿੱਕੀਆਂ ਕਵਿਤਾਵਾਂ

•

ਆ ਗਿਆ ਹਾਂ
ਕਦੋਂ ਮਿਲ ਪਾਏਗਾ ਤੱਕਣਾ
ਉਹ ਤਾਂ ਕਦੋਂ ਦਾ "ਤੁਰ" ਗਿਐ
ਚੁੱਪ ਚੁਪੀਤਾ ਖਾਮੋਸ਼
ਉਸ ਕਾਲ ਨੂੰ ਮਚਕੋੜ ਦਿੱਤੀ
ਉਸ ਦਾ ਕੋਈ ਅਤਾ ਪਤਾ ਨਹੀਂ
ਤਪਦੇ ਰੇਤਿਆਂ 'ਤੇ ਤੁਰਦੇ ਰਹਿਣਾ ਹੀ
ਉਸ ਦੀ ਹੋਣੀ ਸੀ, ਤੇ ਹੈ
ਉਹ ਤਾਂ ਛਾਂ ਸੀ
ਤੁਸੀਂ ਕਿਸ ਨੂੰ ਲੱਭਣੇ ਫਿਰਦੇ ਹੋ

•

ਉਹਨੂੰ ਕਦੇ ਸਮਝ ਨਾ ਪਈ
ਭਾਰਤੀ ਮੁਕਾਮ ਦੀ ਸਿਆਸਤ ਦੀ
ਕਦੇ ਉਹ ਚਾਹਖਾਨੇ ਤੋਂ
ਮੋਦੀਖਾਨਾ ਹੋ ਨਿਬੜਦੇ ਨੇ
ਸੱਤਾ ਦੀ ਕੁਰਸੀ ਬੈਠ ਕੇ
ਮੁਕਟ ਪਹਿਨ ਲੈਂਦੇ ਨੇ
ਟੂਣੇਹਾਰੀ ਕੁਰਸੀ ਬੈਠਦੇ ਹੀ
"ਅੱਖਾਂ" ਫੇਰ ਲੈਂਦੇ ਨੇ

•

ਮੈਂ ਹਕੀਮ ਕੋਲ ਗਿਆ
ਉਹ ਮੁਸਕਰਾਇਆ

ਹੁਣ ਕੀ ਹੋ ਗਿਐ? ਦਰਦ ਏ?
ਦਰਦ ਤਾਂ ਸਾਰੀ ਉਮਰ ਚੁੱਕੀ ਫਿਰਦਾਂ
ਮੇਰੇ ਕੋਲ ਕੋਈ ਇਲਾਜ ਨਹੀਂ ਤੇਰਾ
ਸਿਰ ਫਿਰੇ ਪਉੜੀਆਂ ਨਾਲ ਖੇਡਦੇ ਨੇ
ਹਕੀਮ ਨੇ ਪਉੜੀ ਰੱਖੀ
ਤੁਸੀਂ ਚੜ੍ਹੋ, ਉਹ ਡੇਗੇ
ਅਸੀਂ ਹਕੀਮ ਕੀ ਕਰ ਸਕਦੇ ਹਾਂ
ਪਉੜੀ ਨਾ ਚੜ੍ਹੋ
ਡਿਗ ਪਓਗੇ

ਰਾਤ ਨੂੰ ਨੀਂਦ ਨਾ ਆਉਣ 'ਤੇ
ਅਸੀਂ ਪੁੜੀ ਹੀ ਦੇ ਸਕਦੇ ਹਾਂ ਨੀਂਦ ਦੀ
ਅਸੀਂ ਨੀਂਦ ਨਹੀਂ ਵੇਚਦੇ
ਹਕੀਮ ਨੇ ਕਿਹਾ।

•

ਮਾਫ ਤਾਂ ਉਨ੍ਹਾਂ ਨੂੰ ਕਰੀਦਾ
ਜਿਨ੍ਹਾਂ ਨਾਲ ਰਿਸ਼ਤਾ ਹੁੰਦੈ
ਪਿਆਸ ਲੱਗੀ ਸੀ
ਉਹ ਜ਼ਹਿਰ ਦਾ ਪਿਆਲਾ ਰੱਖ ਗਏ

ਤੀਰ ਤੇ ਜ਼ਹਿਰ ਤੱਕ
ਕਮਾਨ ਚਲਾਉਣੀ ਹੀ ਆਉਂਦੀ
ਉਹ ਚੁੱਪ ਚੁਪੀਤੇ ਤੀਰ
ਭੱਥੇ ਵਿਚ ਰੱਖ ਗਏ
ਮੈਂ ਅਰਾਮ ਨਾਲ ਸੌਂ ਗਿਆ

•

ਕਹਾਣੀਆਂ ਨੇ ਸ਼ੁਰੂ ਹੋਣਾ ਏ
ਇਹ ਕਿੱਥੇ ਖਤਮ ਹੋਣਗੀਆਂ
ਇਹ ਕਿਸੇ ਨੂੰ ਪਤਾ ਨਹੀਂ
ਅਸਾਡੀ ਤਾਂ
ਐਵੇਂ ਜਿਹੀ ਦੀ ਅਟਕਲ ਏ

•

ਉਹ ਤੁਰੀ ਜਾ ਰਹੇ ਨੇ
ਕਿਸੇ ਦੇ ਝੋਲੇ ਗੀਤਾ
ਕਿਸੇ ਦੇ ਖੀਸੇ 'ਚ ਕੁਰਾਨ
ਕਿਸੇ ਦੀ ਜੇਬ 'ਚ ਜਪੁਜੀ

ਉਹ ਮਹਿਲਾਂ 'ਚ ਰਹਿੰਦੇ ਨੇ
ਮਿਲ ਜੁਲ ਕੇ
ਝੁੱਗੀਆਂ ਵਿਚ ਵਸਣ ਵਾਲਿਆਂ ਤੋਂ ਸਾਨੂੰ
ਡਰ ਤੇ ਭੈਅ ਏ

ਉਨ੍ਹਾਂ ਦੇ ਅਨੇਕਾਂ ਝੰਡੇ ਰੰਗ ਬਰੰਗੇ
ਉਹ ਇਕੋ ਤੰਬੂ ਵਿਚ ਬੈਠ
ਇਕ ਦੂਜੇ ਨਾਲ ਬੁਰਕੀ "ਸਾਂਝੀ" ਕਰਦੇ ਨੇ

•

ਸਿਮਰਤੀ ਮੈਨੂੰ ਜਗਾ
ਗਈ ਰਾਤ ਤੁਰਦਾ ਰਹਿੰਦਾ ਹਾਂ
ਮੈਨੂੰ ਸੌਣ ਦੀ ਜਾਚ ਸਿਖਾ
ਕਿੰਨਾ ਤਰਸ ਗਿਆ ਹਾਂ
ਨੀਂਦ ਦੇ ਲਈ

•

ਤੈਨੂੰ ਚੇਤੇ ਕਰਦਾ ਹਾਂ
ਯਾਦ ਰੱਖਣ ਲਈ
ਤੂੰ ਕਿਹਾ ਪਾਣੀ 'ਤੇ ਤੁਰ ਕੇ ਵਿਖਾ
ਕਿੰਨੇ ਵੱਡੇ ਇਮਤਿਹਾਨ 'ਚ ਪਾ ਦਿੱਤੈ
ਮੈਂ ਕਦੇ ਸਕੂਲ ਗਿਆ ਹੀ ਨਹੀਂ

•

ਕੀ ਮੈਂ ਇੰਨਾ ਚਿਰ ਸੁੱਤਾ ਰਿਹਾ
ਨਹੀਂ ਅਜੇ ਬਾਰਾਂ ਹੀ ਵਜੇ ਨੇ
ਰਾਤ ਦੇ

•

ਆਲ਼ੇ 'ਚ ਦੀਵੇ
ਮੈਨੂੰ ਜਗਾਈ ਰੱਖੀਂ
ਕਿੰਨਾ ਵਿਸਰ ਗਿਆ ਹਾਂ
ਆਪਣੇ ਆਪ ਨੂੰ ਤੱਕਣਾ

•

ਅੱਜ
ਮੈਂ ਆਪਣੀ ਅੱਜ ਨੂੰ
ਉਡੀਕਦਾ ਰਿਹਾ
ਤੇਰੀ "ਹੁਣ" ਹੁਣੇ ਆਏਗੀ
"ਅੱਜ" ਪਹਿਨ ਕੇ
ਰਿਸ਼ਤਿਆਂ ਦੇ ਕੋਈ "ਰਾਹ" ਨਹੀਂ ਹੁੰਦੇ

ਸੰਤਾਪ ਹੁੰਦੇ ਨੇ
ਦਰ ਅੰਦਰ ਵਰਮੀਆਂ
ਬਾਹਰ ਦਰਿਆ
ਸੁਪਨੇ ਹੀ ਸੁਪਨੇ
ਮੇਰੀ ਅੱਜ ਨੇ ਮੈਨੂੰ
"ਹੁਣ" ਦਿੱਤੀ
ਅਸੀਸ ਤੇ ਬਖਸ਼ੀਸ਼ ਦਿੱਤੀ
ਮੈਂ "ਅੱਜ" ਨੂੰ ਮੱਥਾ ਟੇਕਿਆ
ਮੇਰੀ "ਹੁਣ" ਦੇ ਲਈ

•

ਤੈਨੂੰ ਜਿੱਤਣ ਲਈ
ਮੈਂ ਕਿੰਨਾ ਹਾਰ ਗਿਆ
ਤੂੰ "ਘਰ" ਵਸਾ ਲਿਆ
ਮੈਂ ਕਬਰਸਤਾਨ 'ਚ
ਜਾ ਕੇ ਸੌਂ ਗਿਆ

•

ਤੁਰਦਾ ਤੁਰਦਾ
ਹੁਣ ਮੈਂ ਥੱਕ ਗਿਆਂ
ਸਵਾਲ 'ਚ ਘਿਰਿਆ
ਅੱਕ ਗਿਆ ਹਾਂ

ਅੱਖਾਂ ਪੁੱਛਦੀਆਂ
ਅਜੇ ਹੋਰ ਕਿੰਨਾ ਕੁ ਦੂਰ ਜਾਣੈ
ਮਿੱਟੀ ਘੱਟੇ ਨਾਲ ਲਿਬੜੇ
ਪੈਰਾਂ ਵੱਲ "ਤੱਕਣ" ਲੱਗਦਾ ਹਾਂ
ਤੁਰਨ ਦੀ ਅਰਦਾਸ ਅਸੀਸ ਨਾਲ
ਪੈਰਾਂ ਨੂੰ ਮੱਥਾ ਟੇਕਦਾਂ

•

ਉਹ ਹੋਣਗੇ ਕੋਈ
ਜੋ ਲਿਖਦੇ ਨੇ
ਫੁੱਲ ਪੱਤੀਆਂ ਤੇ ਗੁਲਾਬ
ਮੇਰੇ ਹਿੱਸੇ ਆਏ ਤਰ੍ਹਾਂ ਤਰ੍ਹਾਂ ਦੇ ਝੰਡੇ, ਸੂਲਾਂ
ਮੈਂ ਪੱਕਾ ਸਿੱਖ ਨਾ ਹੋ ਸਕਿਆ
ਮੈਂ ਰਾਹਾਂ 'ਤੇ ਤੁਰਦਾ
ਰਾਹਾਂ ਤੋਂ ਸਿੱਖਦਾ ਰਿਹਾ 000

(Schulhausgasse 12, CH 3113 Rubigen, Switzerland)

ਮੈਂ ਆਪਣੀਆਂ ਗ਼ਜ਼ਲਾਂ ਵਿਚ ਸਿਰਫ ਮੁਹੱਬਤ ਦੇ ਤਾਜ ਮਹਿਲ ਨਹੀਂ ਉਸਾਰਦਾ: ਕੁਲਵਿੰਦਰ : ਮੁਲਾਕਾਤੀ : ਅਜਮੇਰ ਸਿੱਧੂ

ਕੁਲਵਿੰਦਰ ਪੰਜਾਬੀ ਗ਼ਜ਼ਲ ਦਾ ਪ੍ਰਮੁੱਖ ਹਸਤਾਖਰ ਹੈ ਜੋ ਪਿਛਲੇ 33 ਵਰ੍ਹਿਆਂ ਤੋਂ ਅਮਰੀਕਾ ਰਹਿ ਰਿਹਾ ਹੈ। ਕਿੱਤੇ ਵਜੋਂ ਉਹ ਇੰਜੀਨੀਅਰ ਅਤੇ ਚੰਗੀ ਮਾਣ ਵਾਲੀ ਨੌਕਰੀ ਕਰ ਰਿਹਾ ਹੈ। ਉਸਦੀ ਪਤਨੀ ਮਨਜੀਤ ਅਤੇ ਦੋਨੋਂ ਬੇਟੀਆਂ ਵੀ ਯੂਨੀਵਰਿਸਟੀ ਦੀ ਪੜ੍ਹਾਈ ਤੋਂ ਬਾਅਦ ਚੰਗੀਆਂ ਨੌਕਰੀਆਂ ਕਰ ਰਹੀਆਂ ਹਨ। ਕੁਲਵਿੰਦਰ ਆਪਣੇ ਪਹਿਲੇ ਗ਼ਜ਼ਲ ਸੰਗ੍ਰਹਿ 'ਬਿਰਛਾਂ ਅੰਦਰ ਉੱਗੇ ਖੰਡਰ' ਰਾਹੀਂ ਆਪਣੀ ਸਾਹਿਤਕ ਪਛਾਣ ਬਣਾਉਣ ਦੇ ਸਮਰੱਥ ਹੋ ਗਿਆ ਸੀ ਤੇ ਆਪਣੀ ਦੂਸਰੀ ਪੁਸਤਕ 'ਨੀਲੀਆਂ ਲਾਟਾਂ ਦਾ ਸੇਕ' ਰਾਹੀਂ ਉਸ ਨੇ ਪ੍ਰੌਢ, ਲਾਸਾਨੀ ਤੇ ਜਦੀਦ ਗ਼ਜ਼ਲਗੋ ਵਜੋਂ ਆਪਣੇ ਲਈ ਨਿਵੇਕਲਾ ਸਥਾਨ ਹਾਸਲ ਕੀਤਾ ਹੈ। ਕੁਲਵਿੰਦਰ ਦੀਆਂ ਗ਼ਜ਼ਲਾਂ ਵਿਚ ਪੰਜਾਬ ਭਾਰਤ ਤੋਂ ਸ਼ੁਰੂ ਹੋ ਕੇ ਸਮੁੱਚੇ ਵਿਸ਼ਵ ਦੀਆਂ ਸਮੱਸਿਆਵਾਂ ਦਾ ਪ੍ਰਗਟਾਵਾ ਹੁੰਦਾ ਹੈ। ਪੰਜਾਬੀ ਵਿਚ ਆਧੁਨਿਕ ਗ਼ਜ਼ਲ ਲਿਖਣ ਵਾਲੇ ਗਿਣੇ ਚੁਣੇ ਸ਼ਾਇਰਾਂ ਵਿਚ ਉਸਦਾ ਨਾਮ ਪੇਸ਼ ਪੇਸ਼ ਹੈ। ਕੁਲਵਿੰਦਰ ਦੀਆਂ ਗ਼ਜ਼ਲਾਂ ਪੜ੍ਹਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਉਸਦੇ ਬਿੰਬ, ਪ੍ਰਤੀਕ, ਚਿੰਨ੍ਹ ਤੇ ਅਲੰਕਾਰ ਪੰਜਾਬੀ ਜੁੱਸੇ ਵਿਚ ਢਲੇ ਹੋਣ ਦੇ ਨਾਲ ਨਾਲ ਵਿਸ਼ਵ ਸੱਭਿਆਚਾਰ ਨੂੰ ਨਵੀਂ ਦ੍ਰਿਸ਼ਟੀ ਤੋਂ ਪੇਸ਼ ਕਰਦੇ ਹਨ। ਉਸਦੇ ਬਿੰਬਾਂ ਪ੍ਰਤੀਕਾਂ ਦਾ ਘੇਰਾ ਬਹੁਤ ਵਸੀਹ, ਅਚੰਭਾਦਾਇਕ, ਹੈਰਾਨਕੁਨ ਤੇ ਤਾਜ਼ਗੀ ਭਰਪੂਰ ਹੈ। ਉਸਦੀਆਂ ਗ਼ਜ਼ਲਾਂ ਦੁਨੀਆਂ ਭਰ ਦੇ ਆਮ ਲੋਕਾਂ ਦੇ ਦੁੱਖ ਦਰਦ, ਸੰਘਰਸ਼, ਉਦਾਸੀ, ਵਿਯੋਗ, ਆਦਿ ਦੀ ਬਾਤ ਪਾਉਂਦੀਆਂ ਹੋਈਆਂ ਭਵਿੱਖ ਦਾ ਆਸ਼ਾਮਈ ਸੰਸਾਰ ਵੀ ਸਿਰਜਦੀਆਂ ਹਨ। ਉਸਦੀਆਂ ਗ਼ਜ਼ਲਾਂ ਰਵਾਇਤੀ ਵਿਸ਼ਿਆਂ ਨੂੰ ਤਿਆਗ ਕੇ ਆਧੁਨਿਕ ਭਾਵ-ਬੋਧ, ਸੰਸਾਰ ਸੰਕਟ ਤੇ ਮਨੁੱਖੀ ਚੇਤਨਾ ਦੇ ਸਦੀਵੀ ਵਿਰੋਧਾਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੀਆਂ ਹਨ। ਕੁਦਰਤ ਤੇ ਪ੍ਰਕਿਰਤੀ ਨੂੰ ਉਹ ਜ਼ਿੰਦਗੀ ਦੇ ਸੈਆਂ ਰੰਗਾਂ ਵਿਚ ਚਿਤਰ ਕੇ ਉਸਦਾ ਮਾਨਵੀਕਰਨ ਕਰਦਾ ਹੈ। ਉਸਦੀ ਸ਼ੈਲੀ ਏਸੇ ਲਈ ਵੱਖਰੀ ਹੈ ਕਿ ਉਹ ਪ੍ਰਾਪਤ ਅਰਥਾਂ ਦੇ ਸ਼ਬਦਾਂ ਨੂੰ ਭੰਨਦਾ ਤੋੜਦਾ, ਨਵੀਆਂ ਵਿਉਂਤਾਂ ਗੁੰਦਦਾ, ਨਵੇਂ ਅਰਥ ਸੰਸਾਰ ਲੱਭਦਾ ਪਾਰਗਾਮੀ ਕਾਵਿ ਸਿਰਜਦਾ ਹੈ।

ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵੱਲੋਂ ਸੁਖਵਿੰਦਰ ਕੰਬੋਜ ਨੇ 2012 ਵਿਚ ਮੈਨੂੰ ਦੋ ਰੋਜ਼ਾ ਕਾਨਫਰੰਸ ਵਿਚ ਸ਼ਾਮਿਲ ਹੋਣ ਲਈ ਅਮਰੀਕਾ ਸੱਦਿਆ ਸੀ। ਉਦੋਂ ਇਕ ਐਤਵਾਰ ਦੀ ਸ਼ਾਮ ਕੁਲਵਿੰਦਰ ਦੇ ਪਹਾੜੀਆਂ ਦੀ ਬੁੱਕਲ ਵਿਚ ਘਿਰੇ ਖੁੱਲ੍ਹੇ ਡੁੱਲ੍ਹੇ ਘਰ ਵਿਚ ਇਹ ਇੰਟਰਵਿਊ ਸ਼ੁਰੂ ਕੀਤੀ ਸੀ ਜੋ ਕਿ ਉਸ ਤੋਂ ਬਾਅਦ ਵੀ ਫੋਨ 'ਤੇ ਹੁੰਦੀਆਂ ਗੱਲਾਂ-ਬਾਤਾਂ ਵਿਚ ਚਲਦੀ ਰਹੀ, ਪਰ ਇਸ ਨੂੰ ਸਮੇਟਣ ਦਾ ਸਬੱਬ ਹੁਣ ਬਣਿਆ ਹੈ। ਪੇਸ਼ ਹੈ ਸ਼ਾਇਰ ਕੁਲਵਿੰਦਰ ਨਾਲ ਇਹ ਗੱਲਬਾਤ:

ਉਸ ਪਰਿਵਾਰਕ ਮਾਹੌਲ ਬਾਰੇ ਚਾਨਣਾ ਪਾਓ ਜਿਸ ਵਿਚ ਸ਼ਾਇਰ ਕੁਲਵਿੰਦਰ ਜਨਮ ਲੈਂਦਾ ਹੈ?

--ਮੇਰਾ ਜਨਮ ਦੁਆਬਾ ਮੰਜਕੀ ਦੇ ਪਿੰਡ ਬੁੰਡਾਲੇ ਵਿਚ 11 ਦਸੰਬਰ 1961 ਨੂੰ ਹੋਇਆ। ਮੇਰੇ ਪਿਤਾ ਰੁਜ਼ਗਾਰ ਵਾਸਤੇ ਆਗਰੇ ਰਹਿੰਦੇ ਸਨ। ਸੋ ਬਚਪਨ ਦੇ ਥੋੜ੍ਹੇ ਵਰ੍ਹੇ ਮੈਂ ਉੱਥੇ ਹੀ ਗੁਜ਼ਾਰੇ। ਆਗਰੇ ਵਿਚ ਮੇਰਾ ਸਕੂਲ ਬਿਲਕੁਲ ਜਮਨਾ ਦੇ ਕਿਨਾਰੇ ਹੁੰਦਾ ਸੀ। ਸਵੇਰੇ ਸਵੇਰੇ ਜਮਨਾ ਕਿਨਾਰੇ ਪਾਣੀ ਵਿਚ ਤਰਦੀਆਂ ਕਾਂਸੀ ਰੰਗੀਆਂ ਗਾਗਰਾਂ ਵਿਚ ਜਗਦੇ ਨਿੱਕੇ ਨਿੱਕੇ ਦੀਵੇ ਮੇਰੇ ਵਾਸਤੇ ਅਜੀਬ ਮਾਹੌਲ ਸਿਰਜ ਦਿੰਦੇ ਸਨ। ਅਸੀਂ ਪੁਲ਼ 'ਤੇ ਖੜ੍ਹੇ ਹਰ ਰੋਜ਼ ਉਹਨਾਂ ਨੂੰ ਦੇਖਦੇ ਰਹਿੰਦੇ ਜਦੋਂ ਤਕ ਸਕੂਲ ਨਾ ਸ਼ੁਰੂ ਹੋ ਜਾਂਦਾ। ਜਦੋਂ ਸਵੇਰ ਵੇਲ਼ੇ ਸੂਰਜ ਦੀ ਟਿੱਕੀ ਨਿਕਲਦੀ ਤਾਂ ਦੂਰ ਖੜ੍ਹੇ ਤਾਜ ਮਹਿਲ ਦਾ ਜਮਨਾ ਵਿਚ ਚਮਕਦਾ ਅਕਸ ਵੱਖਰੇ ਜਿਹੇ ਅਨੁਭਵ ਦਾ ਅਹਿਸਾਸ ਕਰਵਾਉਂਦਾ ਜੋ ਮੇਰੇ ਚੇਤਿਆਂ ਵਿਚ ਅਜੇ ਵੀ ਜ਼ਿੰਦਾ ਹੈ। ਅਸੀਂ ਪੰਜਾਬ ਵਾਪਸ ਪਰਤੇ ਤਾਂ ਮੈਂ ਪਿੰਡ ਦੇ ਸਕੂਲ

ਪੜ੍ਹਨ ਲੱਗਿਆ। ਮੇਰੀ ਸੁਰਤ ਵਿਚ ਉਹ ਦਿਨ ਅਜੇ ਵੀ ਯਾਦ ਹਨ ਜਦ ਮੈ ਪੰਜਵੀਂ ਛੇਵੀਂ ਵਿਚ ਪੜ੍ਹਦਾ ਸੀ ਤਾਂ ਲਾਲਟੈਨ ਦੇ ਨਿੰਮ੍ਹੇ ਜਿਹੇ ਚਾਨਣ ਵਿਚ ਮੇਰਾ ਵੱਡਾ ਭਰਾ ਸ਼ਿਵ ਕੁਮਾਰ ਦੀ 'ਲੂਣਾ' ਉੱਚੀ ਉੱਚੀ ਪੜ੍ਹ ਕੇ ਮੈਨੂੰ ਸੁਣਾਇਆ ਕਰਦਾ ਸੀ। ਮੈਨੂੰ ਭਾਵੇਂ ਉਸ ਕਵਿਤਾ ਦੇ ਪੂਰੇ ਅਰਥ ਤਾਂ ਨਹੀਂ ਸਨ ਸਮਝ ਆਉਂਦੇ, ਪਰ ਮੇਰੇ ਵਜੂਦ ਉੱਤੇ ਅਜੀਬ ਕਿਸਮ ਦਾ ਰਹੱਸਮਈ ਆਲਮ ਤਾਰੀ ਹੋ ਜਾਂਦਾ ਸੀ ਜਿਸ ਆਲਮ ਨੂੰ ਮੈਂ ਅਜ ਤਕ ਵੀ ਸ਼ਬਦਾਂ ਦਾ ਰੂਪ ਦੇਣ ਦਾ ਯਤਨ ਕਰ ਰਿਹਾ ਹਾਂ।

ਸਾਹਿਤ ਦੀ ਚਿਣਗ ਕਿੱਥੋਂ ਮਿਲੀ?

--ਸਾਡੇ ਪਿੰਡ ਦੇ ਹੀ ਲੋਕ ਸ਼ਾਇਰ ਸੀ ਗੁਰਦਾਸ ਰਾਮ ਆਲਮ ਅਤੇ ਪਿੰਡ ਤੋਂ ਮਸਾਂ ਇਕ ਕਿਲੋਮੀਟਰ ਦੀ ਦੂਰੀ 'ਤੇ ਪੰਜਾਬੀ ਦੇ ਮਸ਼ਹੂਰ ਸ਼ਾਇਰ ਡਾ. ਜਗਤਾਰ ਪਿੰਡ ਰਾਜਗੁਮਾਲ ਵਿਚ ਰਹਿੰਦੇ ਸੀ (ਹੁਣ ਹੋਣਹਾਰ ਸ਼ਾਇਰ ਤੇ ਆਲੋਚਕ ਜਗਵਿੰਦਰ ਜੋਧਾ ਵੀ ਬੁੰਡਾਲੇ ਤੋਂ ਹੈ), ਇਸ ਕਰਕੇ ਕਵਿਤਾ ਸਾਡੇ ਪਿੰਡ ਦੀਆਂ ਜੂਹਾਂ ਵਿਚ ਹੀ ਵਸਦੀ ਸੀ। ਕਦੇ ਕਦੇ ਗੁਰਦਾਸ ਰਾਮ ਆਲਮ ਹੋਰਾਂ ਨੇ ਸਾਡੇ ਮਹੱਲੇ ਆ ਜਾਣਾ ਅਤੇ ਠਾਕਰਦੁਆਰੇ ਦੀ ਉੱਚੀ ਥੜ੍ਹੀ ਉੱਤੇ ਖੜ੍ਹ ਕੇ ਕਵਿਤਾਵਾਂ ਸੁਣਾਉਣੀਆਂ ਸ਼ੁਰੂ ਕਰ ਦੇਣੀਆਂ। ਉਹਨਾਂ ਨੂੰ ਸੁਣਨ ਵਾਸਤੇ ਹੌਲ਼ੀ ਹੌਲ਼ੀ ਪਿੰਡ ਦੇ ਲੋਕਾਂ ਦਾ ਵੱਡਾ ਇਕੱਠ ਹੋ ਜਾਣਾ। ਮੈਂ ਵੀ ਉਹਨਾਂ ਨੂੰ ਬੜੀ ਨੀਝ ਨਾਲ ਸੁਣਨਾ। ਮੈਨੂੰ ਅਜੇ ਵੀ ਯਾਦ ਹੈ ਕਿ ਇਕ ਵਾਰ ਉਹਨਾਂ ਨੇ ਆਪਣੀ ਕਵਿਤਾ 'ਆਜ਼ਾਦੀ' ਸੁਣਾਈ ਤਾਂ ਲੋਕਾਂ ਨੇ ਉਸ ਦਾ ਕਿੰਨੀ ਦੇਰ ਤਕ ਤਾੜੀਆਂ ਨਾਲ ਸਵਾਗਤ ਕੀਤਾ। ਪਿੰਡ ਦੇ ਹਾਈ ਸਕੂਲ ਵਿਚ ਸਾਨੂੰ ਗਿਆਨੀ ਤ੍ਰਿਲੋਕ ਕਾਲੜਾ ਪੰਜਾਬੀ ਪੜ੍ਹਾਉਂਦੇ ਸਨ। ਉਹਨਾਂ ਮੈਨੂੰ ਪੇਪਰ ਰੀਡਿੰਗ ਮੁਕਾਬਲਿਆਂ ਵਿਚ ਹਿੱਸਾ ਲੈਣਾ ਸਿਖਾਇਆ। ਉਹ ਕਿਉਂਕਿ ਖੁਦ ਪ੍ਰਗਤੀਵਾਦੀ ਕਵੀ ਸਨ, ਇਸ ਲਈ ਉਹ ਪੇਪਰ ਰੀਡਿੰਗ ਵਿਚ ਆਪਣੀਆਂ ਕਵਿਤਾਵਾਂ ਕੋਟ ਕਰਵਾਉਂਦੇ ਰਹਿੰਦੇ ਸਨ। ਇਹ ਕਵਿਤਾ ਨਾਲ ਮੇਰੀ ਮੁੱਢਲੀ ਜਾਣ ਪਛਾਣ ਸੀ। ਸੱਤਵੀ ਅੱਠਵੀਂ ਤਕ ਅੱਪੜਦਿਆਂ ਮੈਂ ਵੀ ਕਵਿਤਾ ਦੇ ਬੰਦ ਜੋੜਨੇ ਸ਼ੁਰੂ ਕਰ ਦਿੱਤੇ। ਬੇਸ਼ੱਕ ਮੈਨੂੰ ਉਹਨਾਂ ਵਿਚੋਂ ਹੁਣ ਕੁਝ ਵੀ ਯਾਦ ਨਹੀਂ ਹੈ ਪਰ ਏਨਾ ਜ਼ਰੂਰ ਯਾਦ ਹੈ ਕਿ ਉਹ ਬੰਦ ਰੁਮਾਂਸ ਦੀ ਸੰਘਣੀ ਤੇ ਸੁਨਹਿਰੀ ਧੁੰਦ ਵਿਚ ਲਿਪਟੇ ਹੁੰਦੇ ਸਨ।

ਕੁਲਵਿੰਦਰ, ਇਕੱਲਾ ਕੁਲਵਿੰਦਰ ਕਿਉਂ ਹੈ? ਉਹ ਤਖੱਲਸਾਂ, ਜਾਤਾਂ, ਗੋਤਾਂ ਤੋਂ ਕਿਵੇਂ ਬਚ ਗਿਆ? ਸਾਹਿਤ ਵਿਚ ਜਾਤੀ ਪ੍ਰਬੰਧ ਵੀ ਹੈ?

--ਉਂਝ ਤਾਂ ਮੈਂ ਬਾਬੇ ਵਿਸ਼ਵਕਰਮੇ ਦੀ ਕੁੱਲ 'ਚੋਂ ਹਾਂ ਜਿਸ ਨੇ ਸੂਰਜ ਨੂੰ ਰੰਦਾ ਲਾਇਆ ਸੀ। ਸਾਡੇ ਘਰ ਮੇਰੀ ਦਾਦੀ ਭਾਈ ਲਾਲੋ ਅਤੇ ਮਲਕ ਭਾਗੋ ਦੀ ਸਾਖੀ ਦੇ ਨਾਲ ਨਾਲ ਬਾਬਾ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੀਆਂ ਕਹਾਣੀਆਂ ਸੁਣਾਇਆ ਕਰਦੀ ਸੀ। ਉਹਨਾਂ ਕਰਕੇ ਸਾਡੇ 'ਤੇ ਕਦੇ ਵੀ ਕਿਸੇ ਜਾਤ ਪਾਤ ਦਾ ਪ੍ਰਭਾਵ ਨਹੀਂ ਰਿਹਾ, ਸਗੋਂ 'ਮਾਣਸ ਕੀ ਜਾਤ ਸੱਭੇ ਏਕ ਹੀ ਪਹਿਚਾਨਵੋ' ਦਾ ਵਧੇਰੇ ਬੋਲ ਬਾਲਾ ਸੀ। ਤੁਸੀਂ ਹੈਰਾਨ ਹੋਵੋਗੇ ਕਿ ਮੈਂ ਜਦੋਂ ਅਮਰੀਕਾ ਆਉਣਾ ਸੀ ਤਾਂ ਮੇਰੇ ਪਾਸਪੋਰਟ ਵਾਸਤੇ ਮੈਨੂੰ ਆਪਣਾ ਲਾਸਟ ਨਾਂ ਪਤਾ ਹੀ ਨਹੀਂ ਸੀ। ਇਸ ਕਰਕੇ ਮੇਰੇ ਉੱਤੇ ਕਦੇ ਵੀ ਜਾਤ ਗੋਤ ਦਾ ਪ੍ਰਭਾਵ ਹੀ ਨਹੀਂ ਰਿਹਾ ਤੇ ਅੱਜ ਵੀ ਨਹੀਂ ਹੈ। ਮੇਰੇ ਲਈ ਹਰ ਮਨੁੱਖ ਕੰਮ ਕਾਰ ਤੇ ਬੋਲਬਾਣੀ ਕਰਕੇ ਹੀ ਆਪਣਾ ਮਹੱਤਵ ਰੱਖਦਾ ਹੈ। ਜਿੱਥੋਂ ਤਕ ਗੱਲ ਇਕੱਲੇ ਕੁਲਵਿੰਦਰ ਦੀ ਹੈ, ਮੈਂ ਸਮਝਦਾਂ ਕਿ ਜੇ ਮੇਰੀ ਕਵਿਤਾ ਵਿਚ ਕੋਈ ਜਾਨ ਤੇ ਸ਼ੈਲੀਗਤ ਵਖਰੇਵਾਂ ਹੈ ਤਾਂ ਇਕੱਲਾ ਕੁਲਵਿੰਦਰ ਹੀ ਕਾਫੀ ਹੈ, ਉਂਝ ਭਾਵੇਂ ਮੈਂ ਲੱਖਾਂ ਤਖੱਲਸ, ਜਾਤ ਗੋਤ ਲਿਖਦਾ ਫਿਰਾਂ, ਉਹਦੇ ਨਾਲ ਕਵਿਤਾ ਨੂੰ ਕੋਈ ਫਰਕ ਨਹੀਂ ਪੈਂਦਾ। ਸੋ ਉਸ ਨਾਲੋਂ ਮੈਂ ਇਕੱਲਾ ਕੁਲਵਿੰਦਰ ਹੀ ਚੰਗਾ ਹਾਂ। ਇਹ ਬਹੁਤ ਅਫਸੋਸ ਦੀ ਗੱਲ ਹੈ ਕਿ ਹਿੰਦੋਸਤਾਨ ਬੁਰੀ ਤਰ੍ਹਾਂ ਜਾਤੀਪਾਤ ਦੀ ਕੈਦ ਵਿਚ ਜਕੜਿਆ ਹੋਇਆ ਹੈ। ਪਹਿਲਾਂ ਨਾਲੋਂ ਸੰਕੀਰਣਤਾ ਕੁਝ ਘਟੀ ਤਾਂ ਹੈ ਪਰ ਅਜੇ ਵੀ ਰਿਸ਼ਤੇ ਨਾਤੇ ਕਰਨ ਵੇਲ਼ੇ ਇਹਦੀ ਪਕੜ ਡੂੰਘੀ ਹੈ। ਜਿਵੇਂ ਸਮਾਜ ਵਿਚ ਜਾਤੀਪਾਤੀ ਪ੍ਰਬੰਧ ਹੈ, ਉਵੇਂ ਹੀ ਭਾਰਤ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਤੇ ਪੰਜਾਬੀ ਵਿਚ ਗੁੱਟ ਬਣੇ ਹੋਏ ਹਨ। ਰਚਨਾ ਦਾ ਮੁਲੰਕਣ ਕਰਨ ਦੀ ਬਜਾਏ ਗੁੱਟ ਤੇ ਜਾਤੀ ਦੇ ਲਿਹਾਜ਼ ਨਾਲ ਲੇਖਕ ਦਾ ਕੱਦ ਮਿਣਿਆ ਜਾਂਦਾ

ਹੈ। ਹਿੰਦੋਸਤਾਨ ਤੋਂ ਬਾਹਰ ਅਮਰੀਕਾ ਅਤੇ ਯੂਰਪ ਵਿਚ ਰੰਗਾਂ ਦਾ ਮਹੱਤਵ ਬਹੁਤ ਹੈ। ਲੇਖਕ ਰੰਗਾਂ ਤੇ ਨਸਲਾਂ ਵਿਚ ਹਰ ਥਾਂ ਵੰਡੇ ਜਾਂਦੇ ਹਨ ਭਾਵੇਂ ਏਥੇ ਭਾਰਤ ਜਿੰਨੀ ਡੂੰਘੀ ਪਕੜ ਨਹੀਂ। ਛੂਤ ਛਾਤ ਸਿਰਫ ਭਾਰਤ ਤੇ ਮੇਰੇ ਭਾਰਤ ਵਿਚ ਹੀ ਸੰਭਵ ਹੈ।

ਸ਼ਾਇਰ ਕੁਲਵਿੰਦਰ ਦੀ ਗ਼ਜ਼ਲ ਚੇਤਨਾ ਬਾਰੇ ਕੀ ਕਹਿਣਾ ਚਾਹੋਗੇ?

--ਇਸ ਤੋਂ ਪਹਿਲਾਂ ਕਿ ਮੇਰੀ ਗ਼ਜ਼ਲ ਚੇਤਨਾ ਬਾਰੇ ਗੱਲ ਕੀਤੀ ਜਾਵੇ, ਇਹ ਦੇਖਣਾ ਜ਼ਰੂਰੀ ਹੈ ਕਿ ਚੇਤਨਾ ਕੀ ਹੈ? ਮੇਰੀ ਸੀਮਿਤ ਬੁੱਧੀ ਅਨੁਸਾਰ ਹਰ ਸਮਾਜ ਵਿਚ ਉਸਦੀਆਂ ਅੰਦਰਲੀਆਂ ਵਿਰੋਧਤਾਵਾਂ ਹੁੰਦੀਆਂ ਹਨ, ਉਹਨਾਂ ਵਿਰੋਧਤਾਵਾਂ ਦਾ ਹੱਲ ਲੱਭਣਾ ਹੀ ਚੇਤਨਾ ਹੁੰਦੀ ਹੈ। ਸਾਹਿਤਕਾਰ ਆਪਣੇ ਸਮੇਂ ਦੀਆਂ ਵਿਰੋਧਤਾਵਾਂ ਨੂੰ ਮੁਖ਼ਾਤਿਬ ਹੁੰਦਾ ਹੈ ਤੇ ਆਪਣੀ ਚੇਤਨਾ ਦਾ ਪ੍ਰਗਟਾਵਾ ਆਪਣੇ ਸਾਹਿਤਕ ਚਿਤਰ ਵਿਚ ਕਰਦਾ ਹੈ। ਉਮਰ ਦੇ ਇੱਕੀ ਵਰ੍ਹੇ ਮੈਂ ਭਾਰਤ ਵਿਚ ਗੁਜ਼ਾਰੇ ਤੇ ਬਾਕੀ ਦੀ ਉਮਰ ਅਮਰੀਕਾ ਵਿਚ। ਇਸ ਲਈ ਭਾਰਤੀ ਤੇ ਅਮਰੀਕੀ ਸਭਿਆਚਾਰ ਮੇਰੀ ਚੇਤਨਾ ਦੇ ਅੰਗ ਬਣੇ। ਮੈਂ ਆਪਣੇ ਸ਼ਿਅਰਾਂ ਵਿਚ ਮਨੁੱਖੀ ਚੇਤਨਾ ਦੇ ਸਦੀਵੀ ਵਿਰੋਧਾਂ ਦੇ ਨਾਲ ਮਨੁੱਖ ਦੇ ਸਦੀਵੀ ਜਜ਼ਬੇ, ਪਿਆਰ, ਉਦਾਸੀ, ਬੇਵਫਾਈ, ਖੰਡਿਤ ਹੋਂਦ, ਇਕੱਲਤਾ, ਬੇਵਸੀ, ਅਸ਼ਾਂਤ ਮਨ, ਸੰਘਰਸ਼, ਵਿਯੋਗ ਦੀ ਵੇਦਨਾ, ਅਤੇ ਬੇਗਾਨਗੀ ਨੂੰ ਚਿਤਰਦਾ ਹਾਂ। ਅੱਜ ਸੀਰੀਆ ਤੇ ਹੋਰ ਮਿਡਲ ਈਸਟ ਦੇਸ਼ਾਂ ਵਿਚੋਂ ਲੋਕ ਪਰਵਾਸ ਧਾਰਨ ਕਰਨ ਲਈ ਮਜਬੂਰ ਹਨ। ਜਦੋਂ ਮੈਂ ਟੈਲੀਵਿਜ਼ਨ ਉੱਤੇ ਭੁੱਖ ਤੇ ਨੀਂਦ ਦੇ ਸਤਾਏ ਹੋਏ ਬੱਚਿਆਂ ਅਤੇ ਔਰਤਾਂ ਨੂੰ ਯੂਰਪ ਦੇ ਰੇਗਿਸਤਾਨ ਵਿਚ ਭਟਕਦੇ ਅਤੇ ਰੇਲਵੇ ਸਟੇਸ਼ਨਾਂ 'ਤੇ ਰੁਲਦੇ ਦੇਖਿਆ ਤਾਂ ਅਚਾਨਕ ਮੈਂ ਸ਼ਿਅਰ ਲਿਖਿਆ:

ਸਿਖਰ ਦੁਪਹਿਰ ਵਿਚ ਲੱਭਣ ਲਈ ਉਹ ਛਾਵਾਂ ਨੂੰ।
ਪਰਿੰਦੇ ਜਾ ਰਹੇ ਨੇ ਸੈਂਕੜੇ ਦਿਸ਼ਾਵਾਂ ਨੂੰ।

ਕਿਉਂਕਿ ਮਨੁੱਖ ਕੁਦਰਤ ਦਾ ਹਿੱਸਾ ਹੋ ਕੇ ਜੰਮਦਾ ਪਲਦਾ ਅਤੇ ਜੁਆਨ ਹੁੰਦਾ ਹੈ, ਇੰਝ ਪ੍ਰਕਿਰਤੀ ਉਸਦੀ ਚੇਤਨਾ ਵਿਚ ਡੂੰਘੀ ਵਸ ਜਾਂਦੀ ਹੈ। ਪੰਜਾਬ ਦਾ ਜੰਮਪਲ ਹੋਣ ਕਰਕੇ ਉੱਥੋਂ ਦੇ ਬੋਹੜ, ਪਿੱਪਲ, ਟਾਹਲੀਆਂ, ਕਿੱਕਰਾਂ ਤੇ ਧਰੇਕਾਂ ਦੇ ਫੁੱਲ ਮੇਰੀਆਂ ਯਾਦਾਂ ਅੰਦਰ ਡੂੰਘੇ ਉੱਕਰੇ ਹੋਏ ਹਨ। ਮੈਨੂੰ ਬਚਪਨ ਤੋਂ ਹੀ ਕੁਦਰਤ ਨਾਲ ਬਹੁਤ ਲਗਾਅ ਰਿਹਾ ਹੈ। ਹਰ ਕਰੁੰਬਲ, ਹਰ ਲਗਰ, ਹਰ ਫੁੱਲ, ਹਰ ਬਿਰਖ ਮੈਨੂੰ ਆਪਣੇ ਨਾਲ ਗੱਲਾਂ ਕਰਦਾ ਜਾਪਦਾ ਸੀ। ਮੈਂ ਇਸ ਘਟਨਾ ਦਾ ਇਕ ਥਾਂ ਪਹਿਲਾਂ ਵੀ ਜ਼ਿਕਰ ਕੀਤਾ ਸੀ ਕਿ ਮੇਰੇ ਬਚਪਨ ਦੇ ਦਿਨਾਂ ਵਿਚ ਮਾਂ ਅਕਸਰ ਇਕ ਮੜ੍ਹੀ 'ਤੇ ਦੀਵਾ ਜਗਾਇਆ ਕਰਦੀ ਸੀ ਅਤੇ ਕਦੇ ਕਦੇ ਮੈਂ ਵੀ ਮਾਂ ਨਾਲ ਚਲੇ ਜਾਂਦਾ ਸਾਂ। ਇਹ ਜਗ੍ਹਾ ਬੁੱਢੇ ਸੰਘਣੇ ਰੁੱਖਾਂ ਨਾਲ ਘਿਰੀ ਹੋਈ ਸੀ। ਰੁੱਖਾਂ ਹੇਠਾਂ ਸੰਘਣੀ ਖਾਮੋਸ਼ੀ ਸੀ। ਮੈਂ ਜਦੋਂ ਵੀ ਸ਼ਾਂਤ ਪੱਤਿਆਂ ਨੂੰ ਹੱਥ ਲਾਉਣਾ ਤਾਂ ਮਾਂ ਕਿਹਾ ਕਰਦੀ ਸੀ ਕਿ ਨਾ ਛੇੜ ਪੱਤਿਆਂ ਨੂੰ, ਰਹਿਰਾਸ ਦਾ ਵੇਲਾ ਹੈ, ਇਹ ਸੌਣ ਲੱਗੇ ਹਨ। ਮੈਨੂੰ ਉਦੋਂ ਹੀ ਅਹਿਸਾਸ ਹੋ ਗਿਆ ਕਿ ਦਰਖਤ ਵੀ ਬੰਦਿਆਂ ਵਾਂਗ ਜਿਉਂਦੇ ਜਾਗਦੇ ਹਨ। ਇੰਝ ਪ੍ਰਕਿਰਤੀ ਮੇਰੇ ਅੰਦਰ ਡੂੰਘੀ ਸਮੁੰਦਰ ਵਾਂਗ ਵਸੀ ਹੋਈ ਹੈ। ਏਸੇ ਲਈ ਮੇਰੀਆਂ ਗ਼ਜ਼ਲਾਂ ਵਿਚ ਥਾਂ ਥਾਂ 'ਤੇ ਰੁੱਖ ਬੂਟੇ ਬੋਲਦੇ ਹੋਏ ਪ੍ਰਤੀਤ ਹੁੰਦੇ ਹਨ। ਉਦਾਹਰਨ ਵਜੋਂ:

ਤੁਸੀਂ ਤਾਂ ਬਿਰਖ ਹੀ ਕੱਟਣਾ ਸੀ ਸੋ ਉਹ ਕੱਟ ਦਿੱਤਾ
ਤੁਹਾਨੂੰ ਕੀ ਪਤਾ ਰਗ ਰਗ 'ਚ ਉਸਦੇ ਧੜਕਣ ਸੀ।

ਸ਼ਾਇਰ ਆਪਣੇ ਸਮੇਂ ਦੀ ਪ੍ਰਕਿਰਤੀ ਤੇ ਕੁਦਰਤ ਨੂੰ ਆਪਣੀ ਸਮਰੱਥਾ ਅਨੁਸਾਰ, ਆਪਣੇ ਸੁਭਾਅ ਅਨੁਸਾਰ ਸਿਰਜਦਾ ਹੈ। ਮੈਂ ਜਿਵੇਂ ਜਿਵੇਂ ਬਚਪਨ ਤੋਂ ਜੁਆਨੀ ਵੱਲ ਪੈਰ ਰੱਖਿਆ ਤੇ ਹੋਰ ਪੜ੍ਹਨਾ ਸ਼ੁਰੂ ਕੀਤਾ ਤਾਂ ਮੈਨੂੰ ਸਭ ਤੋਂ ਪਹਿਲਾਂ ਬਾਬਾ ਨਾਨਕ ਦੇ ਬਾਰਾਂ ਮਾਹ ਨੇ ਬਹੁਤ ਪ੍ਰਭਾਵਤ ਕੀਤਾ ਤੇ ਫਿਰ ਮੈਂ ਕਦੇ ਕਦੇ ਸੋਚਦਾ ਕਿ ਬਾਬੇ ਨਾਨਕ ਨੇ ਅਨੁਭਵ ਦੀ ਸ਼ਿੱਦਤ ਦੀ ਕਿਸ ਸਿਖਰ 'ਤੇ ਬੈਠ ਕੇ *ਗਗਨ ਮੈਂ ਥਾਲੁ* ਆਰਤੀ ਦੀ ਸਿਰਜਣਾ ਕੀਤੀ ਹੋਵੇਗੀ:ਉਹਨਾਂ ਪ੍ਰਕਿਰਤੀ ਦੀ ਇਸ ਵੱਡੀ ਤੇ ਅਮਰ ਸਿਰਜਣਾ ਵਿਚ ਆਕਾਸ਼ ਵਿਚ ਸੂਰਜ ਨੂੰ ਜਗਦੇ ਦੀਵੇ ਨਾਲ ਅਲੰਕਾਰਕ ਕਰਦੇ ਹੋਏ ਕਿਹਾ ਕਿ ਕੌਸਮਿਕ ਥਾਲੀ ਵਿਚ ਚੰਦ ਤੇ ਸੂਰਜ ਦੀਵੇ ਹਨ ਅਤੇ ਤਾਰੇ ਮੋਤੀਆਂ ਵਾਂਗ ਜੜੇ ਹੋਏ ਹਨ। ਸ਼ਾਇਦ ਇਸੇ ਕਰਕੇ ਹੀ ਨੋਬਿਲ ਇਨਾਮ ਜੇਤੂ ਰਾਬਿੰਦਰ ਨਾਥ ਟੈਗੋਰ ਨੂੰ ਜਦ ਪੁੱਛਿਆ ਗਿਆ ਸੀ ਕਿ ਤੁਸੀਂ 'ਜਨ ਗਨ ਮਨ' ਲਿਖ ਕੇ ਭਾਰਤ ਲਈ ਰਾਸ਼ਟਰ ਗੀਤ ਤਾਂ ਲਿਖ ਦਿੱਤਾ ਹੈ ਪਰ ਤੁਸੀਂ ਵਿਸ਼ਵ ਦੀ ਉਪਮਾ ਵਾਸਤੇ ਗੀਤ ਕਦ ਲਿਖੋਗੇ? ਉਹਨਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਤਾਂ ਵਿਸ਼ਵ ਵਾਸਤੇ ਹੀ ਨਹੀਂ, ਪੂਰੇ ਬ੍ਰਹਿਮੰਡ ਵਾਸਤੇ ਸਦੀਆਂ ਪਹਿਲਾਂ ਹੀ ਇਹ (ਆਰਤੀ) ਲਿਖ ਚੁੱਕੇ ਹਨ। ਮੇਰੇ ਕਹਿਣ ਦਾ ਭਾਵ ਹੈ ਕਿ ਪ੍ਰਕਿਰਤੀ ਮੇਰੇ ਧੁਰ ਅੰਦਰ ਸਮਾਈ ਹੋਈ ਹੈ। ਮੈਨੂੰ ਕੁਦਰਤ ਨਾਲ ਡੂੰਘਾ ਇਸ਼ਕ ਹੈ, ਇਸ ਲਈ ਪ੍ਰਕਿਰਤੀ ਦੇ ਵੱਖ ਵੱਖ ਸ਼ੇਡਜ਼ ਮੇਰੀਆਂ ਗ਼ਜ਼ਲਾਂ ਦਾ ਹਿੱਸਾ ਬਣਦੇ ਹੋਏ ਰੁੱਖ, ਪੱਤੇ, ਦੀਵਾ, ਪਉਣ, ਸੂਰਜ, ਮਿੱਟੀ, ਆਕਾਸ਼, ਧਰਤੀ, ਜੰਗਲ, ਅਗਨ ਆਦਿ ਮੇਰੇ ਸ਼ਿਅਰਾਂ ਵਿਚ ਸੁਤੇ ਸਿੱਧ ਹੀ ਆ ਜਾਂਦੇ ਹਨ।

ਅੱਜ ਕੱਲ ਗ਼ਜ਼ਲ ਉਰਦੂ, ਫਾਰਸੀ, ਪਸ਼ਤੋ, ਪੰਜਾਬੀ ਤੋਂ ਅਗਾਂਹ ਭਾਰਤ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਲਿਖੀ ਜਾ ਰਹੀ ਹੈ। ਪਰ ਪੰਜਾਬੀ ਵਿਚ ਚੰਗੀ ਗ਼ਜ਼ਲ ਕਹਿਣ ਵਾਲਿਆਂ ਦੀ ਗਿਣਤੀ ਇਕ ਦਰਜਣ ਤੋਂ ਟੱਪਦੀ ਨਹੀਂ। ਅਜਿਹਾ ਕਿਉਂ ਹੈ?

--ਸਿੱਧੂ ਜੀ, ਤੁਸੀਂ ਠੀਕ ਕਿਹਾ ਹੈ। ਵੈਸੇ ਤਾਂ ਗ਼ਜ਼ਲ ਫਾਰਸੀ, ਉਰਦੂ ਰਾਹੀਂ ਪੰਜਾਬੀ ਵਿਚ ਆਈ ਹੈ ਪਰ ਇਸਨੇ ਪੰਜਾਬੀ ਜ਼ਮੀਨ ਵਿਚ ਆਪਣੀਆਂ ਜੜ੍ਹਾਂ ਡੂੰਘੀਆਂ ਲਾ ਲਈਆਂ ਹਨ। ਖਾਸ ਤੌਰ 'ਤੇ 1947 ਤੋਂ ਬਾਅਦ ਜੋ ਪੰਜਾਬੀ ਜੀਵਨ ਦਾ ਸਾਰ ਤੇ ਸੁਭਾਅ ਬਦਲਿਆ ਹੈ, ਪੰਜਾਬੀ ਗ਼ਜ਼ਲ ਨੇ ਉਸਦੇ ਹਾਣ ਦੀ ਹੋ ਕੇ ਆਪਣਾ ਮੂੰਹ ਮੱਥਾ ਸੰਵਾਰਿਆ ਹੈ। ਗ਼ਜ਼ਲ ਕਿਉਂਕਿ ਅਰੂਜ਼ 'ਤੇ ਆਧਾਰਿਤ ਰਚਨਾ ਹੈ, ਇਸ ਲਈ ਇਸ ਵਿਚ ਤੋਲ-ਤੁਕਾਂਤ ਦਾ ਖਿਆਲ ਰੱਖਣਾ ਜ਼ਰੂਰੀ ਹੁੰਦਾ ਹੈ। ਪੰਜਾਬੀ ਵਿਚ ਦੋ ਕਿਸਮ ਦੀ ਗ਼ਜ਼ਲ ਕਹੀ ਗਈ ਹੈ। ਇਕ ਉਹ ਹਨ- ਪਰੰਪਰਾਵਾਦੀ, ਜੋ ਤੋਲ-ਤੁਕਾਂਤ ਵਿਚ ਹੀ ਆਪਣੀ ਉਮਰ ਲੰਘਾ ਦਿੰਦੇ ਹਨ। ਜਿਹਨਾਂ ਲਈ ਸਿਰਫ ਅਰੂਜ਼ ਦੇ ਨਿਯਮ ਹੀ ਪ੍ਰਮੁੱਖ ਹਨ। ਅਸਲ ਵਿਚ ਸ਼ਾਇਰੀ ਦੀ ਧੁਰ ਆਤਮਾ ਤਕ ਦਾ ਸਫਰ ਵੀ ਤਾਂ ਸ਼ਾਇਰ ਨੇ ਕਰਨਾ ਹੁੰਦਾ ਹੈ। ਪੰਜਾਬੀ ਵਿਚ ਉਹ ਗ਼ਜ਼ਲਕਾਰ ਹੀ ਮਕਬੂਲ ਹੋਏ ਹਨ ਜਿਹਨਾਂ ਨੇ ਅਰੂਜ਼ ਦੇ ਨਾਲ ਨਾਲ ਸ਼ਿਅਰਾਂ ਵਿਚ ਆਧੁਨਿਕ ਭਾਵ-ਬੋਧ ਦੀ ਸੰਵੇਦਨਾ ਨੂੰ ਬਹੁ ਪਰਤੀ, ਭਾਸ਼ਾ ਤੇ ਭਾਵਾਂ ਦੀ ਤਾਜ਼ਗੀ ਅਤੇ ਸ਼ਿਲਪਕਾਰੀ ਦੀ ਉੱਤਮਤਾ ਨੂੰ ਪਹਿਲ ਦਿੱਤੀ ਹੈ। ਇੰਝ ਭਾਵੇਂ ਪੰਜਾਬੀ ਵਿਚ ਆਧੁਨਿਕ ਭਾਵ-ਬੋਧ ਨੂੰ ਪ੍ਰਗਟਾਉਣ ਵਾਲੇ ਥੋੜ੍ਹੇ ਹੀ ਸਹੀ ਪਰ ਜ਼ਿਕਰਯੋਗ ਸ਼ਾਇਰ ਜ਼ਰੂਰ ਹਨ। ਉਹਨਾਂ ਦੇ ਸ਼ਿਅਰਾਂ ਵਿਚ ਤਾਜ਼ਗੀ, ਭਾਸ਼ਾ ਦੀ ਸੁੰਦਰਤਾ, ਮਿਸਰਿਆਂ ਵਿਚ ਸੰਗੀਤਕਤਾ ਤੇ ਰਵਾਨੀ ਅਤੇ ਜ਼ਿੰਦਗੀ ਦੀ ਲਾਟ ਬਲ ਰਹੀ ਹੈ। ਭਾਰਤ ਦੀਆਂ ਬਾਕੀ ਭਾਸ਼ਾਵਾਂ ਵਿਚ ਵੀ ਇੰਝ ਹੀ ਹੈ। ਅਸਲ ਵਿਚ ਦੂਸਰੀਆਂ ਭਾਸ਼ਾਵਾਂ ਵਿਚ ਵੀ ਉਂਗਲਾਂ ਦੇ ਪੋਟਿਆਂ ਤੇ ਗਿਣੇ ਜਾਣ ਵਾਲੇ ਸ਼ਾਇਰ ਹੀ ਆਪਣੀ ਵੱਖਰੀ ਸ਼ੈਲੀ ਸਥਾਪਤ ਕਰਨ ਵਿਚ ਕਾਮਯਾਬ ਹੋ ਸਕੇ ਹਨ।

ਡਾ. ਜਗਤਾਰ ਅਮਰੀਕਾ ਦੇ ਚੰਗੇ ਗ਼ਜ਼ਲਗੋਆਂ ਵਿਚੋਂ ਤੁਹਾਨੂੰ ਨੰਬਰ ਇਕ 'ਤੇ ਰੱਖਦੇ ਸਨ। ਤੁਹਾਡੀ ਗ਼ਜ਼ਲ ਦੇ ਉਹ ਕਿਹੜੇ ਗੁਣ ਲੱਛਣ ਉਹਨਾਂ ਨੂੰ ਨਜ਼ਰ ਆਉਂਦੇ ਸਨ ਜਿਹਨਾਂ ਕਰਕੇ ਨੰਬਰ ਇਕ ਦਾ ਸਿਹਰਾ ਤੁਹਾਡੇ ਸਿਰ ਸੀ।

--ਮੈਂ ਇਸ ਗੁੰਝਲਦਾਰ ਸਵਾਲ ਵਿਚ ਪੈਣਾ ਹੀ ਨਹੀਂ ਚਾਹੁੰਦਾ। ਸਿਰਫ ਇਹ ਕਹਿਣਾ ਚਾਹੁੰਦਾ ਹਾਂ ਕਿ ਅਮਰੀਕਾ ਦਾ ਹਰ ਗ਼ਜ਼ਲਕਾਰ ਚੰਗਾ ਲਿਖ ਰਿਹਾ ਹੈ। ਕੁਝ ਗ਼ਜ਼ਲਕਾਰ ਤਾਂ ਸਮੁੱਚੇ ਪੰਜਾਬੀ ਗ਼ਜ਼ਲ ਸੰਸਾਰ ਵਿਚ ਆਪਣਾ ਜ਼ਿਕਰਯੋਗ ਸਥਾਨ ਹਾਸਿਲ ਕਰਨ ਵਿਚ ਕਾਮਯਾਬ ਹੋ ਚੁੱਕੇ ਹਨ। ਰਹੀ ਗੱਲ ਡਾ ਜਗਤਾਰ ਹੋਰਾਂ ਦੀ, ਉਹ ਸੁਲਝੇ ਹੋਏ ਬੁਲੰਦ ਸ਼ਾਇਰ ਤੇ ਸਿਰਜਣਾਤਮਕ ਗ਼ਜ਼ਲ ਆਲੋਚਕ ਸਨ ਅਤੇ ਉਹਨਾਂ ਨੇ ਨੌਰਥ ਅਮਰੀਕਾ ਦੀ ਸਮੁੱਚੀ ਸ਼ਾਇਰੀ ਦਾ ਅਧਿਐਨ ਕੀਤਾ ਹੋਇਆ ਸੀ। ਉਹ ਮੇਰੇ ਕੋਲ ਅਕਸਰ ਮੇਰੀ ਗ਼ਜ਼ਲ ਵਿਚ ਆਧੁਨਿਕ ਭਾਵ-ਬੋਧ ਦੀ ਪੇਸ਼ਕਾਰੀ ਅਤੇ ਕੁਦਰਤ ਦੇ ਮਾਨਵੀਕਰਨ ਦਾ ਜ਼ਿਕਰ ਕਰਦੇ ਸਨ। ਮੇਰੀ ਕਿਤਾਬ 'ਬਿਰਛਾਂ ਅੰਦਰ ਉੱਗੇ

ਖੰਡਰ' ਦੀ ਭੂਮਿਕਾ ਵਿਚ ਉਹਨਾਂ ਲਿਖਿਆ ਹੈ ਕਿ "ਕੁਲਵਿੰਦਰ ਦੀਆਂ ਗ਼ਜ਼ਲਾਂ ਵਿਚ ਪ੍ਰਾਕਿਰਤਕ ਬਿੰਬ ਤੇ ਪ੍ਰਤੀਕ ਉਸਨੂੰ ਸਰਵਵਿਆਪਕਤਾ ਤੇ ਰਮਣੀਕਤਾ ਨਾਲ ਜੋੜਦੇ ਹਨ।" ਹੋ ਸਕਦਾ ਹੈ ਉਹਨਾਂ ਨੂੰ ਮੈਂ ਵੱਖਰਾ ਲਗਦਾ ਹੋਵਾਂ ਕਿ ਉਹਨਾਂ ਨੇ ਮੇਰੀ ਗ਼ਜ਼ਲ ਵਿਚ ਬਿੰਬਾਂ ਤੇ ਪ੍ਰਤੀਕਾਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਵੇਖਿਆ ਹੋਵੇ ਜਾਂ ਪ੍ਰਕਿਰਤਕ ਬਿੰਬਾਂ ਰਾਹੀਂ ਤੀਬਰ ਅਨੁਭੂਤੀ ਤੇ ਗਹਿਰੇ ਜਜ਼ਬੇ ਨਾਲ ਚਿਤਰੇ ਸ਼ਿਅਰਾਂ ਨੂੰ ਮਾਣਿਆ ਹੋਵੇ। ਸੰਭਵ ਹੈ, ਉਹਨਾਂ ਨੂੰ ਮੇਰੀ ਗ਼ਜ਼ਲ ਵਿਚ ਆਧੁਨਿਕ ਭਾਵ-ਬੋਧ ਦੀ ਸੰਵੇਦਨਾ ਦਾ ਬਹੁਪਰਤੀ, ਬਹੁਅਰਥੀ ਪ੍ਰਗਟਾਅ, ਭਾਸ਼ਾ ਦੀ ਨਵੀਨਤਾ ਤੇ ਤਾਜ਼ਗੀ ਨਜ਼ਰ ਆਈ ਹੋਵੇ। ਹੋ ਸਕਦਾ ਹੈ, ਮੈਂ ਉਹਨਾਂ ਨੂੰ ਤਾਂ ਵੀ ਵੱਖਰਾ ਲਗਦਾ ਹੋਵਾਂ ਕਿ ਮੇਰੇ ਸ਼ਿਅਰਾਂ ਦੀ ਤਹਿ ਵਿਚ ਤਨਹਾਈ ਦੇ ਅਹਿਸਾਸ ਅਤੇ ਗਹਿਰੀ ਉਦਾਸੀ ਦੇ ਹੁੰਦਿਆਂ ਵੀ ਆਸ ਦੇ ਜੁਗਨੂੰ ਹਮੇਸ਼ਾ ਟਿਮਟਿਮਾਉਂਦੇ ਰਹਿੰਦੇ ਹਨ ਅਤੇ ਮੈਂ ਕਦੇ ਵੀ ਹਾਰ ਨਹੀਂ ਮੰਨਦਾ।

ਡਾ. ਜਗਤਾਰ ਨੇ ਇਕ ਵਾਰ ਤੁਹਾਡੇ ਨਾਲ ਗ੍ਰੈਂਡ ਕੈਨੀਅਨ (Grand Canyon) ਦੀ ਕੀਤੀ ਯਾਤਰਾ ਬਾਰੇ ਜ਼ਿਕਰ ਕੀਤਾ ਸੀ, ਜਿਸ ਵਿਚ ਜਹਾਜ਼ ਦੀ ਖਰਾਬੀ ਕਾਰਨ ਮੌਤ ਦੇ ਬਹੁਤ ਨੇੜੇ ਹੋਣ ਦੀ ਗੱਲ ਸੀ, ਉਹ ਘਟਨਾ ਕੀ ਸੀ?

--ਜਦੋਂ ਡਾ. ਜਗਤਾਰ ਆਖਰੀ ਵਾਰ ਅਮਰੀਕਾ ਆਏ ਸਨ ਤਾਂ ਅਸੀਂ ਸਾਨ ਫਰਾਂਸੈਸਕੋ ਦੇ ਲੋਕਲ ਏਰੀਏ ਨੂੰ ਘੁੰਮ ਕੇ ਏਨਾ ਥੱਕ ਗਏ ਤਾਂ ਮੈਂ ਉਹਨਾਂ ਨੂੰ ਲਾਸ ਵੇਗਸ ਲੈ ਗਿਆ। ਰੌਸ਼ਨੀਆਂ ਦੇ ਇਸ ਅਨੰਤ ਸਮੁੰਦਰ ਵਿਚ ਘੁੰਮਦਿਆਂ ਮੈਂ ਉਹਨਾਂ ਨੂੰ ਗ੍ਰੈਂਡ ਕੈਨੀਅਨ ਜਾਣ ਦੀ ਪੇਸ਼ਕਸ਼ ਕਰ ਦਿੱਤੀ ਅਤੇ ਦੂਸਰੇ ਦਿਨ ਹੀ ਅਸੀਂ ਚਾਰ ਸੀਟਾਂ ਦਾ ਛੋਟਾ ਜਹਾਜ਼ ਕਿਰਾਏ 'ਤੇ ਲੈ ਕੇ ਗ੍ਰੈਂਡ ਕੈਨੀਅਨ ਨੂੰ ਚੱਲ ਪਏ। ਜਹਾਜ਼ ਏਨੀ ਛੋਟੀ ਉਚਾਈ 'ਤੇ ਉੜ ਰਿਹਾ ਸੀ ਕਿ ਕਾਲਾਰਾਡੋ ਦਰਿਆ ਉਤੇ ਬੰਨ੍ਹ ਮਾਰ ਕੇ ਬਣਾਇਆ ਦੁਨੀਆਂ ਦਾ ਸਭ ਤੋਂ ਵੱਡਾ ਬਿਜਲੀ ਘਰ (Hoover Dam) ਸਾਫ ਦਿਖਾਈ ਦੇ ਰਿਹਾ ਸੀ। ਉਸ ਦੀ ਖ਼ੂਬਸੂਰਤੀ ਦੇਖ ਕੇ ਡਾ. ਜਗਤਾਰ ਮਨੁੱਖੀ ਹੱਥਾਂ ਦੀ ਲਸਾਨੀ ਮਿਹਨਤ ਦੇਖ ਕੇ ਹੈਰਾਨ, ਅਚੰਭਤ ਤੇ ਖ਼ੁਸ਼ ਹੋਏ। ਜਲਦੀ ਹੀ ਅਸੀਂ ਗ੍ਰੈਂਡ ਕੈਨੀਅਨ ਪਹੁੰਚ ਗਏ। ਸ਼ਾਮ ਢਲਣ ਲੱਗ ਪਈ ਸੀ। ਡੁੱਬਦੇ ਸੂਰਜ ਦਾ ਲਿਸ਼ਕਾਰਾ ਗ੍ਰੈਂਡ ਕੈਨੀਅਨ ਦੇ ਰੰਗਦਾਰ ਲੈਂਡਸਕੇਪ 'ਤੇ ਇਸ ਤਰ੍ਹਾਂ ਲੇਟਿਆ ਪਿਆ ਸੀ ਜਿਵੇਂ ਕੋਈ ਹਿਰਨੀ ਜੰਗਲ ਵਿਚ ਬੇਫਿਕਰ ਸੁੱਤੀ ਪਈ ਹੋਵੇ। ਡੁੱਬ ਰਹੇ ਸੂਰਜ ਦੀਆਂ ਕਿਰਨਾਂ ਨੇ ਆਸਮਾਨ ਨੂੰ ਸੰਦਲੀ ਕੀਤਾ ਪਿਆ ਸੀ ਤੇ ਹਰ ਪਲ ਕੈਨੀਅਨ ਦੇ ਰੰਗ ਬਦਲ ਰਹੇ ਸਨ। ਅਸੀਂ ਇਸ ਨਜ਼ਾਰੇ ਨੂੰ ਦੇਖ ਕੇ ਗੱਲਾਂ ਕਰਨ ਲੱਗੇ ਕਿ ਇਹਨਾਂ ਨੂੰ ਕਵਿਤਾ ਦੇ ਬਿੰਬਾਂ ਵਿਚ ਕਿਵੇਂ ਢਾਲ਼ਿਆ ਜਾ ਸਕਦਾ ਹੈ। ਦੂਸਰੇ ਦਿਨ ਅਸੀਂ ਜਹਾਜ਼ ਵਿਚ ਵਾਪਸ ਆ ਰਹੇ ਸਾਂ ਤਾਂ ਜਹਾਜ਼ ਦੇ ਇੰਜਣ ਵਿਚ ਅਚਾਨਕ ਖਰਾਬੀ ਆ ਗਈ। ਪਾਇਲਟ ਨੇ ਸਾਨੂੰ ਦੱਸਿਆ ਕਿ ਜਹਾਜ਼ ਖਰਾਬ ਹੋ ਗਿਆ ਹੈ। ਹੋ ਸਕਦਾ ਹੈ ਕਿ ਆਪਾਂ ਬਚ ਜਾਈਏ, ਪਰ ਖਤਰੇ ਲਈ ਤਿਆਰ ਰਹੋ। ਹਵਾ ਨਾਲ ਨਿੱਕਾ ਜਿਹਾ ਹਵਾਈ ਜਹਾਜ਼ ਪੂਰੀ ਤਰ੍ਹਾਂ ਹਿਲ ਰਿਹਾ ਸੀ ਅਤੇ ਲਗਾਤਾਰ ਝਟਕੇ ਦੇ ਰਿਹਾ ਸੀ। ਮੇਰੇ ਚਿਹਰੇ 'ਤੇ ਇਕ ਦਮ ਪਲੱਤਣ ਛਾ ਗਈ। ਮੈਂ ਸੋਚ ਰਿਹਾ ਸਾਂ, ਪੰਜਾਬ ਦਾ ਸਿਰਮੌਰ ਸ਼ਾਇਰ ਜੋ ਮੇਰੇ ਭਰੋਸੇ ਮੇਰੇ ਕੋਲ ਆਇਆ ਹੈ, ਜੇ ਉਸਨੂੰ ਕੁਝ ਹੋ ਗਿਆ ਤਾਂ ਪੰਜਾਬੀ ਸਾਹਿਤਕ ਜਗਤ ਸ਼ਾਇਦ ਮੈਨੂੰ ਮੁਆਫ ਨਾ ਕਰੇ। ਮੇਰਾ ਮਨ ਸ਼ੰਕਾ ਦੀ ਡੂੰਘੀ ਨਦੀ ਵਿਚ ਤੈਰਨ ਲੱਗ ਪਿਆ ਤੇ ਡਾ. ਜਗਤਾਰ ਨੇ ਸ਼ਾਇਦ ਮੇਰੀ ਮਨੋਦਸ਼ਾ ਪੜ੍ਹ ਲਈ ਸੀ ਤੇ ਮੈਨੂੰ ਆਖਣ ਲੱਗੇ ਕਿ ਕੁਲਵਿੰਦਰ, ਆ ਮੈਂ ਤੈਨੂੰ ਆਪਣੀ ਨਵੀਂ ਗ਼ਜ਼ਲ ਦੇ ਸ਼ਿਅਰ ਸੁਣਾਵਾਂ। ਉਹ ਜਹਾਜ਼ ਦੇ ਰੌਲੇ ਵਿਚ ਮੈਨੂੰ ਉੱਚੀ ਉੱਚੀ ਸ਼ਿਅਰ ਸੁਣਾਉਣ ਲੱਗ ਪਏ। ਮੇਰੀਆਂ ਯਾਦਾਂ ਵਿਚ ਉਹਨਾਂ ਦੇ ਬੋਲ, ਉਹਨਾਂ ਦੇ ਬੋਲਣ ਦਾ ਅੰਦਾਜ਼, ਉਹਨਾਂ ਦੀਆਂ ਅੱਖਾਂ ਵਿਚ ਗਹਿਰੀ ਉਮੀਦ ਤੇ ਭਰੋਸੇ ਦੇ ਚਿੰਨ੍ਹ ਅਜੇ ਤਕ ਵੀ ਐਨ ਉਸੇ ਤਰ੍ਹਾਂ ਚਿਤਰੇ ਪਏ ਹਨ। ਜਦੋਂ ਜਹਾਜ਼ ਖਤਰੇ ਤੋਂ ਬਾਹਰ ਆ ਗਿਆ ਤੇ ਥੱਲੇ ਉਤਰ ਰਿਹਾ ਸੀ ਤਾਂ ਡਾ. ਜਗਤਾਰ ਨੇ ਮੈਨੂੰ ਆਖਿਆ ਕਿ ਇਹ ਸ਼ਿਅਰ ਮੈਂ ਇਸ ਲਈ ਸੁਣਾ ਰਿਹਾ ਸੀ ਕਿ ਮੇਰੇ ਮਨ ਦੀ ਕਿਸੇ ਨੁੱਕਰ ਵਿਚ ਇਹ ਖਿਆਲ ਦਗ ਰਿਹਾ ਸੀ

ਕਿ ਮੈਂ ਤਾਂ ਕਾਫੀ ਉਮਰ ਭੋਗ ਚੁੱਕਾ ਹਾਂ ਤੇ ਬਹੁਤ ਕੁਝ ਲਿਖ ਵੀ ਚੁੱਕਾ ਹਾਂ ਪਰ ਤੂੰ ਤਾਂ ਅਜੇ ਸਾਹਿਤ ਵਿਚ ਕਦਮ ਹੀ ਰੱਖਿਆ ਹੈ ਤੇ ਕਿੰਨਾ ਕੁਝ ਹੋਰ ਨਵਾਂ ਲਿਖਣਾ ਹੈ, ਮੈਂ ਇਹ ਸੋਚ ਕੇ ਚਿੰਤਾਤੁਰ ਹੋ ਰਿਹਾ ਸਾਂ। ਤੇ ਮੈਂ ਉਹਨਾਂ ਨੂੰ ਕਿਹਾ ਕਿ ਮੈਂ ਤੁਹਾਡੇ ਬਾਰੇ ਸੋਚ ਕੇ ਚਿੰਤਾਤੁਰ ਹੋ ਰਿਹਾ ਸਾਂ। ਗੱਲਾਂ ਕਰਦਿਆਂ ਅਸੀਂ ਇਸ ਸਿੱਟੇ 'ਤੇ ਪਹੁੰਚੇ ਕਿ ਮੌਤ ਨੂੰ ਲਾਗੇ ਦੇਖ ਕੇ ਬੰਦੇ ਦੇ ਅੰਦਰ ਚੰਗਿਆਈ ਤੇ ਦੂਜੇ ਲਈ ਫਿਕਰ ਕਿੰਨੀ ਚੰਗੀ ਤਰ੍ਹਾਂ ਉਘੜ ਪੈਂਦਾ ਹੈ।

ਜਦੋਂ ਕੁਲਵਿੰਦਰ ਕਵੀ ਹੁੰਦਾ ਹੈ ਤਾਂ ਉਸਦੀ ਮਨੋਦਸ਼ਾ ਤੇ ਮਨੋਰਵਾਂ ਕੀ ਹੁੰਦੀ ਹੈ?

--ਜੀਵਨ ਜਿਉਂਦੇ ਹੋਏ ਹੋਰ ਮਨੁੱਖਾਂ ਵਾਂਗ ਜਦੋਂ ਲੇਖਕ ਜੀਅ ਰਿਹਾ ਹੁੰਦਾ ਹੈ ਤਾਂ ਬਹੁਤ ਸਾਰੀਆਂ ਘਟਨਾਵਾਂ,ਦ੍ਰਿਸ਼, ਹਾਵਭਾਵ, ਮਨ ਵਿਚ ਜਮ੍ਹਾਂ ਹੁੰਦੇ ਰਹਿੰਦੇ ਹਨ। ਜਦੋਂ ਮੈਂ ਕੋਈ ਗ਼ਜ਼ਲ ਲਿਖਣ ਬੈਠਦਾ ਹਾਂ ਤਾਂ ਕਈ ਵਾਰੀ ਬਹੁਤ ਚਿਰ ਪਹਿਲਾਂ ਵਾਪਰੀ ਕੋਈ ਘਟਨਾ, ਖਿਆਲ ਜਾਂ ਦ੍ਰਿਸ਼ ਭਾਵ ਮਨ ਦੇ ਚਿਤਰਪਟ ਉੱਤੇ ਉਘੜਨ ਲੱਗ ਪੈਂਦੇ ਹਨ ਜੋ ਸਹਿਜੇ ਹੀ ਗ਼ਜ਼ਲ ਦੇ ਸ਼ਿਅਰਾਂ ਵਿਚ ਪਲਟਣੇ ਸ਼ੁਰੂ ਹੋ ਜਾਂਦੇ ਹਨ। ਕਈ ਵਾਰੀ ਇੰਝ ਹੁੰਦਾ ਹੈ ਕਿ ਮੈਂ ਕੋਈ ਗ਼ਜ਼ਲ ਸ਼ੁਰੂ ਕਰਦਾ ਹਾਂ ਤਾਂ ਗ਼ਜ਼ਲ ਦੋ ਸ਼ਿਅਰਾਂ ਤੋਂ ਅੱਗੇ ਨਹੀਂ ਵਧਦੀ ਪਰ ਕਦੀ ਇੰਝ ਹੁੰਦਾ ਹੈ ਕਿ ਇਕ ਸ਼ਿਅਰ ਲਿਖਦਾ ਹਾਂ ਤਾਂ ਬਾਕੀ ਦੇ ਸ਼ਿਅਰ ਇਕ ਦਮ ਲਿਖੇ ਜਾਂਦੇ ਹਨ। ਉਹ ਸਿਰਜਣਾਤਮਕ ਪਲ ਮੇਰੇ ਵਾਸਤੇ ਕਿਹੋ ਜਿਹੇ ਹਨ, ਮੈਂ ਨਹੀਂ ਜਾਣਦਾ, ਨਾ ਹੀ ਮੈਂ ਉਹਨਾਂ ਨੂੰ ਸ਼ਬਦਾਂ ਵਿਚ ਬਿਆਨ ਕਰ ਸਕਦਾ ਹਾਂ ਪਰ ਏਨਾ ਜ਼ਰੂਰ ਜਾਣਦਾ ਹਾਂ ਕਿ ਜਦ ਮੈਂ ਲਿਖ ਰਿਹਾ ਹੁੰਦਾ ਹਾਂ ਤਾਂ ਮੈਂ ਆਪਣੇ ਅੰਦਰ ਨਾਲ ਏਨਾ ਜੁੜ ਜਾਂਦਾ ਹਾਂ ਕਿ ਮੇਰਾ ਰਿਸ਼ਤਾ ਬਾਹਰਲੇ ਸੰਸਾਰ ਨਾਲੋਂ ਬਿਲਕੁਲ ਟੁੱਟ ਜਾਂਦਾ ਹੈ। ਉਹਨਾਂ ਸਿਰਜਣਾਤਮਕ ਪਲਾਂ ਵਿਚ ਕੋਈ ਫਰਕ ਨਹੀਂ ਪੈਂਦਾ ਕਿ ਲਾਗਲੇ ਕਮਰੇ ਵਿਚ ਟੈਲੀਵਿਜ਼ਨ ਚੱਲ ਰਿਹਾ ਹੈ ਜਾਂ ਕਿਚਨ ਵਿਚੋਂ ਕਰੌਕਰੀ ਦੀਆਂ ਆਵਾਜ਼ਾਂ ਆ ਰਹੀਆਂ ਹਨ। ਮੈਨੂੰ ਯਾਦ ਹੈ ਕਿ ਮੈਂ ਇਕ ਵਾਰ ਸਾਨ ਫਰਾਂਸੈਸਕੋ ਤੋਂ ਜਰਮਨੀ ਜਾ ਰਿਹਾ ਸੀ ਤਾਂ ਜਹਾਜ਼ ਦੇ ਸਫਰ ਦੌਰਾਨ ਅਚਾਨਕ ਹੇਠਲਾ ਸ਼ਿਅਰ ਉਤਰ ਆਇਆ ਤਾਂ ਮੈਂ ਪੇਪਰ-ਨਿਪਕਨ ਉਪਰ ਹੀ ਇਹ ਸ਼ਿਅਰ ਲਿਖਿਆ:

ਫਿਕਰ ਨਾ ਕਰਨਾ ਮੇਰੇ ਬੱਚਿਓ ਮਿਲਾਂਗੇ ਫਿਰ ਅਸੀਂ,
ਰੌਸ਼ਨੀ ਤੋਂ ਪਾਰ ਵੀ ਇਕ ਖ਼ੂਬਸੂਰਤ ਸ਼ਹਿਰ ਹੈ।

ਸਾਡੇ ਚਿੰਤਨ ਸਾਹਿਤ ਵਿਚ ਬਿਰਖ ਅਤੇ ਮਨੁੱਖ ਨੂੰ ਇਕੋ ਅਰਥਾਂ ਵਿਚ ਲਿਆ ਗਿਆ ਹੈ। ਮੇਰੇ ਸਾਹਮਣੇ ਸ਼ਿਵ ਕੁਮਾਰ ਬਟਾਲਵੀ, ਹਰਭਿਜਨ ਸਿੰਘ, ਜਗਤਾਰ, ਪਾਤਰ ਅਤੇ ਕੁਲਵਿੰਦਰ ਦੇ ਸ਼ਿਅਰਾਂ ਵਿਚਲੇ ਬਿਰਖ ਹਨ। ਇਹਨਾਂ ਸ਼ਾਇਰਾਂ ਦੇ ਟਾਕਰੇ ਕੁਲਵਿੰਦਰ ਰੁੱਖ ਦੇ ਬਿੰਬ ਨੂੰ ਲੈ ਕੇ ਮਨੁੱਖੀ ਸੰਤਾਪ ਦੇ ਵੱਖ ਵੱਖ ਪਹਿਲੂਆਂ ਦੀ ਕਿਵੇਂ ਤਰਜਮਾਨੀ ਕਰਦਾ ਹੈ?

--ਮੈਂ ਹਮੇਸ਼ਾਂ ਆਪਣੇ ਆਲ ਦੁਆਲੇ ਪਸਰੀ ਹੋਈ ਕਾਇਨਾਤ ਦੀ ਲੀਲ਼ਾ ਨੂੰ ਘੋਖਣਾ, ਨਿਹਾਰਨਾ, ਅਤੇ ਵਿਚਾਰਨਾ ਚਾਹੁੰਨਾਂ, ਏਨਾ ਕਿ ਮੇਰੇ ਕੋਲੋਂ ਲਫ਼ਜ਼ ਥੁੜ ਜਾਂਦੇ ਹਨ। ਇਸ ਲਈ ਕਈ ਵਾਰੀ ਇਕੋ ਸ਼ਬਦ ਨੂੰ ਵੱਖ ਵੱਖ ਚਿਹਨਾਂ, ਕੋਣਾਂ ਤੇ ਮੂਡਜ਼ ਵਿਚ ਵਰਤ ਕੇ ਆਪਣੀ ਸਿਰਜਣ ਪ੍ਰਕਿਰਿਆ ਨੂੰ ਸ਼ਾਂਤ ਕਰਦਾ ਹਾਂ। ਸਿੱਟੇ ਵਜੋਂ ਮੇਰੀਆਂ ਗ਼ਜ਼ਲਾਂ ਵਿਚ ਕਈ ਸ਼ਬਦ ਵਾਰ ਵਾਰ ਪਰ ਵੱਖਰੇ ਵੱਖਰੇ ਸ਼ੇਡਜ਼ ਜਾਂ ਪਰਤਾਂ ਵਿਚ ਹਾਜ਼ਰ ਨਾਜ਼ਰ ਰਹਿੰਦੇ ਹਨ। ਜਿਵੇਂ ਤੁਸੀਂ ਬਿਰਖ ਦਾ ਜ਼ਿਕਰ ਕੀਤਾ ਹੈ... ਮੈਂ ਮਨੁੱਖੀ ਮਨ ਦੀਆਂ ਵੱਖਰੀਆਂ ਵੱਖਰੀਆਂ ਸਥਿਤੀਆਂ ਨੂੰ ਬਿਰਖ ਦੇ ਅਨੇਕਾਂ ਅਰਥਾਂ ਵਿਚ ਵਰਤਿਆ ਹੈ। ਕਿਤੇ ਮੈਂ ਇਸ ਨੂੰ ਮਨੁੱਖਾਂ ਵਾਂਗ ਜਿਉਂਦਾ ਜਾਗਦਾ ਤੇ ਪਵਿੱਤਰ ਦਰਸਾਇਆ ਹੈ ਤੇ ਕਿਤੇ ਜ਼ਿੰਦਗੀ ਵਾਂਗ ਹਰਿਆ ਭਰਿਆ ਤੇ ਖ਼ੂਬਸੂਰਤ। ਕਿਤੇ ਇਸ ਦੀ ਸਿਆਣਪ ਤੇ ਹਿੰਮਤ ਦੀ ਤਾਰੀਫ ਕੀਤੀ ਹੈ ਤੇ ਕਿਤੇ ਇਸ ਦੇ ਸਦੀਵੀਪਨ ਦੀ। ਮੈਂ ਬਿਰਖਾਂ ਨੂੰ ਇਨਸਾਨ ਵਾਂਗ ਹੀ ਜਿਉਂਦੇ ਜਾਗਦੇ ਤੇ ਸਾਹ ਲੈਂਦੇ ਵੇਖਦਾ ਹਾਂ, ਇਸ ਦੇ ਪੱਤਿਆਂ 'ਚ ਦਿਲ ਦੀਆਂ ਧੜਕਣਾਂ ਅਤੇ ਟਾਹਣਾਂ ਵਿਚ ਇਨਸਾਨ ਦੀਆਂ ਰਗਾਂ ਵਾਂਗ ਹੀ ਲਹੂ ਦੀਆਂ ਨਦੀਆਂ ਦੇ ਨਿਰੰਤਰ ਵਹਾਅ ਵਾਰੇ ਸੋਚਦਾ ਹਾਂ। ਮੈਂ ਸੋਚਦਾ ਹਾਂ ਕਿ ਬਿਰਖ ਜੀਵਨ ਦੇ ਹਰ ਭਾਵ ਨਾਲ ਸੰਬੰਧ

ਰੱਖਦਾ ਹੈ ਅਤੇ ਜੀਵਨ ਦੀ ਆਸ ਦਾ ਮੂਲ ਸਰੋਕਾਰ ਹੈ। ਜ਼ਿੰਦਗੀ ਨਾਲ ਮਨੁੱਖ ਦੇ ਗੂੜ੍ਹੇ ਪਿਆਰ ਨੂੰ ਮੈਂ ਬਿਰਖ ਦੇ ਵੱਖਰੇ ਵੱਖਰੇ ਸਰੋਕਾਰਾਂ ਵਿਚ ਬੰਨ੍ਹਿਆਂ ਹੈ। ਮਿਸਾਲ ਵਜੋਂ:

ਬਿਰਖ ਦੀ ਚੁੱਪ ਨੂੰ ਇਹ ਸਮਝ ਨਾ ਲਵੀਂ
ਜਿਸ ਤਰ੍ਹਾਂ ਪੀੜ ਦਾ ਇਸ ਨੂੰ ਅਹਿਸਾਸ ਨਾ
ਇਸ ਦੇ ਹਰ ਇਕ ਪੱਤੇ 'ਚ ਦਿਲ ਧੜਕਦਾ
ਟਾਹਣੀ ਟਾਹਣੀ 'ਚ ਵਗਦੀ ਲਹੂ ਦੀ ਨਦੀ।...
ਨਾ ਪਰਿੰਦੇ, ਆਲ੍ਹਣੇ, ਪਾਣੀ, ਹਵਾ, ਪੱਤੇ ਨਾ ਸ਼ਾਖ਼,
ਇਸ ਤਰ੍ਹਾਂ ਦੇ ਹੀ ਨੇ ਗੁਜ਼ਰੇ ਬਿਰਖ 'ਤੇ ਮੌਸਮ ਤਮਾਮ।

ਮੈਨੂੰ ਡਾ. ਹਰਿਭਜਨ ਸਿੰਘ ਦਾ ਸ਼ਿਅਰ ਯਾਦ ਆ ਰਿਹੈ:

ਇਸ ਜੰਗਲ ਵਿਚ ਪਰਛਾਵੇਂ ਹੀ ਪਰਛਾਵੇਂ,
ਬਿਰਛ ਕਿਤੇ ਨਜ਼ਰੀਂ ਨਾ ਆਵੇ।

ਪਰ ਹੋ ਸਕਦੈ ਕਿ ਮੈਂ ਕੁਝ ਵੱਖਰਾ ਮਹਿਸੂਸ ਕਰਦਾ ਹੋਵਾਂ, ਜਿਵੇਂ ਮੈਂ ਲਿਖਿਆ ਸੀ ਕਿ:

ਜਦ ਵੀ ਚਾਹਿਆ ਤਪਦਿਆਂ ਰਾਹਾਂ 'ਚ ਪਲ ਭਰ ਛਾਂ ਮਿਲੇ,
ਬਿਰਖ ਰਸਤੇ ਵਿਚ ਮਿਲੇ, ਉਹਨਾਂ ਦਾ ਪਰ ਸਾਇਆ ਨਾ ਸੀ।

ਇਸ ਦੇ ਨਾਲ ਹੀ ਇਹ ਜ਼ਰੂਰ ਕਹਿਣਾ ਚਾਹੁੰਨਾਂ ਕਿ ਜਿਸ ਤਰ੍ਹਾਂ ਸੁਰਜੀਤ ਪਾਤਰ ਨੇ ਆਪਣੀਆਂ ਗ਼ਜ਼ਲਾਂ ਵਿਚ ਬਿਰਖ ਦੇ ਚਿਹਨ ਨੂੰ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ, ਉਹ ਲਾਜਵਾਬ ਹੈ।

ਕਹਿੰਦੇ ਚੰਗੀ ਗ਼ਜ਼ਲ ਦੀ ਪਛਾਣ ਹੈ ਕਿ ਉਸ ਦੇ ਸ਼ਿਅਰ ਗੁਲਾਬ ਦੇ ਫੁੱਲ ਵਾਂਗ ਟਹਿਕਦੇ ਤੇ ਮਹਿਕਦੇ ਹੋਣੇ ਚਾਹੀਦੇ ਹਨ। ਤੁਸੀਂ ਚੰਗੀ ਗ਼ਜ਼ਲ ਦੀ ਕੀ ਪਰਿਭਾਸ਼ਾ ਦਿੰਦੇ ਹੋ?

--ਗ਼ਜ਼ਲ ਵਿਚ ਬਹਿਰ ਤੇ ਮੀਟਰ ਬਾਰੇ ਗ਼ਜ਼ਲ ਪੰਡਿਤਾਂ, ਆਲੋਚਕਾਂ ਨੇ ਅਨੇਕਾਂ ਕਿਤਾਬਾਂ ਲਿਖੀਆਂ ਹਨ, ਮੈਂ ਉਸ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ। ਮੈਂ ਸਿਰਫ ਗ਼ਜ਼ਲ ਦੀ ਹੋਂਦ ਵਿਧੀ, ਸੁਭਾਅ ਤੇ ਪ੍ਰਕਿਰਤੀ ਬਾਰੇ ਸੰਖੇਪ ਵਿਚ ਏਨਾ ਕੁ ਹੀ ਕਹਿਣਾ ਚਾਹੁੰਨਾਂ ਕਿ ਅਸਲ ਵਿਚ ਸਵਾਲ ਇਹ ਹੈ ਕਿ ਗ਼ਜ਼ਲ ਦੀ ਆਤਮਾ ਕੀ ਹੈ? ਮੈਂ ਸੋਚਦਾਂ ਕਿ ਸ਼ਿਅਰ ਵਿਚ ਤਾਜ਼ਗੀ, ਉਸ ਦੀ ਅੰਦਰੂਨੀ ਖਿੱਚ, ਖਿਆਲਾਂ ਦੀ ਗਹਿਰਾਈ ਦੇ ਨਾਲ ਨਾਲ ਉਸ 'ਚ ਬਿੰਬ ਪ੍ਰਤੀਕ ਇੰਝ ਦੇ ਹੋਣ ਜਿਵੇਂ ਕਿਸੇ ਪੇਂਟਰ ਨੇ ਕੁਦਰਤ ਦੀ ਸੁੰਦਰਤਾ ਨੂੰ ਸ਼ੋਖ ਰੰਗਾਂ ਵਿਚ ਕੋਰੇ ਕਾਗਜ਼ 'ਤੇ ਪੇਂਟ ਕੀਤਾ ਹੋਵੇ। ਸ਼ਿਅਰ ਇਕ ਤਸਵੀਰ ਦੇ ਰੂਪ ਵਿਚ ਉਜਾਗਰ ਹੋ ਕੇ ਇਸ ਤਰ੍ਹਾਂ ਲੱਗੇ ਜਿਵੇਂ ਉਹ ਤਸਵੀਰ ਤੁਹਾਡੇ ਨਾਲ ਗੱਲਾਂ ਕਰ ਰਹੀ ਹੋਵੇ। ਸ਼ਿਅਰ ਵਿਚ ਵਿਲੱਖਣਤਾ (uniqueness), ਸਪਸ਼ਟਤਾ (vividness) ਤੇ ਉਸਦੇ ਅੰਦਰਲਾ ਸੰਗੀਤ ਏਨਾ ਵੱਡਾ ਹੋਵੇ ਜੋ ਪੜ੍ਹਦਿਆਂ ਤੇ ਸੁਣਦਿਆਂ ਇਸ ਤਰ੍ਹਾਂ ਮਹਿਸੂਸ ਕਰਾਵੇ, ਜਿਸ ਤਰ੍ਹਾਂ ਅੱਧੀ ਰਾਤ ਨੂੰ ਤੁਹਾਡੀ ਆਤਮਾ 'ਤੇ ਮਧੁਰ ਸੰਗੀਤ ਦੀਆਂ ਸੁਰਾਂ ਵਜਦੀਆਂ ਹੋਣ। ਜਿਵੇਂ ਸੂਰਜ ਡੁੱਬਣ ਵੇਲੇ ਅਨੰਤ ਰੰਗਾਂ 'ਚ ਰੰਗਿਆ ਹੁੰਦਾ ਹੈ, ਉਹ ਰੰਗ ਸਮੁੰਦਰ ਦੇ ਕਿਨਾਰੇ 'ਤੇ ਹੋਰ ਦਿਸਦੇ ਹਨ, ਪਹਾੜ ਦੀ ਟੀਸੀ 'ਤੇ ਹੋਰ ਅਤੇ ਮੈਦਾਨਾਂ ਵਿਚ ਹੋਰ। ਉਸੇ ਤਰ੍ਹਾਂ ਸ਼ਿਅਰ ਵਿਚ ਉਦਾਤ (sublime) ਭਾਵਾਂ ਦਾ ਬਹੁ-ਦਿਸ਼ਾਵੀ, ਬਹੁ-ਕੋਣੀ ਤੇ ਬਹੁ-ਅਯਾਮੀ ਚਿਤਰਨ ਇੰਝ ਦਾ ਹੋਵੇ ਜਿਸ ਨਾਲ ਹਰ ਪਾਠਕ ਤੇ ਸਰੋਤੇ ਨੂੰ ਲੱਗੇ ਕਿ ਇਹ ਸ਼ਿਅਰ ਜਿਵੇਂ ਉਸਦੇ ਦਰਦ ਦਾ, ਉਸਦੀ ਜ਼ਿੰਦਗੀ ਦਾ ਜ਼ਿਕਰ ਕਰ ਰਿਹਾ ਹੈ। ਤੇ ਮੈਂ ਸੋਚਦਾਂ ਕਿ ਸ਼ਾਇਦ ਭਾਸ਼ਾ ਦੀ ਨਵੀਨਤਾ, ਖਿਆਲਾਂ ਦੀ ਬੁਲੰਦੀ, ਬਿੰਬਾਂ ਤੇ ਪ੍ਰਤੀਕਾਂ ਦੀ ਘਣਤਾ (density) ਤੇ ਆਧੁਨਿਕ ਭਾਵ-ਬੋਧ ਦੀ ਸੰਵੇਦਨਾ ਕਿਸੇ ਸ਼ਿਅਰ ਦੇ ਪਾਰਗਾਮੀ ਹੋਣ ਦੀ ਸ਼ਾਹਦੀ ਭਰ ਸਕਣ।

ਤੁਹਾਨੂੰ ਉਦਾਸ ਸੁਰਾਂ ਦਾ ਕਵੀ ਕਿਉਂ ਕਹਿੰਦੇ ਹਨ?

ਮੈਨੂੰ ਜਾਪਦਾ ਕਿ ਸਾਡੀ ਜ਼ਿੰਦਗੀ ਦੁੱਖਾਂ-ਸੁੱਖਾਂ, ਸੁਪਨੇ-ਸੱਧਰਾਂ, ਹਾਰਾਂ-ਜਿੱਤਾਂ, ਵਿਛੋੜੇ-ਮਿਲਾਪ ਦਾ ਹੀ ਜੋੜਫਲ ਹੈ। ਆਲੋਚਕਾਂ ਨੇ ਭਾਵੇਂ ਮੈਨੂੰ ਉਦਾਸੀ ਦਾ ਸ਼ਾਇਰ ਗਰਦਾਨਿਆ ਹੈ ਪਰ ਮੈਂ ਇਸ ਦਲੀਲ

ਨਾਲ ਸਹਿਮਤ ਨਹੀਂ, ਕਿਉਂਕਿ ਮੇਰੀ ਉਦਾਸੀ ਪਿੱਛੇ ਵੀ ਜ਼ਿੰਦਗੀ ਨੂੰ ਜਿਉਣ ਦੀ ਚਾਹਤ ਹਮੇਸ਼ਾ ਪ੍ਰਬਲ ਰਹਿੰਦੀ ਹੈ। ਕੁਦਰਤ ਦੇ ਉਦਾਸ ਦ੍ਰਿਸ਼ਾਂ ਨੂੰ ਮੈਂ ਕੋਰੇ ਕਾਗਜ਼ 'ਤੇ ਕਈ ਰੰਗਾਂ ਵਿਚ ਚਿਤਰਿਆ ਹੈ ਪਰ ਉਹਨਾਂ ਰੰਗਾਂ ਵਿਚ ਉਮੀਦ ਦੀ ਲੋਅ ਨਿਰੰਤਰ ਬਲਦੀ ਨਜ਼ਰ ਆਉਂਦੀ ਹੈ। ਮੇਰੇ ਸ਼ਿਅਰਾਂ ਦੀ ਘੋਰ ਉਦਾਸੀ ਪਿੱਛੇ ਵੀ ਜੀਵਨ ਦਾ ਗੂੜ੍ਹਾ ਰੰਗ ਛਿਪਿਆ ਹੁੰਦਾ ਹੈ ਕਿਉਂਕਿ ਮੈਂ ਜਾਣਦਾ ਹਾਂ ਕਿ ਜੀਵਨ ਵਿਚ ਧੁੰਦ ਕਿੰਨੀ ਵੀ ਸੰਘਣੀ ਕਿਉਂ ਨਾ ਹੋਵੇ. ਸੂਰਜ ਨੇ ਚੜ੍ਹਨਾ ਹੀ ਹੁੰਦਾ ਹੈ।

ਤੁਹਾਡੀ ਜ਼ਿੰਦਗੀ ਤੇ ਗ਼ਜ਼ਲ ਦੇ ਕੀ ਸਰੋਕਾਰ ਹਨ?

--ਮੈਂ ਜਿਸ ਅਮਰੀਕੀ ਸਮਾਜ ਵਿਚ ਰਹਿ ਰਿਹਾ ਹਾਂ, ਉਹ ਬਹੁਤ ਗੁੰਝਲਦਾਰ, ਬਹੁ-ਦਿਸ਼ਾਵੀ, ਬਹੁ-ਪਰਤੀ ਤੇ ਬਹੁ-ਰੰਗੀ ਹੈ। ਜੀਵਨ ਦੀ ਇਸ ਜਟਿਲਤਾ ਨੂੰ ਆਪਣੀ ਸਮਰੱਥਾ ਅਨੁਸਾਰ ਮੈਂ ਆਪਣੀਆਂ ਗ਼ਜ਼ਲਾਂ ਵਿਚ ਪੇਸ਼ ਕੀਤਾ ਹੈ। ਕੀ ਜ਼ਿੰਦਗੀ ਕਵਿਤਾ ਵਰਗੀ ਜਾਂ ਕਵਿਤਾ ਜ਼ਿੰਦਗੀ ਵਰਗੀ ਹੁੰਦੀ ਹੈ? ਸ਼ਾਇਦ...। ਕਵਿਤਾ ਹਯਾਤੀ ਵਰਗੀ ਹੁੰਦੀ ਹੋਈ ਵੀ ਉਸ ਤੋਂ ਕਿਤੇ ਵੱਡੀ ਹੁੰਦੀ ਹੈ। ਆਦਮੀ ਦੀ ਤਾਂ ਉਮਰ ਹੈ, ਕਵਿਤਾ ਦੀ ਕੋਈ ਉਮਰ ਨਹੀਂ।... ਤੇ ਕੀ ਕਵਿਤਾ ਸਿਰਫ ਦੁੱਖਾਂ ਜਾਂ ਖੁਸ਼ੀ ਦਾ ਹੀ ਪ੍ਰਗਟਾਵਾ ਹੈ, ਮੇਰਾ ਖਿਆਲ ਨਹੀਂ। ਮੇਰੀ ਜਚੇ ਕਵਿਤਾ ਰਾਹੀਂ ਜ਼ਿੰਦਗੀ ਦੇ ਗਹਿਰੇ ਤੋਂ ਗਹਿਰੇ ਦਰਦਾਂ ਨੂੰ ਸ਼ਿੱਦਤ ਨਾਲ ਬਿਆਨ ਕੀਤਾ ਜਾ ਸਕਦਾ ਹੈ। ਗ਼ਜ਼ਲ ਵਿਚ ਰਿਸ਼ਤਿਆਂ ਦੀ ਟੁੱਟ-ਭੱਜ, ਇਕੱਲਤਾ, ਬੇਬਸੀ, ਉਦਾਸੀ, ਮਾਨਸਿਕ ਪੀੜਾ, ਅਸ਼ਾਂਤ ਮਨ ਅਤੇ ਆਧੁਨਿਕ ਜੀਵਨ ਦੀਆਂ ਗੁੰਝਲਾਂ ਨੂੰ ਖੋਲ੍ਹਿਆ ਜਾ ਸਕਦਾ ਹੈ। ਮੇਰੇ ਵਾਸਤੇ ਕਵਿਤਾ ਦੁੱਖਾਂ-ਸੁੱਖਾਂ ਦੀ ਦੁਮੇਲ ਤੋਂ ਵੀ ਪਰੇ ਵਿਚਰਦੀ ਹੈ, ਜਿਸਨੂੰ ਸ਼ਬਦਾਂ ਵਿਚ ਬਿਆਨ ਕਰਨਾ ਅਸੰਭਵ ਹੈ। ਜੰਗਲ ਵਿਚ ਫੁੱਲ ਖਿੜਦੇ ਹਨ, ਮੁਸਕਰਾਉਂਦੇ ਹਨ, ਤੇ ਮੁਰਝਾ ਜਾਂਦੇ ਹਨ। ਆਖਿਰ ਕਿਸਦੀ ਮੁਹੱਬਤ ਵਿਚ? ਇਹ ਸਥਿਤੀ ਵੀ ਸਫੇ 'ਤੇ ਅਣਲਿਖੀ ਕਵਿਤਾ ਵਾਂਗ ਹੈ ਜੋ ਸਾਨੂੰ ਜੀਵਨ ਜਾਚ ਦਾ ਢੰਗ ਦੱਸਦੀ ਹੈ।

ਪਰਵਾਸ ਦਾ ਤੁਹਾਡੀ ਸ਼ਾਇਰੀ 'ਤੇ ਕਿਹੋ ਜਿਹਾ ਅਸਰ ਪਿਆ?

--ਬੰਦਾ ਹਰ ਯੁਗ ਵਿਚ ਆਪਣੇ ਚੰਗੇ ਭਵਿੱਖ, ਮਾੜੀ ਰਾਜਨੀਤਕ ਹਾਲਤ ਅਤੇ ਗ਼ਲਤ ਮੂਲ ਵਿਧਾਨ ਖਿਲਾਫ ਲੜਨ ਲਈ ਪਰਵਾਸ ਕਰਦਾ ਰਿਹਾ ਹੈ। ਅਸਲ ਵਿਚ ਪਰਵਾਸ ਦੋ ਤਰ੍ਹਾਂ ਦਾ ਹੁੰਦਾ ਹੈ, ਇਕ ਪਰਵਾਸ ਉਹ ਹੈ ਜੋ ਬਾਬਾ ਨਾਨਕ ਕਹਿੰਦੇ ਨੇ 'ਮਨ ਪਰਦੇਸੀ ਜੇ ਥੀਆ' ਅਤੇ ਦੂਸਰਾ ਪਰਵਾਸ ਉਹ ਹੈ ਜੋ ਅਸੀਂ ਹੰਢਾ ਰਹੇ ਹਾਂ ਆਪਣੀ ਧਰਤੀ, ਆਪਣੀ ਜੰਮਣ ਭੋਇੰ ਤੋਂ ਦੂਰ, ਆਪਣੀ ਮਿੱਟੀ ਤੋਂ ਜੁਦਾ ਹੋਣ ਦਾ। ਜਿਸ ਤਰ੍ਹਾਂ ਰੁੱਖ ਦਾ ਜੜ੍ਹਾਂ ਤੋਂ ਉਖੜ ਜਾਣਾ ਹੁੰਦਾ ਹੈ। ਅਮਰੀਕਾ ਆਉਣ ਸਮੇਂ ਪੰਜਾਬੀ ਸਭਿਆਚਾਰ ਦੇ ਜਾਨਦਾਰ ਪੱਖ ਤਾਂ ਮੇਰੀਆਂ ਸਿਮਰਤੀਆਂ ਵਿਚ ਜਿਉਂਦੇ ਸਨ ਪਰ ਇਸ ਦੇ ਨਾਲ ਹੀ ਅਮਰੀਕੀ ਸਮਾਜ ਦੇ ਮੁੱਲ ਵਿਧਾਨ ਤੇ ਕਦਰਾਂ-ਕੀਮਤਾਂ ਨੇ ਮੇਰੀ ਸ਼ਖ਼ਸੀਅਤ ਨੂੰ ਤਰੋੜਿਆ, ਮਰੋੜਿਆ ਅਤੇ ਵਿਕਸਤ ਕੀਤਾ। ਪਰਵਾਸ ਦਾ ਤਜਰਬਾ ਮੇਰੇ ਸ਼ਿਅਰਾਂ ਵਿਚ ਆਮ ਝਲਕਦਾ ਹੈ। ਉਦਾਹਰਨ ਵਜੋਂ:

ਤੀਲਿਆਂ ਦੇ ਆਲ੍ਹਣੇ ਵਿਚ ਸੀ ਪਰਿੰਦਾ ਖ਼ੁਸ਼ ਬਹੁਤ,
ਸੰਗਮਰਮਰ ਦੇ ਮਕਾਨ ਅੰਦਰ ਮਗਰ ਕਿਉਂ ਹੈ ਉਦਾਸ।... ਜਾਂ
ਖ਼ੂਬਸੂਰਤ ਸ਼ਾਮ, ਮਹਿਕੀਲੀ ਹਵਾ, ਰੰਗਾਂ ਦਾ ਸਾਥ,
ਐਸੇ ਵਾਤਾਵਰਨ ਵਿਚ ਵੀ ਲੱਗ ਰਹੇ ਚਿਹਰੇ ਉਦਾਸ।

ਹੋ ਸਕਦਾ ਹੈ ਕਿ ਮੇਰੇ ਅਜਿਹੇ ਅਨੇਕਾਂ ਸ਼ਿਅਰਾਂ ਵਿਚ ਪਰਵਾਸ ਦਾ ਸਿੱਧਾ ਸਪਾਟ ਜ਼ਿਕਰ ਨਾ ਹੋਵੇ ਪਰ ਪਰਵਾਸ ਵਿਚ ਵਸਦੇ ਮਨੁੱਖੀ ਮਨ ਦੇ ਖਾਲੀਪਨ ਦਾ, ਉਸਦੀ ਉਦਾਸੀ ਦਾ ਜਾਂ ਉਸਦੇ ਖੰਡਰ ਹੋਣ ਦਾ ਅਹਿਸਾਸ ਜ਼ਰੂਰ ਝਲਕਦਾ ਹੈ। ਮੇਰੇ ਕੁਝ ਅਜਿਹੇ ਸ਼ਿਅਰ ਵੀ ਹਨ ਜਿਹਨਾਂ ਵਿਚ ਪਰਵਾਸ ਦਾ ਸਪਾਟ ਜ਼ਿਕਰ ਹੈ, ਰਿਸ਼ਤਿਆਂ ਦੀ ਟੁੱਟ-ਭੱਜ ਦਾ ਦਰਦ ਹੈ। ਮੈਂ ਹੇਠ ਲਿਖੇ ਸ਼ਿਅਰ ਰਾਹੀਂ ਪੰਜਾਬ ਦੇ ਹਰ ਰਿਸ਼ਤੇ ਨਾਤੇ ਦੇ ਦਵੰਦ, ਲਗਾਓ ਤੇ ਸੂਖਮਤਾ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਹੈ:

ਕਿਤੇ ਮਨ ਵਿਚ ਕਣੀ ਰਿਸ਼ਤੇ ਦੀ ਧੁਖਦੀ ਰਹਿ ਗਈ ਹੋਣੀ,
ਜੋ ਵਰ੍ਹਿਆਂ ਬਾਦਅ ਮੁੜਕੇ ਘਰ ਮੁਸਾਫਿਰ ਆ ਗਿਆ ਹੈ।

ਇਹ ਸ਼ਿਅਰ ਸਿਰਫ ਮੇਰੇ ਪਰਵਾਸ ਧਾਰਨ ਨਾਲ ਹੀ ਸੰਬੰਧਤ ਨਹੀਂ, ਏਥੇ ਵਸਦੇ ਪਰਵਾਸੀਆਂ ਦੇ ਬੱਚਿਆਂ,ਜੋ ਏਥੇ ਜੰਮੇ ਪਲੇ ਹਨ,ਵਾਸਤੇ ਵੀ ਹੈ। ਪਰਦੇਸ ਵਿਚ ਰਹਿੰਦਿਆਂ ਹੋਇਆਂ ਇਕ ਦਮ ਬੰਜਰ, ਜ਼ਰਜ਼ਰੇ, ਅਸੁਰੱਖਿਅਤ, ਬੇਗਾਨਗੀ ਦੇ ਰਿਸ਼ਤਿਆਂ ਦਾ ਖੰਡਰ ਸਾਡੇ ਅੰਦਰ ਉੱਗ ਆਉਂਦਾ ਹੈ। ਜਿਵੇਂ ਮੇਰੇ ਹੇਠ ਲਿਖੇ ਸ਼ਿਅਰ ਤੋਂ ਸਪਸ਼ਟ ਹੈ:

ਜਾਂ ਦਿਸਦੇ ਪੱਥਰ ਹੀ ਪੱਥਰ, ਜਾਂ ਬਿਰਖਾਂ ਵਿਚ ਉੱਗੇ ਖੰਡਰ
ਹੁਣ ਇਸ ਉਜੜੀ ਬਸਤੀ ਅੰਦਰ, ਦਿਸਦਾ ਆਦਮ ਟਾਵਾਂ ਟਾਵਾਂ।

ਹੋ ਸਕਦਾ ਹੈ ਕਿ ਇਹ ਸ਼ਿਅਰ ਮੈਂ ਪੰਜਾਬ ਬੈਠਿਆਂ ਹੋਇਆਂ ਨਾ ਲਿਖ ਸਕਦਾ।

ਤੁਹਾਨੂੰ ਪਰਵਾਸੀ ਲੇਖਕ ਕਹਾਉਣਾ ਕਿਹੋ ਜਿਹਾ ਲਗਦਾ?

--ਮੈਂ ਇਸ ਵੰਡ ਦੇ ਖਿਲਾਫ ਹਾਂ। ਮੈਂ ਸੋਚਦਾਂ ਜਿੱਥੇ ਵੀ ਪੰਜਾਬੀ ਵਿਚ ਚੰਗੀ ਕਵਿਤਾ ਲਿਖੀ ਜਾ ਰਹੀ ਹੋਵੇ, ਉਹ ਸਾਰੀ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਦੇ ਖੇਤਰ ਵਿਚ ਆਉਣੀ ਚਾਹੀਦੀ ਹੈ; ਚਾਹੇ ਉਹ ਅਮਰੀਕਾ ਹੋਵੇ, ਇੰਗਲੈਂਡ ਹੋਵੇ, ਕੈਨੇਡਾ ਹੋਵੇ ਜਾਂ ਕੋਈ ਹੋਰ ਦੇਸ਼।ਐਨ ਉਵੇਂ ਜਿਵੇਂ ਅੰਗਰੇਜ਼ੀ ਵਿਚ ਲਿਖਣ ਵਾਲੇ ਇੰਗਲੈਂਡ, ਅਮਰੀਕਾ ਜਾਂ ਆਸਟਰੇਲੀਆ ਦੇ ਸਭ ਲੇਖਕ ਸਿਰਫ ਅੰਗਰੇਜ਼ੀ ਲੇਖਕ ਹੀ ਹਨ,ਹੋਰ ਕੁਝ ਨਹੀਂ।

'ਅਜੇ ਖਾਮੋਸ਼ ਹੈ ਮੇਰਾ ਲਹੂ, ਪਰ/ਇਹ ਗੂੰਜੇਗਾ ਤੁਹਾਡੇ ਨਾਲ ਰਲਕੇ', ਤੁਹਾਡੇ ਇਸ ਸ਼ਿਅਰ ਦੀ ਆਵਾਜ਼ ਕਿਨ੍ਹਾਂ ਲਈ ਹੈ?

--ਇਹ ਧਰਤੀ ਲੁੱਟੇ ਜਾਣ ਵਾਲਿਆਂ ਤੇ ਲੁੱਟਣ ਵਾਲਿਆਂ ਵਿਚਕਾਰ ਵੰਡੀ ਹੋਈ ਹੈ। ਨਿਸ਼ਚੇ ਹੀ ਮੇਰੀ ਗ਼ਜ਼ਲ ਲੁੱਟੀ ਪੁੱਟੀ ਜਾ ਰਹੀ ਲੁਕਾਈ ਦੀ ਗੱਲ ਕਰਦੀ ਹੈ। ਮੈਨੂੰ ਯਕੀਨ ਹੈ ਕਿ ਜਿਹਨਾਂ ਦੇ ਲਹੂ ਦਾ ਵਹਾਅ ਅਜੇ ਮੱਧਮ ਹੈ, ਖਾਮੋਸ਼ ਹੈ, ਉਹ ਵੀ ਉਸ ਕਾਫਲੇ ਵਿਚ ਰਲਣਗੇ ਜੋ ਲੁੱਟਣ ਵਾਲਿਆਂ ਦੇ ਵਿਰੋਧ ਵਿਚ ਹਨ। ਮੈਂ ਚਾਹੁੰਨਾਂ ਕਿ ਜ਼ੁਲਮ ਦੇ ਖਿਲਾਫ ਜੂਝ ਰਹੇ ਲੋਕਾਂ ਦੀ ਗੂੰਜ ਹੋਰ ਉੱਚੀ ਹੋਵੇ ਤੇ ਦੂਰ ਦੂਰ ਤਕ ਸੁਣੇ। ਮੇਰੇ ਸ਼ਿਅਰਾਂ ਨੇ ਵੀ ਉਹਨਾਂ ਦੇ ਹੱਕ ਵਿਚ ਗੂੰਜਣਾ ਹੈ। ਮੈਂ ਤਾਂ ਬਰਫ ਦੇ ਜੰਗਲ ਵਿਚ ਖੜ੍ਹੇ ਸੁੰਨ ਬਿਰਖਾਂ ਨਾਲ ਹਾਂ, ਨਾ ਕਿ ਉਹਨਾਂ ਦੇ ਵਿਰੋਧ ਵਿਚ। ਤਾਰਿਆਂ ਭਰੀ ਰਾਤ ਵਿਚ ਲੁਟੀਂਦੀ ਲੁਕਾਈ ਨਾਲ ਮੇਰੀ ਹਮਦਰਦੀ ਹੈ।

ਤੁਹਾਡੀ ਗ਼ਜ਼ਲ ਵਿਚ ਜੰਗਲ, ਪੱਥਰ, ਸੂਰਜ, ਬਿਰਖ ਅਤੇ ਸਮੁੰਦਰ ਸ਼ਬਦ ਵਾਰ ਵਾਰ ਆਉਂਦੇ ਹਨ। ਤੁਸੀਂ ਇਹਨਾਂ ਨੂੰ ਜ਼ਿੰਦਗੀ ਦੇ ਕਿਹੜੇ ਪਹਿਲੂਆਂ ਨਾਲ ਜੋੜ ਕੇ ਵੇਖਦੇ ਹੋ?

-ਮੈਂ ਇਹਨਾਂ ਸ਼ਬਦਾਂ ਨੂੰ ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ ਨਾਲ ਜੋੜ ਕੇ ਦੇਖਦਾ ਹਾਂ। ਜਿਵੇਂ ਤੁਸੀਂ ਸ਼ਬਦ ਜੰਗਲ ਦਾ ਜ਼ਿਕਰ ਕੀਤਾ ਹੈ, ਜੰਗਲ ਅਰਾਜਕਤਾ ਤੇ ਡਰ ਦਾ ਪ੍ਰਤੀਕ ਹੈ ਪਰ ਮੈਂ ਇਵੇਂ ਸੋਚਦਾਂ ਕਿ ਇਹ ਔਕਸੀਜਨ ਦਾ ਜ਼ਖੀਰਾ ਵੀ ਹੈ। ਇਕ ਵਾਰ ਮੈਂ ਹਵਾਈ ਦੇ ਨਿੱਕੇ ਜਿਹੇ ਟਾਪੂ ਮਾਉਈ (Maui) 'ਤੇ ਛੁੱਟੀਆਂ ਬਿਤਾਉਣ ਗਿਆ ਤਾਂ ਉੱਥੇ ਦਾ ਵਰਖਾ-ਜੰਗਲ (Rain Forest) ਦੇਖ ਕੇ ਮੈਨੂੰ ਉਸ ਦੀ ਹਰਿਆਵਲ ਨੇ ਹੈਰਾਨ ਕਰ ਦਿੱਤਾ। ਮੈਨੂੰ ਦੇਰ ਤਕ ਏਹ ਲੱਗਿਆ ਜਿਵੇਂ ਮੈਂ ਕੋਈ ਸੁਪਨਾ ਜਾਂ ਖੂਬਸੂਰਤ ਖਾਬ ਦੇਖ ਰਿਹਾ ਹੋਵਾਂ। ਉਹ ਜੰਗਲ ਮੈਨੂੰ ਅਸਲ ਵਿਚ ਆਪਣੇ ਖਾਬਾਂ ਦੇ ਜੰਗਲ ਦੀ ਹਰਿਆਵਲ ਤੋਂ ਵੀ ਹਰਿਆ ਭਰਿਆ ਲੱਗਿਆ ਤਾਂ ਮੈਂ ਆਪਣੇ ਘਰ ਬਾਰੇ, ਜੋ ਵਰ੍ਹਿਆਂ ਪਹਿਲਾਂ ਪਿੱਛੇ ਛੱਡ ਆਇਆ ਸਾਂ, ਨੂੰ ਸੋਚਦਿਆਂ ਹੇਠਲਾ ਸ਼ਿਅਰ ਲਿਖਿਆ:

ਖਾਬ ਦੇ ਜੰਗਲ 'ਚ ਬੂਟੇ ਬਿਰਖ ਸਾਰੇ ਹੀ ਹਰੇ ਹਨ,
ਘਰਦਿਆਂ ਬਿਰਖਾਂ 'ਤੇ ਸੁੱਕੀ ਟਾਹਣ ਵੀ ਬਾਕੀ ਨਹੀਂ ਹੈ।

ਏਥੇ ਘਰ ਦਾ ਬਿੰਬ ਮੇਰੀ ਧਰਤੀ, ਮੇਰਾ ਪੰਜਾਬ ਹੈ ਜਿਸਦੇ ਪੀਲੇ ਤੇ ਖੁਸ਼ਕ ਰੰਗਾਂ ਦਾ ਮੈਨੂੰ ਦਰਦ ਹੈ. ਮੈਂ ਆਪਣੇ ਦੇਸ਼ ਨੂੰ ਵੀ ਆਪਣੇ ਖਾਬਾਂ ਦੇ ਜੰਗਲ ਵਾਂਗ ਹਰਿਆ ਭਰਿਆ ਦੇਖਣਾ ਚਾਹੁੰਦਾ ਹਾਂ। ਮੇਰੀ ਹਮੇਸ਼ਾਂ ਹੀ ਕੋਸ਼ਿਸ਼ ਰਹੀ ਹੈ ਕਿ ਮੈਂ ਇਹਨਾਂ ਭਾਵਾਂ ਨੂੰ ਨਵੇਂ ਬਿੰਬਾਂ/ਪ੍ਰਤੀਕਾਂ ਵਿਚ ਢਾਲਾਂ। ਮੇਰਾ ਹੇਠਲਾ ਸ਼ਿਅਰ ਇਕ ਯੂਨਾਨੀ ਮਿੱਥ (Greek Myth) ਉੱਪਰ ਆਧਾਰਤ ਹੈ ਜਿਸ ਵਿਚ ਮੈਂ ਜ਼ਿੰਦਗੀ ਦੀ ਲਾਟ ਵਾਂਗ ਲਟ ਲਟ ਬਲ ਰਹੇ ਨਿੱਕੇ ਜਿਹੇ ਦੀਵੇ ਦੀ ਤੁਲਨਾ ਸੂਰਜ ਨਾਲ ਕੀਤੀ ਹੈ

ਮੈਂ ਨਹੀਂ ਸੂਰਜ ਕਿ ਹਰ ਇਕ ਸ਼ਾਮ ਨੂੰ ਢਲਦਾ ਰਹਾਂਗਾ।
ਮੈਂ ਬੜਾ ਨਿੱਕਾ ਜਿਹਾ ਦੀਵਾ ਹਾਂ ,ਪਰ ਬਲਦਾ ਰਹਾਂਗਾ।

ਤੁਸੀਂ ਅੱਜੋਕਾ ਦੁਚਿੱਤੀ ਵਾਲਾ ਅਸ਼ਾਂਤ ਅਤੇ ਦੋਫਾੜ ਚੇਤਨਾ ਵਾਲਾ ਮਨੁੱਖ ਸਿਰਜਿਆ ਹੈ। ਇਹ ਕਿਸ ਸਿਸਟਮ ਦੀ ਪੈਦਾਵਾਰ ਹੈ?

--ਜਦ ਤੋਂ ਇਸ ਸਮਾਜ ਵਿਚ ਰਿਸ਼ਤਿਆਂ ਤੋਂ ਵੱਡਾ ਪਦਾਰਥ ਤੇ ਪੈਸਾ ਹੋ ਗਿਆ ਹੈ, ਉਦੋਂ ਤੋਂ ਮਨੁੱਖ ਦੀ ਸ਼ਖਸੀਅਤ ਦੋਫਾੜ, ਉਲਝੀ ਹੋਈ ਹੈ। ਬੰਦਾ ਇਕੋ ਸਮੇਂ ਚੰਗਾ ਵੀ ਹੈ ਤੇ ਮੰਦਾ ਵੀ। ਅੱਜੋਕਾ ਮਨੁੱਖ ਕਈ ਪੱਧਰਾਂ 'ਤੇ ਜੀਅ ਰਿਹਾ ਹੈ। ਕਿਤੇ ਉਹ ਸੰਤਾਪ ਹੰਢਾ ਰਿਹਾ ਹੈ, ਇਕੋ ਸਮੇਂ ਪਿਆਰ ਤੇ ਵਿਛੋੜਾ ਹੁੰਦਾ ਹੈ। ਮਸਲਨ, ਇਕ ਘਰ ਤੇ ਪਰਵਾਸ ਜੋ ਪਿੱਛੇ ਰਹਿ ਗਿਆ ਹੁੰਦਾ ਹੈ ਅਤੇ ਦੂਸਰਾ ਜਿੱਥੇ ਉਹ ਵਸ ਰਿਹਾ ਹੁੰਦਾ ਹੈ, ਮਨ ਦਾ ਪਰਿੰਦਾ ਕਦੇ ਏਥੇ ਹੁੰਦਾ ਹੈ ਤੇ ਕਦੇ ਉੱਥੇ...। ਇੰਝ ਇਹ ਦੁਚਿੱਤੀਆਂ, ਤਣਾਅ, ਭਵਿੱਖੀ ਧੁੰਦਲਾਪਨ, ਬੰਦੇ ਨੂੰ ਅਸ਼ਾਂਤ ਤੇ ਦੋਫਾੜ ਕਰੀ ਰਖਦੀਆਂ ਹਨ।

ਤੁਹਾਡੀ ਸ਼ਾਇਰੀ ਨੂੰ ਮੁਹੱਬਤ ਦੀ ਸ਼ਾਇਰੀ ਕਹਿਣਾ ਕਿੰਨਾ ਕੁ ਠੀਕ ਹੈ?

--ਮੁਹੱਬਤ ਇਸ ਕਾਇਨਾਤ ਦਾ ਆਦਿ ਹੈ, ਜਿਸ ਤਰ੍ਹਾਂ ਆਦਮ (Adam) ਤੇ ਈਵ (Eve)। ਇਹ ਸਭ ਰਿਸ਼ਤੇ ਨਾਤੇ ਮੁਹੱਬਤ ਦੀ ਉਪਜ ਹੀ ਤਾਂ ਹਨ। ਪਰ ਮੁਹੱਬਤ ਕਿਸੇ ਚੀਜ਼ ਨਾਲ ਵੀ ਹੋ ਸਕਦੀ ਹੈ; ਦੇਸ਼ ਨਾਲ, ਮਹਿਬੂਬ ਦੀਆਂ ਜ਼ੁਲਫਾਂ ਨਾਲ, ਪ੍ਰਕਿਰਤੀ ਦੀ ਸਮੱਗਰਤਾ ਨਾਲ ਜਾਂ ਕੁਦਰਤ ਦੀ ਵਿਸ਼ਾਲਤਾ ਨਾਲ। ਮੇਰੀਆਂ ਪਹਿਲੀਆਂ ਗ਼ਜ਼ਲਾਂ ਰੁਮਾਂਸ ਦੀ ਸੰਘਣੀ ਤੇ ਸੁਨਿਹਰੀ ਧੁੰਦ ਵਿਚ ਹੀ ਲਿਪਟੀਆਂ ਹੁੰਦੀਆਂ ਸਨ ਪਰ ਹੌਲੀ ਹੌਲੀ ਮੈਨੂੰ ਸਮਝ ਆਈ ਕਿ ਪਿਆਰ ਸਿਰਫ ਮਹਿਬੂਬ ਦੇ ਚਿਹਰੇ ਦਾ ਤਿਲ ਹੀ ਨਹੀਂ ਹੁੰਦਾ ਜਾਂ ਸੁਨਿਹਰੀ ਲਟਾਂ 'ਚੋਂ ਆਉਂਦੀ ਖੁਸ਼ਬੂ। ਪਿਆਰ ਤਾਂ ਕਾਇਨਾਤ ਦੀ ਹਰ ਚੀਜ਼ ਨਾਲ ਹੁੰਦਾ ਹੈ। ਸ਼ੇਕਸਪੀਅਰ ਆਪਣੇ ਇਕ ਸੌਨਿਟ ਵਿਚ ਲਿਖਦਾ ਹੈ ਕਿ My mistress's eyes are nothing like the sun... ਭਾਵ, ਉਸਦੀ ਮਹਿਬੂਬ ਦੀਆਂ ਅੱਖਾਂ ਸੂਰਜ ਵਾਂਗ ਨਹੀਂ ਚਮਕਦੀਆਂ, ਉਸਦੀਆਂ ਗੱਲ੍ਹਾਂ ਗੁਲਾਬ ਵਾਂਗ ਲਾਲ ਨਹੀਂ ਹਨ, ਸੰਗੀਤਕ ਆਵਾਜ਼ ਉਸਦੀ ਆਵਾਜ਼ ਨਾਲੋਂ ਕਿਤੇ ਜ਼ਿਆਦਾ ਰੋਚਿਕ ਹੈ, ਫਿਰ ਵੀ ਉਹ ਆਪਣੀ ਮਹਿਬੂਬ ਨੂੰ ਬੇਮਿਸਾਲ ਦੱਸਦਾ ਹੈ। ਮੈਂ ਜੇ ਆਪਣੀਆਂ ਗ਼ਜ਼ਲਾਂ ਵਿਚ ਮੁਹੱਬਤ ਦੇ ਤਾਜ ਮਹਿਲ ਨਹੀਂ ਉਸਾਰਦਾ ਜਾਂ ਆਸਮਾਨ ਵਿਚ ਸਤਰੰਗੀ ਪੀਂਘ 'ਤੇ ਝੂਟਣ ਦੇ ਸੁਪਨੇ ਨਹੀਂ ਲੈਂਦਾ। ਇਸ ਦਾ ਮਤਲਬ ਇਹ ਵੀ ਨਾ ਸਮਝ ਲਿਆ ਜਾਵੇ ਕਿ ਮੈਂ ਆਪਣੀ ਮਾਂ ਦੀ ਮੁਹੱਬਤ ਦੇ ਸੰਘਣੇ ਰੁੱਖ ਦੀ ਠੰਢੀ ਛਾਂ ਨਹੀਂ ਮਾਣੀ ਜਾਂ ਬਚਪਨ ਵਿਚ ਚਾਨਣੀ ਰਾਤ ਨੂੰ ਦਾਦੀ ਤੋਂ ਤਾਰਿਆਂ ਦੀਆਂ ਨਿੱਕੀਆਂ ਨਿੱਕੀਆਂ ਕਹਾਣੀਆਂ ਨਾ ਸੁਣੀਆਂ ਹੋਣ। ਮੇਰਾ ਇਕ ਸ਼ਿਅਰ ਹੈ:

ਉਦਾਸ ਸ਼ਹਿਰ ਦਾ ਵੀ ਫਿਕਰ ਸੀ, ਮੁਆਫ ਕਰੀਂ
ਹਰੇਕ ਸ਼ਿਅਰ 'ਚ ਤੈਨੂੰ ਉਲੀਕਿਆ ਨਾ ਗਿਆ।

ਆਪਣੇ ਸ਼ਿਅਰਾਂ ਵਿਚ ਮੈਂ ਅੱਜੋਕੇ ਮਨੁੱਖ ਦੇ ਸੰਕਟ ਨੂੰ ਪੇਸ਼ ਕਰ ਰਿਹਾ ਹਾਂ, ਇਸੇ ਲਈ ਮਹਿਬੂਬ ਨਾਲੋਂ ਵੱਧ ਮੈਨੂੰ ਉਦਾਸ ਸ਼ਹਿਰ ਦਾ ਜ਼ਿਆਦਾ ਫਿਕਰ ਹੈ।

ਸ਼ਾਇਰ ਕੁਲਵਿੰਦਰ ਨੇ ਇਕ ਥਾਂ ਲਿਖਿਆ- ਗ਼ਜ਼ਲ ਲਿਖਣੀ ਮਨੋ-ਸੋਝੀ ਹੈ। ਇਹ ਮਾਨਸਿਕ ਸਮਝ ਕੀ ਹੈ?

--ਇਸ ਸਵਾਲ ਦਾ ਜਵਾਬ ਦੇਣ ਲਈ ਮੈਂ ਆਪਣੇ ਜੀਵਨ ਦੇ ਮੁੱਢਲੇ ਦਿਨਾਂ ਵੱਲ ਝਾਤ ਮਾਰਦਿਆਂ ਸੋਚਦਾ ਹਾਂ ਕਿ ਜਦ ਮੈਨੂੰ ਮੁਹੱਬਤ ਦੇ ਤੀਬਰ ਅਹਿਸਾਸਾਂ ਦੇ ਘੋਰ ਜੰਗਲ ਨੇ ਘੇਰਿਆ ਹੋਇਆ ਸੀ ਤਾਂ ਮੇਰੀਆਂ ਮੁੱਢਲੀਆਂ ਕਵਿਤਾਵਾਂ ਵਿਚ ਪਿਆਰ ਮੁਹੱਬਤ ਦੀ ਵਰਖਾ ਸਾਵਣ ਦੀਆਂ ਘਨਘੋਰ ਘਟਾਵਾਂ ਵਾਂਗ ਹੁੰਦੀ ਸੀ। ਜਿਵੇਂ ਜਿਵੇਂ ਮੈਂ ਵੱਡਾ ਹੁੰਦਾ ਗਿਆ ਅਤੇ ਸੋਝੀ ਨੇ ਵਿਕਾਸ ਕੀਤਾ ਤਾਂ ਮੈਂ ਜਾਣਿਆ ਕਿ ਜ਼ਿੰਦਗੀ ਵਿਚ ਮੁਹੱਬਤ ਜ਼ਰੂਰੀ ਤਾਂ ਹੈ ਪਰ ਸਭ ਕੁਝ ਨਹੀਂ। ਇਸ ਤੋਂ ਪਰੇ ਵੀ ਕੋਈ ਦੁਨੀਆਂ ਹੈ ਜੋ ਤੁਹਾਡੇ ਅੰਦਰਲੀਆਂ ਸੰਵੇਦਨਾਵਾਂ ਨੂੰ ਜਕੜ ਕੇ ਬੈਠੀ ਹੈ।

ਸੋ ਹੌਲੀ ਹੌਲੀ ਪਤਾ ਲੱਗਿਆ ਕਿ ਜੀਵਨ ਦੁੱਖਾਂ-ਸੁੱਖਾਂ ਦੀ ਸਰਹੱਦ ਤੋਂ ਪਰੇ ਵੀ ਕੋਈ ਚੀਜ਼ ਹੈ ਜਿਸਦੇ ਵਾਸਤੇ ਜੀਵਨ ਦ੍ਰਿਸ਼ਟੀ, ਦਾਰਸ਼ਨਿਕ ਤੇ ਵਿਗਿਆਨਕ ਸੋਝੀ ਦਾ ਹੋਣਾ ਬਹੁਤ ਜ਼ਰੂਰੀ ਹੈ। ਤੇ ਤੁਸੀਂ ਪੁੱਛਦੇ ਹੋ ਕਿ ਜੇ ਇਹ ਹੈ ਤਾਂ ਅਜਿਹਾ ਕਿਉਂ ਤੇ ਇਹ ਮਾਨਸਿਕ ਸਮਝ ਕੀ ਹੈ? ਇਸ ਸਵਾਲ ਨੂੰ ਫਿਲਾਸਫਰ ਸਦੀਆਂ ਤੋਂ ਸਮਝਣ-ਸਮਝਾਉਣ ਦਾ ਯਤਨ ਕਰਦੇ ਆ ਰਹੇ ਹਨ। ਪਿਛਲੀ ਸਦੀ ਤੋਂ ਸਾਇੰਸਦਾਨਾਂ ਨੇ ਵੀ ਮਾਨਸਿਕ ਸਮਝ ਨੂੰ ਸਾਇੰਸ ਦੇ ਦ੍ਰਿਸ਼ਟੀਕੋਣ ਤੋਂ ਪਰਖਣ ਦਾ ਡੂੰਘਾ ਯਤਨ ਕੀਤਾ ਹੈ। ਇਹ ਹੈ ਸੰਵੇਦਨਸ਼ੀਲਤਾ, ਸੁਖਮ ਖਿਆਲ, ਜਾਂ ਭਾਵੁਕ ਸੂਝ, ਤੇ ਜਾਂ ਇਹ ਹੈ ਤਰਕ, ਭਾਸ਼ਾਈ ਹੁਨਰ ਤੇ ਕਈ ਕੁਝ ਹੋਰ। ਅਲਬਰਟ ਆਈਨਸਟਾਈਨ ਨੇ 20ਵੀਂ ਸਦੀ ਦੇ ਆਰੰਭ 'ਚ ਕਿਹਾ ਸੀ- The true sign of intelligence is not knowledge but imagination ਅਤੇ ਸੁਕਰਾਤ ਨੇ ਸਦੀਆਂ ਪਹਿਲਾਂ ਕਿਹਾ ਸੀ- I know I am intelligent because I know I know nothing... ਇਹ ਸਾਇੰਸਦਾਨ ਨਹੀਂ, ਇਕ ਕਵੀ ਹੀ ਜਾਣਦਾ ਹੈ ਕਿ ਅਸਲ ਵਿਚ ਸਹੀ ਵਿਵੇਕ ਜਾਂ ਬੁੱਧੀ ਦਿਲ ਤੇ ਦਿਮਾਗ਼ ਦਾ ਮਿਸ਼ਰਣ ਹੀ ਹੁੰਦਾ ਹੈ ਜੋ ਨਵੀਂ ਕਵਿਤਾ, ਨਵੇਂ ਸ਼ਿਅਰਾਂ ਨੂੰ ਜਨਮ ਦਿੰਦਾ ਹੈ। ਇਸੇ ਕਰਕੇ ਹੀ ਤਾਂ ਸਾਇੰਸਦਾਨ ਕਹਿੰਦਾ ਹੈ ਕਿ ਮੈਂ ਜਿੱਥੇ ਵੀ ਜਾਂਦਾ ਹਾਂ, ਕਵੀ ਮੈਥੋਂ ਪਹਿਲਾਂ ਹੀ ਪਹੁੰਚਿਆ ਹੁੰਦਾ ਹੈ।

ਤੁਸੀਂ ਜਦੋਂ ਜਵਾਨੀ ਵਿਚ ਪੈਰ ਰੱਖਿਆ, ਤੁਹਾਡੇ ਅੰਦਰਲੇ ਸ਼ੇਰ ਦਾ ਅਹਿਸਾਸ ਸ਼ੁਰੂ ਹੋ ਗਿਆ ਸੀ। ਦਿਲ ਦੀ ਆਵਾਜ਼ ਸੁਣਨ ਲੱਗ ਪਈ ਸੀ। ਪਹਿਲਾਂ ਰੁਮਾਂਸ, ਫਿਰ ਦਿਲ ਦੀ ਆਵਾਜ਼ ਤੇ ਬਾਅਦ ਵਿਚ ਹੋਰ ਆਵਾਜ਼ਾਂ। ਇਹ ਆਵਾਜ਼ਾਂ ਕੀ ਸਨ?

--ਉਹ ਆਵਾਜ਼ਾਂ ਸਨ ਸਰਦ ਰਾਤਾਂ 'ਚ ਬੇਘਰੇ ਪਰਿੰਦਿਆਂ ਦੀਆਂ, ਰੇਤਲੇ ਟਿੱਬਿਆਂ 'ਚ ਸੁੱਕੀ ਨਦੀ ਦੇ ਰੁਦਨ ਦੀਆਂ, ਤਪਦੇ ਥਲਾਂ ਦੇ ਸਫਰ 'ਚ ਨੰਗੇ ਪੈਰਾਂ 'ਚ ਛਾਲਿਆਂ ਦੀਆਂ, ਦਿਸਹੱਦੇ ਤੋਂ ਪਾਰ ਅਸਤ ਹੁੰਦੇ ਸੂਰਜਾਂ ਦੀਆਂ, ਸਰਦ ਰਾਤ 'ਚ ਬਲ਼ਦੇ ਬਿਰਖਾਂ ਦੀਆਂ, ਜੰਗਲ 'ਚ ਸੁੱਕੇ ਪੱਤਿਆਂ ਦੀ ਹਲਕੀ ਹਲਕੀ ਖੜਖੜਾਹਟ ਦੀਆਂ, ਕਿਸੇ ਅਣਗਾਏ ਗੀਤ ਦੀਆਂ, ਜਾਂ ਤੜਪਦੀ ਮਹਿੰਦੀ, ਉਦਾਸ ਝਾਂਜਰਾਂ ਤੇ ਖੰਡਰ ਹੋਏ ਘਰਾਂ ਦੀਆਂ...।

***'ਫਿਕਰ ਨਾ ਕਰਨਾ ਮੇਰੇ ਬੱਚਿਓ ਮਿਲਾਂਗੇ ਫਿਰ ਅਸੀਂ/ਰੌਸ਼ਨੀ ਤੋਂ ਪਾਰ ਵੀ ਇਕ ਖੂਬਸੂਰਤ ਸ਼ਹਿਰ ਹੈ'*, ਇਹ ਮਨੁੱਖੀ ਮਿਹਨਤ ਨਾਲ ਉਸਾਰਿਆ ਸ਼ਹਿਰ ਨਹੀਂ ਲਗਦਾ। ਇਹ ਕਿਹੜਾ ਸ਼ਹਿਰ ਹੈ?**

--ਮੇਰੇ ਸ਼ਿਅਰ ਦੇ ਹਵਾਲੇ ਨਾਲ ਤੁਸੀਂ ਜਿਸ ਸ਼ਹਿਰ ਦੀ ਗੱਲ ਕੀਤੀ ਹੈ, ਅਸਲ ਵਿਚ ਉਸ ਸ਼ਹਿਰ ਦੀਆਂ ਕਈ ਪਰਤਾਂ ਹਨ। ਇਹ ਸ਼ਹਿਰ ਇਕ ਬਿੰਬ ਨਾਲੋਂ ਟੁੱਟ ਕੇ ਕਲਪਨਾ ਦੀਆਂ ਡੂੰਘੀਆਂ ਡੂੰਘਾਣਾ, ਦਿਸਹੱਦੇ ਤੋਂ ਪਾਰ ਅਸਤ ਹੋ ਰਹੇ ਸੂਰਜ ਦੀ ਰੌਸ਼ਨੀ, ਬਾਲਾਂ ਦੀਆਂ ਮੁਸਕਾਨਾਂ, ਅਣਜੀਵੇ ਪਿਆਰ, ਕੂਲੇ ਕੂਲੇ ਸੁਪਨਿਆਂ ਦਾ ਸੇਕ ਹੈ। ਇਹ ਪਾਰਗਾਮੀ ਸ਼ਹਿਰ ਮੇਰੀ ਸਿਰਜਣ ਭੂਮੀ ਦੀ ਮੂਲ ਅਧਾਰ ਸ਼ਿਲਾ ਹੈ। ਇਹ ਸ਼ਹਿਰ ਮਨੁੱਖ ਦੀ ਕਦੇ ਨਾ ਮਰਨ ਵਾਲੀ ਅਜਿੱਤ ਰੂਹ ਦਾ ਨਾਮ ਹੈ, ਜਿਸ ਦੇ ਜਿਸਮ ਨੂੰ ਤਾਂ ਫੂਕਿਆ ਜਾਂ ਮਾਰਿਆ ਜਾ ਸਕਦਾ ਹੈ ਪਰ ਆਤਮਾ ਨੂੰ ਨਹੀਂ। ਆਤਮਾ ਦੇ ਜੁਗਨੂੰ ਹਮੇਸ਼ਾਂ ਟਿਮਟਿਮਾਉਂਦੇ ਹਨ। ਇਹ ਹੀ ਬੰਦੇ ਦੇ ਹਮੇਸ਼ਾਂ ਜ਼ਿੰਦਾ ਰਹਿਣ ਦੀ ਚਾਹਤ ਹੈ।

ਗੋਲਡਨ ਰੇਸ਼ੋ ਮੁਤਾਬਕ ਦਿਲ ਤੇ ਦਿਮਾਗ਼ ਦਾ ਸੁਮੇਲ ਹੀ ਕਿਸੇ ਵੱਡੀ ਰਚਨਾ ਦੀ ਸਿਰਜਣਾ ਕਰ ਸਕਦਾ ਹੈ। ਗ਼ਜ਼ਲ ਦੀ ਰਚਨਾ ਨਾਲ ਇਸ ਦਾ ਕੀ ਸੰਬੰਧ ਹੈ?

--ਮੈਂ ਸਮਝਦਾਂ ਕਿ ਜਿਵੇਂ ਭਾਵਨਾ ਤੇ ਦਿਮਾਗ਼ ਵੀ ਕੁਦਰਤੀ ਤੱਤਾਂ ਵਾਂਗ ਸੰਜੀਵ ਅਨੁਪਾਤ ਵਿਚ ਮਿਲੇ ਹੁੰਦੇ ਹਨ, ਉਸੇ ਤਰ੍ਹਾਂ ਮੈਂ ਸੋਚਦਾਂ ਕਿ ਚੰਗੀ ਗ਼ਜ਼ਲ ਦੀ ਸਿਰਜਣਾ ਵਾਸਤੇ ਵੀ ਦਿਲ-ਦਿਮਾਗ਼ ਦਾ ਬਰਾਬਰ ਅਨੁਪਾਤ ਹੋਣਾ ਜ਼ਰੂਰੀ ਹੁੰਦਾ ਹੈ। ਭਾਵਨਾ ਦੇ ਨਾਲ ਇਹ ਇਕ ਹੁਨਰ, ਸ਼ਿਲਪ ਵੀ ਤਾਂ ਹੁੰਦਾ ਹੈ ਜੋ ਖੂਬਸੂਰਤ ਸ਼ਿਅਰਾਂ ਦੀ ਉਸਾਰੀ ਕਰਨ ਵਾਸਤੇ ਆਪਣੀ ਭੂਮਿਕਾ ਨਿਭਾਉਂਦਾ ਹੈ। ਇਕ ਬੁੱਤ ਤਰਾਸ਼ ਪੱਥਰ ਨੂੰ ਖੂਬਸੂਰਤ ਤੇ ਦਿਲਕਸ਼ ਬਣਾਉਣ ਵਾਸਤੇ ਉਸਨੂੰ ਘੰਟਿਆਂ ਬੱਧੀ

ਤਰਾਸ਼ਦਾ ਰਹਿੰਦਾ ਹੈ, ਉਸਦੇ ਨੈਣ-ਨਕਸ਼ਾਂ ਨੂੰ, ਉਸਦੇ ਅੰਗਾਂ ਨੂੰ ਹੋਰ ਵੀ ਪਿਆਰਾ ਬਣਾਉਣ ਵਾਸਤੇ। ਅਸਲ ਵਿਚ ਉਹ ਸਾਇੰਸ ਦੀ ਸਮਝ ਤੋਂ ਬਿਨਾਂ ਹੀ ਬੁੱਤ ਨੂੰ ਗੋਲਡਨ ਰੇਸ਼ੋ ਦੇ ਨਜ਼ਦੀਕ ਲਿਜਾ ਰਿਹਾ ਹੁੰਦਾ ਹੈ। ਇਸੇ ਕਰਕੇ ਖੋਜਕਾਰ ਕਹਿੰਦੇ ਹਨ ਕਿ ਇਕ ਇਨਸਾਨ ਦਾ ਚਿਹਰਾ ਦੂਸਰੇ ਇਨਸਾਨ ਨਾਲੋਂ ਹੋਰ ਖੂਬਸੂਰਤ ਇਸ ਕਰਕੇ ਲਗਦਾ ਹੈ ਕਿਉਂਕਿ ਉਹ ਗੋਲਡਨ ਰੇਸ਼ੋ ਦੇ ਕਰੀਬ ਜ਼ਿਆਦਾ ਹੁੰਦਾ ਹੈ। ਇਹ ਗੋਲਡਨ ਰੇਸ਼ੋ ਦਾ ਹੀ ਤਾਂ ਜਾਦੂ ਹੈ ਜੋ ਤਾਜ ਮਹਿਲ ਸਦੀਆਂ ਪਿੱਛੋਂ ਵੀ ਸਾਡੇ ਦਿਲ ਨੂੰ ਭਾਉਂਦਾ ਹੈ। ਇਸ ਤਰ੍ਹਾਂ ਗ਼ਜ਼ਲ ਦਾ ਵੀ ਗੋਲਡਨ ਰੇਸ਼ੋ ਨਾਲ ਸੰਬੰਧ ਹੈ। ਚੰਗਾ ਸ਼ਿਅਰ ਵੀ ਇਸੇ ਤਰ੍ਹਾਂ ਹੀ ਹੁੰਦਾ ਹੈ ਜੋ ਵਾਰ ਵਾਰ ਪੜ੍ਹਨ ਬਾਅਦ ਵੀ ਨਵਾਂ ਤੇ ਤਾਜ਼ਾ ਲਗਦਾ ਹੈ। ਸ਼ਿਅਰ ਦਾ ਮੂਡ, ਢੁਕਵੀਂ ਸ਼ਬਦਾਵਲੀ, ਭਾਸ਼ਾ ਦੀ ਨਵੀਨਤਾ, ਨਿਵੇਕਲੀ ਸ਼ੈਲੀ, ਆਧੁਨਿਕ ਬਿੰਬ ਤੇ ਪ੍ਰਤੀਕਾਂ ਦੀ ਸਿਰਜਣਾ ਦੇ ਨਾਲ ਨਾਲ ਕਲਪਨਾ ਦੀ ਸਿਖਰ ਤੇ ਅਲੰਕਾਰ ਇਸ ਤਰ੍ਹਾਂ ਦੇ ਹੋਣ ਜੋ ਸ਼ਿਅਰ ਵਿਚ ਨਵੀਨਤਾ ਤੇ ਤਾਜ਼ਗੀ ਦੇਰ ਤਕ ਜ਼ਿੰਦਾ ਰੱਖ ਰਕਣ। ਸ਼ਾਇਦ ਇਹ ਕਾਰਨ ਹੀ ਹੈ ਕਿ ਸਦੀਆਂ ਤੋਂ ਗੋਲਡਨ ਰੇਸ਼ੋ ਨੇ ਚਿਤਰਕਾਰਾਂ, ਸੰਗੀਤਕਾਰਾਂ ਤੇ ਕਲਾਕਾਰਾਂ ਨੂੰ ਏਨਾ ਪ੍ਰਭਾਵਤ ਕੀਤਾ ਹੈ।

ਮਨੁੱਖੀ ਜੀਵਨ ਜਿਉਣਾ ਹੀ ਆਪਣੇ ਆਪ ਵਿਚ ਜਟਿਲ ਪ੍ਰਕਿਰਿਆ ਹੈ। ਜੀਵਨ ਜਿਉਂਦਿਆਂ ਉਹ ਕਿਹੜੀਆਂ ਘਟਨਾਵਾਂ ਤੇ ਹਾਦਸੇ ਹਨ ਜਿਹਨਾਂ ਤੁਹਾਡੀ ਚੇਤਨਾ ਦਾ ਅੰਗ ਬਣਦੇ ਹੋਏ ਸ਼ਿਅਰਾਂ ਨੂੰ ਜਨਮ ਦਿੱਤੇ ਹਨ?

--'ਸੁਨਹਿਰਾ ਗੁਲਾਬ' ਦਾ ਲੇਖਕ ਪੋਸਤੋਵਸਕੀ ਕਹਿੰਦਾ ਹੈ ਕਿ ਸਮੇਂ ਸਮੇਂ ਵਾਪਰੀਆਂ ਘਟਨਾਵਾਂ, ਦ੍ਰਿਸ਼, ਚਿੱਤਰ, ਪਾਤਰ ਲੇਖਕ ਦੀਆਂ ਸਿਮਰਤੀਆਂ ਵਿਚ ਛੋਟੇ ਛੋਟੇ ਸੁਨਿਹਰੀ ਕਿਣਕਿਆਂ ਦੇ ਰੂਪ ਵਿਚ ਇਕੱਠੇ ਹੁੰਦੇ ਰਹਿੰਦੇ ਹਨ ਜਿਸਨੂੰ ਲੇਖਕ ਆਪਣੀ ਸਮਰੱਥਾ ਅਨੁਸਾਰ ਆਪਣੀ ਰਚਨਾ ਵਿਚ ਢਾਲਦਾ ਹੈ। ਮੇਰੇ ਜੀਵਨ ਵਿਚ ਵੀ ਸਮੇਂ ਸਮੇਂ ਵਾਪਰੀਆਂ ਘਟਨਾਵਾਂ ਮੇਰੀ ਚੇਤਨਾ ਦਾ ਹਿੱਸਾ ਬਣੀਆਂ ਹਨ। ਮੈਂ ਜਿਸ ਸਭਿਆਚਾਰ ਵਿਚ ਜੰਮਿਆਂ, ਉਹਦੇ ਇਤਿਹਾਸ ਮਿਥਿਹਾਸ ਦਾ ਤਾਂ ਮੇਰੇ 'ਤੇ ਸੁਭਾਵਕ ਹੀ ਅਸਰ ਹੋਣਾ ਸੀ ਪਰ ਮੈਂ ਜਿਸ ਸਭਿਆਚਾਰ ਵਿਚ ਜੀਅ ਰਿਹਾ ਹਾਂ, ਵਸ ਰਿਹਾ ਹਾਂ, ਉਸ ਦਾ ਗਹਿਰਾ ਅਸਰ ਵੀ ਮੇਰੇ 'ਤੇ ਪਿਆ ਹੈ। ਮੈਨੂੰ ਯਾਦ ਹੈ ਇਕ ਵਾਰ ਮੈਂ ਫਲੋਰੀਡਾ ਵਿਚ ਥੀਮ ਪਾਰਕ ਦੇਖਣ ਗਿਆ। ਅਸੀਂ ਤੇਜ਼ ਚਲਦੀ ਗੱਡੀ ਵਿਚ ਹਨੇਰੀ ਤੇ ਡੂੰਘੀ ਸੁਰੰਗ ਵਿਚ ਦੀ ਲੰਘ ਰਹੇ ਸਾਂ। ਸੀਨ ਬਦਲ ਰਹੇ ਸਨ, ਕਦੇ ਯੂਸਾਮਿਟੀ ਵਰਗੇ ਉਚੇ ਬਰਫੀਲੇ ਪਹਾੜ ਤੇ ਕਦੇ ਕੈਲੀਫੋਰਨੀਆਂ ਦੀ ਡੈੱਥ ਵੈਲੀ (Death Valley) ਵਰਗੇ ਤਪਦੇ ਰੇਗਿਸਤਾਨ ਦਿਸ ਰਹੇ ਸਨ। ਅਚਾਨਕ ਇਕ ਉਦਾਸ ਤੇ ਹਨੇਰੀ ਬਸਤੀ ਦਾ ਦ੍ਰਿਸ਼ ਆਇਆ ਜਿਸ 'ਚ ਸਭ ਘਰਾਂ ਵਿਚ ਹਨੇਰਾ ਛਾਇਆ ਹੋਇਆ ਸੀ। ਘਰਾਂ ਦੇ ਬਾਹਰ ਲੋਕ ਬਲਦੀਆਂ ਮਿਸ਼ਾਲਾਂ ਲਈ ਬੁੱਤ ਬਣੀ ਖੜੇ ਸਨ। ਅਚਾਨਕ ਮੇਰੇ ਮਨ ਵਿਚ ਖਿਆਲ ਆਇਆ ਕਿ ਹਨੇਰਾ ਕਿਵੇਂ ਮਨੁੱਖੀ ਮਨ ਨੂੰ ਘੇਰਨ ਲਈ ਚੁਫੇਰਿਓਂ ਆ ਰਿਹਾ ਹੈ ਅਤੇ ਮੈਂ ਹੇਠਲਾ ਸ਼ਿਅਰ ਉਸ ਨਿੱਕੇ ਜਿਹੇ ਅਨੁਭਵ 'ਚੋਂ ਲਿਖਿਆ:

ਹਨੇਰਾ ਪਹੁੰਚ ਹੀ ਚੁੱਕਿਆ ਹੈ ਹੁਣ ਵਸਦੇ ਘਰਾਂ ਤੀਕਰ।
ਮਿਸ਼ਾਲਾਂ ਬਾਲ ਰੱਖੋ ਪਹੁੰਚ ਸਕਦਾ ਇਹ ਮਨਾਂ ਤੀਕਰ।

ਹਰ ਸ਼ਾਇਰ ਆਪਣੇ ਯੁੱਗ ਦੇ ਸੱਚ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਕਰਦਾ ਹੈ। ਤੁਹਾਡੇ ਯੁੱਗ ਦਾ ਸੱਚ ਕੀ ਹੈ?

--ਅਸੀਂ ਜਿਹਨਾਂ ਸਮਿਆਂ ਵਿਚ ਜੀਅ ਰਹੇ ਹਾਂ, ਧਰਤੀ 'ਤੇ ਚਾਰ ਚੁਫੇਰੇ ਜੰਗਾਂ ਪਸਰੀਆਂ ਪਈਆਂ ਹਨ। ਕਿਤੇ ਅਫਗਾਨਿਸਤਾਨ ਵਿਚ, ਕਿਤੇ ਅਫਰੀਕਾ ਵਿਚ ਤੇ ਕਿਤੇ ਮਿਡਲ ਈਸਟ ਵਿਚ। ਕਹਿਣ ਨੂੰ ਤਾਂ ਅਸੀਂ ਮੰਗਲ ਗ੍ਰਹਿ ਉਪਰ ਕਲੋਨੀ ਬਣਾਉਣ ਨੂੰ ਸੋਚ ਰਹੇ ਹਾਂ ਪਰ ਧਰਤੀ ਉਪਰ ਅਜੇ ਵੀ ਲੱਖਾਂ ਲੋਕ ਭੁੱਖੇ ਸੌਂਦੇ ਹਨ। ਅਜੇ ਤਾਰਿਆਂ ਦੀ ਛਾਂਵੇਂ ਸੌਂਦੇ ਲੋਕਾਂ ਵਾਸਤੇ ਸਾਨੂੰ ਧਰਤੀ ਉਤੇ ਕਲੋਨੀਆਂ ਬਣਾਉਣ ਵਾਸਤੇ ਸੋਚਣ ਅਤੇ ਕਰਨ ਦੀ ਜ਼ਿਆਦਾ ਜ਼ਰੂਰਤ ਹੈ।

ਤੁਹਾਡਾ ਕੈਲੀਫੋਰਨੀਆਂ ਦੀ ਪਹਾੜੀ ਉਤੇ ਬਹੁਤ ਵੱਡਾ ਘਰ ਉਸਾਰਿਆ ਹੋਇਆ ਹੈ। ਤੁਸੀਂ ਇੰਜਨੀਅਰ ਹੋ। ਤੁਹਾਡੀ ਪਤਨੀ ਤੇ ਬੇਟੀਆਂ ਦੀਆਂ ਵੀ ਨੌਕਰੀਆਂ ਅੱਛੀਆਂ ਹਨ, ਪਰ ਤੁਹਾਡੀ ਕਵਿਤਾ ਖੰਡਰਾਂ ਦੀ ਬਾਤ ਪਾਉਂਦੀ ਹੈ, ਕ੍ਰਾਂਤੀ ਦੀ ਵੀ ਗੱਲ ਕਰਦੀ ਹੈ, ਰੌਸ਼ਨੀ ਲਈ ਸੂਰਜਾਂ ਦੀ ਭਾਲ਼ ਵਿਚ ਹੈ। ਤੁਸੀਂ ਤਾਲਸਤਾਏ ਵਾਂਗ ਰਈਸ ਜ਼ਿੰਦਗੀ ਜਿਉਂਦੇ ਹੋਏ ਵੀ ਆਮ ਬੰਦੇ ਦੇ ਹੱਕ ਵਿਚ ਗੱਲ ਕਰਦੇ ਹੋ। ਅਜਿਹਾ ਕਿਵੇਂ?

--ਜਦ ਇਨਸਾਨ ਖੁਦ ਸੰਘਰਸ਼ ਕਰਕੇ ਕਿਸੇ ਮੰਜ਼ਿਲ ਨੂੰ ਤੈਅ ਕਰਦਾ ਹੈ ਤਾਂ ਸਫਰ ਕਰ ਰਹੇ ਲੋਕਾਂ ਨਾਲ ਉਸਦੀ ਹਮਦਰਦੀ ਹੁੰਦੀ ਹੈ। ਮੈਨੂੰ ਯਾਦ ਹੈ ਕਿ ਮੈਂ ਜਦ ਅਮਰੀਕਾ ਆਇਆ ਸੀ, ਮੇਰੀ ਉਮਰ ਕੇਵਲ ਇੱਕੀ ਵਰ੍ਹੇ ਸੀ ਤੇ ਜੇਬ ਪੂਰੀ ਤਰ੍ਹਾਂ ਖਾਲੀ ਸੀ। ਚਾਰ ਸਾਲ ਮੈਂ ਲਗਾਤਾਰ ਪੜ੍ਹਾਈ ਕੀਤੀ ਤੇ ਨਾਲ ਨਾਲ ਕੰਮ ਕੀਤਾ। ਮੇਰੇ ਕੋਲ ਸੌਣ ਲਈ ਕੁਲ ਪੰਜ ਘੰਟੇ ਬਚਦੇ ਸਨ ਜਿਹਨਾਂ ਵਿਚ ਮੈਂ ਪੜ੍ਹਨਾ ਤੇ ਸੌਣਾ ਵੀ ਹੁੰਦਾ ਸੀ। ਇਸ ਲੰਮੇ ਸੰਘਰਸ਼ ਦੌਰਾਨ ਮੈਂ ਹੋਰ ਲੋਕਾਂ ਨੂੰ ਮਿਹਨਤ ਕਰਦਿਆਂ ਤੱਕਿਆ, ਕਈ ਕਾਮਯਾਬ ਹੋਏ, ਕਈ ਨਹੀਂ ਵੀ। ਇਹਨਾਂ ਵਰ੍ਹਿਆਂ ਦੌਰਾਨ ਮੈਨੂੰ ਆਪਣੇ ਤੇ ਹੋਰਨਾਂ ਦੇ ਦੁੱਖਾਂ ਦਾ ਅਹਿਸਾਸ ਹੋਇਆ ਤੇ ਆਮ ਲੋਕਾਂ ਦੀਆਂ ਤਕਲੀਫਾਂ ਦਾ ਪਤਾ ਲੱਗਿਆ। ਹੁਣ ਮੈਨੂੰ ਮਹਿਸੂਸ ਹੁੰਦਾ ਹੈ ਕਿ ਮੇਰੀ ਖੁਸ਼ੀ ਜੀਵਨ ਦੇ ਵਿਆਪਕ ਅਰਥਾਂ ਦੀ ਖੁਸ਼ੀ ਵਿਚ ਸ਼ਾਮਿਲ ਨਹੀਂ ਹੋ ਸਕਦੀ ਜਿੰਨਾ ਚਿਰ ਆਲ ਦੁਆਲੇ ਰਹਿ ਰਹੇ ਲੋਕ ਖੁਸ਼ ਨਹੀਂ ਹੁੰਦੇ। ਇਸੇ ਕਰਕੇ ਮੇਰੀਆਂ ਗ਼ਜ਼ਲਾਂ ਵਿਚ ਖੰਡਰਾਂ ਦੀ, ਰੌਸ਼ਨੀ ਨੂੰ ਭਾਲਣ ਦੀ ਗੱਲ ਹਮੇਸ਼ਾ ਹੁੰਦੀ ਹੈ।

ਕੁਲਵਿੰਦਰ ਦੁਨੀਆਂ ਦੇ ਉਸ ਮੁਲਕ ਦਾ ਵਸਨੀਕ ਹੈ ਜਿੱਥੇ ਅੰਗਰੇਜ਼ੀ ਦਾ ਹੀ ਬੋਲਬਾਲਾ ਹੈ। ਰੁਜ਼ਗਾਰ, ਮਨੋਰੰਜਨ ਤੇ ਸੂਚਨਾ ਦੇ ਕੇਂਦਰ ਅੰਗਰੇਜ਼ੀ ਵਿਚ ਹਨ। ਇਸ ਦੇ ਬਾਵਜੂਦ ਕੁਲਵਿੰਦਰ ਸ਼ਾਇਰੀ ਆਪਣੀ ਮਾਂ ਬੋਲੀ ਵਿਚ ਕਰਦਾ ਹੈ। ਨਵੀਂ ਪੀੜ੍ਹੀ ਦੇ ਸੰਦਰਭ ਵਿਚ ਅਮਰੀਕਾ ਵਿਚ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਕੀ ਭਵਿੱਖ ਹੈ?

--ਇਹ ਸੱਚ ਹੈ ਕਿ ਮੈਂ ਅਮਰੀਕਾ ਵਿਚ ਰਹਿ ਰਿਹਾ ਹਾਂ ਪਰ ਅਸੀਂ ਏਥੇ ਵੀ ਮਿੰਨੀ ਪੰਜਾਬ ਬਣਾਇਆ ਹੋਇਆ ਹੈ। ਏਥੇ ਅਸੀਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਸਥਾਪਨਾ ਕੀਤੀ ਹੋਈ ਹੈ ਜਿਸ ਵਲੋਂ ਅਸੀਂ ਹਰ ਮਹੀਨੇ ਸਾਹਿਤਕ ਪ੍ਰੋਗਰਾਮ ਕਰਦੇ ਹਾਂ ਜਿਸ ਵਿਚ ਕਵੀ, ਕਹਾਣੀਕਾਰ ਤੇ ਹੋਰ ਲੇਖਕ ਇਕੱਠੇ ਹੁੰਦੇ ਹਨ। ਸਿਰਫ ਪੱਛਮੀ ਪੰਜਾਬ ਦੇ ਲੇਖਕ ਹੀ ਨਹੀਂ ਸਗੋਂ ਪਾਕਿਸਤਾਨੀ ਪੰਜਾਬ ਦੇ ਲੇਖਕ ਵੀ ਇਕੱਠੇ ਹੁੰਦੇ ਹਨ। ਪਿਛਲੇ ਪੰਜਾਂ ਵਰ੍ਹਿਆਂ ਵਿਚ ਮੇਰੀ ਅਤੇ ਸੁਖਵਿੰਦਰ ਕੰਬੋਜ ਦੀ ਅਗਵਾਈ ਹੇਠ ਅਕੈਡਮੀ ਵੱਲੋਂ ਜ਼ਿਕਰਯੋਗ ਪ੍ਰੋਗਰਾਮ ਕਰਾਏ ਗਏ ਹਨ। ਇਹਨਾਂ ਪ੍ਰੋਗਰਾਮਾਂ ਵਿਚ ਸਾਡੀ ਹਮੇਸ਼ਾਂ ਇਹੀ ਕੋਸ਼ਿਸ਼ ਰਹੀ ਹੈ ਕਿ ਦਰਸ਼ਕਾਂ ਨੂੰ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਵਾਰੇ ਪ੍ਰੇਰਿਆ ਜਾਵੇ। ਹੁਣ ਤਾਂ ਟੈਲੀਵਿਜ਼ਨ ਤੇ ਇਕ ਦੋ ਪੰਜਾਬੀ ਦੇ ਚੈਨਲ ਵੀ ਹਨ ਤੇ ਹਫਤਾਵਾਰ ਅਖਬਾਰਾਂ ਵੀ ਜੋ ਆਪਣਾ ਯੋਗਦਾਨ ਪਾ ਰਹੀਆਂ ਹਨ। ਮੈਨੂੰ ਲਗਦਾ ਕਿ ਅਮਰੀਕਾ ਵਿਚ ਹੁਣ ਪੰਜਾਬੀ ਭਾਸ਼ਾ ਤੇ ਸਾਹਿਤ ਵਿਚ ਪਹਿਲਾਂ ਨਾਲੋਂ ਕਾਫੀ ਸੁਧਾਰ ਆਇਆ ਹੈ, ਪਰ ਏਥੇ ਦੇ ਕਾਲਜ ਤੇ ਯੂਨੀਵਰਸਿਟੀਆਂ ਨੂੰ ਹੋਰ ਸਰਗਰਮ ਹੋਣ ਦੀ ਲੋੜ ਹੈ। ਇਕ ਦੋ ਸਾਹਿਤਕ ਮੈਗਜ਼ੀਨ ਵੀ ਛਪ ਰਹੇ ਹਨ ਪਰ ਉਹਨਾ ਦਾ ਯੋਗਦਾਨ ਸਮੁੱਚੇ ਸਾਹਿਤ ਵਿਚ ਅਜੇ ਨਾਂਮਾਤਰ ਹੈ।

ਤੁਹਾਡੀ ਕਵਿਤਾ ਲਈ ਮਨਜੀਤ ਕਿੰਨਾ ਕੁ ਆਸਰਾ ਹੈ? ਕਿਉਂਕਿ ਪਤਨੀਆਂ ਦੇ ਸਹਿਯੋਗ ਤੇ ਮਾਹੌਲ ਤੋਂ ਬਿਨਾਂ ਸਾਹਿਤ ਸਿਰਜਣਾ ਨਹੀਂ ਕੀਤੀ ਜਾ ਸਕਦੀ।

--ਤੁਸੀਂ ਬਿਲਕੁਲ ਠੀਕ ਕਿਹੈ। ਪਤਨੀ ਦੇ ਸਹਿਯੋਗ ਤੋਂ ਬਿਨਾਂ ਸਾਹਿਤ ਸਿਰਜਣਾ ਮੁਸ਼ਕਲ ਹੈ. ਫੇਰ ਅਮਰੀਕਾ ਦੇ ਮਸ਼ੀਨੀ ਯੁੱਗ ਵਿਚ ਜਿੱਥੇ ਆਦਮੀ ਦਿਨ ਰਾਤ ਕੰਮ ਕਰਦਾ ਹੈ, ਪਰ ਮਨਜੀਤ ਨੇ ਹਮੇਸ਼ਾ ਹੀ ਮੈਨੂੰ ਕਵਿਤਾ ਦੇ ਨਜ਼ਦੀਕ ਰਹਿਣ ਦਾ ਮੌਕਾ ਦਿੱਤਾ ਹੈ. ਉਹ ਖੁਦ ਵੀ ਅੰਗਰੇਜ਼ੀ ਲਿਟਰੇਚਰ ਪੜ੍ਹਨ ਵਿਚ ਕਾਫੀ ਦਿਲਚਸਪੀ ਰੱਖਦੀ ਹੈ। 000

(c/o Jande Hair Dressers, Chandigarh Road, Nawan Shehr 144 514)

ਜੋਅ ਹਿੱਲ : ਅਮਰੀਕਾ ਦੀ ਮਜ਼ਦੂਰ ਲਹਿਰ ਦਾ ਚਮਕਦਾ ਸਿਤਾਰਾ : ਸਾਧੂ ਬਿਨਿੰਗ

ਜੋਅ ਹਿੱਲ ਅਮਰੀਕਾ ਦੀ ਮਜ਼ਦੂਰ ਲਹਿਰ ਦਾ ਸਭ ਤੋਂ ਵੱਧ ਜਾਣਿਆਂ ਤੇ ਸਤਿਕਾਰਿਆ ਗੀਤਕਾਰ ਹੈ। ਉਹ ਇੰਡਸਟਰੀਅਲ ਵਰਕਰਜ਼ ਆਫ ਦਾ ਵਰਲਡ (ਇਹ ਯੂਨੀਅਨ ਆਈ ਡਬਲਿਊ ਡਬਲਿਊ, ਵੌਬਲੀਜ਼ ਤੇ ਵਨ ਬਿੱਗ ਯੂਨੀਅਨ ਦੇ ਨਾਵਾਂ ਨਾਲ ਵੀ ਜਾਣੀ ਜਾਂਦੀ ਹੈ) ਲਈ ਗੀਤ ਲਿਖਦਾ ਸੀ ਤੇ ਮਜ਼ਦੂਰਾਂ ਨੂੰ ਜਥੇਬੰਦ ਕਰਦਾ ਸੀ। ਇਸ ਯੂਨੀਅਨ ਦੀਆਂ ਸਰਗਰਮੀਆਂ ਅਤੇ ਜੋਅ ਹਿੱਲ ਦੇ ਗੀਤਾਂ ਦੀ ਤਾਕਤ ਨੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਅਮਰੀਕਾ ਦੀ ਅਮੀਰ ਜਮਾਤ ਨੂੰ ਪੈਰੋਂ ਹਿਲਾ ਦਿੱਤਾ। ਆਪਣੇ ਹੱਕਾਂ ਲਈ ਲੜਦੀ ਮਜ਼ਦੂਰ ਜਮਾਤ ਨੂੰ ਰੋਕਣ ਲਈ ਹਰ ਕਿਸਮ ਦਾ ਵਸੀਲਾ ਵਰਤ ਕੇ ਇਸ ਯੂਨੀਅਨ ਨੂੰ ਖਤਮ ਕੀਤਾ ਗਿਆ ਤੇ ਜੋਅ ਹਿੱਲ ਨੂੰ ਇਕ ਝੂਠੇ ਕਤਲ ਦੇ ਕੇਸ ਵਿਚ ਫਸਾ ਕੇ 19 ਨਵੰਬਰ 1915 ਵਾਲੇ ਦਿਨ ਨਾਲ ਸ਼ਹੀਦ ਕਰ ਦਿੱਤਾ।

ਜੋਅ ਹਿੱਲ ਦਾ ਪੂਰਾ ਨਾਂ ਜੋਇਲ ਇਮੈਨੁਅਲ ਹੇਗਲੁੰਡ ਸੀ। ਉਹ ਅਕਤੂਬਰ 7, 1879 ਨੂੰ ਸਵੀਡਨ ਵਿਚ ਜਨਮਿਆਂ ਸੀ। ਉਸ ਦੇ ਪਿਉ ਦੀ ਮੌਤ ਤੋਂ ਕੁਝ ਵਰ੍ਹੇ ਬਾਅਦ ਉਹਦੀ ਮਾਂ ਵੀ ਚੱਲ ਵਸੀ ਤੇ ਉਹ ਆਪਣੇ ਭਰਾ ਨਾਲ 1902 ਵਿਚ ਅਮਰੀਕਾ ਆ ਗਿਆ। ਅਮਰੀਕਾ ਆਉਣ ਵਾਲੇ ਹੋਰ ਆਵਾਸੀਆਂ ਵਾਂਗ ਸਮੁੰਦਰੀ ਜਹਾਜ਼ ਵਿਚੋਂ ਨਿਊ ਯਾਰਕ ਉੱਤਰੇ ਜੋਅ ਹਿੱਲ ਨੂੰ ਵੀ ਸਟੈਚੂ ਆਫ ਲਿਬਰਟੀ ਨੇ ਹੈਰਾਨ ਕਰ ਦਿੱਤਾ। ਉੱਥੇ ਪਹਿਲਾਂ ਵਸਦੇ ਇਕ ਜਾਣਕਾਰ ਨੇ ਉਹਨੂੰ ਸਮਝਾਇਆ ਕਿ ਬੁੱਤ ਬੇਹੱਦ ਵੱਡਾ ਜ਼ਰੂਰ ਹੈ ਪਰ ਇਹ ਅੱਦਰੋਂ ਖੋਖਲਾ ਹੈ।

ਗ਼ਰੀਬ ਹੋਣ ਕਾਰਨ ਤੇ ਅੰਗ੍ਰੇਜ਼ੀ ਦੀ ਜਾਣਕਾਰੀ ਬਿਨਾਂ ਜੋਅ ਨੂੰ ਹਰ ਪਾਸੇ ਵਧੀਕੀਆਂ ਸਹਿਣੀਆਂ ਪਈਆਂ। ਹਰ ਕੋਈ ਉਸ ਦੇ ਨਾਂ ਦਾ ਮੁਖੌਲ ਉਡਾਉਂਦਾ। ਨਤੀਜੇ ਵਜੋਂ ਉਹ ਪਹਿਲਾਂ ਜੋਅ ਹਿਲਸਟਰੌਮ ਬਣਿਆਂ ਤੇ ਫੇਰ ਜੋਅ ਹਿੱਲ ਦੇ ਨਾਂ ਨਾਲ ਜਾਣਿਆਂ ਜਾਣ ਲੱਗਾ। ਜੋਅ ਨੂੰ ਬਚਪਨ ਤੋਂ ਹੀ ਗਾਉਣ ਦਾ, ਕਵਿਤਾ ਤੇ ਗੀਤ ਲਿਖਣ ਦਾ ਤੇ ਵੱਖਰੇ ਵੱਖਰੇ ਸਾਜ਼ ਬਜਾਉਣ ਦਾ ਸ਼ੌਕ ਸੀ। ਆਪਣੇ ਇਸ ਸ਼ੌਕ ਨੂੰ ਪਾਲ਼ਦਾ ਉਹ ਫਾਰਮਾਂ, ਇਮਾਰਤ ਉਸਾਰੀ, ਪੁਲ਼ ਉਸਾਰੀ, ਖਾਣਾਂ, ਰੇਲ, ਤੇ ਜਿੱਥੇ ਵੀ ਕੋਈ ਕੰਮ ਮਿਲਦਾ ਕਰਦਾ ਅਗਲੇ ਕੁਝ ਸਾਲਾਂ ਦੌਰਾਨ ਅਮਰੀਕਾ ਤੇ ਪੱਛਮੀ ਤੱਟ ਵੱਲ ਆ ਗਿਆ। ਕੈਲਿਫੋਰਨੀਆ ਦੇ ਸੈਨ ਪੈਡਰੋ ਇਲਾਕੇ ਵਿਚ ਕੰਮ ਕਰਦਿਆਂ 1910-11 ਦੌਰਾਨ ਉਹ ਆਈ ਡਬਲਿਊ ਡਬਲਿਊ ਦਾ ਮੈਂਬਰ ਬਣ ਗਿਆ। ਇਹ ਯੂਨੀਅਨ ਜੂਨ 1905 ਨੂੰ ਸ਼ਿਕਾਗੋ ਵਿਚ ਸਮਾਜਵਾਦੀ, ਵਿਦ੍ਰੋਹੀ, ਟਰੇਡ ਯੂਨੀਅਨਿਸਟ, ਅਤੇ ਇਨਕਲਾਬੀਆਂ ਨੇ ਰਲ਼ ਕੇ ਸ਼ੁਰੂ ਕੀਤੀ ਸੀ। ਇਸ ਯੂਨੀਅਨ ਦਾ ਵਿਚਾਰ ਉਸ ਵੇਲੇ ਦੀਆਂ ਸਥਾਪਤ ਯੂਨੀਅਨਾਂ

ਨਾਲੋਂ ਵੱਖਰਾ ਸੀ। ਕੋਸ਼ਿਸ਼ ਇਹ ਸੀ ਕਿ ਸਮੁੱਚੇ ਮਜ਼ਦੂਰ ਵਰਗ ਨੂੰ, ਬਿਨਾਂ ਕਿਸੇ ਭੇਦ ਭਾਵ ਦੇ ਇਕ ਝੰਡੇ ਥੱਲੇ 'ਵਨ ਬਿੱਗ ਯੂਨੀਅਨ' ਵਿਚ ਜਥੇਬੰਦ ਕੀਤਾ ਜਾਵੇ। ਜੋਅ ਹਿੱਲ ਨੂੰ ਇਹ ਵਿਚਾਰ ਬਹੁਤ ਪਸੰਦ ਆਇਆ।

ਹਰ ਕਿਸਮ ਦੇ ਕੰਮਾਂ ਤੋਂ ਹਾਸਲ ਕੀਤੇ ਆਪਣੇ ਤਜਰਬੇ 'ਤੇ ਅਧਾਰਤ ਉਹ ਕਵਿਤਾ ਤੇ ਗੀਤ ਲਿਖਦਾ। ਸ਼ੁਰੂ ਸ਼ੁਰੂ ਵਿਚ ਯੂਨੀਅਨ ਦੀਆਂ ਮੀਟਿੰਗਾਂ ਦੌਰਾਨ ਉਹ ਕਦੇ ਗਿਟਾਰ ਤੇ ਕਦੇ ਪਿਆਨੋ ਬਜਾਉਂਦਾ ਤੇ ਕਈ ਵਾਰ ਆਪਣੇ ਲਿਖੇ ਗੀਤ ਗਾਉਂਦਾ। ਉਹਦੇ ਗੀਤ ਵਿਅੰਗ ਭਰੇ, ਸਰਲ ਭਾਸ਼ਾ ਵਿਚ ਤੇ ਮਜ਼ਦੂਰਾਂ ਦੀ ਸਮੱਸਿਆਵਾਂ ਨਾਲ ਸੰਬੰਧਤ ਹੁੰਦੇ। ਉਹ ਬਹੁਤ ਛੇਤੀ ਆਪਣੀ ਇਸ ਕਲਾ ਕਾਰਨ ਮਜ਼ਦੂਰਾਂ ਵਿਚ ਜਾਣਿਆਂ ਜਾਣ ਲੱਗਾ। ਉਹਨੇ 'ਕੇਸੀ ਜੋਨਜ਼', 'ਦਾ ਪਰੀਚਰ ਐਂਡ ਦਾ ਸਲੇਵ' 'ਦਾ ਰਬਿੱਲ ਗਰਲ' 'ਵੇਅਰ ਦਾ ਫਰੇਜ਼ਰ ਰਿਵਰ ਫਲੋਅ' ਵਰਗੇ ਅਨੇਕਾਂ ਮਸ਼ਹੂਰ ਗੀਤਾਂ ਦੀ ਰਚਨਾ ਕੀਤੀ। ਫਿਲਿਪ ਫੋਨਰ ਅਨੁਸਾਰ, "ਆਈ ਡਬਲਿਊ ਡਬਲਿਊ ਦਾ ਸਭ ਤੋਂ ਵੱਧ ਕਾਮਯਾਬ, ਮਸ਼ਹੂਰ ਤੇ ਵੱਧ ਗੀਤ ਲਿਖਣ ਵਾਲਾ ਜੋਸਿਫ ਹਿਲਸਟਰਮ ਸੀ ਜਿਸ ਨੂੰ ਦੁਨੀਆਂ ਦੇ ਹਰ ਹਿੱਸੇ ਵਿਚ ਲੱਖਾਂ ਲੋਕ ਜੋਅ ਹਿੱਲ ਵਜੋਂ ਜਾਣਦੇ ਹਨ।"

ਅਮਰੀਕਾ ਕਨੇਡਾ ਦੇ ਮਜ਼ਦੂਰ ਘੋਲ਼ਾਂ ਵਿਚ ਗੀਤਾਂ ਦੀ ਬਹੁਤ ਮਹੱਤਤਾ ਰਹੀ ਹੈ ਅਤੇ ਵਿਸ਼ੇਸ਼ ਕਰਕੇ ਆਈ ਡਬਲਿਊ ਡਬਲਿਊ (1905 ਤੋਂ ਲੈ ਕੇ 1924-25 ਤਕ) ਵਾਸਤੇ ਤਾਂ ਰਲ਼ ਕੇ ਗੀਤ ਗਾਉਣ ਦੀ ਰਵਾਇਤ ਬਹੁਤ ਹੀ ਤਕੜੀ ਸੀ। ਮਜ਼ਦੂਰ ਜਮਾਤ ਦੀਆਂ ਮੌਜੂਦਾ ਜੱਦੋ-ਜਹਿਦਾਂ ਵਿਚ ਵੀ ਇਸ ਲਹਿਰ ਦਾ ਅਸਰ ਦੇਖਿਆ ਜਾ ਸਕਦਾ ਹੈ। ਹੋਰ ਪ੍ਰਾਪਤੀਆਂ ਦੇ ਨਾਲ ਨਾਲ ਇਸ ਲਹਿਰ ਦਾ ਮਜ਼ਦੂਰਾਂ ਦੇ ਸਮੂਹ-ਗਾਨ ਰਚਣ ਵਿਚ ਆਪਣਾ ਇਕ ਖਾਸ ਸਥਾਨ ਹੈ। ਇਸ ਲਹਿਰ ਦਾ ਨਾਅਰਾ ਸੀ 'ਗਾਵੋ ਅਤੇ ਲੜੋ ' ਅਤੇ ਇਸ ਨੂੰ 'ਗਾਉਂਦੀ ਮਜ਼ਦੂਰ ਲਹਿਰ' ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ। ਇਕੱਲੀ ਇਸ ਲਹਿਰ ਨੇ ਲੋਕਾਂ ਵਿਚ ਹਰਮਨ ਪਿਆਰੇ ਹੋਣ ਵਾਲੇ ਦੋ ਸੌ ਤੋਂ ਉੱਪਰ ਮਜ਼ਦੂਰ ਯੂਨੀਅਨ ਦੇ ਗੀਤ ਪੈਦਾ ਕੀਤੇ। ਇਨ੍ਹਾਂ ਵਲੋਂ 1908-09 ਤੋਂ ਸ਼ੁਰੂ ਕਰਕੇ 'ਲਾਲ ਗੀਤਾਂ ਦੀ ਕਿਤਾਬੜੀ' ਨਾਂ ਦੀ ਪੁਸਤਕ ਸਮੇਂ ਸਮੇਂ ਛਾਪੀ ਜਾਂਦੀ ਸੀ। ਇਸ ਕਿਤਾਬ ਦੇ 1913 ਦੇ ਐਡੀਸ਼ਨ ਵਿਚ ਜੋਅ ਹਿੱਲ ਦੇ ਤੇਰਾਂ ਗੀਤ ਸ਼ਾਮਲ ਸਨ। ਇਸ ਕਿਤਾਬ ਦੀਆਂ 1956 ਤਕ 29 ਐਡੀਸ਼ਨਾਂ ਛੱਪ ਚੁੱਕੀਆਂ ਸਨ। ਹੁਣ ਵੀ ਇਹ ਕਿਤਾਬ ਉਸ ਲਹਿਰ ਨਾਲ ਹਮਦਰਦੀ ਰੱਖਣ ਵਾਲੇ ਲੋਕਾਂ ਵੱਲੋਂ ਕਦੀ ਕਦੀ ਛਾਪੀ ਜਾਂਦੀ ਹੈ ਅਤੇ ਹੱਥੋ ਹੱਥ ਵਿਕ ਜਾਂਦੀ ਹੈ। ਇਸ ਲਹਿਰ ਦੇ ਇਸ ਖਾਸੇ ਬਾਰੇ ਜਾਹਨ ਟਕਮੈਨ ਦਾ ਕਹਿਣਾ ਹੈ: "ਹੋਰ ਗੱਲਾਂ ਦੇ ਨਾਲ ਨਾਲ ਇਕ ਖਾਸ ਗੱਲ ਲਈ ਮਜ਼ਦੂਰ ਜਮਾਤ ਆਈ ਡਬਲਿਊ ਡਬਲਿਊ ਦੀ ਰਿਣੀ ਹੈ ਕਿ ਇਹਨੇ ਆਜ਼ਾਦੀ ਦੀ ਲੜਾਈ ਵਿਚ ਸਾਂਝੇ ਗਾਏ ਜਾਣ ਵਾਲੇ ਗੀਤਾਂ ਦੀ ਅਹਿਮੀਅਤ ਦੀ ਸਿੱਖਿਆ ਦਿੱਤੀ।"

ਯੂਨੀਅਨ ਦਾ ਵਧਦਾ ਪ੍ਰਭਾਵ ਤੇ ਜੋਅ ਹਿੱਲ ਦੀਆਂ ਇਨ੍ਹਾਂ ਸਰਗਰਮੀਆਂ ਕਾਰਨ ਕੁਝ ਹੀ ਸਾਲਾਂ ਵਿਚ ਉਹ ਮਾਲਕਾਂ ਲਈ ਇਕ ਹਊਆ ਬਣ ਗਿਆ ਤੇ ਜਿਵੇਂ 'ਮਾਲਕਾਂ' ਦਾ 'ਸੁਭਾਅ' ਹੁੰਦਾ ਹੈ ਉਹ ਇਹ 'ਕੰਡਾ' ਕੱਢਣ ਲਈ ਕੁਛ ਵੀ ਕਰਨੇ ਨੂੰ ਤਿਆਰ ਸਨ। ਇਸ ਮਕਸਦ ਲਈ ਉਨ੍ਹਾਂ ਨੇ ਹਰ ਕਿਸਮ ਦੇ ਕਾਨੂੰਨਾਂ, ਰਸਮਾਂ ਰਵਾਇਤਾਂ ਨੂੰ ਛਿੱਕੇ ਟੰਗ ਕੇ ਜੋਅ ਹਿੱਲ ਨੂੰ ਇਕ ਝੂਠੇ ਕਤਲ ਦੇ ਮੁਕੱਦਮੇ ਵਿਚ ਫਸਾ ਕੇ ਜਨਵਰੀ 1914 ਵਿਚ ਗ੍ਰਿਫਤਾਰ ਕਰ ਲਿਆ। ਤਕਰੀਬਨ ਦੋ ਸਾਲ ਤਕ ਉਹਦਾ ਕੇਸ ਕਚਹਿਰੀ 'ਚ ਫਸਾਈ ਰੱਖਿਆ। ਉਸ ਦੇ ਕੇਸ ਨੇ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਦਾ ਧਿਆਨ ਖਿੱਚਿਆ। ਉਤਰੀ ਅਮਰੀਕਾ, ਯੂਰਪ ਤੇ ਅਸਟਰੇਲੀਆ ਤਕ ਲੋਕਾਂ ਵੱਲੋਂ ਉਹਦੇ ਹੱਕ ਵਿਚ ਆਵਾਜ਼ ਉਠਾਈ ਗਈ। ਸਵੀਡਨ ਦੀ ਸਰਕਾਰ ਤੇ ਅਮਰੀਕਾ ਦੇ ਉਸ ਸਮੇਂ ਦੇ ਪ੍ਰਧਾਨ ਵੁਡਰੋ ਵਿਲਸਨ ਨੇ ਵੀ ਲੋਕਾਂ ਦੀ ਮੰਗ 'ਤੇ ਕੇਸ ਵਿਚ ਦਖਲ ਅੰਦਾਜ਼ੀ ਕਰਨ ਦੀ ਕੋਸ਼ਿਸ਼ ਕੀਤੀ। ਪਰ ਜੋਅ ਹਿੱਲ ਅਮੀਰ ਮਾਲਕਾਂ ਲਈ ਬਹੁਤ ਖਤਰਨਾਕ ਬਣ ਚੁੱਕਾ ਸੀ। ਯੂਟਾਹ ਸਟੇਟ ਵਿਚ

ਉਸ ਸਮੇਂ ਸਿਆਸਤ, ਪੈਸਾ ਤੇ ਜਥੇਬੰਦ ਧਰਮ ਦੀ ਤਿੱਕੜੀ ਰਲ਼ ਕੇ ਰਾਜ ਕਰਦੀ ਸੀ ਤੇ ਫਿਲਿਪ ਫੋਨਰ ਅਨੁਸਾਰ "ਇਸ ਤਾਕਤਵਰ ਤਿਕੜੀ ਨੇ ਫੈਸਲਾ ਕਰ ਦਿੱਤਾ ਕਿ ਜੋਅ ਹਿੱਲ ਨੂੰ ਹਰ ਹਾਲਤ ਵਿਚ ਮਾਰਨਾ ਹੈ। ਜੋਅ ਹਿੱਲ ਦੀ ਸਜ਼ਾ ਵਿਰੁੱਧ ਉੱਠੀ ਅਮਰੀਕਨ ਇਤਿਹਾਸ ਵਿਚ ਸਭ ਤੋਂ ਵਧ ਤਾਕਤਵਰ ਰੋਸ ਲਹਿਰ ਨੂੰ ਅਣਗੌਲਿਆਂ ਕਰਕੇ ਇਹ ਤਿੱਕੜੀ ਆਪਣੇ ਇਸ ਫੈਸਲੇ 'ਤੇ ਕਾਇਮ ਰਹੀ। ਜੋਅ ਹਿੱਲ ਨੂੰ ਨਵੰਬਰ 19, 1915 ਦੇ ਦਿਨ ਯੂਟਾਹ ਸਟੇਟ ਦੇ ਸ਼ਹਿਰ ਸਾਲਟ ਲੇਕ ਦੀ ਜੇਲ੍ਹ ਵਿਚ ਪੰਜ ਬੰਦਿਆ ਦੇ 'ਫਾਇਰਿੰਗ ਸੁਕਐਡ' ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ। ਉਸ ਦੇ ਆਖਰੀ ਸ਼ਬਦ ਸਨ: ''ਮੈਂ ਬੜੀ ਸਾਫ ਜ਼ਮੀਰ (ਕਲੀਅਰ ਕੌਂਸ਼ੀਅੰਸ) ਨਾਲ ਮਰ ਰਿਹਾ ਹਾਂ, ਮੈਂ ਲੜਦਾ ਮਰ ਰਿਹਾ ਹਾਂ, ਕਿਸੇ ਡਰਾਕਲ ਦੀ ਤਰ੍ਹਾਂ ਨਹੀਂ"।

ਸ਼ਹੀਦ ਹੋਣ ਤੋਂ ਕੁਝ ਹੀ ਘੰਟੇ ਪਹਿਲਾਂ ਉਹਨੇ ਆਪਣੇ ਯੂਨੀਅਨ ਦੇ ਸਾਥੀ ਵਿਲੀਅਮ ਹੇਅਵੁੱਡ ਦੇ ਨਾਂਅ ਲਿਖੇ ਛੋਟੇ ਜਿਹੇ ਖਤ ਵਿਚ ਲਿਖਿਆ: "ਅਲਵਿਦਾ ਬਿੱਲ: ਮੈਂ ਇਕ ਸੱਚੇ ਵਿਦ੍ਰੋਹੀ ਵਾਂਗ ਮਰ ਰਿਹਾ ਹਾਂ। ਮੇਰੇ 'ਤੇ ਰੋਣ ਧੋਣ ਵਿਚ ਸਮਾਂ ਨਾ ਗੁਆਉਣਾ - ਜਥੇਬੰਦ ਹੋਣਾ"। ਜੋਅ ਹਿੱਲ ਦੇ ਇਹ ਸ਼ਬਦ ਅੱਜ ਵੀ ਹੜਤਾਲਾਂ ਵੇਲੇ, ਮਜ਼ਦੂਰ ਰੈਲੀਆਂ ਤੇ ਜਲੂਸਾਂ ਸਮੇਂ ਲੋਕਾਂ ਵੱਲੋਂ ਦੁਹਰਾਏ ਜਾਂਦੇ ਹਨ।

ਇਸ ਸਮੇਂ ਹੀ ਉਹਨੇ ਆਪਣਾ ਆਖਰੀ ਗੀਤ ਲਿਖਿਆ:

ਮੇਰੀ ਆਖਰੀ ਵਸੀਅਤ

ਮੇਰੀ ਵਸੀਅਤ ਦਾ ਫੈਸਲਾ ਹੈ ਬੜਾ ਹੀ ਸੁਖਾਲ਼ਾ
ਕੁਝ ਵੀ ਨਹੀਂ ਹੈ ਵੰਡਣ ਵਾਲਾ
ਮੇਰੇ ਨਜ਼ਦੀਕੀਆਂ ਨੂੰ ਲੜਨੇ ਦੀ ਕੋਈ ਲੋੜ ਨਾ
'ਰੁੜ੍ਹਦੇ ਪੱਥਰਾਂ 'ਤੇ ਕਦੇ ਉੱਗਦੀ ਕਾਈ ਨਾ '
ਮੇਰਾ ਧੜ? ਉਹ! ਜੇ ਮੈਂ ਚੁਣ ਸਕਦਾ
ਇਸ ਨੂੰ ਸਾੜ ਕੇ ਸੁਆਹ ਕਰਦਾ
ਮੌਜ ਮਸਤੀ 'ਚ ਉੱਡਦੀ ਹਵਾ ਨੂੰ ਦੇ ਦਿੰਦਾ
ਉਹ ਜਾ ਕੇ ਵਿਖੇਰਦੀ ਜਿੱਥੇ ਕਿਤੇ ਵੀ ਹੁੰਦੇ ਫੁੱਲ ਖਿੜਦੇ
ਤੇ ਸ਼ਾਇਦ ਕੋਈ ਮੁਰਝਾਇਆ ਫੁੱਲ
ਮੁੜ ਕੇ ਫੇਰ ਕਿਤੇ ਖਿੜਦਾ ਸੁਗੰਧੀਆਂ ਖਿਲੇਰਦਾ
ਬਸ ਇਹੀ ਹੈ ਮੇਰੀ ਆਖਰੀ ਵਸੀਅਤ
ਸਾਰੇ ਜੀਵੋ ਤੇ ਖੁਸ਼ੀਆਂ ਮਾਣੋ

(ਇਹ ਗੀਤ ਬਹੁਤ ਹੀ ਪ੍ਰਭਾਵਸ਼ਾਲੀ ਆਵਾਜ਼ ਵਿਚ ਮਰਵ ਹਮਿਲਟਨ ਵੱਲੋਂ ਗਾਇਆ ਇੰਟਰਨੈਟ http://www.marvmusic.com ਉੱਪਰ ਸੁਣਿਆ ਜਾ ਸਕਦਾ ਹੈ।)

ਆਪਣੇ ਗੀਤਾਂ ਨਾਲ ਯੂਨੀਅਨ ਵਿਚ ਯੋਗਦਾਨ ਪਾਉਣ ਦੇ ਨਾਲ ਨਾਲ ਜੋਅ ਹਿੱਲ ਨੇ ਆਪਣੀ ਸੂਝ ਤੇ ਆਪਣੇ ਸਮੇਂ ਤੋਂ ਵੀ ਅੱਗੇ ਦੀ ਸੋਚ ਦਾ ਹੋਰ ਲਿਖਤਾਂ ਵਿਚ ਵਿਖਾਵਾ ਕੀਤਾ। ਉਦਾਹਰਨ ਵਜੋਂ ਉਹਨੂੰ ਯੂਨੀਅਨ ਵਿਚ ਔਰਤਾਂ ਦੀ ਸ਼ਮੂਲੀਅਤ ਦੀ ਘਾਟ ਹਮੇਸ਼ਾ ਰੜਕਦੀ ਸੀ। ਉਹਨੇ ਲਿਖਿਆ: "ਯੂਨਾਈਟਿੱਡ ਸਟੇਟ ਵਿਚ ਔਰਤਾਂ ਨੂੰ ਨਿਰਾਸ਼ਾ ਦੀ ਹੱਦ ਤਕ ਅਣਗੌਲਿਆਂ ਕੀਤਾ ਜਾਂਦਾ ਹੈ, ਖਾਸ ਕਰ ਪੱਛਮੀ ਤੱਟ 'ਤੇ। ਨਤੀਜੇ ਵਜੋਂ ਅਸੀਂ ਯੂਨੀਅਨ ਨੂੰ ਇਕ ਲੱਤਾ ਘਿਨਾਉਣਾ ਜਿਹਾ ਅਜੀਬ ਜਾਨਵਰ ਬਣਾ ਦਿੱਤਾ ਹੈ। ... ਸਾਡੇ ਕੰਮਾਂ ਕਾਰਾਂ ਵਿਚ ਜ਼ਿੰਦਗੀ ਦੀ ਧੜਕਣ ਤੇ ਉਤਸਾਹ ਦੀ ਕਮੀ ਹੈ ਜੋ ਸਿਰਫ ਔਰਤ ਹੀ ਪੈਦਾ ਕਰ ਸਕਦੀ ਹੈ।"

ਜੋਅ ਹਿੱਲ ਦੇ ਮਿਸਾਲੀ ਜੀਵਨ ਬਾਰੇ ਕਾਫੀ ਕੁਛ ਲਿਖਿਆ ਮਿਲਦਾ ਹੈ। ਉਸ ਬਾਰੇ ਤਿੰਨ ਨਾਵਲ ਲਿਖੇ ਜਾ ਚੁੱਕੇ ਹਨ। ਬੈਰੀ ਸਟੇਵਿਸ ਨੇ 1954 ਵਿਚ ਜੋਅ ਹਿੱਲ ਬਾਰੇ ਇਕ ਮਸ਼ਹੂਰ ਕਿਤਾਬ, 'ਇਨਸਾਨ ਜੋ ਮਰਿਆ ਨਹੀਂ'ਲਿਖੀ। ਫਿਲਿਪ ਫੋਨਰ ਨੇ ਜੋਅ ਹਿੱਲ ਦੇ ਮੁਕੱਦਮੇ ਬਾਰੇ ਇਕ ਪੂਰੀ ਕਿਤਾਬ 'ਦਾ ਕੇਸ ਆਫ ਜੋਅ ਹਿੱਲ' ਲਿਖੀ ਹੈ। ਸਵੀਡਨ ਵਿਚ ਉਸ ਦੇ ਜੀਵਨ ਤੇ ਆਧਾਰਤ ਬਣੀ ਫਿਲਮ ਨੇ ਅੰਤਰ ਰਾਸ਼ਟਰੀ ਪੱਧਰ 'ਤੇ ਕਈ ਇਨਾਮ ਹਾਸਲ ਕੀਤੇ ਸਨ। ਇਸ ਫਿਲਮ 'ਤੇ ਆਧਾਰਤ ਜਾਹਨ ਮੈਕਡਰਮੈਂਟ ਵੱਲੋਂ 'ਜੋਅ ਹਿੱਲ' ਨਾਂ ਦਾ ਨਾਵਲ ਲਿਖਿਆ ਗਿਆ। ਜੋਅ ਹਿੱਲ ਦੇ ਗੀਤ ਬਹੁਤ ਸਾਰੇ ਲੋਕਾਂ ਨੇ ਗਾਏ ਹਨ।

ਪੰਜਾਬੀ ਕਵੀ (ਤੇ ਵਿਗਿਆਨੀ) ਸੁਖਪਾਲ ਨੇ 1993 ਵਿਚ ਮਜ਼ਦੂਰ ਜਮਾਤ ਵੱਲੋਂ ਗਾਏ ਜਾਣ ਵਾਲੇ ਗੀਤਾਂ ਦੀ ਇਕ ਕਿਤਾਬ ਤਿਆਰ ਕੀਤੀ ਸੀ - 'ਗੋਦ ਲਏ ਗੀਤ'। ਇਸ ਕਿਤਾਬ ਵਿਚ ਉਸ ਨੇ ਜੋਅ ਹਿੱਲ ਦੇ ਵੀ ਤਿੰਨ ਗੀਤ ਸ਼ਾਮਲ ਕੀਤੇ ਸਨ। ਸੁਖਪਾਲ ਨੇ ਇਨ੍ਹਾਂ ਗੀਤਾਂ ਨੂੰ ਜਿਉਂ ਦਾ ਤਿਉਂ ਅਨੁਵਾਦ ਨਹੀਂ ਸੀ ਕੀਤਾ ਸਗੋਂ ਉਨ੍ਹਾਂ ਦੀ ਪੰਜਾਬੀ ਵਿਚ ਮੁੜ-ਸਿਰਜਣਾ ਕਰਨ ਦੀ ਕਾਮਯਾਬ ਕੋਸ਼ਸ਼ ਕੀਤੀ ਸੀ। ਇਹ ਹੇਠਲਾ ਗੀਤ ਜੋਅ ਹਿੱਲ ਦੇ ਗੀਤ 'ਦੇਅਰ ਇਜ਼ ਪਾਵਰ ਇਨ ਦਾ ਯੂਨੀਅਨ' ਦਾ ਪੰਜਾਬੀ ਰੂਪ ਹੈ:

ਯੂਨੀਅਨ ਦਾ ਹੋਕਾ

ਭੁੱਖਾਂ ਦੁੱਖਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਜੇ
ਜੂਲਾ ਗਲੋਂ ਗੁਲਾਮੀ ਵਾਲਾ ਲਾਹੁਣਾ ਚਾਹੁੰਦੇ ਜੇ
ਹੱਥ ਵਧਾਓ ਹਿੱਸਾ ਪਾਓ ਲੋਕ ਲਹਿਰ ਵਿਚ ਲੋਕਾ ਵੇ
ਯੂਨੀਅਨ ਦੇ ਵਿਚ ਭਰਤੀ ਹੋ ਜਾਓ ਯੂਨੀਅਨ ਦਾ ਹੋਕਾ ਵੇ।

ਬੜਾ ਹੀ ਕਾਮਿਆਂ ਦੀ ਏਕਤਾ ਵਿਚ ਜ਼ੋਰ ਹੈ
ਇਸ ਜ਼ੋਰ ਅੱਗੇ ਮਾਲਕਾਂ ਦੀ ਹਰ ਤਾਕਤ ਕਮਜ਼ੋਰ ਹੈ
ਹੁਣ ਹਰ ਜਗ੍ਹਾ ਹੀ ਕਾਮਿਓ ਕਾਮਿਆਂ ਦਾ ਰਾਜ ਹੋਊ
ਹੁਣ ਪੈਰਾਂ ਥੱਲੇ ਲੁੱਟ ਦਾ ਆ ਗਿਆ ਹਰ ਤਾਜ ਹੋਊ
ਇਹ ਕਹਿ ਰਿਹਾ ਹੈ ਵਗ ਰਹੀ ਨਵੀਂ ਵਾਅ ਦਾ ਝੋਕਾ ਵੇ।

ਗੰਦਗੀ ਵਿਚ ਰੀਂਗਦੀ ਇਹ ਜ਼ਿੰਦਗੀ ਜੇ ਰਾਸ ਹੈ
ਤਾਂ ਭੁੱਲ ਜਾਓ ਫਿਰ ਯੂਨੀਅਨ ਦੀ ਗੱਲ ਬਕਵਾਸ ਹੈ
ਜੇ ਜ਼ਿੰਦਗੀ ਨੂੰ ਜੀਣ ਜੋਗਾ ਹੋ ਬਣਾਉਣਾ ਲੋਚਦੇ
ਤਾਂ ਹੱਥ ਮਿਲਾਓ ਫਿਰ ਉਨ੍ਹਾਂ ਸੰਗ ਜੋ ਇਹੋ ਗੱਲ ਸੋਚਦੇ
ਕਿਰਤਾਂ ਵਾਲੇ ਕੱਠੇ ਹੋ ਜਾਓ ਕੀ ਵੱਡਾ ਕੀ ਛੋਟਾ ਵੇ।

ਉੱਠੋ ਉੱਠੋ ਉੱਠੋ ਉੱਠੋ ਕਾਮਿਓ ਹਰ ਦੇਸ਼ 'ਚੋਂ
ਉੱਠੋ ਹੁਣ ਹਰ ਧਰਮ 'ਚੋਂ ਹਰ ਨਸਲ 'ਚੋਂ ਹਰ ਭੇਸ 'ਚੋਂ
ਫੁੱਟ ਦੀ ਹੁਣ ਪਾਈ ਲਕੀਰ ਨੂੰ ਹੈ ਲੰਘਣਾ
ਇਕ ਆਵਾਜ਼ ਹੋ ਕੇ ਦੁਨੀਆਂ 'ਚੋਂ ਹੈ ਹਿੱਸਾ ਮੰਗਣਾ
ਪੂੰਜੀਪਤੀਆਂ ਦਾ ਹਰ ਲਾਰਾ ਹੋ ਗਿਆ ਹੈ ਖੋਟਾ ਵੇ।

ਜੋਅ ਹਿੱਲ ਦੇ ਗੀਤ (ਅੰਗ੍ਰੇਜ਼ੀ ਵਿਚ) ਇਸ ਸਾਈਟ 'ਤੇ ਪੜ੍ਹੇ ਜਾ ਸਕਦੇ ਹਨ: http://www.folkarchive.de/history/hill.html 000

(sadhu.binning@gmail.com)

ਅੱਜੋਕੇ ਪੰਜਾਬੀ ਨਾਵਲ ਵਿਚ ਆਦਰਸ਼-ਵਿਹੂਣੇ ਨਾਇਕ ਦਾ ਚਿਤਰਨ : ਚੰਦਰ ਮੋਹਨ

'ਨਵੀਂ ਬਦਲ ਰਹੀ ਸਥਿਤੀ ਵਿਚ ਜਦੋਂ ਵਿਸ਼ਵ ਪੂੰਜੀਵਾਦ ਦੀ ਚੜ੍ਹਤ ਦੇ ਪ੍ਰਭਾਵ ਅਧੀਨ ਸਮਾਜਕ ਅਤੇ ਸਮੂਹਕ ਸਰੋਕਾਰ ਵਿਅਕਤੀ ਦੇ ਨਿੱਜੀ ਲਾਭਾਂ ਤੇ ਹਿੱਤਾਂ ਦੇ ਟਾਕਰੇ ਪਿੱਛੇ ਪੈ ਗਏ ਹਨ, ਕੀ ਉਸ ਸਮੇਂ ਵਿਸ਼ਾਲ ਕੈਨਵਸ ਵਾਲੇ ਨਾਵਲ ਦੀ ਪ੍ਰਸੰਗਕਤਾ ਤੇ ਸਾਰਥਿਕਤਾ ਬਣੀ ਰਹੇਗੀ'। ਡਾ. ਰਘਬੀਰ ਸਿੰਘ ਵੱਲੋਂ ਉਠਾਏ ਗਏ ਇਸ ਸਵਾਲ ਦਾ ਜਵਾਬ ਲੱਭਣ ਲਈ ਸਾਨੂੰ ਉਹਨਾਂ ਪੰਜਾਬੀ ਨਾਵਲਾਂ ਦੀ ਭਾਲ ਕਰਨੀ ਪਈ ਜਿਹਨਾਂ ਵਿਚ ਪੇਸ਼ ਨਾਇਕ ਸੱਚਮੁੱਚ ਹੀ ਐਸੇ ਵਿਅਕਤੀ ਦੇ ਦੀਦਾਰ ਕਰਵਾਉਂਦਾ ਹੋਏ ਜੋ ਆਪਣੇ ਨਿੱਜੀ ਲਾਭਾਂ ਤੇ ਹਿੱਤਾਂ ਦੀ ਪੂਰਤੀ ਲਈ ਹਰ ਹੀਲਾ ਵਰਤ ਕੇ ਸਫਲਤਾ ਦੀ ਪਉੜੀ ਚੜ੍ਹਨ ਵਿਚ ਡੂੰਘਾ ਯਕੀਨ ਰੱਖਦਾ ਹੈ। ਪੂੰਜੀਵਾਦੀ ਵਿਵਸਥਾ ਵਿਚ ਆਦਰਸ਼ਹੀਣਤਾ ਇਕ ਹੀਲਾ ਹੈ ਤੇ ਇਸ ਹੀਲੇ ਦਾ ਆਪਣਾ ਇਕ ਵਿਚਾਰਧਾਰਕ ਵਸੀਲਾ ਹੈ। ਇਹ ਵਸੀਲਾ ਇਕ ਐਸੇ ਵਿਅਕਤੀ ਦਾ ਹੈ ਜੋ ਆਪਣੇ ਨਿੱਜ ਦੀ ਖਾਤਰ ਪੁੱਠਾ ਸੋਚਦਾ ਹੈ ਤੇ ਇਸ ਪੁੱਠੇ 'ਚੋਂ ਜੀਵਨ ਦੀ ਸੇਧ ਤਲਾਸ਼ਦਾ ਹੈ। ਮੁਨਾਫ਼ਾ ਤੇ ਚੌਧਰ ਭਾਲਦਾ ਹੈ। ਉਹ ਮੌਕਾਪ੍ਰਸਤ ਹੈ, ਮਖੌਟਾਧਾਰੀ ਹੈ, ਭੇੜਿਆਂ ਦੀ ਸੰਗਤ ਕਰਨਾ ਉਸਦਾ ਧਰਮ ਹੈ, ਤੇ ਦੂਜਿਆਂ ਨੂੰ ਆਪਣੇ ਅਹਿਸਾਨਾਂ ਥੱਲੇ ਦਬਾਉਣਾ ਉਸਦਾ ਕਰਮ ਹੈ। ਕੋਈ ਉਸਦੇ ਸਾਹਵੇਂ ਬੋਲ ਨਹੀਂ ਸਕਦਾ ਕਿਉਂਕਿ ਪਲ ਪਲ ਬਦਲਣਾ ਉਸਦੀ ਫਿਤਰਤ ਹੈ। ਦੁਨੀਆਂ ਨੂੰ ਆਪਣੀਆਂ ਉਂਗਲਾਂ ਉੱਤੇ ਨਚਾਉਣ ਵਿਚ ਉਹ ਮਾਹਿਰ ਹੈ। ਏਸੇ ਲਈ ਉਸਦਾ ਆਦਰਸ਼-ਵਿਹੂਣਾ ਕਿਰਦਾਰ ਹੈ। ਅਤੇ ਅਜਿਹੇ ਕਿਰਦਾਰ ਵਾਲੇ ਵਿਅਕਤੀ ਦੀ ਅੱਜੋਕੇ ਜ਼ਮਾਨੇ 'ਚ ਜੈ- ਜੈਕਾਰ ਹੈ। ਇਹ ਸਾਰਾ ਕੁਝ ਬਿਧੀ ਚੰਦ, ਅਰਵਿੰਦ ਤੇ ਗੁਰਦਿਆਲ ਨਾਮਕ ਪਾਤਰਾਂ ਦੇ ਜੀਵਨ-ਬਿਰਤਾਂਤ ਉੱਤੇ ਪੂਰਾ ਢੁੱਕਦਾ ਹੈ ਜੋ ਕ੍ਰਮਵਾਰ 'ਅਫਲਾਤੂ', 'ਮੋਰ ਉਡਾਰੀ' ਅਤੇ 'ਲੋਟਾ' ਨਾਵਲਾਂ ਦੇ ਨਾਇਕ ਹਨ।

ਬਲਦੇਵ ਸਿੰਘ ਰਚਿਤ ਨਾਵਲ 'ਅਫਲਾਤੂ' ਬਿਧੀ ਚੰਦ ਨੂੰ ਇਕ ਐਸੇ ਆਦਰਸ਼-ਵਿਹੂਣੇ ਨਾਇਕ ਦੇ ਤੌਰ ਉੱਤੇ ਪੇਸ਼ ਕਰਦਾ ਹੈ ਜੋ ਆਪਣੇ ਸੰਪਰਕ ਵਿਚ ਆਉਣ ਵਾਲੇ ਪ੍ਰਾਣੀਆਂ ਦੇ ਜੀਵਨ ਦੇ ਹਰ ਪਹਿਲੂ ਨੂੰ ਬੜੀ ਹੀ ਸਫਾਈ ਨਾਲ ਲੁੱਟਣ ਵਿਚ ਮਾਹਿਰ ਹੈ। ਵਾਸਤਵਿਕ ਰੂਪ ਵਿਚ ਬਿਧੀ ਚੰਦ ਸਮਾਜ ਵਿਚ ਵਿਚਰਦੇ ਇਕ ਐਸੇ ਵਿਅਕਤੀ ਦਾ ਪ੍ਰਤਿਰੂਪ ਹੈ ਜਿਸਦੇ ਮਨ ਅੰਦਰ ਇਹ ਵਿਚਾਰ ਘਰ ਕਰੀ ਬੈਠਾ ਹੈ ਕਿ ਵਿਅਕਤੀ ਦੁਨੀਆਂ ਨੂੰ ਸਹਿਜੇ ਹੀ ਲੁੱਟ ਸਕਦਾ ਹੈ, ਜੇ ਉਸਨੂੰ ਲੁੱਟਣ ਦੀਆਂ ਕਲਾਬਾਜ਼ੀਆਂ ਆਉਂਦੀਆਂ ਹੋਣ। ਨਾਵਲਕਾਰ ਬਲਦੇਵ ਸਿੰਘ ਨੇ ਬਿਧੀ ਚੰਦ ਦੇ ਲੋਟੂ-ਵਤੀਰੇ ਦੀਆਂ ਵਿਉਂਤਬਾਜ਼ੀਆਂ ਨੂੰ 'ਅਫਲਾਤੂ' ਨਾਵਲ ਦੀ ਬਿਰਤਾਂਤਕਾਰੀ ਵਜੋਂ ਵਰਤ ਕੇ ਪੰਜਾਬੀ ਸਮਾਜਕ ਵਰਤ-ਵਰਤਾਰੇ ਵਿਚ ਆਦਰਸ਼-ਵਿਹੂਣੀ ਮਾਨਵੀ ਹੋਂਦ ਧਾਰਨ ਕਰ ਚੁੱਕੇ 'ਫਲਾਤੂ (ਜਿਸ ਦੀਆਂ ਸਿਫਤਾਂ ਦੀਆਂ ਬਦਖੋਹੀਆਂ ਹੋਣ) ਕਿਸਮ ਦੇ ਵਿਅਕਤੀ ਦੇ ਦੀਦਾਰ ਕਰਵਾਏ ਹਨ।

ਨਾਵਲੀ ਕਹਾਣੀ ਤੋਂ ਪਤਾ ਚਲਦਾ ਹੈ ਕਿ ਬਿਧੀ ਚੰਦ ਪਿੰਡ 'ਫੌਜਾ ਸਿੰਘ ਦੇ ਕੋਠਿਆਂ' ਦਾ ਵਸਨੀਕ ਹੈ। ਬਿਧੀ ਚੰਦ ਦੇ ਪਿਤਾ ਲਾਲਾ ਖਰਾਇਤੀ ਲਾਲ ਨੇ 1955 ਵਿਚ ਆਈ ਭਾਰੀ ਹੜ੍ਹਾਂ ਦੀ ਤਬਾਹੀ ਕਾਰਨ ਨਵੇਂ ਵਸ ਰਹੇ 'ਫੌਜਾ ਸਿੰਘ ਦੇ ਕੋਠੇ' ਨਾਂ ਦੇ ਪਿੰਡ ਵਿਚ ਪਹਿਲਾਂ ਇਕ ਦੁਕਾਨ ਪਾਈ ਤੇ ਫਿਰ ਥਾਂ ਖਰੀਦ ਕੇ ਦੋ ਕਮਰੇ ਛੱਤ ਲਏ ਤੇ ਇਸ ਪਿੰਡ ਦਾ ਵਾਸੀ ਬਣ ਗਿਆ। ਲਾਲਾ ਖਰਾਇਤੀ ਲਾਲ ਵਾਂਗ ਹੀ ਆਪਣੀਆਂ ਆਪਣੀਆਂ ਸਹੂਲਤਾਂ ਲਈ ਹੋਰ ਜ਼ਿਮੀਂਦਾਰ ਤੇ ਉਹਨਾਂ ਦੇ ਮੁਜਾਰੇ, ਸੀਰੀ, ਲੁਹਾਰ, ਤਰਖਾਣ ਆਦਿ ਵੀ ਕੋਠੀਂ ਆਣ ਵਸੇ ਤੇ ਸਭ ਤੋਂ ਪਹਿਲਾਂ ਜ਼ਿਮੀਂਦਾਰ ਫੌਜਾ ਸਿੰਘ ਨੇ ਆਪਣੇ ਜੱਦੀ ਪਿੰਡ ਨੂੰ ਛੱਡ ਕੇ ਉੱਚੀ ਥਾਂ ਡੇਰੇ ਲਾਏ ਹੋਣ ਕਰਕੇ ਪਿੰਡ ਦਾ ਨਾਮ

'ਫੌਜਾ ਸਿੰਘ ਦੇ ਕੋਠੇ' ਪੱਕ ਗਿਆ। ਨਾਵਲਕਾਰ ਨੇ ਪਿੰਡ 'ਫੌਜਾ ਸਿੰਘ ਦੇ ਕੋਠੇ' ਨੂੰ ਮੂਲ ਨਾਵਲੀ ਚੌਖਟੇ ਦੇ ਰੂਪ ਵਿਚ ਲੈ ਕੇ ਇਕ ਵਿਅਕਤੀ ਦੀ ਆਦਰਸ਼-ਵਿਹੂਣੀ ਹੋਂਦ ਬਣਾਉਣ ਵਿਚ ਭੂਮਿਕਾ ਨਿਭਾਉਣ ਵਾਲੇ ਅਹਿਮ ਸਮਾਜਕ ਕਾਰਕਾਂ ਦੀ ਨਿਸ਼ਾਨਦੇਹੀ ਕੀਤੀ ਹੈ।

ਨਾਵਲ ਦੀ ਕਹਾਣੀ ਤਾਂ ਏਨੀ ਕੁ ਹੀ ਹੈ ਕਿ ਧੀਰਾ ਬਿਧੀ ਚੰਦ ਦੇ ਘਰ ਜਾਂਦਾ ਹੈ। ਬਿਧੀ ਚੰਦ ਨੂੰ ਡਰ ਖਾ ਜਾਂਦਾ ਹੈ ਕਿ ਧੀਰੇ ਨੂੰ ਉਸਦੇ ਤੇ ਬੀਬੋ ਦੇ ਇਸ਼ਕ ਦਾ ਪਤਾ ਲੱਗ ਗਿਆ ਹੈ। ਧੀਰਾ ਬੀਬੋ ਦੇ ਚਾਚੇ ਦਾ ਮੁੰਡਾ ਹੈ। ਬੜੇ ਅੜਬ ਸੁਭਾਅ ਦਾ ਬੰਦਾ ਹੈ। ਲੜਾਈ ਮੁੱਲ ਲੈਣ ਵਾਲਾ। ਬਿਧੀ ਚੰਦ ਉਸ ਤੋਂ ਡਰਦਾ ਮਾਰਿਆ ਘਰੋਂ ਭੱਜ ਜਾਂਦਾ ਹੈ। ਫੌਜ ਵਿਚ ਭਰਤੀ ਹੁੰਦਾ ਹੈ। ਫੇਰ ਉੱਥੋਂ ਭਗੌੜਾ ਹੋ ਜਾਂਦਾ ਹੈ। ਆਪਣੇ ਪਿੰਡ ਆ ਜਾਂਦਾ ਹੈ। ਮਾਘੀ ਨਾਲ ਰਲ ਕੇ ਉਹ ਕਿਸੇ ਸਾਧ ਦੇ ਡੇਰੇ ਉੱਤੇ ਰਹਿਣ ਲੱਗ ਪੈਂਦਾ ਹੈ। ਉੱਥੋਂ ਅੱਖਾਂ ਦੀ ਦਵਾਈ ਬਣਾਉਣੀ ਸਿੱਖ ਕੇ ਝੂਠਾ-ਮੂਠਾ ਵੈਦ ਬਣ ਜਾਂਦਾ ਹੈ। ਗੇਲੂ ਮਾਲਸ਼ੀ ਤੋਂ ਥੋੜ੍ਹੇ ਕੁ ਗੁਰ ਸਿੱਖ ਕੇ ਉਹ ਮਾਲਸ਼ ਕਰਨ ਦਾ ਧੰਦਾ ਅਪਣਾਉਂਦਾ ਹੈ। ਕਾਲੇ ਕੱਛੇ ਪਾ ਕੇ ਆਪਣੇ ਹੀ ਪਿੰਡ ਦੇ ਲੋਕਾਂ ਨੂੰ ਲੁੱਟਦਾ ਹੈ। ਫਿਰ ਉਹ ਟਰੱਕ ਡਰਾਈਵਰ ਬਣਦਾ ਹੈ। ਜਦੋਂ ਉਸਨੂੰ ਅੱਤਵਾਦੀ ਧਮਕਾਉਂਦੇ ਨੇ ਤਾਂ ਉਹ ਸਿੱਖੀ ਬਾਣਾ ਧਾਰ ਕੇ ਸਿੰਘ ਸਜ ਜਾਂਦਾ ਹੈ ਤੇ ਗ੍ਰੰਥੀ ਬਣ ਬੈਠਦਾ ਹੈ। ਉਸਦਾ ਆਪਣੇ ਪਿੰਡ ਤੇ ਇਲਾਕੇ ਦੇ ਮੋਹਤਬਰ ਬੰਦਿਆਂ ਨਾਲ ਬਹਿਣ-ਉੱਠਣ ਹੋ ਜਾਂਦਾ ਹੈ। ਇਸ ਉੱਠਣ-ਬੈਠਣ ਕਰਕੇ ਉਹ ਸਿਆਸਤੀ ਘੁਣਤਰਾਂ ਵੀ ਸਿੱਖ ਜਾਂਦਾ ਹੈ। ਅਜਿਹਾ ਨਾਵਲੀ ਕਾਰਜ ਪਿੰਡ ਦੀ ਸੱਥ ਵਿਚ ਬਿਧੀ ਚੰਦ ਬਾਰੇ ਹੁੰਦੀਆਂ ਭਾਂਤ ਭਾਂਤ ਦੀਆਂ ਗੱਲਾਂ ਅਤੇ ਬਿਧੀ ਚੰਦ ਵੱਲੋਂ ਅਪਨਾਏ ਜਾਂਦੇ ਕਾਰਜਾਂ ਕਾਰਨ ਉਸਦੇ ਪਲ ਪਲ ਬਦਲਣਸ਼ੀਲ ਵਤੀਰੇ ਵਿਚੋਂ ਉਘੜਦਾ ਹੈ। ਨਾਵਲ ਦੀ ਬਿਰਤਾਂਤਕ ਉਸਾਰੀ ਲਈ ਨਾਵਲਕਾਰ ਨੇ ਪਿੰਡ ਕੋਠਿਆਂ ਦੀ ਸੱਥ ਅਤੇ ਮੰਡੀ ਦੀ ਸੜਕ ਵਾਲੀ ਸੱਥ ਦੀ ਵਰਤੋਂ ਬੜੇ ਹੀ ਕਲਾਮਈ ਰੂਪ ਵਿਚ ਕੀਤੀ ਹੈ। ਜਿੱਥੇ ਇਹਨਾਂ ਦੋਹਾਂ ਸੱਥਾਂ ਵਿਚ ਹੁੰਦੀਆਂ ਗੱਲਾਂ ਨਾਵਲੀ ਢਾਂਚੇ ਦੀਆਂ ਤੰਦਾਂ ਨੂੰ ਜੋੜਦੀਆਂ ਹਨ, ਉੱਥੇ ਨਾਵਲ ਦੇ ਨਾਇਕ ਬਿਧੀ ਚੰਦ ਦੇ ਜੀਵਨ ਚਰਿੱਤਰ ਨੂੰ ਵਿਸ਼ੇਸ਼ ਤੌਰ ਉੱਤੇ ਉਘਾੜਦੀਆਂ ਹਨ।

ਨਾਵਲਕਾਰ ਨੇ ਬਿਧੀ ਚੰਦ ਦੇ ਚਰਿੱਤਰ ਦੀ ਨਿਰਮਾਣਕਾਰੀ ਲਈ ਪੰਜਾਬੀ ਸਮਾਜ ਵਿਚ ਪੈਦਾ ਹੋ ਚੁੱਕੇ ਇਕ ਐਸੇ ਵਿਅਕਤੀ ਦੇ ਜੀਵਨ-ਦਰਸ਼ਨ ਨੂੰ ਕਲਾਤਮਕ ਮਾਧਿਅਮ ਵਜੋਂ ਚੁਣਿਆ ਹੈ ਜਿਸਦਾ ਸਮਾਜਕ ਤੇ ਸਭਿਆਚਾਰਕ ਦ੍ਰਿਸ਼ਟੀ- ਬਿੰਦੂਆਂ ਤੋਂ ਵਾਸਤਵ ਵਿਚ ਕੋਈ ਜੀਵਨ-ਦਰਸ਼ਨ ਹੈ ਹੀ ਨਹੀਂ। ਕਿਉਂਕਿ ਉਹ ਪੁੱਠੇ-ਸਿੱਧੇ ਕੰਮ ਕਰਨ ਵਿਚ ਬੜਾ ਮਾਹਿਰ ਹੈ। ਚਲਿੱਤਰੀ ਬੰਦਾ ਹੈ। ਪਰਿਵਾਰਕ ਤੇ ਸਮਾਜਕ ਰਿਸ਼ਤਿਆਂ ਨੂੰ ਨਿਭਾਉਣ ਪ੍ਰਤਿ ਲਾਪਰਵਾਹ ਹੈ। ਮਾਨਵੀ ਕੀਮਤਾਂ ਦਾ ਘਾਣ ਕਰਨ ਵਾਲਾ ਹੈ। ਮਾਨਵਵਾਦੀ ਬਣਨ ਦਾ ਢੌਂਗ ਰਚਣ ਵਿਚ ਮਾਹਿਰ ਹੈ। ਪੈਰ ਪੈਰ ਉੱਤੇ ਝੂਠ ਬੋਲਣ ਵਾਲਾ ਹੈ। ਬਿਨਾਂ ਸਿਰ ਪੈਰ ਦੀਆਂ ਗੱਲਾਂ ਕਰਨ ਵਾਲਾ ਹੈ। ਪੁੱਠੀ ਗੱਲ ਉਸਦੇ ਛੇਤੀ ਸਮਝ ਪੈਂਦੀ ਹੈ ਤੇ ਉਸ ਉੱਤੇ ਉਹ ਅਮਲ ਵੀ ਜਲਦੀ ਜਲਦੀ ਕਰਦਾ ਹੈ। ਲੋਕਾਂ ਸਾਹਵੇਂ ਸਹਿਜ ਦਿਸਣ ਦਾ ਨਾਟਕ ਖੇਡਣ ਵਿਚ ਮਾਹਿਰ ਹੈ। ਸਾਊਪੁਣੇ ਤੋਂ ਦੂਰ ਪਰ ਸਾਊ ਦਿਸਣ ਵਿਚ ਮਾਹਿਰ ਹੈ। ਸ਼ਰਾਰਤੀ ਤੇ ਝਗੜਾਲੂ ਕਿਸਮ ਦਾ ਬੰਦਾ ਹੈ। ਯਾਰਾਂ ਬੇਲੀਆਂ ਦੀ ਕਦਰ ਨਾ ਕਰਨ ਵਾਲਾ। ਮੌਕੇ ਉੱਤੇ ਚੋਰਾਂ ਵਾਂਗ ਖਿਸਕਣ ਵਾਲਾ। ਕਾਮੀ ਨਜ਼ਰਾਂ ਦਾ ਮਾਲਕ। ਦਾਰੂ ਮੁਰਗੇ ਛਕਣ ਵਾਲਾ। ਹਰ ਬੰਦੇ ਨਾਲ ਦਾਅ ਪੇਚ ਖੇਡਣ ਵਾਲਾ। ਹਰ ਬੰਦੇ ਨੂੰ ਵਡਿਆਉਣ ਵਿਚ ਮਾਹਿਰ। ਨਵੇਂ ਨਵੇਂ ਕਿੱਸੇ ਘੜ ਕੇ ਸੁਣਾਉਣ ਵਿਚ ਮਾਹਿਰ। ਸਭ ਨੂੰ ਟਿੱਚ ਜਾਨਣ ਵਾਲਾ। ਨਿੱਤ ਨਵੇਂ ਟਿਕਾਣੇ ਤੇ ਕੰਮ-ਕਿੱਤੇ ਬਦਲਣ ਵਾਲਾ। ਨਾਵਲ ਦੇ ਸਾਰੇ ਕਲਾਤਮਕ ਤੱਤਾਂ ਦਾ ਤਾਣ ਬਿਧੀ ਚੰਦ ਦੇ ਐਸੇ ਹੀ ਆਦਰਸ਼-ਵਿਹੂਣੇ ਚਰਿੱਤਰ ਨੂੰ ਉਭਾਰਨ ਉੱਤੇ ਲੱਗਾ ਹੋਇਆ ਹੈ।

ਇਸ ਪਾਤਰ ਰਾਹੀਂ ਇਕ ਐਸੇ ਸਮਾਜਕ ਵਿਅਕਤੀ ਦੀ ਪਛਾਣ ਹੁੰਦੀ ਹੈ ਜਿਸਦੇ ਮਨ ਵਿਚ

ਇਹ ਵਿਚਾਰ ਪੱਕ ਚੁੱਕਾ ਹੈ ਕਿ ਜੇ ਦੌਲਤ ਨਾਲ ਵਿਅਕਤੀ ਆਪਣੇ ਐਬ ਢਕ ਸਕਦਾ ਹੈ ਤਾਂ ਇਹ ਕੰਮ ਬਿਨਾਂ ਦੌਲਤੋਂ ਵੀ ਸੰਭਵ ਹੋ ਸਕਦਾ ਹੈ। ਵੱਡਾ ਲੀਡਰ ਬਣ ਕੇ, ਜ਼ਮੀਨਾਂ ਦੇ ਮਾਲਕ ਬਣ ਕੇ ਜਾਂ ਵੱਡੇ ਵੱਡੇ ਕਾਰਖਾਨੇ ਲਾ ਕੇ ਹੀ ਐਸ਼ ਨਹੀਂ ਕੀਤੀ ਜਾ ਸਕਦੀ, ਜਵਾਂ ਨੰਗ ਹੋ ਕੇ ਵੀ ਐਸ਼ ਕੀਤੀ ਜਾ ਸਕਦੀ ਹੈ। ਇਸ ਕੰਮ ਲਈ ਉਸਨੂੰ ਆਪਣੇ ਆਪ ਨੂੰ ਹਰ ਹੀਲੇ ਇਸ ਯੋਗ ਬਣਨਾ ਪਵੇਗਾ ਕਿ ਪੈਸੇ ਵਾਲਿਆਂ ਨੂੰ ਉਸਦੀ ਲੋੜ ਮਹਿਸੂਸ ਹੋਵੇ ਤੇ ਸਿਆਸੀ ਬੰਦਿਆਂ ਨੂੰ ਬੇਵਕੂਫ ਬਣਾਉਣ ਵਿਚ ਉਹ ਸਿਰੇ ਦਾ ਸ਼ਾਤਰ ਹੋਵੇ। ਅਮੀਰ ਵਰਗ ਤੇ ਸੱਤਾ-ਸਿਆਸਤ ਦੇ ਗਲਿਆਰਿਆਂ ਨਾਲੋਂ ਉਹ ਚੰਗਾ ਖਾਵੇ ਤੇ ਚੰਗਾ ਹੰਢਾਵੇ। ਅਜਿਹੇ ਵਿਅਕਤੀ ਨੂੰ ਹੀ ਨਾਵਲਕਾਰ ਨੇ ਬਿਧੀ ਚੰਦ ਉਰਫ ਬਿਧੀਆ ਉਰਫ ਬਿਧੀ ਚੰਦ ਸਿੰਘ ਖਾਲਸਾ ਦੇ ਜੀਵਨ-ਬਿਰਤਾਂਤ ਰਾਹੀਂ ਸਾਕਾਰ ਕੀਤਾ ਹੈ।

ਬਿਧੀ ਚੰਦ ਦੇ ਜੀਵਨ-ਬਿਰਤਾਂਤ ਦੇ ਆਦਰਸ਼-ਵਿਹੂਣੇ ਚਰਿੱਤਰਗਤ ਪਹਿਲੂਆਂ ਨੂੰ ਗਲਪੀ ਵਿਸਤਾਰ ਦੇਣ ਲਈ ਨਾਵਲਕਾਰ ਨੇ ਵਿਭਿੰਨ ਗਲਪੀ ਵੇਰਵਿਆਂ ਦੀ ਸਿਰਜਣਾ ਕੀਤੀ ਹੈ। ਜਿਵੇਂ, ਬਿਧੀ ਚੰਦ ਦਾ ਆਪਣੇ ਮਾਪਿਆਂ ਦੀ ਮੌਤ ਦੇ ਸੰਸਕਾਰਾਂ ਵਿਚ ਸ਼ਰੀਕ ਨਾ ਹੋਣਾ, ਆਪਣੀ ਭਰਜਾਈ ਨੀਲੂ ਨੂੰ ਕਾਮੀ ਨਜ਼ਰਾਂ ਨਾਲ ਤੱਕਣਾ, ਆਪਣੇ ਹੀ ਪਿੰਡ ਦੀ ਕੁੜੀ ਨਾਲ ਕਾਮ- ਸੰਬੰਧ ਬਣਾਉਣੇ ਤੇ ਉਸਨੂੰ ਗਰਭਤ ਕਰਨਾ, ਉਸਨੂੰ ਵੀਰ ਕਹਿਣ ਵਾਲੀ ਸਰਪੰਚਣੀ ਵੀਰਪਾਲ ਕੌਰ ਦੀ ਦੇਹ ਵੱਲ ਕਾਮੀ ਨਜ਼ਰਾਂ ਨਾਲ ਵੇਖਣਾ, ਸਿਰਫ ਤੇ ਸਿਰਫ ਮੋਹ-ਪਿਆਰ ਦੀ ਭੁੱਖੀ ਭੰਤੋ ਨੂੰ ਦਗ਼ੇ ਤੇ ਦਗ਼ਾ ਦੇਈ ਜਾਣਾ, ਨਾਮਧਰੀਕ ਗ੍ਰੰਥੀ-ਵੈਦ-ਮਾਲਿਸ਼ ਕਰਨ ਵਾਲਾ ਬਣ ਕੇ ਆਮ ਲੋਕਾਂ ਨੂੰ ਠੱਗਣਾ, ਡਰਾਈਵਰ ਬਣ ਕੇ ਆਪਣੇ ਸਾਥੀਆਂ ਨਾਲ ਧੋਖਾ ਕਰਨਾ। ਉਪਰੰਤ ਇੰਦਰਾ ਗਾਂਧੀ ਦਾ ਕਤਲ, ਅਕਾਲ ਤਖਤ ਉੱਤੇ ਫੌਜ ਦਾ ਹਮਲਾ, ਭਿੰਡਰਾਂਵਾਲੇ ਦਾ ਮਾਰਿਆ ਜਾਣਾ, ਮੁੱਖ ਮੰਤਰੀ ਬੇਅੰਤ ਸਿੰਘ ਨੂੰ ਚੰਡੀਗੜ੍ਹ 'ਚ ਅੱਤਵਾਦੀਆਂ ਵੱਲੋਂ ਬੰਬ ਨਾਲ ਉੜਾ ਦੇਣਾ, ਅਕਾਲੀ-ਭਾਜਪਾ ਦੀ ਸਾਂਝੀ ਸਰਕਾਰ ਅਤੇ ਕਾਂਗਰਸ ਪਾਰਟੀ ਦੀ ਸਰਕਾਰ ਦੀ ਕਾਇਮੀ ਆਦਿ ਦੇ ਸਾਰੇ ਤੱਥਾਤਮਕ ਗਲਪੀ ਵੇਰਵੇ ਦਰਸਾਉਂਦੇ ਹਨ ਕਿ ਅੱਜੋਕਾ ਸਮਾਜਕ ਤੇ ਰਾਜਨੀਤਕ ਤਾਣਾ-ਬਾਣਾ ਏਨਾ ਉਲਝ ਚੁੱਕਾ ਹੈ ਕਿ ਸਮਾਜ ਵਿਚ ਵਿਚਰਦੇ ਵਿਅਕਤੀ ਦਾ ਪਤਾ ਹੀ ਨਹੀਂ ਲਗਦਾ ਕਿ ਉਹ ਆਪਣੇ ਅੰਦਰ ਕੀ ਕੀ ਛੁਪਾਈ ਫਿਰਦਾ ਹੈ। ਬਿਧੀ ਚੰਦ ਦਾ ਜੀਵਨ-ਬਿਰਤਾਂਤ ਇਸ ਕੀ ਕੀ ਦੀ ਪਛਾਣ ਹੀ ਤਾਂ ਹੈ। ਇਹ ਪਛਾਣ ਬਿਧੀ ਚੰਦ ਦੇ ਹੋਰਨਾਂ ਪਾਤਰਾਂ ਜਿਵੇਂ ਲਾਲਾ ਖਰਾਇਤੀ ਲਾਲ, ਕਲਾਵੰਤੀ, ਸਾਧੂ ਰਾਮ, ਲਾਜੋ, ਨੀਲੂ, ਮੋਹਨ ਲਾਲ, ਧੀਰਾ, ਬੀਬੋ, ਵੀਰੋ, ਭੰਤੋ, ਭੀਮਾ, ਬਲਕਾਰ, ਭਈਆ ਸੇਵਾ, ਪਾਖਰ, ਜਗਤਾ, ਮਾਘੀ, ਬਿਸ਼ਨਾ, ਨੱਥਾ, ਆਲਾ, ਆਤੂ, ਬੇਅੰਤ, ਹਰ ਕੌਰ, ਗੁਰਪ੍ਰੀਤ, ਗ੍ਰੰਥੀ, ਸਰਪੰਚ ਅਤੇ ਪਿੰਡ ਦੇ ਲੋਕਾਂ ਨਾਲ ਦਵੰਦਾਤਮਕ ਸੰਬੰਧਾਂ ਦੇ ਤਾਣੇ-ਬਾਣੇ ਤੋਂ ਸਹਿਜੇ ਹੀ ਹੋ ਜਾਂਦੀ ਹੈ। ਬਿਧੀ ਚੰਦ ਜਦੋਂ ਬਿਧੀ ਚੰਦ ਸਿੰਘ ਖਾਲਸਾ ਦਾ ਰੂਪ ਧਾਰ ਕੇ ਆਪਣੇ ਪਿੰਡ ਵਿਚ ਗੁਰਬਾਣੀ ਦਾ ਮਧੁਰ ਪਾਠ ਕਰਦਾ ਹੈ ਤਾਂ ਪਿੰਡ ਦੇ ਲੋਕ ਉਸਨੂੰ ਬਦਲਿਆ ਹੋਇਆ ਖ਼ਿਆਲਦੇ ਹਨ। ਪਰ ਵਾਸਤਵ ਵਿਚ ਐਸਾ ਨਹੀਂ ਹੈ। ਵਾਸਤਵ ਵਿਚ ਤਾਂ ਬਿਧੀ ਚੰਦ ਸਿੱਖੀ ਬਾਣੇ 'ਚ ਕੁਕਰਮ ਕਰਨ ਵਾਲੇ ਅਖੌਤੀ ਸਿੱਖਾਂ ਦਾ ਪ੍ਰਤਿਰੂਪ ਹੈ, ਜਿਸਨੂੰ ਨਾਵਲਕਾਰ ਨੇ ਲੁਕੀ ਹਕੀਕਤ ਦੀ ਪਛਾਣ ਲਈ ਘੜਿਆ ਹੈ। ਬਿਧੀ ਚੰਦ ਜਦੋਂ ਕੇਸਰੀ ਤੋਂ ਨੀਲੇ ਤੇ ਨੀਲੇ ਤੋਂ ਚਿੱਟੇ ਰੰਗ ਦੀ ਪਗੜੀ ਵਾਰ ਵਾਰ ਧਾਰਨ ਕਰਦਾ ਹੈ ਤਾਂ ਅਸਲ ਵਿਚ ਉਹ ਲੋਕਤੰਤਰਕ ਢਾਂਚੇ ਦੇ ਛੋਟੇ ਪੱਧਰ ਦੇ ਸਿਆਸੀ ਲੀਡਰਾਂ ਦੀ ਦਲ-ਬਦਲੂ ਰਾਜਨੀਤਕ ਖੇਡ ਨੂੰ ਦਰਸਾ ਰਿਹਾ ਹੁੰਦਾ ਹੈ। ਬਿਧੀ ਚੰਦ ਜਦੋਂ ਆਪਣੀ ਭਰਜਾਈ ਨੀਲੂ, ਆਪਣੀਆਂ ਪ੍ਰੇਮਕਾਵਾਂ ਭੰਤੋ ਤੇ ਬੀਬੋ, ਵੀਰਪਾਲ ਕੌਰ ਤੇ ਉਸ ਕੋਲੋਂ ਮਾਲਿਸ਼ ਕਰਾਉਂਦੀਆਂ ਹੋਰਨਾਂ ਤ੍ਰੀਮਤਾਂ ਨੇੜੇ ਜਾਂਦਾ ਹੈ ਤਾਂ ਉਸ ਅੰਦਰਲਾ ਜੋ ਕਾਮੀ ਘੋੜਾ ਹਿਣਕਦਾ. ਉਹ ਸਮਾਜ ਵਿਚ ਫੈਲ ਚੁੱਕੀ ਅਨੈਤਿਕ ਲਿੰਗਕਤਾ ਨੂੰ ਹੀ ਦਰਸਾ ਰਿਹਾ ਹੁੰਦਾ ਹੈ। ਬਿਧੀ ਚੰਦ ਨੂੰ ਸਰਪੰਚਣੀ ਦਾ ਪੁੱਤ

ਗੁਰਪ੍ਰੀਤ ਸਕਤਾ ਬਣ ਕੇ ਟੱਕਰਦਾ ਤਾਂ ਵਿਖਾਇਆ ਗਿਆ ਹੈ ਪਰ ਉਸਦਾ ਬਿਧੀ ਚੰਦ ਨੂੰ ਕੈਨੇਡਾ ਲੈ ਜਾਣ ਵਾਲਾ ਵਾਕਿਆ ਕਿਸੇ ਨਤੀਜੇ ਉੱਤੇ ਨਹੀਂ ਪੁੱਜਣ ਦਿੰਦਾ ਕਿ ਦੋਹਾਂ 'ਚੋਂ ਸਕਤਾ ਕੌਣ ਹੈ। ਕਿਉਂਕਿ ਇੱਥੇ ਨਾਵਲੀ ਕਹਾਣੀ ਦਾ ਅੰਤ ਹੋ ਜਾਂਦਾ ਹੈ। ਆਪਣੇ ਪਿੰਡ 'ਫੌਜਾ ਸਿੰਘ ਦੇ ਕੋਠੇ' 'ਚ ਰਹਿੰਦਿਆਂ ਅਤੇ ਭਾਰਤ ਦੇ ਹੋਰਨਾਂ ਪ੍ਰਾਂਤਾਂ ਵਿਚ ਟਰੱਕ ਡਰਾਈਵਰੀ ਕਰਦਿਆਂ ਬਿਧੀ ਚੰਦ ਨੇ ਜਿੱਥੇ ਚੰਗੇ ਭਲਿਆਂ ਨੂੰ ਮੂਰਖ ਬਣਾਇਆ ਸੀ, ਕੀ ਕੈਨੇਡਾ ਵਰਗੇ ਵਿਕਸਤ ਪੂੰਜੀਵਾਦੀ ਦੇਸ਼ ਵਿਚ ਜਾ ਕੇ ਵੀ ਉਹ ਕੋਈ ਐਸੇ ਚਮਤਕਾਰ ਕਰੇਗਾ ਤੇ ਖਾਸਕਰ ਗੁਰਪ੍ਰੀਤ ਲਈ ਡਾਲਰਾਂ ਦੀ ਮਸ਼ੀਨ ਬਣ ਪਾਏਗਾ? ਇਕ ਐੱਨ.ਆਰ.ਆਈ. ਬਣ ਕੇ ਉਹ ਕਿਹੋ ਜਿਹਾ ਵਿਅਕਤੀ ਸਾਬਤ ਹੋਏਗਾ? ਇਸ ਸਵਾਲ ਦਾ ਜਵਾਬ ਇੰਗਲੈਂਡ ਨਿਵਾਸੀ ਗਲਪਕਾਰ ਹਰਜੀਤ ਅਟਵਾਲ ਰਚਿਤ ਨਾਵਲ 'ਮੋਰ ਉਡਾਰੀ' ਦੇ ਮੁਖ ਪਾਤਰ ਦੇ ਚਰਿੱਤਰਗਤ ਪਹਿਲੂਆਂ ਤੋਂ ਮਿਲ ਸਕਦਾ ਹੈ।

ਨਾਵਲਕਾਰ ਹਰਜੀਤ ਅਟਵਾਲ 'ਮੋਰ ਉਡਾਰੀ' ਨਾਂ ਦੇ ਨਾਵਲ ਵਿਚ ਭਾਰਤੀ ਖਾਸਕਰ ਪੰਜਾਬੀ ਲੋਕਾਂ ਦੇ ਜੀਵਨ ਦੇ ਵਿਭਿੰਨ ਪੱਖਾਂ ਨੂੰ ਇਕ ਐੱਨ.ਆਰ.ਆਈ. ਦੀ ਭਾਰਤ ਵਿਚ ਥੋੜ੍ਹੇ ਕੁ ਦਿਨਾਂ ਦੀ ਫੇਰੀ ਰਾਹੀਂ ਬਿਰਤਾਂਤਦਾ ਹੈ। ਨਾਵਲੀ ਬਿਰਤਾਂਤ ਸਿਰਜਣ ਲਈ ਹਰਜੀਤ ਅਟਵਾਲ ਨਾਇਕ ਦੇ ਤੌਰ ਉੱਤੇ ਇਕ ਅਜਿਹੇ ਵਿਅਕਤੀ ਦੀ ਚੋਣ ਕਰਦਾ ਹੈ ਜਿਸਦਾ ਖੁਲ੍ਹ-ਖੇਡ ਵਾਲੇ ਫਜ਼ੂਲ ਕਿਸਮ ਦੇ ਕਲਚਰ ਵਿਚ ਯਕੀਨ ਹੈ। ਜੋ ਜ਼ਿੰਦਗੀ ਨੂੰ ਵਪਾਰ ਵਾਂਗ ਤੇ ਬੱਚਿਆਂ ਨੂੰ ਭਾਈਵਾਲਾਂ ਵਾਂਗ ਲੈਂਦਾ ਹੈ। ਜੋ ਇਕ ਤੋਂ ਵੱਧ ਔਰਤਾਂ ਨਾਲ ਭਾਵੁਕ ਅਥਵਾ ਜਿਸਮਾਨੀ ਸਾਂਝ ਬਣਾਉਣ ਵਿਚ ਖਾਸਾ ਮਾਹਿਰ ਹੈ। ਜੋ ਲੈਪਟੌਪ ਨੂੰ ਬੱਚੇ ਵਾਂਗ ਆਪਣੇ ਕੁੱਛੜ ਲਈ ਫਿਰਦਾ ਹੈ। ਜੋ ਇੰਟਰਨੈੱਟ ਦੀ ਦੁਨੀਆਂ ਵਿਚ ਏਨਾ ਗਵਾਚ ਜਾਂਦਾ ਹੈ ਕਿ ਉਸਨੂੰ ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਨਿਭਾਉਣੀਆਂ ਭੁੱਲ ਜਾਂਦੀਆਂ ਹਨ। ਆਪਣੇ ਕੰਮ ਦੇ ਸਥਾਨ ਉੱਤੇ ਤਾਂ ਉਹ ਭਾਵੇਂ ਖਰਾ ਉਤਰ ਜਾਵੇ ਪਰ ਸਮਾਜਕ ਕੰਮਾਂ ਨੂੰ ਨਿਭਾਉਣ ਵੇਲੇ ਉਹ ਖੋਟਾ ਹੀ ਸਾਬਤ ਹੁੰਦਾ ਹੈ। ਜਿਸ ਸਾਹਵੇਂ ਰੋਟੀ ਦਾ ਮਸਲਾ ਨਹੀਂ ਬਲਕਿ ਅਜਿਹੇ ਪ੍ਰੋਗਰਾਮਾਂ ਨੂੰ ਸਿਰੇ ਚੜ੍ਹਾਉਣ ਦਾ ਮਸਲਾ ਰਹਿੰਦਾ ਹੈ ਜਿਹਨਾਂ ਦਾ ਉਸਨੂੰ ਆਪ ਵੀ ਪਤਾ ਨਹੀਂ ਹੁੰਦਾ। ਏਸੇ ਲਈ ਉਹ ਸਟੈਂਡਲੈੱਸ ਹੈ, ਮੂਡੀ ਹੈ, ਆਲਸੀ ਹੈ, ਲਾਪ੍ਰਵਾਹ ਹੈ। ਵਰਤਮਾਨ ਨੂੰ ਮਾਨਣਾ ਜਿਸਦਾ ਜੀਵਨ-ਉਦੇਸ਼ ਹੈ। ਨਾਵਲ ਵਿਚੋਂ ਸਮਕਾਲ ਦੀਆਂ ਸਮੱਸਿਆਵਾਂ ਤੇ ਜਾਣਕਾਰੀ ਦੀਆਂ ਲੰਮੀਆਂ ਸੂਚੀਆਂ ਬਣ ਸਕਦੀਆਂ ਹਨ,ਪਰ ਸਾਡਾ ਮਨੋਰਥ ਕੇਵਲ ਨਾਵਲ ਦੇ ਨਾਇਕ ਅਰਥਾਤ ਅਰਵਿੰਦ ਦੀ ਆਦਰਸ਼-ਵਿਹੂਣੀ ਦਿਸ਼ਾਹੀਣ ਸਥਿਤੀ ਨੂੰ ਸਮਝਣਾ ਹੈ।

ਨਾਵਲ ਦੀ ਕਹਾਣੀ ਅਨੁਸਾਰ ਅਰਵਿੰਦ ਤੀਹ ਸਾਲ ਤੋਂ ਲੰਡਨ ਰਹਿ ਰਿਹਾ ਹੈ। ਲੰਡਨ ਵਿਚ ਉਹ ਟੂਰਿਜ਼ਮ ਮਹਿਕਮੇ ਵਿਚ ਨੌਕਰੀ ਕਰਦਾ ਹੈ। ਲੰਡਨ ਵਿਚ ਹੀ ਰਹਿੰਦੇ ਆਪਣੇ ਪਿਤਾ ਦੀ ਇੱਛਾ ਦੀ ਪੂਰਤੀ ਲਈ ਉਸਦੀ ਮੌਤ ਉਪਰੰਤ ਉਹ ਉਸਦੇ ਅਸਤ ਕੀਰਤਪੁਰ ਜਲ-ਪ੍ਰਵਾਹ ਕਰਨ ਲਈ ਆਉਂਦਾ ਹੈ। ਵੀਹ ਸਾਲ ਦੇ ਲੰਮੇਂ ਵਕਫੇ ਬਾਅਦ ਭਾਰਤੀ ਪੰਜਾਬ 'ਚ ਆਇਆ ਉਹ ਵੱਖ ਵੱਖ ਥਾਵਾਂ ਉੱਤੇ ਜਿਵੇਂ ਦਿੱਲੀ, ਅੰਮ੍ਰਿਤਸਰ,ਪਟਿਆਲਾ ਤੇ ਆਪਣੇ ਜੱਦੀ ਪਿੰਡ ਵਿਚ ਥੋੜ੍ਹਾ ਥੋੜ੍ਹਾ ਸਮਾਂ ਠਹਿਰਦਾ ਹੈ। ਉਸ ਕੋਲ ਸਿਰਫ ਇਕ ਮਹੀਨੇ ਦਾ ਸਮਾਂ ਹੈ। ਇਸ ਇਕ ਮਹੀਨੇ ਵਿਚ ਜਿਸ ਕੰਮ ਲਈ ਉਹ ਲੰਡਨ ਤੋਂ ਭਾਰਤੀ ਪੰਜਾਬ ਆਉਂਦਾ ਹੈ ਉਸਨੂੰ ਨਾ ਕਰਕੇ ਉਹ ਹੋਰਨਾਂ ਕਈ ਫਜ਼ੂਲ ਕਿਸਮ ਦੇ ਕੰਮਾਂ ਵਿਚ ਰੁੱਝਾ ਦਰਸਾਇਆ ਗਿਆ ਹੈ। ਨਾਵਲੀ ਕਹਾਣੀ ਦੀ ਤੋਰ ਨੂੰ ਤੋਰਨ ਲਈ ਵਰਤੀਆਂ ਗਈਆਂ ਦੱਸਣ ਤੇ ਦਰਸਾਉਣ ਦੀਆਂ ਬਿਰਤਾਂਤਕ ਜੁਗਤਾਂ ਤੋਂ ਪਤਾ ਚਲਦਾ ਹੈ ਕਿ ਅਰਵਿੰਦ ਦੀ ਰੂਹ ਤਾਂ ਕਾਮੁਕਤਾ ਭਿੱਜੀ ਆਦਰਸ਼-ਮੁਕਤ ਦਿਸ਼ਾ-ਵਿਹੂਣੀ ਜੀਵਨ-ਸ਼ੈਲੀ ਦਾ ਸਹਾਰਾ ਲੈਂਦੀ ਹੈ। ਇਹ ਰੂਹ ਏਨੀ ਸ਼ਕਤੀਵਰ ਹੈ ਕਿ ਝੂਠ ਨੂੰ ਸੱਚ ਤੇ ਕੁਹਜ ਨੂੰ ਸੁਹਜ ਵਿਚ ਝੱਟ

ਬਦਲ ਸਕਦੀ ਹੈ। ਇਸ ਨਾਵਲ ਦਾ ਕੇਂਦਰੀ ਤਰਕ ਅਰਵਿੰਦ ਨਾਂ ਦੇ ਨਾਇਕ ਦੀ ਅਜਿਹੀ ਰੂਹ ਦੇ ਦੀਦਾਰ ਰਾਹੀਂ ਵਰਤਮਾਨ ਸਮਾਜ ਵਿਚ ਪੈਦਾ ਹੋ ਚੁੱਕੀ ਆਦਰਸ਼-ਵਿਹੂਣੀ ਮਾਨਵੀ ਹੋਂਦ ਨੂੰ ਪਾਠਕਾਂ ਸਨਮੁੱਖ ਕਰਨਾ ਹੀ ਜਾਪਦਾ ਹੈ। ਵਰਤਮਾਨ ਪਲਾਂ ਨੂੰ ਭਰਪੂਰ ਰੂਪ ਵਿਚ ਮਾਣਨ ਦੀ ਲਾਲਸਾ ਇਸ ਨਾਇਕ ਦੀ ਮਾਨਸਿਕਤਾ ਉੱਤੇ ਇਸ ਕਦਰ ਭਾਰੂ ਹੈ ਕਿ ਉਸਨੂੰ ਚੰਗੀ ਮਾੜੀ ਪਛਾਣ ਭੁੱਲ ਜਾਂਦੀ ਹੈ। ਕਾਮੁਕ ਭੁੱਖ ਉਸਨੂੰ ਆਦਰਸ਼ਵਾਦੀ ਮਾਨਵਤਾ ਤੋਂ ਦੂਰ ਲੈ ਜਾਂਦੀ ਹੈ। ਔਰਤ ਨੂੰ ਉਹ ਇਕ ਵਸਤੂ ਖਿਆਲਦਾ ਉਹ ਐਸਾ ਮਨੁੱਖ ਸਾਬਤ ਹੁੰਦਾ ਹੈ ਜਿਸਦੀ ਸ਼ਖਸੀਅਤ ਦੁਆਲਿਉਂ ਹਿੰਦੋਸਤਾਨ ਦੇ ਸਮਾਜਕ, ਸਭਿਆਚਾਰਕ ਤੇ ਲੋਕਧਾਰਾਈ ਸੰਸਕਾਰਾਂ ਦੇ ਲੇਅ ਉੱਖੜੇ ਹੋਏ ਹਨ ਤੇ ਜਿਹਨਾਂ ਨੂੰ ਉਹ ਨਾਸਤਕ ਵਿਚਾਰਧਾਰਾ ਨਾਲ ਜੋੜਨ ਦੇ ਝੂਠੇ ਆਹਰ 'ਚ ਹੈ।

ਪੱਛਮੀ ਜੀਵਨ-ਜਾਚ ਦੇ ਪਦਾਰਥਵਾਦੀ ਰੰਗਾਂ'ਚ ਰੰਗਿਆ ਅਰਵਿੰਦ ਨਾਂ ਦਾ ਇਹ ਰਮਤਾ ਕਾਮ-ਜੋਗੀ ਜਹਾਜ਼ੋਂ ਉੱਤਰ ਕੇ ਜਦੋਂ ਦਿੱਲੀ ਦੇ 'ਮਿੱਤਰ ਯਾਤਰੀ ਘਰ' 'ਚ ਠਹਿਰਦਾ ਹੈ ਤਾਂ ਉੱਥੇ ਉਸਦਾ ਮੇਲ ਉਸਦੀ ਇਕ ਫੇਸਬੁੱਕ ਦੋਸਤ ਡਾਕਟਰ ਮੰਨਤ ਗਰੇਵਾਲ ਨਾਲ ਨਾਟਕੀ ਅੰਦਾਜ਼ 'ਚ ਹੁੰਦਾ ਹੈ। ਮੰਨਤ ਗਰੇਵਾਲ ਲੁਧਿਆਣੇ ਦੇ ਸਰਕਾਰੀ ਕਾਲਿਜ ਵਿਚ ਹਿੰਦੀ ਵਿਭਾਗ ਦੀ ਹੈੱਡ ਹੈ ਜੋ ਦਿੱਲੀ ਦੀ ਕਿਸੇ ਯੂਨੀਵਰਸਿਟੀ ਵਿਚ 'ਹਿੰਦੀ ਭਾਸ਼ਾ ਤੇ ਵਿਸ਼ਵੀਕਰਨ' ਵਿਸ਼ੇ ਉੱਤੇ ਪੇਪਰ ਪੜ੍ਹਨ ਆਈ ਹੁੰਦੀ ਹੈ ਅਤੇ 'ਮਿੱਤਰ ਯਾਤਰੀ ਘਰ' ਦੀ ਉਪਰਲੀ ਮੰਜ਼ਿਲ ਦੇ ਕਮਰਾ ਨੰਬਰ ਬਾਰਾਂ ਵਿਚ ਠਹਿਰੀ ਹੋਈ ਹੈ। ਅਤੇ ਅਰਵਿੰਦ ਕਮਰਾ ਨੰਬਰ ਚਾਰ ਵਿਚ। ਜਦੋਂ ਇਹ ਦੋਵੇਂ ਫੇਸਬੁੱਕੀਏ ਔਰਤ-ਮਰਦ ਦੋਸਤ ਇਕ ਦੂਜੇ ਨੂੰ ਪਹਿਲੀ ਵਾਰ ਮਿਲਦੇ ਹਨ, ਤਾਂ ਮਿਲਦੇ ਹੀ ਦਾਰੂ ਦੀ ਲੋਰ ਤੇ ਕਾਮ ਦੇ ਵੇਗ'ਚ ਵਹਿ ਤੁਰਦੇ ਹਨ। ਜਿਸ ਨੂੰ ਦੋਵੇਂ ਜਣੇ ਕਮਰਾ ਨੰਬਰ ਚਾਰ ਵਿਚ ਕਾਮ-ਕਲੋਲਾਂ ਰਾਹੀਂ ਮੱਠਾ ਕਰਦੇ ਹਨ। ਇੰਝ ਹੀ ਅਰਵਿੰਦ ਨਾਂ ਦਾ ਇਹ ਸ਼ਖਸ ਫੇਸਬੁੱਕ ਰਾਹੀਂ ਬਣੀ ਇਕ ਹੋਰ ਦੋਸਤ-ਕੁੜੀ ਹਾਰਵੀ ਬੈਂਸ ਨੂੰ ਚੰਡੀਗੜ੍ਹ ਦੇ ਪੰਜ ਤਾਰਾ 'ਮੈਰੀਅਟ ਹੋਟਲ' ਦੇ ਕਮਰਾ ਨੰਬਰ ਪੰਜ ਸੌ ਤਿੰਨ ਵਿਚ ਆਪਣੀ ਕਾਮ ਪੂਰਤੀ ਲਈ ਵਸੀਲਾ ਬਣਾਉਂਦਾ ਹੈ। ਹਾਰਵੀ ਬੈਂਸ ਪੰਜਾਬੀ ਵਿਸ਼ੇ ਵਿਚ ਪੀ.ਐੱਚ.ਡੀ ਕਰ ਚੁੱਕੀ ਹੈ। ਜਿੱਥੇ ਹਾਰਵੀ ਬੈਂਸ ਇੰਗਲੈਂਡ ਜਾਣ ਦੀ ਅਭਿਲਾਸ਼ਾ ਦੀ ਪੂਰਤੀ ਹਿੱਤ ਅਰਵਿੰਦ ਨਾਲ ਹਮਬਿਸਤਰ ਹੁੰਦੀ ਹੈ, ਉੱਥੇ ਅਰਵਿੰਦ ਉਸਦੀ ਜਵਾਨੀ ਦਾ ਕਾਮੁਕ ਰਸ ਚੂਸਣ ਲਈ ਉਸ ਵੱਲ ਖਿਚਿਆ ਜਾਂਦਾ ਹੈ। ਮੰਨਤ ਗਰੇਵਾਲ ਤੇ ਹਾਰਵੀ ਬੈਂਸ ਦੀਆਂ ਦੇਹਾਂ ਨੂੰ ਮਾਣ ਕੇ ਉਹ ਕਾਮੁਕ ਆਨੰਦ ਦਾ ਤੁਲਨਾਤਮਕ ਅਨੁਭਵ ਕਰਦਾ ਹੈ ਕਿ ਇਕ ਸਵੇਰ ਪਹਿਲਾਂ ਮੋਟੀ-ਨਿੱਗਰ ਦੇਹ (ਮੰਨਤ ਗਰੇਵਾਲ) ਉਸ ਨਾਲ ਪਈ ਸੀ ਤੇ ਅੱਜ ਸੁਬਕ ਜਿਹੀ (ਹਾਰਵੀ ਬੈਂਸ),ਨਾਲ ਹੀ ਚਿਪਕਣ ਵਾਲਾ ਮੋਮ। ਅਰਵਿੰਦ ਤਾਂ ਔਰਤਾਂ ਦੀਆਂ ਦੇਹਾਂ ਨੂੰ ਭੋਗਣ ਵਾਲੇ ਮਰਦ ਦੇ ਰੂਪ ਵਿਚ ਪੇਸ਼ ਹੁੰਦਾ ਹੀ ਹੈ, ਮੰਨਤ ਗਰੇਵਾਲ ਤੇ ਹਾਰਵੀ ਬੈਂਸ ਦੇ ਰੂਪ ਵਿਚ ਪੇਸ਼ ਹੋਈਆਂ ਔਰਤਾਂ ਵੀ ਮਰਦ ਦੀ ਦੇਹ ਨੂੰ ਭੋਗਣ ਵਾਲੀ ਸੋਚ ਤੋਂ ਮੁਕਤ ਨਹੀਂ ਜਾਪਦੀਆਂ। ਕੀ ਪੰਜਾਬੀ ਦੰਪਤੀ ਜੀਵਨ ਦਾ ਕਾਮੁਕ-ਹਾਜ਼ਮਾ ਏਨਾ ਕਮਜ਼ੋਰ ਹੋ ਗਿਆ ਹੈ ਕਿ ਉਹ ਆਪਣੀਆਂ ਪਰਿਵਾਰਕ, ਸਮਾਜਕ ਤੇ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਪਚਾ ਨਹੀਂ ਸਕਦਾ? ਤਕਨੀਕੀ ਵਿਕਾਸ ਤੇ ਕਾਰਪੋਰੇਟ ਸੈਕਟਰ ਦੀਆਂ ਵੱਡੀਆਂ ਵੱਡੀਆਂ ਨੌਕਰੀਆਂ ਨੇ ਸੱਚਮੁੱਚ ਹੀ ਵਿਅਕਤੀ ਨੂੰ ਏਨਾ ਕਮਜ਼ੋਰ ਕਰ ਦਿੱਤਾ ਹੈ ਕਿ ਉਹ ਰੀਅਲ ਤੇ ਫੇਕ ਜ਼ਿੰਦਗੀ ਦੀ ਪਛਾਣ ਹੀ ਭੁੱਲੀ ਜਾ ਰਿਹਾ ਹੈ। ਅਜੋਕੇ ਵਿਅਕਤੀ ਦੀ ਜ਼ਿੰਦਗੀ ਦਾ ਆਧਾਰ ਲੈਪਟੌਪ ਬਣਦਾ ਜਾ ਰਿਹਾ ਹੈ। ਤੇ ਇੰਟਰਨੈੱਟ ਰਾਹੀਂ ਲੈਪਟੌਪ ਉੱਤੇ ਆਉਂਦੀਆਂ ਫਜ਼ੂਲ ਕਿਸਮ ਦੀਆਂ ਚੀਜ਼ਾਂ ਉਸਦੀ ਸੋਚ ਦਾ ਦੀਵਾਲੀਆ ਕੱਢ ਰਹੀਆਂ ਹਨ। ਵਿਅਕਤੀ ਦਾ ਕਾਮੁਕ ਜਜ਼ਬਾ ਲੋੜ ਤੋਂ ਲੋਭ ਵਿਚ ਤਬਦੀਲ ਹੋ ਰਿਹਾ ਹੈ। ਇਹ ਐਸਾ ਖਤਰਨਾਕ ਵਿਸ਼ਵੀਕ੍ਰਿਤ ਸਰਮਾਏਦਾਰੀ ਵਰਤਾਰਾ ਹੈ ਜਿਸਨੇ ਸਮਾਜ ਵਿਚ ਅਰਵਿੰਦ ਵਰਗੇ

ਵਿਅਕਤੀਆਂ ਨੂੰ ਜਨਮ ਵੀ ਦਿੱਤਾ ਹੈ ਤੇ ਇਹਨਾਂ ਨੂੰ ਆਰਥਿਕ ਤੌਰ'ਤੇ ਮਜ਼ਬੂਤ ਬਣਾ ਕੇ ਸਮਾਜਕ ਮਾਨਤਾ ਦੇ ਯੋਗ ਵੀ ਬਣਾਇਆ ਹੈ। ਸਰਮਾਏਦਾਰੀ ਵਰਤਾਰੇ ਦਾ ਵਿਅਕਤੀ ਸਾਹਵੇਂ ਪੇਸ਼ ਕੀਤਾ ਗਿਆ ਆਦਰਸ਼-ਮੁਕਤ ਦਿਸ਼ਾ-ਵਿਹੂਣੀਆਂ ਤਰਜੀਹਾਂ ਦਾ ਬਦਲ ਪ੍ਰਚੱਲਤ ਸਮਾਜਕ ਤਾਣੇ-ਬਾਣੇ ਉੱਤੇ ਇਸਦੀ ਗੁੱਝੀ ਮਾਰ ਹੈ। ਅਤੇ ਇਹ ਮਾਰ ਹੀ ਇਸਦਾ ਵਿਚਾਰਧਾਰਕ ਆਧਾਰ ਹੈ।

ਅਰਵਿੰਦ ਨਾਮ ਦਾ ਆਦਰਸ਼-ਵਿਹੂਣਾ ਪਾਤਰ ਵਿਸ਼ਵ ਅਤੇ ਭਾਰਤੀ ਪੱਧਰਾਂ ਦੀਆਂ ਪਰਵਾਸੀ ਤੇ ਡਾਇਸਪੋਰਕ ਸਥਿਤੀਆਂ ਤੋਂ ਵੀ ਅਣਜਾਣ ਨਹੀਂ ਹੈ। ਉਹ ਅਜਿਹੀਆਂ ਸਥਿਤੀਆਂ ਬਾਰੇ ਇਕ ਲੇਖ ਲਿਖ ਕੇ ਪੰਜਾਬੀ ਬੁੱਧੀਜੀਵੀਆਂ ਦਾ ਧਿਆਨ ਵੀ ਆਪਣੇ ਵੱਲ ਖਿੱਚਦਾ ਹੈ। ਇਸੇ ਵਿਸ਼ੇ ਉਪਰ ਉਹ ਇਕ ਕਿਤਾਬ ਲਿਖਣੀ ਚਾਹੁੰਦਾ ਹੈ ਪਰ ਆਪਣੇ ਸੁਭਾਅ ਮੁਜਬ ਉਹ ਲਿਖ ਨਹੀਂ ਸਕਿਆ। ਇਤਿਹਾਸ ਅਰਵਿੰਦ ਦਾ ਮਨਪਸੰਦ ਦਾ ਵਿਸ਼ਾ ਹੈ ਅਤੇ ਇਸੇ ਵਿਸ਼ੇ 'ਚ ਉਸਨੇ ਐੱਮ.ਏ. ਕੀਤੀ ਹੋਈ ਹੈ। ਸੁਮੀਤ ਸਹੋਤਾ,ਐੱਮ.ਏ. ਦੀ ਪੜ੍ਹਾਈ ਦੌਰਾਨ ਬਣਿਆ ਉਸਦਾ ਇਕ ਦੋਸਤ ਹੈ,ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 'ਚ ਪ੍ਰੋਫੈਸਰ ਹੈ। ਅਰਵਿੰਦ ਦੀ ਵਿਦਵਤਾ ਤੋਂ ਪ੍ਰਭਾਵਤ ਹੋ ਕੇ ਉਸਦਾ ਇਹ ਪ੍ਰੋਫੈਸਰ ਦੋਸਤ ਆਪਣੇ ਘਰ 'ਚ ਵੱਖ ਵੱਖ ਵਿਭਾਗਾਂ ਦੇ ਕੋਈ ਦਸ ਕੁ ਪ੍ਰੋਫੈਸਰਾਂ ਨੂੰ ਬੁਲਾ ਕੇ ਅਰਵਿੰਦ ਨਾਲ ਉਹਨਾਂ ਦੀ ਡਾਇਸਪੋਰਾ ਬਾਰੇ ਗੱਲਬਾਤ ਕਰਵਾਉਂਦਾ ਹੈ। ਇਸੇ ਤਰ੍ਹਾਂ ਦੀ ਗੱਲਬਾਤ ਉਹ ਦੂਸਰੇ ਦਿਨ ਆਪਣੇ ਵਿਭਾਗ 'ਚ ਵੀ ਕਰਵਾਉਂਦਾ ਹੈ। ਦੋਹਾਂ ਸਥਾਨਾਂ ਉੱਤੇ ਅਰਵਿੰਦ ਵਿਖਾਵਾਕਾਰੀ ਵਿਦਵਤਾ ਨਾਲ ਸਾਰਿਆਂ ਨੂੰ ਕੀਲਦਾ ਹੈ। ਇੰਝ ਹੀ ਮੰਨਤ ਗਰੇਵਾਲ ਦਾ ਪਤੀ ਡਾਕਟਰ ਗੋਬਿੰਦਰ ਸਿੰਘ ਗਰੇਵਾਲ ਪਟਿਆਲੇ ਸ਼ਹਿਰ 'ਚ ਅਰਵਿੰਦ ਦੀ ਵਿਦਵਤਾ ਦੀ ਭੱਲ ਬਣਾਉਂਦਾ ਹੈ ਤੇ.ਆਪ ਵੀ ਭੱਲ ਖੱਟਦਾ ਹੈ। ਡਾਇਸਪੋਰਕ ਵਿਦਵਾਨ ਦੇ ਰੂਪ 'ਚ ਪ੍ਰਗਟ ਹੋਏ ਇਸ ਸ਼ਖ਼ਸ ਦੇ ਦਿਲ-ਦਿਮਾਗ ਉੱਤੇ ਡਾਇਸਪੋਰਾ ਨਾਂ ਦਾ ਸੰਕਲਪ ਇਸ ਕਦਰ ਸਿਰ ਚੜ੍ਹ ਕੇ ਬੋਲਦਾ ਹੈ ਕਿ ਉਸਨੂੰ ਆਪਣੇ ਪਿਉ ਦੀਆਂ ਅਸਥੀਆਂ ਦੀ ਲੋਕਧਾਰਕ-ਸਭਿਆਚਾਰਕ ਮਹੱਤਤਾ ਹੀ ਭੁੱਲ ਜਾਂਦੀ ਹੈ। ਇਕ ਮਹੀਨਾ ਰੰਗ-ਰਲੀਆਂ ਵਿਚ ਬਿਤਾਉਣ ਉਪਰੰਤ ਉਸਦੇ ਲੰਡਨ ਮੁੜਨ ਦਾ ਸਮਾਂ ਆ ਜਾਂਦਾ ਹੈ। ਜਿਸ ਕੰਮ ਲਈ ਉਹ ਲੰਡਨ ਤੋਂ ਭਾਰਤ ਆਇਆ ਸੀ ਉਸਨੂੰ ਉਹ ਆਪਣੇ ਡਰਾਈਵਰ ਗੁਪਾਲਾ ਦੇ ਹੱਥ ਸੌਂਪ ਕੇ ਟੁਰ ਜਾਂਦਾ ਹੈ। ਗੁਪਾਲਾ ਵੀ ਅਰਵਿੰਦ ਦੇ ਬਾਪ ਦੀਆਂ ਅਸਥੀਆਂ ਵਾਲੇ ਡੱਬੇ ਨੂੰ ਇਕ ਨਹਿਰ 'ਚ ਸੁੱਟਣ ਲਈ ਮਜਬੂਰ ਹੋ ਜਾਂਦਾ ਹੈ, ਕਿਉਂਕਿ ਪੁਲਿਸ ਦੇ ਰਿਸ਼ਵਤੀ ਭੂਤ ਤੋਂ ਛੁਟਕਾਰਾ ਪਾਉਣ ਲਈ ਗੁਪਾਲੇ ਕੋਲ ਹੋਰ ਕੋਈ ਚਾਰਾ ਨਹੀਂ ਹੁੰਦਾ। ਕਹਿਣ ਦਾ ਭਾਵ ਇਹ ਹੈ ਕਿ ਅਰਵਿੰਦ ਨਾਂ ਦਾ ਇਹ ਆਦਰਸ਼-ਵਿਹੂਣਾ ਨਾਇਕ ਜਦੋਂ ਬੁੱਧੀਜੀਵੀ ਵਰਗ ਵਿਚ ਵਿਚਰਨਾ ਸ਼ੁਰੂ ਕਰਦਾ ਹੈ ਤਾਂ ਅਸਲ ਵਿਚ ਉਹ ਆਪਣੇ ਨਾਲ ਨਾਲ ਇਸ ਵਰਗ ਦੀਆਂ ਵਸਤੂਗਤ ਸਥਿਤੀਆਂ ਦੀ ਵੀ ਨਿਸ਼ਾਨਦੇਹੀ ਕਰ ਰਿਹਾ ਹੁੰਦਾ ਹੈ। ਨਾਵਲ ਵਿਚ ਸੁਮੀਤ ਸਹੋਤਾ, ਡਾ.ਸੂਦ, ਡਾ.ਭਜਨ ਸਿੰਘ, ਡਾ.ਜੋਗਾ ਸਿੰਘ, ਡਾ. ਕਰਮ ਸਿੰਘ, ਡਾ.ਗੋਬਿੰਦਰ ਸਿੰਘ ਗਰੇਵਾਲ, ਡਾ.ਮੰਨਤ ਗਰੇਵਾਲ, ਡਾ.ਕ੍ਰਿਸ਼ਨ ਵਾਲੀਆ, ਪ੍ਰੋ.ਰਸ਼ਪਾਲ ਸਿੰਘ ਬਾਠ, ਡਾ. ਮਿਨਾਕਸ਼ੀ ਬਾਂਸਲ ਵਰਗੇ ਪਾਤਰਾਂ ਦੇ ਜੀਵਨ-ਵਿਹਾਰ ਦੀਆਂ ਵਾਹੀਆਂ ਗਈਆਂ ਬਿਰਤਾਂਤਕ ਲਕੀਰਾਂ ਨੂੰ ਏਸੇ ਪ੍ਰਸੰਗ ਵਿਚ ਵੇਖਿਆ ਜਾ ਸਕਦਾ ਹੈ।

ਵਿਡੰਬਨਾ ਇਹ ਹੈ ਕਿ ਅਰਵਿੰਦ ਆਪਣੀ ਪਤਨੀ ਵੇਲਾਂ ਤੋਂ ਇੰਝ ਡਰਦਾ ਵਿਖਾਇਆ ਗਿਆ ਹੈ ਜਿਵੇਂ ਧੁਣਖੀ ਤੋਂ ਕਾਂ। ਇਹ ਐਸੀ ਧੁਣਖੀ ਹੈ ਜਿਸ ਵਿਚੋਂ ਨਿਕਲਦੇ ਬਾਣ ਬੇਅਸਰ ਹਨ। ਨਾਵਲੀ ਬਿਰਤਾਂਤ ਅੰਦਰ ਕਾਂ ਵਾਲੀ ਸੋਚ ਤੇ ਮੋਰ ਵਰਗੀ ਦਿੱਖ ਲੈ ਕੇ ਹਾਜ਼ਰ ਹੋਇਆ ਅਰਵਿੰਦ ਐਸਾ ਆਦਰਸ਼-ਵਿਹੂਣਾ ਪਾਤਰ ਹੈ ਜਿਸਨੂੰ ਚਿਤਰਦੇ ਸਮੇਂ ਬਿਰਤਾਂਤਕਾਰ ਵੀ ਉਸਦੇ ਪੈਰਾਂ ਉੱਤੇ ਉਸਦੀ ਝਾਤ ਪਵਾਉਣ ਤੋਂ ਗੁਰੇਜ਼ ਕਰ ਜਾਂਦਾ ਹੈ। ਉਹ ਅਜਿਹਾ ਨਾਇਕ ਹੈ ਜੋ

ਇੰਟਰਨੈੱਟ ਦੇ ਫੇਸਬੁੱਕ ਰਾਹੀਂ ਬਣਾਏ ਰਿਸ਼ਤਿਆਂ 'ਚੋਂ ਜਨਮ ਲੈਂਦਾ ਹੈ। ਜਿਸਨੂੰ ਇੰਟਰਨੈੱਟ ਉੱਤੇ ਦਿੱਤੀ ਜਾਣਕਾਰੀ ਦਾ ਤਾਂ ਪਤਾ ਹੁੰਦਾ ਹੈ ਪਰ ਉਸਨੂੰ ਇਹ ਨਹੀਂ ਪਤਾ ਹੁੰਦਾ ਕਿ ਆਪਣੀ ਲੋਕਧਾਰਾਈ ਸਭਿਆਚਾਰਕ ਮਰਯਾਦਾ ਮੁਤਾਬਕ ਵਿਚਰਨਾ ਕਿਵੇਂ ਹੈ। ਉਸਦੀਆਂ ਸਭਿਆਚਾਰਕ ਜੜ੍ਹਾਂ ਏਨੀਆਂ ਖੋਖਲੀਆਂ ਹੋ ਚੁੱਕੀਆਂ ਹਨ ਕਿ ਉਸਨੂੰ ਆਪਣੀ ਹੋਂਦ ਉੱਤੇ ਵੀ ਸ਼ੱਕ ਹੈ। ਕਿਉਂਕਿ ਜਿਸ ਦੌਰ ਵਿਚ ਉਹ ਜਿਉਂ ਰਿਹਾ ਹੈ, ਉਹ ਦੌਰ ਹੀ ਨਿਹੋਂਦ-ਯੁਕਤ ਮਾਨਵੀ ਹੋਂਦ ਦੀ ਸਿਰਜਣਾ ਕਰਨ ਵਾਲਾ ਦੌਰ ਹੈ। ਇਸ ਦੌਰ ਦੀ ਮਾਰ 'ਚੋਂ ਉਪਜੇ ਆਦਰਸ਼-ਵਿਹੂਣੇ ਵਿਅਕਤੀ ਇਕ ਹੰਢੇ ਹੋਏ ਗਲਪਕਾਰ ਦੀਆਂ ਨਜ਼ਰਾਂ ਤੋਂ ਬਚ ਨਹੀਂ ਸਕਦੇ।

ਵਿਸ਼ਵਵਿਆਪੀ ਪੂੰਜੀਕ੍ਰਿਤ ਪ੍ਰਪੰਚ ਅਰਵਿੰਦ ਵਰਗੇ ਵਿਅਕਤੀ ਦਾ ਉਤਪਾਦਕ ਸੋਮਾ ਹੈ। ਉਹ ਅਜਿਹਾ ਨਾਇਕ ਹੈ ਜੋ ਨਵੇਂ ਨਵੇਂ ਸੈਕਸੀ ਅਨੁਭਵਾਂ ਦਾ ਸ਼ੌਕੀਨ ਹੈ। ਡਰਾਈਵਰ ਦੀ ਟੈਕਸੀ ਜਿਸਦਾ ਕਮਰਾ ਹੋ ਸਕਦੀ ਹੈ। ਦੋਸਤਾਂ ਤੇ ਰਿਸ਼ਤੇਦਾਰਾਂ ਦੇ ਘਰਾਂ 'ਚ ਰਹਿਣਾ ਜਿਸਨੂੰ ਗੁਲਾਮੀ ਵਾਂਗ ਪ੍ਰਤੀਤ ਹੁੰਦਾ ਹੈ। ਹੋਟਲਾਂ 'ਚ ਰਹਿ ਕੇ ਹਰ ਪ੍ਰਕਾਰ ਦੀ ਆਜ਼ਾਦੀ ਮਾਣਨਾ ਜਿਸਦਾ ਧਰਮ ਹੈ। ਅਜਿਹੀ ਆਜ਼ਾਦੀ ਜਿੱਥੇ ਉਸਨੂੰ ਭੁਲੱਕੜ, ਆਲਸੀ ਤੇ ਲਾਪ੍ਰਵਾਹ ਬਣਾਉਂਦੀ ਹੈ, ਉੱਥੇ ਉਸਦੇ ਜੱਦੀ ਪੁਸ਼ਤੀ ਵਿਰਾਸਤੀ ਗੁਣਾਂ ਨੂੰ ਵੀ ਡਕਾਰੀ ਜਾਂਦੀ ਹੈ। ਭਾਵੇਂ ਇਕ ਤਰਕ ਇਹ ਵੀ ਹੋ ਸਕਦਾ ਹੈ ਕਿ ਨਾਵਲ ਦਾ ਨਾਇਕ ਤਾਂ ਵਿਕਸਤ ਪੂੰਜੀਵਾਦੀ ਸਮਾਜ ਦਾ ਅੰਗ ਮਾਤਰ ਹੈ। ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਸ ਅੰਗ ਨੂੰ ਬਿਰਤਾਂਤਕਾਰ ਕਿਸ ਪਰਿਪੇਖ ਵਿਚ ਰੱਖ ਕੇ ਪੇਸ਼ ਕਰ ਰਿਹਾ ਹੈ। ਸਪਸ਼ਟ ਹੈ ਕਿ ਅਰਵਿੰਦ ਅੰਦਰਲੀ ਅਮਾਨਵੀ ਕਿਸਮ ਦੀ ਪਾਸ਼ਵਿਕਤਾ ਨਾ ਤਾਂ ਮੰਨਤ ਗਰੇਵਾਲ ਨੂੰ ਅਤੇ ਨਾ ਹੀ ਹਾਰਵੀ ਬੈਂਸ ਤੇ ਨਾ ਹੀ ਸੁਮੀਤ ਸਹੋਤਾ ਤੇ ਉਸ ਵਰਗੇ ਦੂਸਰੇ ਪਾਤਰਾਂ ਨੂੰ ਅੱਖਰਦੀ ਹੈ। ਉਲਟਾ ਉਹਨਾਂ ਦੀਆਂ ਨਜ਼ਰਾਂ ਉਸਨੂੰ ਭਾਲਦੀਆਂ ਤੇ ਭਲਾ ਵਿਅਕਤੀ ਸਵੀਕਾਰਦੀਆਂ ਹਨ। ਆਦਰਸ਼-ਵਿਹੂਣੇ ਨਾਇਕ ਦੇ ਸਿਰਜਣਈ ਆਧਾਰ ਨੇ ਪੰਜਾਬੀ ਨਾਵਲ ਦੇ ਵਿਧਾਗਤ ਪਾਸਾਰਾਂ ਵਿਚ ਵੀ ਗੁਣਾਤਮਕ ਤਬਦੀਲੀ ਲਿਆ ਦਿੱਤੀ ਹੈ। ਅਤੇ ਅਜਿਹੀ ਤਬਦੀਲੀ ਨਾਲ ਜੁੜਨ ਵਾਲਾ ਇਕ ਹੋਰ ਨਾਇਕ ਹੈ: ਗੁਰਦਿਆਲ।

ਗੁਰਦਿਆਲ ਦਰਸ਼ਨ ਸਿੰਘ ਰਚਿਤ ਨਾਵਲ 'ਲੋਟਾ' ਦਾ ਨਾਇਕ ਹੈ ਜਿਸ ਦੁਆਲੇ ਨਾਵਲ ਦੀ ਸਾਰੀ ਕਹਾਣੀ ਘੁੰਮਦੀ ਹੈ। ਗੁਰਦਿਆਲ ਆਪਣੇ ਨਾਂ ਅਲਾਟ ਹੋਈ ਲੋਧੀ ਐਸਟੇਟ ਦੀ ਵਿਸ਼ਾਲ ਕੋਠੀ ਨੂੰ ਬਚਾਉਣ ਦੀ ਖਾਤਰ ਸਿਆਸੀ ਬੰਦਿਆਂ ਦੁਆਲੇ ਘੁੰਮਦਾ ਹੈ। ਕੋਠੀ ਉਹ ਮਜ਼ਬੂਤ ਬਿਰਤਾਂਤਕ ਕੀਲਾ ਹੈ ਜਿਸਦੇ ਨਾਲ ਬਿਰਤਾਂਤਕਾਰ ਨੇ ਇਸ ਨਾਇਕ ਨੂੰ ਬੰਨ੍ਹਿਆ ਹੈ। ਅਤੇ ਬੰਨ੍ਹਣ ਲਈ ਐਸੀ ਬਿਰਤਾਂਤਕ ਰੱਸੀ ਦਾ ਇਸਤੇਮਾਲ ਕੀਤਾ ਹੈ ਜਿਸ ਉੱਤੇ ਭਾਰਤੀ ਸਿਆਸੀ ਪਾਰਟੀਆਂ ਦੀਆਂ ਸਥਾਨਕ ਪੱਧਰ ਦੀਆਂ ਰਾਜਨੀਤਕ ਇਕਾਈਆਂ ਤੋਂ ਲੈ ਕੇ ਹਾਈ-ਕਮਾਨ ਤਕ ਪੱਸਰੀ ਸੌਦੇਬਾਜ਼ੀ ਦੀਆਂ ਵੱਟਾਂ ਸਹਿਜੇ ਹੀ ਨਜ਼ਰੀਂ ਪੈ ਜਾਂਦੀਆਂ ਹਨ। ਅਜਿਹੀ ਬਿਰਤਾਂਤਕ ਰੱਸੀ ਨੂੰ ਵੱਟਣ ਲਈ ਬਿਰਤਾਂਤਕਾਰ ਨੇ ਸੰਨ 2012 ਵਿਚ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਵਿਚ ਹੋਈਆਂ ਚੋਣਾਂ ਦੇ ਦੌਰਾਨ ਪੈਦਾ ਹੋਏ ਦਲ-ਬਦਲੂ ਰਾਜਨੀਤਕ ਰੁਝਾਨ ਨੂੰ ਵਸਤੂਗਤ ਮਸਾਲੇ ਦੇ ਰੂਪ ਵਿਚ ਵਰਤਿਆ ਹੈ। ਹਰਿਆਣਾ ਰਾਜ ਵਿਚ ਚੋਣ ਮੁਹਿੰਮ ਦੀ ਪ੍ਰਤੀਨਿਧਤਾ ਚੌਧਰੀ ਚੰਦਰ ਮੱਲ, ਚੌਧਰੀ ਤਾਰਾ ਪਾਲ, ਵੱਡਾ ਚੌਧਰੀ ਸੂਰਜ ਪਾਲ, ਚੌਧਰੀ ਮਹਿੰਦਰ ਸਿੰਘ ਤੇ ਉਸਦੀ ਧੀ ਸਰਲਾ, ਪ੍ਰੋ.ਦੇਵ ਦੱਤ ਲੂਥਰਾ ਅਤੇ ਨਿਹਾਲ ਚੰਦ ਪੁਰਸ਼ਾਰਥੀ ਕਰਦੇ ਹਨ। ਪੰਜਾਬ ਰਾਜ ਵਿਚ ਚੋਣ ਮੁਹਿੰਮ ਦੀ ਪ੍ਰਤੀਨਿਧਤਾ ਪਾਰਸ ਸਾਹਿਬ ਤੇ ਉਹਨਾਂ ਦਾ ਸਾਹਿਬਜ਼ਾਦਾ, ਹਜ਼ੂਰ ਸਿੰਘ, ਗੁਰਦਿੱਤ ਸਿੰਘ, ਇੰਦਰ ਸਿੰਘ, ਹਰਦਿਆਲ ਸਿੰਘ ਤੁੜ, ਹਰਪਾਲ ਸਿੰਘ ਬਿੰਦਰਾ, ਰਛਪਾਲ ਸਿੰਘ ਰੱਛਾ ਕਰਦੇ ਹਨ। ਅਤੇ ਉਤਰ ਪ੍ਰਦੇਸ਼ ਵਿਚ ਬੜੇ ਭਾਈ ਸਾਹਿਬ, ਸੁੰਦਰ ਦਾਸ ਪਾਂਡੇ, ਛਾਇਆ ਦੇਵੀ ਆਦਿ

ਪਾਤਰ ਕਰਦੇ ਹਨ। ਡਾ.ਰਘਬੀਰ ਸਿੰਘ ਹੁਰਾਂ ਦਾ ਵਿਚਾਰ ਹੈ ਕਿ,'ਇਹਨਾਂ ਜਨਤਕ ਆਗੂਆਂ ਨੇ 'ਜਨ-ਸੇਵਾ' ਤੇ 'ਸਿਧਾਂਤ' ਵਰਗੇ ਸੰਕਲਪਾਂ ਨੂੰ ਵੀ ਨਵੇਂ ਰੂਪ ਵਿਚ ਪਰਿਭਾਸ਼ਤ ਕਰ ਦਿੱਤਾ ਹੈ। ਕਈ ਤਾਂ ਨਵੇਂ ਕੀਮਤ-ਪ੍ਰਬੰਧ ਤੋਂ ਏਨੇ ਪ੍ਰਭਾਵਤ ਹਨ ਕਿ ਉਹਨਾਂ ਨੂੰ ਆਪਣੇ ਦਾਇਰੇ ਦੇ ਅੰਦਰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਉਹਨਾਂ ਦਾ ਸਿਧਾਂਤ ਤਾਂ ਸਵੈ-ਸੇਵਾ ਹੈ, ਜੇ ਇਸ ਤਰ੍ਹਾਂ ਕਰਦਿਆਂ ਲੋਕਾਂ ਦਾ ਕੋਈ ਭਲਾ ਹੋ ਜਾਵੇ ਤਾਂ ਉਹਨਾਂ ਨੂੰ ਕੋਈ ਉਜ਼ਰ ਨਹੀਂ"।

ਗੁਰਦਿਆਲ ਤਾਂ ਇਸ 'ਨਵੇਂ ਕੀਮਤ-ਪ੍ਰਬੰਧ' ਦਾ ਸਾਖਸ਼ਾਤ ਨਮੂਨਾ ਹੈ। ਗੁਰਦਿਆਲ ਭਾਵੇਂ ਕਿਸੇ ਵੀ ਸਿਆਸੀ ਪਾਰਟੀ ਦਾ ਲੀਡਰ ਨਹੀਂ ਹੈ ਪਰ ਫਿਰ ਵੀ ਉਹ ਕਿਸੇ ਨਾ ਕਿਸੇ ਰੰਗ-ਢੰਗ ਦੀ ਵਰਤੋਂ ਰਾਹੀਂ ਸਿਆਸੀ ਲੀਡਰਾਂ ਨਾਲ ਗੰਢ-ਤੁਪ ਕਰਨ ਵਿਚ ਮਾਹਿਰ ਸਾਬਤ ਹੁੰਦਾ ਹੈ। ਸਿਆਸੀ ਪਾਰਟੀਆਂ ਦੇ ਛੋਟੇ-ਵੱਡੇ ਲੀਡਰਾਂ ਨਾਲ ਉਸਦੇ ਜ਼ਾਤੀ ਸੰਬੰਧ ਹਨ। ਅਤੇ ਇਹਨਾਂ ਜ਼ਾਤੀ ਸੰਬੰਧਾਂ ਦੀ ਮੂਲ ਕੜੀ ਉਸਦੀ ਉੱਚ ਅਹੁਦੇ ਵਾਲੀ ਉਹ ਪੁਜ਼ੀਸ਼ਨ ਹੈ ਜੋ ਉਸਨੂੰ ਕਿਸੇ ਵੇਲੇ ਕਿਸੇ ਸਿਆਸਤਦਾਨ ਦੀ ਕੀਤੀ ਸੇਵਾ ਦੇ ਬਦਲੇ ਮਿਲਿਆ ਮੇਵਾ ('ਦਲਿਤ ਵਿਦਿਅਕ ਬੋਰਡ ਦੀ ਮੈਂਬਰੀ') ਹੈ। ਇਹ ਮੇਵਾ ਜਦੋਂ ਖਤਮ ਹੁੰਦਾ ਹੈ ਤਾਂ ਨਾਲ ਹੀ ਖਤਮ ਹੋ ਜਾਂਦੀ ਹੈ ਇਸ ਮੇਵੇ ਨੂੰ ਬਹਿ ਕੇ ਖਾਣ ਵਾਲੀ ਥਾਂ ਯਾਨੀ ਉਹ ਕੋਠੀ, ਜਿਸਨੂੰ ਬਚਾਉਣ ਲਈ ਉਹ ਅੱਕੀਂ ਪਲਾਹੀਂ ਹੱਥ ਮਾਰਦਾ ਹੈ। ਉਸਦੇ ਹੱਥ ਮਾਰਨ ਦਾ ਕਿਰਿਆਤਮਕ ਵਰਤਾਰਾ ਇਸ ਨਾਵਲ ਦਾ ਕਥਾਨਕ ਹੈ।

ਸਰਬ-ਭਾਰਤੀ ਪਹਿਲਵਾਨੀ ਫ਼ੈਡਰੇਸ਼ਨ ਦਾ ਜੂਨੀਅਰ ਵਾਈਸ-ਚੇਅਰਮੈਨ ਹੋਣ ਦੇ ਨਾਤੇ ਏਸੇ ਫ਼ੈਡਰੇਸ਼ਨ ਦੇ ਸੀਨੀਅਰ ਵਾਇਸ ਚੇਅਰਮੈਨ ਰਤਨ ਲਾਲ ਬੱਤਰਾ ਅਤੇ ਚੇਅਰਮੈਨ ਭੂਪਤ ਰਾਓ ਆਂਗਰੇ ਰਾਹੀਂ ਗੁਰਦਿਆਲ ਇਕ ਸਿਆਸੀ ਰਾਸ਼ਟਰੀ ਪਾਰਟੀ ਨਾਲ ਗੰਢ-ਤੁਪ ਕਰਦਾ ਹੈ ਤਾਂ ਕਿ ਉਹ ਰਾਜ ਸਭਾ ਦਾ ਮੈਂਬਰ ਬਣ ਕੇ ਆਪਣੀ ਕੋਠੀ ਨੂੰ ਬਚਾ ਸਕੇ। ।ਆਂਗਰੇ ਪੱਛਮੀ ਮਹਾਰਾਸ਼ਟਰ'ਚ ਰਾਸ਼ਟਰ ਦਲ ਦਾ ਮੁਹਰਲਾ ਆਗੂ ਤੇ ਹਾਕਮ ਪਾਰਟੀ ਦਾ ਰਹਿ ਚੁੱਕਾ ਸੰਸਦ ਮੈਂਬਰ ਹੈ ਤੇ ਬੱਤਰਾ ਭਗਵਾਂ ਪਾਰਟੀ ਦਾ ਸੰਸਦ ਮੈਂਬਰ ਹੈ। ਰਤਨ ਲਾਲ ਬੱਤਰਾ ਗੁਰਦਿਆਲ ਨੂੰ ਆਪਣੀ ਪਾਰਟੀ ਤੋਂ ਰਾਜ ਸਭਾ ਦੀ ਮੈਂਬਰੀ ਨਹੀਂ ਦਵਾ ਸਕਦਾ ਪਰ ਗੁਰਦਿਆਲ ਨੂੰ ਆਂਗਰੇ ਨਾਲ ਮਿਲਾ ਕੇ ਉਸ ਲਈ ਕੁਝ ਖੱਟਣ ਦਾ ਰਾਹ ਜ਼ਰੂਰ ਵਿਖਾ ਦਿੰਦਾ ਹੈ। ਇਹ ਰਾਹ ਗੁਰਦਿਅਲ ਦੀ ਕੋਠੀ ਤੋਂ ਆਂਗਰੇ ਦੀ ਕੋਠੀ ਵੱਲ ਜਾਂਦਾ ਹੈ। ਆਂਗਰੇ ਦੀ ਕੋਠੀ ਪਹੁੰਚਣ 'ਤੇ ਗੁਰਦਿਆਲ ਦਾ ਸਵਾਗਤ ਆਂਗਰੇ ਦੇ ਤਿੰਨ ਕੁੱਤੇ ਕਰਦੇ ਹਨ, ਜਿਹਨਾਂ 'ਚੋਂ ਇਕ ਦਾ ਰੰਗ ਕਾਲਾ,ਇਕ ਦਾ ਭੂਰਾ,ਇਕ ਦਾ ਚਿੱਟਾ ਹੈ।ਆਕਾਰ ਪੱਖੋਂ, ਪਹਿਲਾ ਉੱਚਾ, ਦੂਜਾ ਉਸ ਤੋਂ ਨੀਵਾਂ ਤੇ ਤੀਸਰਾ ਦੂਸਰੇ ਤੋਂ ਨੀਵਾਂ ਹੈ।ਇਕ ਦੀ ਜੱਤ ਲੰਮੀ, ਦੂਸਰੇ ਦੀ ਬਰੀਕ ਤੇ ਤੀਸਰਾ ਜੱਤ ਵਿਹੂਣਾ। ਦਿੱਖ ਪੱਖੋਂ, ਪਹਿਲਾ ਬਘਿਆੜ ਵਰਗਾ ਖੂੰਖਾਰ, ਦੂਸਰਾ ਮੀਸਣੀ ਮੁਸਕਾਨ ਵਾਲਾ ਬਘਿਆੜ ਜੋ ਝਪਟਣ ਦਾ ਮੌਕਾ ਭਾਲ ਰਿਹਾ ਹੋਵੇ,ਤੇ ਤੀਸਰਾ,ਮਸਕੀਨ ਜਿਹਾ, ਜੋ ਗੁਰਦਿਆਲ ਦਾ ਰਾਹ ਰੋਕਣ ਲਈ ਜਿਵੇਂ ਉਸ ਤੋਂ ਖਿਮਾ ਮੰਗ ਰਿਹਾ ਹੋਵੇ। ਇਹਨਾਂ ਤਿੰਨ ਕੁੱਤਿਆਂ ਦੇ ਪ੍ਰਤੀਕ ਪ੍ਰਬੰਧ ਰਾਹੀਂ ਆਂਗਰੇ, ਬੱਤਰੇ ਤੇ ਗੁਰਦਿਆਲ ਵਰਗੇ ਬੰਦਿਆਂ ਦੀ ਸ਼ਨਾਖ਼ਤ ਕੀਤੀ ਗਈ ਹੈ। ਇਕ ਰਾਸ਼ਟਰ ਦਲ ਦੀ ਪ੍ਰਤਿਨਿਧਤਾ ਕਰਦਾ ਹੈ, ਦੂਸਰਾ ਭਗਵਾਂ ਪਾਰਟੀ ਦੀ ਤੇ ਤੀਸਰਾ ਸਿਆਸੀ ਪਾਰਟੀਆਂ ਨੂੰ ਕਾਮਯਾਬ ਬਣਾਉਣ ਵਾਲੇ ਉੱਚ ਅਹੁਦਿਆਂ 'ਤੇ ਬਿਰਾਜਮਾਨ ਉਹਨਾਂ ਬੇਈਮਾਨ ਅਫਸਰਾਂ/ ਡਾਇਰੈਕਟਰਾਂ /ਚੇਅਰਮੈਨਾਂ ਆਦਿ ਦੀ, ਜਿਹਨਾਂ ਨੂੰ ਸਿਆਸੀ ਪਾਰਟੀਆਂ ਆਪਣੇ ਸ਼ਾਸਨ ਦੌਰਾਨ ਆਪਣੇ ਰਾਜਨੀਤਕ ਮੰਤਵਾਂ ਦੀ ਪੂਰਤੀ ਲਈ ਨਿਯੁਕਤ ਕਰਕੇ ਸਮੇਂ ਸਮੇਂ ਉੱਤੇ ਵਰਤਦੀਆਂ ਹਨ। ਬੱਤਰਾ, ਆਂਗਰੇ ਤੇ ਗੁਰਦਿਆਲ ਆਪਣੇ ਆਪਣੇ ਨਿੱਜੀ ਹਿੱਤਾਂ ਨੂੰ ਬਚਾਉਣ ਦੀ ਖਾਤਰ ਮੌਕਾਪ੍ਰਸਤੀ ਦਾ ਸਹਾਰਾ ਲੈਂਦੇ ਹਨ। ਇਹਨਾਂ ਤਿੰਨਾ ਰਾਹੀਂ ਮੌਕਾਪ੍ਰਸਤੀ ਇਕ ਅਜਿਹੀ ਵਿਚਾਰਧਾਰਾ ਵਜੋਂ ਕਾਰਜਸ਼ੀਲ ਹੈ ਜਿਸਦੇ

ਮੂਲ ਸੂਤਰ ਹਨ: ਕੋਈ ਵੀ ਫਾਇਦੇ ਵਾਲਾ ਰਾਜਨੀਤਕ ਦਲ ਚੁਣ ਲਵੋ ਕਿਉਂਕਿ ਸਿਆਸਤ ਤੋਂ ਵੱਡਾ ਕੋਈ ਬਿਜ਼ਨਸ ਨਹੀਂ ਹੋ ਸਕਦਾ, ਸਿਆਸੀ ਪਾਰਟੀ ਦੀ ਹਾਈ ਕਮਾਨ ਦੇ ਬਚਨਾਂ ਦਾ ਮੁੱਲ ਤਾਰਨ ਲਈ ਕੁਝ ਵੀ ਕਰਨ ਲਈ ਤਿਆਰ ਰਹੋ, ਇਸ ਚਿੰਤਾ ਤੋਂ ਮੁਕਤ ਰਹੋ ਕਿ ਸਿਆਸਤ 'ਚ ਉਮਰ ਭਰ ਦੀਆਂ ਦੁਸ਼ਮਣੀਆਂ ਪੈਂਦੀਆਂ ਹਨ, ਚੰਗ ਤੇ ਮੰਦ 'ਚ ਨਾ ਪਵੋ,ਕੇਵਲ ਤੇ ਕੇਵਲ ਆਪਣੇ ਬਾਰੇ ਹੀ ਸੋਚੋ ਇਤਿਆਦਿ।

ਨਾਵਲ ਵਿਚ ਕੋਠੀ, ਘਾਹ, ਭੇਡ, ਬੱਕਰੀ ਤੇ ਕੁੱਤੇ ਦੇ ਪ੍ਰਤੀਕ ਨਾਵਲ ਦੇ ਨਾਇਕ ਦੀ ਮੌਕਾਪ੍ਰਸਤ ਸੋਚ ਦੇ ਨਾਲ ਨਾਲ ਦੇਸ਼ ਦੇ ਛੋਟੇ ਵੱਡੇ ਸਿਆਸੀ ਨੇਤਾਵਾਂ ਦੇ ਆਦਰਸ਼ਹੀਣ ਰਾਜਨੀਤਕ ਕਿਰਦਾਰ ਦਾ ਪਰਦਾ ਫਾਸ਼ ਕਰਨ ਲਈ ਵਰਤੇ ਗਏ ਹਨ। ਨਾਵਲ ਦਾ ਨਾਇਕ ਆਪਣੀ ਕੋਠੀ ਯਾਨੀ ਸਰਕਾਰੀ ਰਿਹਾਇਸ਼ ਬਚਾਉਣ ਦੀ ਖਾਤਰ ਵਿਭਿੰਨ ਸਿਆਸੀ ਕੁੱਤਿਆਂ (ਸਿਆਸਤਦਾਨਾਂ) ਵਿਚ ਆਪ ਇਕ ਗੈਰ-ਸਿਆਸੀ ਕੁੱਤਾ ਬਣ ਕੇ ਵਿਚਰਦਾ ਹੈ। ਅਤੇ ਉਹਨਾਂ ਦੀਆਂ ਸਿਆਸੀ ਚਰਾਂਦਾਂ (ਪਾਰਟੀਆਂ) ਵਿਚੋਂ ਭੇਡ-ਬੱਕਰੀ ਬਣ ਕੇ ਹਰੀ ਤੇ ਰਸ ਵਾਲੀ ਘਾਹ (ਉੱਚ ਅਹੁਦੇ ਜਿਵੇਂ ਯੂਨੀਵਰਸਿਟੀ ਦੀ ਵਾਈਸ-ਚਾਂਸਲਰੀ, ਕਿਸੇ ਰਾਜ ਦੀ ਗਵਰਨਰੀ, ਰਾਜ-ਸਭਾ ਦੀ ਮੈਂਬਰੀ, ਰਾਜਦੂਤ ਦੀ ਪਦਵੀ ਆਦਿ) ਉਵੇਂ ਹੀ ਲੱਭਦੀ ਹੈ ਜਿਵੇ ਕੋਈਂ ਦਲ-ਬਦਲੂ ਸਿਆਸੀ ਨੇਤਾ ਵਿਭਿੰਨ ਸਿਆਸੀ ਚਰਾਂਦਾਂ ਨੂੰ ਬਦਲ ਬਦਲ ਕੇ ਲੱਭਦਾ ਹੈ। ਨਾਵਲਕਾਰ ਨੇ ਅਜਿਹੇ ਸਿਆਸੀ ਨੇਤਾ ਨੂੰ ਹੀ ਚੁਫੇਰਗੜ੍ਹੀਆ, ਲੋਟਾ, ਤੋਤਾ-ਚਸ਼ਮ, ਬੁੱਕਲ ਦਾ ਸੱਪ, ਮੀਰ ਜ਼ਾਫਰ ਕਿਹਾ ਹੈ।

ਗੁਰਦਿਆਲ ਨਾਂ ਦੇ ਇਸ ਪਾਤਰ ਰਾਹੀਂ ਨਾਵਲਕਾਰ ਨੇ ਸਿਆਸੀ ਲੋਟਿਆਂ ਦੀ ਲੋਟਾਗਿਰੀ ਨੂੰ ਦਰਸਾਇਆ ਹੈ।ਗੁਰਦਿਆਲ ਦੀ ਸਫਲ ਲੋਟਾਗਿਰੀ ਹੀ ਨਾਵਲ ਦਾ ਕਲਾਤਮਕ ਡਿਜ਼ਾਈਨ ਹੈ ਜਿਸ ਦਾ ਸਿਖਰ 'ਸਮਾਜ-ਸੇਵੀ ਰਾਜਦੂਤ ਨਿਯੁਕਤ' ਸਿਰਲੇਖ ਹੇਠ ਬੋਟਸਵਾਨਾ ਵਿਚ ਭਾਰਤ ਦਾ ਹਾਈ ਕਮਿਸ਼ਨਰ ਲਾਏ ਜਾਣ ਸੰਬੰਧੀ ਉਸ ਬਾਰੇ ਛਪੀ ਅਖਬਾਰ ਦੀ ਖਬਰ ਵਿਚ ਮੌਜੂਦ ਹੈ। ਨਾਵਲਕਾਰ ਨੇ ਗੁਰਦਿਆਲ ਦੇ ਸਰਬ-ਭਾਰਤੀ ਪਹਿਲਵਾਨੀ ਫ਼ੈਡਰੇਸ਼ਨ ਦੇ ਜੂਨੀਅਰ ਵਾਈਸ-ਚੇਅਰਮੈਨ ਤੋਂ ਲੈ ਕੇ ਰਾਜ ਸਭਾ ਦੀ ਮੈਂਬਰੀ ਹਾਸਲ ਕਰਨ ਲਈ ਕੀਤੇ ਘੋਲ 'ਚ ਉਸਦੇ ਅਸਫਲ ਰਹਿ ਜਾਣ ਤੋਂ ਬਾਅਦ ਅਫਰੀਕਾ ਦੇ ਛੋਟੇ ਜਿਹੇ ਦੇਸ਼ ਬੋਟਸਵਾਨਾ'ਚ ਉਸਦੇ ਰਾਜਦੂਤ ਲਗਾਏ ਜਾਣ ਦੀ ਕਹਾਣੀ ਰਾਹੀਂ ਭਾਰਤ ਵਿਚ ਦਲ-ਬਦਲੂ ਰਾਜਨੀਤੀ ਦੇ ਵਸਤੂਗਤ ਯਥਾਰਥ ਨੂੰ ਸਾਹਵੇਂ ਲਿਆਂਦਾ ਹੈ। ਇਸ ਸੰਬੰਧ ਵਿਚ ਖੁਦ ਨਾਵਲਕਾਰ ਦਰਸ਼ਨ ਸਿੰਘ ਦੇ ਕਹਿਣਾ ਹੈ ਕਿ, "ਪਹਿਲੀਆਂ 'ਚ ਪਾਰਟੀ ਬਦਲਣ ਦਾ ਵਰਤਾਰਾ ਬਹੁਤਾ ਇਲਾਕਾਈ ਪਾਰਟੀਆਂ 'ਚ ਦਿਸਦਾ ਸੀ।ਪਿਛਲੀ ਸਦੀ ਦੇ ਅਖ਼ੀਰ ਸੱਠਵਿਆਂ ਤੋਂ ਇਹ ਕੌਮੀ ਪਾਰਟੀਆਂ 'ਚ ਵੀ ਦਿਸਣ ਲੱਗ ਪਿਆ ਏ। ਹੁਣ ਇਹ ਨਿੱਤ ਦਾ ਨੇਮ ਬਣ ਗਿਆ ਏ। ਸਾਡੇ ਸਿਆਸਤਦਾਨ ਅਸੂਲਾਂ ਦੇ ਜੰਜਾਲ 'ਚੋਂ ਨਿਕਲ ਗਏ ਨੇ ਤੇ ਫੁਰਤੀ ਫੜ ਚੁੱਕੇ ਨੇ। ਇਕ ਪਾਰਟੀ ਤੋਂ ਦੂਜੀ ਪਾਰਟੀ 'ਚ ਪਹੁੰਚਣ 'ਚ ਪਲ ਨਹੀਂ ਲਾਉਂਦੇ। ਏਸ ਮਾਮਲੇ 'ਚ ਉਹਨਾਂ ਲੋਟੇ ਨੂੰ ਵੀ ਮਾਤ ਪਾ ਦਿੱਤਾ ਏ"। ਲੋਟਾ ਨਾਵਲ ਬਾਰੇ ਕਥਿਆ ਡਾ. ਰਘਬੀਰ ਸਿੰਘ ਹੁਰਾਂ ਦਾ ਇਹ ਕਥਨ ਦੇਣਾ ਏਥੇ ਉਚਿਤ ਜਾਪਦਾ ਹੈ ਕਿ,"ਲੋਟਾ ਵੈਸੇ ਤਾਂ ਤਰਲ ਪਦਾਰਥ ਪਾਉਣ ਵਾਲਾ ਇਕ ਬਰਤਨ ਹੈ,ਪਰ ਚਿੰਨ੍ਹਾਤਮਕ ਅਰਥਾਂ ਵਿਚ ਇਸ ਦੀ ਵਰਤੋਂ ਇਕ ਐਸੇ ਵਿਅਕਤੀ ਨੂੰ ਦਰਸਾਉਣ ਲਈ ਹੁੰਦੀ ਹੈ,ਆਪਣੀ ਥਾਂ 'ਤੇ ਟਿਕੇ ਨਾ ਰਹਿਣਾ ਤੇ ਰਿੜ੍ਹਦੇ ਜਾਣਾ ਜਿਸਦਾ ਚਰਿੱਤਰ ਹੋਵੇ।'ਬੇਪੈਂਦਾ' ਲੋਟਾ ਅਕਸਰ ਟਿਕਿਆ ਨਹੀਂ ਰਹਿੰਦਾ ਅਤੇ ਇਸਦੇ ਰਿੜ੍ਹ ਜਾਣ ਦਾ ਖਦਸ਼ਾ ਬਣਿਆ ਰਹਿੰਦਾ ਹੈ।ਚਿੰਨ੍ਹਾਤਮਕ ਅਰਥਾਂ ਵਿਚ ਲੋਟੇ ਬੇਅਸੂਲੇ ਮਨੁੱਖ ਹੁੰਦੇ ਹਨ, ਚੁਫੇਰਗੜ੍ਹੀਏ, ਬੇ-ਦੀਨੇ, ਮੌਕਾਪ੍ਰਸਤ। ਰਾਜਨੀਤੀ ਦੇ ਬਦਲੇ ਹੋਏ ਅੱਜੋਕੇ ਮਾਪਦੰਡਾਂ ਦੇ ਪ੍ਰਸੰਗ ਵਿਚ ਅਜਿਹੇ ਲੋਟਿਆਂ ਦੀ ਦੇਸ਼ ਵਿਚ ਕੋਈ ਕਮੀ ਨਹੀਂ"।

ਉਪਰੋਕਤ ਪ੍ਰਗਟਾਏ ਗਏ ਵਿਚਾਰਾਂ ਦੀ ਰੋਸ਼ਨੀ 'ਚ ਨਾਵਲੀ ਪਾਤਰਾਂ ਨੂੰ ਤੱਕਿਆਂ ਨਾਵਲ ਵਿਚ ਦੋ ਲੋਟੇ ਪ੍ਰਤੱਖ ਰੂਪ ਵਿਚ ਕਾਰਜਸ਼ੀਲ ਨਜ਼ਰ ਆਉਂਦੇ ਹਨ। ਪਹਿਲਾ, ਗੁਰਦਿਆਲ ਤੇ ਦੂਸਰਾ, ਸੁਜਾਨਗੜ੍ਹ ਦੇ ਹਲਕੇ ਤੋਂ ਪਾਰਸ ਸਾਹਿਬ ਦੀ ਪਾਰਟੀ ਲਈ ਚੋਣ ਲੜ ਰਿਹਾ ਉਮੀਦਵਾਰ ਹਜ਼ੂਰ ਸਿੰਘ। ਗੁਰਦਿਆਲ ਆਪਣੀ ਰਾਜ ਸਭਾ ਦੀ ਮੈਂਬਰੀ ਪੱਕੀ ਕਰਨ ਲਈ ਹਜ਼ੂਰ ਸਿੰਘ ਦੇ ਹਲਕੇ ਦਾ ਚੋਣ ਇੰਚਾਰਜ ਬਣ ਕੇ ਉਸਦੀ ਮਦਦ ਲਈ ਬਹੁੜਦਾ ਹੈ। ਇਸ ਕੰਮ ਲਈ ਰੱਛਾ ਨਾਂ ਦਾ ਵਿਅਕਤੀ ਉਸਦਾ ਸਹਾਇਕ ਬਣਦਾ ਹੈ। ਪਰ ਹਜ਼ੂਰ ਸਿੰਘ ਚੋਣ ਜਿੱਤ ਨਹੀਂ ਪਾਉਂਦਾ। ਤੇ ਗੁਰਦਿਆਲ ਆਪਣਾ ਰੁਖ਼ ਮੁੜ ਆਪਣੀ ਪਹਿਲਾਂ ਤਿਆਗੀ ਰਾਸ਼ਟਰ ਪਾਰਟੀ ਵੱਲ ਕਰਦਾ ਹੋਇਆ ਹਰਿਆਣਾ ਦੀ ਜ਼ਿਮਨੀ ਚੋਣ ਵਿਚ ਆਪਣੇ ਨਿਕਟਵਰਤੀ ਮੁਖ ਮੰਤਰੀ ਦੀ ਪਾਰਟੀ ਦੇ ਉਮੀਦਵਾਰ ਦੇ ਵਿਰੁੱਧ ਪ੍ਰਚਾਰ ਕਰਦਾ ਹੈ। ਖ਼ੂਬਸੂਰਤੀ ਇਹ ਹੈ ਕਿ ਨਾਵਲ ਦਾ ਨਾਇਕ ਗੁਰਦਿਆਲ ਕੋਈ ਸਿਆਸੀ ਬੰਦਾ ਨਹੀਂ ਹੈ ਤੇ ਨਾ ਹੀ ਕਿਸੇ ਸਿਆਸੀ ਪਾਰਟੀ ਦਾ ਮੈਂਬਰ। ਪਰ ਫਿਰ ਵੀ ਉਸਦਾ ਕਿਰਦਾਰ ਖੇਤਰੀ ਤੇ ਕੌਮੀ ਪੱਧਰਾਂ 'ਤੇ ਪੱਸਰੇ ਦਲ-ਬਦਲੂ ਰਾਜਨੀਤਕ ਵਰਤਾਰਿਆਂ ਦੀ ਸੋਝੀ ਕਰਵਾਉਂਦਾ ਹੈ। ਰਾਜਨੀਤੀ ਦੇ ਪ੍ਰਸੰਗ ਵਿਚ ਕੀਤੀ ਗਈ ਗੁਰਦਿਆਲ ਦੀ ਬਹੁ-ਪਰਤੀ ਪਾਤਰ-ਉਸਾਰੀ ਦੇਸ਼ ਦੀ ਰਾਜਨੀਤਕ ਵਿਵਸਥਾ ਨੂੰ ਚਲਾਉਣ ਵਾਲੇ ਸਾਧਨ-ਸੰਪੰਨ ਵਰਗ ਦੀ ਰਾਜਨੀਤਕ ਕਾਰਗੁਜ਼ਾਰੀ ਨੂੰ ਵਿਖਾਉਂਦੀ ਹੈ, ਪੇਸ਼ਾਵਰ ਸਿਆਸਤਦਾਨਾਂ ਦੇ ਲੈਣ-ਦੇਣ ਨੂੰ ਸਾਹਵੇਂ ਲਿਆਉਂਦੀ ਹੈ, ਵੱਡੀਆਂ ਪਦਵੀਆਂ ਦੀ ਨਿਯੁਕਤੀ-ਪ੍ਰਕਿਰਿਆ ਨੂੰ ਸਾਕਾਰਦੀ ਹੈ।

ਸਾਰੰਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਜਿਸ ਰਾਜ ਦੇ ਰਾਜਨੀਤਕ ਆਗੂ ਲਈ ਵਿਸ਼ੇਸ਼ ਰਾਜਨੀਤਕ ਪਾਰਟੀ ਦੀ ਵਿਚਾਰਧਾਰਾ ਦਾ ਕੋਈ ਮਹੱਤਵ ਨਾ ਰਹਿ ਗਿਆ ਹੋਵੇ, ਉਸਦੀ ਰਾਜਸੀ ਵਿਵਸਥਾ ਵਿਚ ਗੁਰਦਿਆਲ, ਅਰਵਿੰਦ ਤੇ ਬਿਧੀਆ ਵਰਗੇ ਵਿਅਕਤੀਆਂ ਦਾ ਬੋਲਬਾਲਾ ਹੋਣਾ ਸੁਭਾਵਕ ਹੈ। ਇਹ ਬੋਲਬਾਲ਼ਾ ਹੀ ਸਮਾਜ ਵਿਚ ਉਹਨਾਂ ਨੂੰ ਤਥਾਕਥਿਤ ਨਾਇਕਤੱਵ ਦਾ ਦਰਜਾ ਪ੍ਰਦਾਨ ਕਰਵਾਉਂਦਾ ਹੈ। ਇਹ ਐਸੇ ਨਾਇਕ ਹਨ ਜੋ ਆਪਣੇ ਆਪ ਨੂੰ ਸਹੀ ਗਰਦਾਨਣ ਲਈ ਸਮਾਜਕ ਕਦਰਾਂ-ਕੀਮਤਾਂ, ਮਨੁੱਖੀ ਰਿਸ਼ਤਿਆਂ, ਮਾਨਵੀ ਜਜ਼ਬਿਆਂ ਆਦਿ ਨੂੰ ਸਹਿਜੇ ਹੀ ਕੁਰਬਾਨ ਕਰ ਦਿੰਦੇ ਹਨ। ਆਦਰਸ਼ਹੀਣਤਾ ਲਈ ਸਾਹਸ ਰੱਖਣਾ ਤੇ ਉਸ ਸਾਹਸ ਨਾਲ ਕਾਰਜ ਕਰਦਿਆਂ ਸਫਲਤਾ ਪ੍ਰਾਪਤ ਕਰਨਾ ਅਜਿਹੇ ਨਾਇਕ ਦੇ ਲੱਛਣ ਹਨ। ਕਿਉਂਕਿ ਉਸਨੂੰ ਉਸਦੇ ਖ਼ੁਦ ਤੋਂ ਬਿਨਾਂ ਹੋਰ ਕੁਝ ਦਿਸਦਾ ਨਹੀਂ ਤੇ ਸਮਾਜ ਵਿਚ ਉਲਟੇ ਸਿੱਧੇ ਰੂਪ ਵਿਚ ਦਿਸਦੇ ਰਹਿਣਾ ਉਸ ਲਈ ਅਨਿਵਾਰੀ ਹੈ। ਆਦਰਸ਼ਹੀਣਤਾ ਨੂੰ ਹੀ ਆਦਰਸ਼ ਮਿਥਕੇ ਹਰ ਹੀਲੇ ਸਫ਼ਲਤਾ ਦੀ ਪਉੜੀ ਚੜ੍ਹਨਾ ਆਦਰਸ਼-ਵਿਹੂਣੇ ਨਾਇਕ ਦਾ ਧਰਮ ਹੈ, ਕਰਮ ਹੈ। ਆਪਣੀ ਵਿਹਾਰਕ ਸਰਗਰਮੀ ਦੁਆਰਾ ਉਹ ਵਿਅਕਤੀ ਦੇ ਗੁਪਤ ਜੀਵਨ ਨੂੰ ਦ੍ਰਿਸ਼ਟਮਾਨ ਕਰਨ ਦੀ ਸ਼ਕਤੀ ਨਾਲ ਓਤਪੋਤ ਹੈ। ਬਿਧੀਆ,ਅਰਵਿੰਦ ਤੇ ਗੁਰਦਿਆਲ ਏਸੇ ਕੋਟੀ ਦੇ ਨਾਇਕ ਹਨ। ਇਹ ਐਸੇ ਨਾਇਕ ਹਨ ਜੋ ਖਲਨਾਇਕ ਦੇ ਪਦ ਨਾਲੋਂ ਆਦਰਸ਼-ਵਿਹੂਣੇ ਨਾਇਕ ਦੇ ਪਦ ਨੂੰ ਗ੍ਰਹਿਣ ਕਰਦੇ ਹਨ। ਅੱਜੋਕੇ ਨਾਵਲ ਦੇ ਕਥਾਨਕ ਸਿਰਜਣ ਲਈ ਅਜਿਹੇ ਆਦਰਸ਼-ਵਿਹੂਣੇ ਨਾਇਕ ਦਾ ਚਿਤਰਣ ਇਕ ਨਵੀਂ ਕਲਾਤਮਕ ਲੱਭਤ ਹੈ। ਇਹ ਲੱਭਤ ਨਾਵਲ ਤੇ ਸਮਾਜਕ-ਯਥਾਰਥ ਦੀ ਪੇਸ਼ਕਾਰੀ ਦੇ ਪ੍ਰਸੰਗ ਨੂੰ ਨਵਾਂ ਅਰਥ ਦਿੰਦੀ ਹੈ। ਅਵੱਸ਼ ਹੀ ਨਾਇਕ ਵਜੋਂ ਆਏ ਇਸ ਤਰ੍ਹਾਂ ਦੇ ਪਾਤਰ ਯਾਥਾਰਥ-ਚਿਤਰਣ ਦੀਆਂ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਪੰਜਾਬੀ ਗਲਪ-ਕਲਾ ਦੀ ਇਕ ਨਵੀਂ ਸੰਭਾਵਨਾ ਦੀ ਪੂਰਤੀ ਵੀ ਕਰਦੇ ਹਨ।000

**(ਐਸੋਸੀਏਟ ਪ੍ਰੋਫ਼ੈਸਰ, ਡਿਪਾਰਟਮੈਂਟ ਔਫ਼ ਈਵਨਿੰਗ ਸਟੱਡੀਜ਼,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ)**

'ਖ਼ਾਲੀ ਖੂਹਾਂ ਦੀ ਕਥਾ' ਨਾਵਲ ਦਾ ਪ੍ਰਤੀਕ ਵਿਧਾਨ : ਹਰਿੰਦਰ ਸਿੰਘ

ਅਵਤਾਰ ਸਿੰਘ ਬਿਲਿੰਗ ਇਕ ਕਹਾਣੀਕਾਰ ਤੋਂ ਨਾਵਲ ਜਗਤ ਵਿਚ ਆ ਕੇ ਅੱਜੋਕੇ ਪੰਜਾਬੀ ਨਾਵਲ ਵਿਚ ਆਪਣੀ ਵਿਸ਼ੇਸ਼ ਪਛਾਣ ਬਣਾ ਚੁੱਕਾ ਹੈ। ਸਾਲ 1997 ਵਿਚ ਛਪੇ ਆਪਣੇ ਪਹਿਲੇ ਨਾਵਲ 'ਨਰੰਜਣ ਮਸ਼ਾਲਚੀ' ਤੋਂ ਲੈ ਕੇ ਹੁਣ ਤਕ ਉਹ ਪੰਜਾਬੀ ਨਾਵਲ ਜਗਤ ਨੂੰ ਅੱਧੀ ਦਰਜਨ ਨਾਵਲ ਦੇ ਚੁੱਕਾ ਹੈ। ਉਸਦੇ ਨਵੇਂ ਨਾਵਲ 'ਖ਼ਾਲੀ ਖੂਹਾਂ ਦੀ ਕਥਾ' ਨੂੰ ਕਨੇਡਾ ਵਿਚਲੇ ਪੰਜਾਬੀ ਗਲਪ ਦੇ ਸਭ ਤੋਂ ਵੱਡੇ ਢਾਹਾਂ ਐਵਾਰਡ ਨਾਲ ਸਨਮਾਨਿਆ ਗਿਆ ਹੈ। ਅਵਤਾਰ ਸਿੰਘ ਬਿਲਿੰਗ ਦੇ ਸਾਰੇ ਨਾਵਲ ਜਾਗੀਰਦਾਰੀ ਪ੍ਰਬੰਧ ਤੋਂ ਲੈ ਕੇ ਨਵੀਨ ਪੂੰਜੀਵਾਦੀ ਯੁਗ ਦੇ ਅੱਜੋਕੇ ਸਭਿਆਚਾਰਕ ਕਾਲ-ਖੰਡ ਤਕ ਦੇ ਜੀਵਨ ਵੇਰਵਿਆਂ ਨੂੰ ਆਪਣੇ ਕਲਾਵੇ ਵਿਚ ਲੈਂਦੇ ਹਨ। ਆਧੁਨਿਕ ਪੰਜਾਬੀ ਨਾਵਲ ਮਨੁੱਖ ਦੀਆਂ ਬਹੁ ਪਰਤੀ ਤੇ ਬਹੁ ਦਿਸ਼ਾਵੀ ਸਮੱਸਿਆਵਾਂ ਨੂੰ ਵੱਖ-ਵੱਖ ਜੁਗਤਾਂ ਰਾਹੀਂ ਰੂਪਮਾਨ ਕਰਦਾ ਨਜ਼ਰ ਆਉਂਦਾ ਹੈ। ਇਸੇ ਦ੍ਰਿਸ਼ਟੀ ਤੋਂ 'ਖ਼ਾਲੀ ਖੂਹਾਂ ਦੀ ਕਥਾ' ਨਾਵਲ ਵਿਸ਼ੇ ਤੋਂ ਇਲਾਵਾ ਆਪਣੇ ਪ੍ਰਤੀਕ ਵਿਧਾਨ ਕਰਕੇ ਵਿਸ਼ੇਸ਼ ਅਰਥਾਂ ਦਾ ਧਾਰਨੀ ਬਣ ਜਾਂਦਾ ਹੈ। ਇਸ ਵਿਚਲਾ ਪ੍ਰਤੀਕ ਵਿਧਾਨ ਸਾਂਝੇ ਪੰਜਾਬ ਦੀ ਖੁਸ਼ਹਾਲੀ ਤੋਂ ਚੱਲ ਕੇ ਅੱਜੋਕੇ ਸੰਕਟਮਈ ਪੰਜਾਬ ਦੇ ਮੁਹਾਂਦਰੇ ਨੂੰ ਰੂਪਮਾਨ ਕਰਦਾ ਹੈ।ਪ੍ਰਤੀਕ ਜਾਂ ਚਿਹਨ ਜ਼ਿੰਦਗੀ ਦੇ ਸਮੁੱਚੇ ਸਮਾਜ-ਸਭਿਆਚਾਰਕ ਸੰਦਰਭਾਂ ਨੂੰ ਮਾਨਸਿਕ ਪਿੱਠ-ਭੂਮੀ ਤੋਂ ਸਿਰਜਦਾ ਹੋਇਆ ਉਸਦੀ ਡੂੰਘ ਸੰਰਚਨਾ ਵਿਚ ਵਿਚਰਦੇ ਵਿਸ਼ੇਸ਼ ਅਰਥਾਂ ਨੂੰ ਰੂਪਮਾਨ ਕਰਦਾ ਹੈ। ਚਿਹਨ ਇਕ ਭਾਸ਼ਾਈ ਵਰਤਾਰਾ ਹੈ ਜਿਹੜਾ ਭਾਸ਼ਾ ਦੇ ਸਮੂਰਤ ਹੋਂਦ-ਪ੍ਰਬੰਧ ਵਿਚੋਂ ਆਪਣੇ ਅਰਥਾਂ ਸਮੇਤ ਕਾਰਜਸ਼ੀਲ ਹੁੰਦਾ ਹੈ। ਜਦਕਿ ਪ੍ਰਤੀਕ ਕਿਸੇ ਪ੍ਰਬੰਧ ਦੇ ਰੂੜ੍ਹ ਹੋ ਚੁੱਕੇ ਅਰਥਾਂ ਨੂੰ ਸੁਦ੍ਰਿੜ ਕਰਦਾ ਹੈ।

'ਖ਼ਾਲੀ ਖੂਹਾਂ ਦੀ ਕਥਾ' ਨਾਵਲ ਵਿਚ ਵੱਖ-ਵੱਖ ਪ੍ਰਤੀਕਾਂ ਦੁਆਰਾ ਇਕ ਵਿਸ਼ੇਸ਼ ਪ੍ਰਭਾਵ ਸਿਰਜਿਆ ਗਿਆ ਹੈ। ਨਾਵਲ ਦੀ ਕਥਾ ਦੇ ਧੁਰੇ ਦੋ ਭਰਾ ਚਰਨ ਸਿੰਘ ਤੇ ਬਚਨ ਸਿੰਘ ਹਨ ਜਿਹੜੇ ਪਲੇਗ ਦੀ ਮਾਰ ਝੱਲਦੇ, ਆਪਣੀ ਮਾਂ ਦੇ ਉੱਧਲ ਜਾਣ ਦਾ ਸੱਲ ਲਈ ਨਾਨਕਿਆਂ ਦੇ ਰਹਿਮੋ-ਕਰਮ 'ਤੇ ਪਲ਼ਦੇ ਹਨ। ਉਹ ਇਸ ਪਿਛੋਕੜ ਵਿਚੋਂ ਆਪਣੀ ਮਿਹਨਤ ਰਾਹੀਂ ਜਿਹੜਾ ਵਿਕਾਸ ਕਰਦੇ ਹਨ. ਉਸ ਵਿਚ ਖੂਹ ਖੁਸ਼ਹਾਲੀ ਦੇ ਪ੍ਰਤੀਕ ਵਜੋਂ ਕਿਰਤ ਦੀ ਸ਼ਕਤੀ ਨੂੰ ਦ੍ਰਿੜ ਕਰਾਉਂਦਾ ਹੈ।

ਨਾਵਲ ਦੇ ਪਹਿਲੇ ਭਾਗ 'ਮੇਰਾ ਨਾਨਕਾ ਪਿੰਡ' ਵਿਚ ਵਿਆਹ ਵਰਗਾ ਮਾਹੌਲ ਚਿੱਤਰਿਆ ਗਿਆ ਹੈ। ਪੁਰਾਣੇ ਪੰਜਾਬ ਦੀ ਖੁਸ਼ਹਾਲੀ ਤੇ ਰਿਸ਼ਤਿਆਂ ਵਿਚਲੇ ਮੋਹ ਨੂੰ ਸਾਂਝੀਵਾਲਤਾ ਦੀ ਚਾਸ਼ਣੀ ਵਿਚ ਡੁਬੋ ਕੇ ਪੇਸ਼ ਕੀਤਾ ਹੈ। ਜਿੱਥੇ ਦੋਹਤਮਾਨਾਂ ਨੂੰ ਸਾਰਾ ਪਿੰਡ ਆਪਣੀਆਂ ਪਲਕਾਂ 'ਤੇ ਬਿਠਾ ਲੈਂਦਾ ਸੀ। ਅਸਲ ਵਿਚ ਇਹ ਸਭ ਕੁਝ ਖੁਸ਼ਹਾਲ ਜੀਵਨ ਵਿਚ ਹੀ ਸੰਭਵਤ ਹੈ। ਇਸਤੋਂ ਇਲਾਵਾ ਕਿਉਂਕਿ ਚਰਨ ਸਿੰਘ ਤੇ ਬਚਨ ਸਿੰਘ ਆਪ ਨਾਨਕਿਆਂ ਦੇ ਰਹਿਮੋ-ਕਰਮ 'ਤੇ ਪਲ਼ੇ ਹਨ ਇਸ ਲਈ ਉਹ ਇਸ ਦੁਖਾਂਤ ਨੂੰ ਬਾਖ਼ੂਬੀ ਸਮਝਦੇ ਹਨ ਤੇ ਆਪਣੇ ਦੋਹਤਿਆਂ ਨੂੰ ਬਹੁਤ ਪਿਆਰ ਦਿੰਦੇ ਹਨ। ਅਸੀਂ ਦੇਖਦੇ ਹਾਂ ਕਿ ਨਾਨਾ ਡੰਗਰ ਚਾਰ ਰਿਹਾ ਹੈ। ਇਹ ਕਿਸਾਨੀ ਆਰਥਿਕਤਾ ਦਾ ਧੁਰਾ ਪਸ਼ੂ ਧਨ ਹੈ, ਜਿਸਤੋਂ ਬਿਨਾਂ ਕਿਸਾਨੀ ਜੀਵਨ ਅਧੂਰਾ ਹੈ। ਖੂਹ ਦਾ ਚੱਕ ਸੁੱਟਣ ਦਾ ਜ਼ਿਕਰ ਹੈ ਜਦੋਂ ਜਮਾਲਦੀਨ ਗੁੱਜਰ ਤੇ ਉਸਦਾ ਪੁੱਤਰ ਯੂਸਫ਼ ਸਿਰ ਹਿਲਾ-ਹਿਲਾ ਢੋਲ ਵਜਾ ਰਹੇ ਸਨ। ਖੁਸ਼ਹਾਲ ਪੰਜਾਬ ਦੀ ਭਲਵਾਨੀ ਦਾ ਚਿਤਰਨ ਹੈ। ਨਸੂਹੜੀਆ ਸਾਫਾ, ਰਸਦਾਰ ਅੰਬੀਆਂ, ਪੰਜਾਂ ਪੀਰਾਂ ਵਿਖੇ ਵੰਡਿਆ ਜਾ ਰਿਹਾ ਚੂਰਮਾਂ ਆਦਿ ਸਭ ਖੁਸ਼ਹਾਲੀ ਨੂੰ ਦਰਸਾਉਂਦੇ ਪ੍ਰਤੀਕ ਹਨ। ਅਜਿਹੀ ਖੁਸ਼ਹਾਲੀ ਜਿਸ ਵਿਚ ਵੱਡ-ਵਡੇਰਿਆਂ ਦੀ ਮਾਨਤਾ, ਧਰਮ-ਕਰਮ ਦੀ ਮਾਨਤਾ, ਲੋਕ

ਵਿਸ਼ਵਾਸਾਂ ਤੇ ਵਹਿਮਾਂ ਭਰਮਾਂ ਦਾ ਰਲੇਵਾਂ ਆਦਿ ਸਭ ਸ਼ਾਮਲ ਹੈ। ਇਸ ਮਾਹੌਲ ਵਿਚ ਜਦੋਂ ਦੋਹਤੇ ਨਾਨਕੇ ਪਿੰਡ ਆਉਂਦੇ ਹਨ ਤਾਂ ਸਾਰੇ ਪਾਸੇ ਉਹਨਾਂ ਦਾ ਭਰਵਾਂ ਸੁਆਗਤ ਕੀਤਾ ਜਾਂਦਾ ਹੈ। ਨਾਨੀਆਂ, ਮਾਮੀਆਂ ਮਾਸੀਆਂ ਗੀਤ ਗਾ ਕੇ, ਪਿਆਰ ਦੇ ਕੇ ਉਹਨਾਂ ਪ੍ਰਤੀ ਆਪਣੇ ਮੋਹ ਦੀਆਂ ਭਾਵਨਾਵਾਂ ਬਿਆਨ ਕਰਦੀਆਂ ਹਨ। ਉਸ ਸਮੇਂ ਨਾਨਾ ਮਾਇਆ ਨਾਲ ਨੱਕੋ-ਨੱਕ ਭਰੇ ਖੂਹਾਂ ਦੀ ਬਾਤ ਛੋਂਹਦਾ ਹੈ ਜਿਹੜੀ ਅੰਤ ਤਕ ਖਾਲੀ ਹੋ ਜਾਣ ਵਿਚ ਬਦਲ ਜਾਂਦੀ ਹੈ।

ਪਲੇਗ ਦੀ ਮਾਰ ਨਾਲ ਹੱਸਦਾ-ਵੱਸਦਾ ਘਰ ਖੰਡਰ ਹੋ ਜਾਂਦਾ ਹੈ। ਇਸ ਮਾਰ ਵਿਚੋਂ ਸਿਰਫ ਚਰਨਾ ਤੇ ਬਚਨਾ ਦੋਵੇਂ ਭਰਾ ਹੀ ਬਚਦੇ ਹਨ। ਜਦੋਂ ਚਰਨ-ਬਚਨ ਦਾ ਚਾਚਾ ਜੰਗ ਸਿੰਘ ਇਕ ਰਾਤ ਮਲਾਇਆ ਤੋਂ ਖੱਟ-ਕਮਾ ਕੇ ਮੁੜਿਆ ਤਾਂ ਇਸ ਬਿਰਤਾਂਤ ਨੂੰ ਨਾਵਲਕਾਰ ਇਸ ਤਰ੍ਹਾਂ ਪੇਸ਼ ਕਰਦਾ ਹੈ: "ਰਾਤ ਨੂੰ ਦਰਵਾਜ਼ੇ ਅੱਗੇ ਬਰੋਟੀਆਂ ਹੇਠ, ਉਸਨੇ ਤਾਂਗਾ ਰੋਕਿਆ। ਭੜਕੀਆਂ ਹੋਈਆਂ ਚਾਮ-ਚੜਿੱਕਾਂ ਨੇ ਇਕਲਖ਼ਤ 'ਚੀਂਅ-ਚਰੀਂਅ' ਕੀਤੀ। ਜੰਗ ਸਿੰਘ ਦਹਿਲਿਆ ਨਹੀਂ। ਮਾਲ ਅਸਬਾਬ ਲਾਹ ਕੇ ਉਸ ਨੇ ਚਾਈਂ-ਚਾਈਂ ਆਪਣੀ ਨੀਵੀਂ ਗਲੀ ਦਾ ਰੁਖ਼ ਕੀਤਾ। ਪਰ ਅੱਗੇ ਸੁੰਨੇ ਘਰ ਨੂੰ ਬਾੜ ਗਡੀ ਹੋਈ ਸੀ। ਵਿਹੜੇ ਵਿਚ ਚੁੱਪ ਖੜ੍ਹੀ ਇਮਲੀ ਉੱਪਰ ਉੱਲੂ ਬੋਲ ਰਿਹਾ ਸੀ। ...ਉਹ ਗਸ਼ ਖਾ ਕੇ ਕੱਚੀ ਬੀਹੀ ਵਿਚ ਡਿਗ ਪਿਆ। ਜਦੋਂ ਹੋਸ਼ ਪਰਤੀ ਤਾਂ ਉਹ ਆਪਣੇ ਹੱਕੀਆਂ ਦੇ ਮਕਾਨ ਵਿਚ ਪਲੰਘ ਉੱਤੇ ਪਿਆ ਸੀ। ...ਉਸਦੇ ਲੱਕ ਦੁਆਲੇ ਬੰਨ੍ਹੀਂ ਬਾਂਸਲੀ ਗ਼ਾਇਬ ਸੀ। ...ਦੂਜੀ ਸਵੇਰ, ਉਹ ਹੰਭਲਾ ਮਾਰ ਕੇ ਉਠਿਆ।... ਉਸਨੇ ਮੁੜ ਆਪਣੇ ਮਕਾਨ ਦਾ ਰੁਖ਼ ਕੀਤਾ। ਸੱਚਮੁੱਚ ਸਭ ਰੜਾ ਮੈਦਾਨ ਸੀ। ਇਕ ਕੱਚੀ ਕੋਠੜੀ ਵੀ ਖੋਲਾ ਬਣੀ ਖੜ੍ਹੀ ਸੀ। ...ਖੋਲੇ ਵਿਚੋਂ ਇਕ ਖਰਸ-ਖਾਧਾ ਕੁੱਤਾ ਪਿੰਡਾ ਝੰਡਕਦਾ ਬਾਹਰ ਨਿਕਲਿਆ। ...ਸਾਰੇ ਵਿਹੜੇ ਵਿਚੋਂ ਲੋਕਾਂ ਨੇ ਉੱਜੜ ਗਏ ਸਮਝ ਕੇ ਮਿੱਟੀ ਪੁੱਟਦਿਆਂ ਡੂੰਘੇ ਮਟਿਆਨੇ ਬਣਾ ਦਿੱਤੇ ਸਨ"।

ਇਸ ਬਿਰਤਾਂਤ ਵਿਚ ਚਾਮ-ਚੜਿੱਕਾਂ, ਸੁੰਨਾਂ ਘਰ, ਇਮਲੀ ਉਪਰ ਉੱਲੂ ਦਾ ਬੋਲਣਾ, ਲੱਕ ਦੁਆਲੇ ਬੰਨ੍ਹੀਂ ਬਾਂਸਲੀ ਦਾ ਗ਼ਾਇਬ ਹੋ ਜਾਣਾ, ਖਰਸ ਖਾਧਾ ਕੁੱਤਾ, ਡੂੰਘੇ ਮਟਿਆਨੇ ਆਦਿ ਸਾਰੇ ਪ੍ਰਤੀਕ ਉਸਦੀ ਮਾਨਸਿਕਤਾ ਤੇ ਉਸ ਸਮੇਂ ਦੀ ਹਾਲਤ ਦੀ ਪ੍ਰਤੀਨਿਧਤਾ ਕਰਨ ਦੇ ਨਾਲ-ਨਾਲ ਨਾਵਲ ਦੀ ਅਗਲੀ ਕਥਾ ਦਾ ਆਧਾਰ ਵੀ ਬਣਦੇ ਹਨ।

ਚਰਨਾ ਅਤੇ ਬਚਨਾ ਉਜਾੜੇ ਦੀ ਇਸ ਘਿਨਾਉਣੀ ਹਾਲਤ ਵਿਚੋਂ ਕਿਰਤ ਤੇ ਭਾਈਚਾਰਕ ਭਾਵਨਾ ਸਦਕਾ ਉੱਭਰ ਕੇ ਉੱਚਾ ਰੁਤਬਾ ਪ੍ਰਾਪਤ ਕਰਦੇ ਹਨ । ਦੋਹਾਂ ਅੰਦਰ ਅੱਗੇ ਵਧਣ ਦੀ ਲਾਲਸਾ ਹੈ। ਚਰਨ ਸਿੰਘ ਤਾਂ ਅਗਲਾ ਜਨਮ ਵੀ ਜਮਨਾ ਕੰਢੇ ਮਥਰਾ ਦੇ ਇਲਾਕੇ ਵਿਚ ਖੁੱਲ੍ਹੀ ਭੋਇੰ ਦਾ ਮਾਲਕ ਬਣ ਕੇ ਲੈਣਾ ਚਾਹੁੰਦਾ ਹੈ। ਉਸਨੂੰ ਕਿਸੇ ਧਰਮ, ਜ਼ਾਤ, ਪਹਿਰਾਵੇ, ਭਾਸ਼ਾ ਦੀ ਪ੍ਰਵਾਹ ਨਹੀਂ। ਉਸਨੂੰ ਸਿਰਫ਼ ਆਰਥਿਕ ਪੱਖੋਂ ਸਾਧਨ-ਸੰਪੰਨਤਾ ਚਾਹੀਦੀ। ਉਸਦੀ ਗੱਲ-ਬਾਤ ਸੁਣਦੇ ਦੋਹਤੇ-ਦੋਹਤੀਆਂ ਦੇ ਹੱਸਦਿਆਂ-ਹੱਸਦਿਆਂ ਢਿੱਡ ਦੁਖਣ ਲੱਗ ਜਾਂਦੇ। ਪਰੰਤੂ ਉਸਦੇ ਇਸ ਕਥਨ ਵਿਚ ਡੂੰਘੇ ਭਾਵ ਅਰਥ ਲੁਕੇ ਹੋਏ ਨੇ: "ਧੋਤੀ-ਟੋਪੀ ਵੀ ਪਾ ਲਊਂਗਾ ਅਰ ਲਾਂਗੜ ਵੀ ਲਾ ਲਊਂ।... ਖੁੱਲ੍ਹੀ-ਡੁੱਲ੍ਹੀ ਜ਼ਮੀਨ ਚਾਹੀਦੀ ਐ, ਮੈਨੂੰ ਤਾਂ। ਜਿੱਥੇ ਮਰਜ਼ੀ ਅਰ ਜੇਹੋ ਜਿਹੀ ਮਰਜ਼ੀ ਮਿਲ ਜਾਏ। ਕੋਈ ਪਰਵਾਹ ਨਹੀਂ। ਜੰਗਲ ਬੀਆਬਾਨ ਨੂੰ ਵੀ ਮੈਂ ਆਪੇ ਵੈਂਹਦੜ ਬਣਾ ਲਊਂਗਾ"।

ਇਸ ਬਿਰਤਾਂਤ ਵਿਚੋਂ ਚਰਨ ਸਿੰਘ ਦਾ ਪੰਜਾਬ ਦੀ ਮਿਹਨਤੀ ਕਿਸਾਨੀ ਦਾ ਜੁੱਸਾ ਝਲਕਦਾ ਹੈ ਜਿਹੜਾ ਬੰਜਰ ਧਰਤ ਨੂੰ ਉਪਜਾਊ ਕਰਨ ਦਾ ਹੌਂਸਲਾ ਰੱਖਦਾ ਹੈ ਪਰੰਤੂ ਅੱਜੋਕੀ ਪੀੜ੍ਹੀ ਵਿਚ ਅਜਿਹੇ ਜੁੱਸੇ ਦੀ ਘਾਟ ਹੈ। ਇਸੇ ਕਾਰਨ ਉਹ ਚਰਨ ਸਿੰਘ ਦੀਆਂ ਅਜਿਹੀਆਂ ਗੱਲਾਂ ਨੂੰ ਹਾਸੇ-ਮਜ਼ਾਕ ਵਿਚ ਲੈਂਦੇ ਹਨ। ਚਰਨ ਸਿੰਘ ਅਸਲ ਵਿਚ ਬੁਢਾਪੇ ਵਿਚ ਵੀ ਭਰਿਆ ਹੋਇਆ ਖੂਹ ਹੈ। ਉਸ ਅੰਦਰ ਅੱਗੇ ਵਧਣ ਦੀ ਲਾਲਸਾ ਹੈ। ਮਿਹਨਤ ਕਰਨ ਦਾ ਜਜ਼ਬਾ ਹੈ ਜਿਸ ਨਾਲ ਉਹ 'ਹਮਕੋ

ਤੁਮਕੋ' ਵੀ ਸਿੱਖ ਲਵੇਗਾ। ਇੱਥੋਂ ਤੀਕ ਉਹ ਜ਼ਮੀਨ ਜਾਂ ਮਾਇਆ ਆਉਣ ਦੀ ਸੂਰਤ ਵਿਚ 'ਗਿੱਟ ਮਿੱਟ' ਜਾਂ 'ਤੜੇ ਮੋਛੇ-ਗੋਛੇ' ਪਸ਼ਤੋ ਵੀ ਸਿੱਖ ਸਕਦਾ ਹੈ। ਚਰਨੇ ਦੀ ਅਜਿਹੀ ਬਿਰਤੀ ਹੋਣ ਪਿੱਛੇ ਉਸਦਾ ਬ੍ਰਾਹਮਣੀ ਵਿਚਾਰਾਂ ਦਾ ਅਨੁਸਾਰੀ ਹੋਣਾ ਹੈ ਜਿਸ ਅਨੁਸਾਰ ਮਾਇਆ ਮਨੁੱਖ ਨੂੰ ਸਵਰਗ ਵੱਲ ਲੈ ਜਾਂਦੀ ਹੈ।

ਨਾਵਲ ਦੇ ਇਸ ਖੁਸ਼ਨੁਮਾ ਬਿਰਤਾਂਤ ਵਿਚ ਇਸਤੋਂ ਅੱਗੇ ਅਜਿਹੀ ਗੜਬੜ ਮੱਚਦੀ ਹੈ ਕਿ ਰਿਸ਼ਤਿਆਂ ਵਿਚ ਅਣਬਣ ਹੋ ਕੇ ਟਕਰਾਓ ਦਾ ਮਾਹੌਲ ਸਿਰਜਿਆ ਜਾਂਦਾ ਹੈ। ਆਪਸੀ ਮੋਹ ਫਿੱਕਾ ਪੈਣ ਲੱਗਦਾ ਹੈ। ਇਸ ਨੂੰ ਨਾਵਲਕਾਰ ਨੇ 'ਗੜਬੜ', 'ਟੱਕਰ' ਤੇ 'ਅਣਬਣ' ਸਿਰਲੇਖਾਂ ਵਾਲੇ ਕਾਂਡਾਂ ਵਿਚ ਸਪੱਸ਼ਟ ਕੀਤਾ ਹੈ। ਰੱਜੇ ਹੋਏ ਕੋੜਮੇ ਵਿਚ 'ਭੁੱਖ' ਆ ਵੜਦੀ ਹੈ। ਅਸਲ ਵਿਚ ਇਹ ਭੁੱਖ ਮਨੁੱਖੀ ਲਾਲਸਾਵਾਂ ਦੀ ਭੁੱਖ ਹੈ ਜਿਸਨੂੰ ਪੂੰਜੀਵਾਦੀ ਦੌਰ ਵਿਚ ਹੋਰ ਵਿਸਥਾਰ ਮਿਲਦਾ ਹੈ। ਉਤਪਾਦਨ ਵਿਚ ਵਾਧੇ ਦੀ ਲਾਲਸਾ ਨਾਲ ਵੱਧ ਮਾਇਆ ਇਕੱਠੀ ਕਰਨ ਦੇ ਮਕਸਦ ਤਹਿਤ ਆਪਣੇ ਉਤਪਾਦਨ ਸੰਦਾਂ-ਸਾਧਨਾਂ ਵਿਚ ਜਾਇਜ਼-ਨਾਜਾਇਜ਼ ਤਰੀਕੇ ਨਾਲ ਵਾਧਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜ਼ਮੀਨ ਰਿਸ਼ਤਿਆਂ ਵਿਚ ਖਟਾਸ ਦਾ ਕਾਰਨ ਬਣਦੀ ਹੈ। ਜਦੋਂ ਗਿਆਨੋ ਦੇ ਸਹੁਰੇ ਉਸਦੇ ਹਿੱਸੇ ਆਉਂਦੀ ਜ਼ਮੀਨ ਮੰਗਦੇ ਹਨ ਤਾਂ ਉਦੋਂ ਮਿੱਠੀ ਨਾਨੀ ਅਮਰੋ ਵੀ ਅੰਤਾਂ ਦੀ ਕੌੜੀ ਹੋ ਕੇ ਆਪਣੀ ਵੱਡੀ ਭੈਣ ਪ੍ਰੀਤਮ ਕੌਰ ਉਤੇ ਜ਼ਹਿਰ ਦਾ ਫ਼ਰਾਟਾ ਮਾਰਦੀ ਹੈ: "ਤੂੰ ਭੁੱਖੀ ਸੱਪਣੀ ਐਂ, ਸੱਪਣੀ। ਜਿਹੜੀ ਖੁੱਧਿਆ ਦੀ ਸਤਾਈ ਆਪਣੇ ਸਕੇ-ਸੋਧਰਿਆਂ ਨੂੰ ਨਿਗਲ ਜਾਂਦੀ ਐ, ਖੋਹੀ ਲੱਗਣੀ। ਸਾਰਾ ਜੱਗ ਉਹਨੂੰ ਬੱਚੇ ਖਾਣੀ ਕਹਿੰਦੈ"।

ਅਮਰ ਕੌਰ ਦਾ ਇਹ ਰੁਦਨ ਸੰਤਾਨ ਵਿਹੂਣੀ ਖਾਸ ਕਰਕੇ ਪੁੱਤ ਵਿਹੂਣੀ ਹੋਣ ਕਾਰਨ ਹੈ। ਉਸਦੀ ਕੁੱਲ ਨੂੰ ਅੱਗੇ ਵਧਾਉਣ ਵਾਲਾ ਵਾਰਿਸ ਨਾ ਹੋਣ ਕਰਕੇ ਉਹ ਮਾਨਸਿਕ ਤੌਰ 'ਤੇ ਖਿਝੀ-ਖਪੀ ਰਹਿੰਦੀ ਹੈ। ਦੂਜੇ ਪਾਸੇ ਉਸਦੀ ਧੀ ਗਿਆਨ ਕੌਰ ਦੇ ਸਹੁਰੇ ਸਾਰੀ ਉਮਰ ਉਸ ਨੂੰ ਪੇਕਿਆਂ ਤੋਂ ਜ਼ਮੀਨ ਲਿਆਉਣ ਲਈ ਤੰਗ ਕਰਦੇ ਰਹਿੰਦੇ ਹਨ।ਖੁਦ ਅਮਰ ਕੌਰ ਤੇ ਗਿਆਨ ਕੌਰ ਵੀ ਇਸਦੀ ਹਾਮੀ ਭਰਦੀਆਂ ਹਨ, ਜਦਕਿ ਅਮਰ ਕੌਰ ਦਾ ਪਤੀ ਬਚਨ ਸਿੰਘ ਆਪਣੇ ਭਰਾ ਦੇ ਅਹਿਸਾਨਾਂ ਬਦਲੇ ਆਪਣੇ ਭਤੀਜਿਆਂ ਨੂੰ ਜ਼ਮੀਨ ਦੇਣੀ ਲੋਚਦਾ ਹੈ। ਜਦੋਂ ਅਮਰ ਕੌਰ ਬਚਨ ਸਿੰਘ ਨੂੰ ਆਪਣੀ ਧੀ ਦਾ ਜਾਇਦਾਦ 'ਤੇ ਹੱਕ ਹੋਣਾ ਜਤਾਉਂਦੀ ਹੈ ਤਾਂ ਉਹ ਉਸਨੂੰ ਜਵਾਬ ਦਿੰਦਾ ਹੈ: "ਉਹ ਅਸਲ ਹੱਕਦਾਰ ਜ਼ਰੂਰ ਹੁੰਦੀ ਜੇ ਮੇਰਾ ਮੁੰਡਾ ਬਣ ਕੇ ਜੰਮਦੀ। ਜਾਇਦਾਦ ਫੇਰ ਸਾਡੀ ਜੱਦ ਵਿੱਚੇ ਰਹਿੰਦੀ। ਐਕਣ ਤਾਂ ਕਮਲ਼ੀਏ, ਸਾਡੇ ਪੁਰਖਿਆਂ ਦਾ ਵਜੂਦ ਏ ਖਤਮ ਹੋ ਜੂ...।"

ਅਜਿਹਾ ਕਰਦਾ ਹੋਇਆ ਬਚਨ ਸਿੰਘ ਆਪਣੀ ਕੁੱਲ ਨੂੰ ਚੱਲਦਾ ਰੱਖਣਾ ਚਾਹੁੰਦਾ ਹੈ ਪਰੰਤੂ ਉਸਦੀ ਧੀ ਆਪਣਾ ਹਿੱਸਾ ਲਿਜਾਣ ਲਈ ਬਜ਼ਿੱਦ ਹੈ। ਇਸ ਗੱਲ ਨੂੰ ਲੈ ਕੇ ਗਿਆਨ ਕੌਰ ਦਾ ਆਪਣੇ ਬਾਪ ਨਾਲ ਵਧਿਆ ਬੋਲ-ਬੁਲਾਰਾ ਜੜਾਕਾ ਮਾਰ ਕੇ ਟੁੱਟਣ ਤਕ ਪਹੁੰਚ ਜਾਂਦਾ ਹੈ। ਗਿਆਨ ਕੌਰ ਲਈ ਵੀ ਜਿਵੇਂ ਇਕੋ-ਇਕ ਕੰਮ ਜ਼ਮੀਨ ਦਾ ਹਿੱਸਾ ਲੈਣਾ ਹੀ ਰਹਿ ਜਾਂਦਾ ਹੈ। ਜਦ ਉਸਦਾ ਬਾਪ ਆਪਣੀ ਬੇਵਸੀ ਜ਼ਾਹਰ ਕਰਦਾ ਹੈ ਤਾਂ ਉਹ ਉਸਨੂੰ ਸਮਝਣ ਦੀ ਥਾਂ ਭੜਕਦੀ ਹੋਈ ਆਖਦੀ ਹੈ: "ਮੈਨੂੰ ਪਤੈ, ਤੇਰੀ ਬੇਵੱਸੀ ਦਾ। ਮੇਰੇ ਵੱਲੋਂ ਤੂੰ ਅੱਜ ਤੋਂ ਮਰ ਗਿਆ। ਕੀਰਤਪੁਰੇ ਫੁੱਲ ਪੈਗੇ ਤੇਰੇ। ਮੈਂ ਤੇਰੀ ਧੀ ਨਹੀਂ। ਤੇਰੇ ਨਾਲੋਂ ਮੈਂ ਅਨੋਖੇ ਵਰਗੇ ਕਿਸੇ ਕਮੀਨ ਨੂੰ ਆਪਣਾ ਮਾਪਾ ਮੰਨ ਲਊਂਗੀ "।

ਇਸ ਤਰ੍ਹਾਂ ਗਿਆਨੋ ਆਪਣੇ ਬਾਪ ਨੂੰ ਬਾਪ ਮੰਨਣ ਤੋਂ ਇਨਕਾਰੀ ਹੋ ਜਾਂਦੀ ਹੈ। ਇਸ ਗੱਲ ਤੋਂ ਬਚਨਾ ਮਨ ਹੀ ਮਨ ਦੁਬਿਧਾ ਵਿਚ ਫਸਿਆ ਰਹਿੰਦਾ ਹੈ। ਉਸਦੇ ਭਰਾ ਚਰਨ ਸਿੰਘ ਦਾ ਪਿਆਰ ਉਸਨੂੰ ਆਪਣੇ ਭਤੀਜਿਆਂ ਨੂੰ ਹੀ ਪੁੱਤ ਸਮਝਣ ਦੀ ਸਮਝੌਤੀ ਦਿੰਦਾ ਹੈ ਪਰੰਤੂ ਫੁਸ-ਫੁਸ

ਕਰਦੀ ਧੀ ਦਾ ਚਿਹਰਾ ਉਸਨੂੰ ਉਸਦਾ ਹਿੱਸਾ ਦੇਣ ਬਾਰੇ ਸੋਚਣ ਲਾ ਦਿੰਦਾ ਹੈ। ਇਕ ਵਾਰ ਜਦੋਂ ਉਹ ਗਿਆਨੋ ਨੂੰ ਹਿੱਸਾ ਦੇਣ ਬਾਰੇ ਬਚਿੱਤਰ ਨਾਲ ਗੱਲ ਕਰਦਾ ਹੈ ਤਾਂ ਬਚਿੱਤਰ ਉਸਨੂੰ ਕੋਰਾ ਜਵਾਬ ਦੇ ਦਿੰਦਾ ਹੈ। ਕਿਉਂਕਿ ਉਸਨੇ ਬਚਨੇ ਵਾਲਾ ਹਿੱਸਾ ਆਪਣੇ ਪੁੱਤਰਾਂ ਦੇ ਨਾਂਅ ਚੜ੍ਹਾ ਦਿੱਤਾ ਹੈ। ਇਹ ਸੁਣ ਕੇ ਬਚਨਾ ਪਿੱਟ ਉੱਠਦਾ ਹੈ: "... ਤੁਸੀਂ ਤਾਂ ਬਨਾਰਸ ਦੇ ਠੱਗਾਂ ਨੂੰ ਮਾਤ ਪਾਗੇ, ਮੁੰਡਿਆ। ਬੇਵਫ਼ਾਈ ਵਾਲੀ ਹੱਦ ਤੋੜਤੀ। ਲਾਡ-ਲਾਡ 'ਚ ਫੜਾਇਆ ਹੱਥ ਹੀ ਨਿਗਲ ਗਏ ਪਤੰਦਰੋ ?"

ਬਚਨੇ ਦੇ ਭਤੀਜੇ ਆਪਣੀ ਚਚੇਰੀ ਭੈਣ ਗਿਆਨੋ ਦਾ 'ਕੂਕ ਰੌਲਾ' ਸੁਣਕੇ ਹੱਲ ਕਰਨ ਦੀ ਥਾਂ ਉਸਦੀ ਜ਼ਮੀਨ ਆਪਣੇ ਨਾਂਅ ਲਗਵਾ ਲੈਂਦੇ ਹਨ। ਹਰਨਾਮੇ ਉਂਗਲੀ-ਵੱਢ ਅਨੁਸਾਰ, ਭਤੀਜਿਆਂ ਤੇ ਭਰਜਾਈ ਦੇ ਭਰਮਾਏ ਬਚਨ ਸਿੰਘ ਨੇ ਬਹੁਤ ਪਹਿਲਾਂ 'ਕੀੜੇ ਮਕੌੜਿਆਂ', 'ਚਿੜੀ-ਜਨੌਰਾਂ' ਅਤੇ 'ਮਖਿਆਲ ਦੀਆਂ ਮੱਖੀਆਂ' ਤੋਂ ਵੀ ਸਬਕ ਨਹੀਂ ਸਿੱਖਿਆ ਜਿਹੜੀਆਂ 'ਫੁੱਲ ਫੁੱਲ 'ਤੇ ਘੁੰਮਦੀਆਂ, ਮਖਿਆਲ 'ਕੱਠਾ ਕਰੀ ਜਾਂਦੀਆਂ, ਆਪਣੇ ਬੱਚੇ ਪਾਲਣ 'ਚ ਲੱਗੀਆਂ ਰਹਿੰਦੀਆਂ।' ਆਪਣੀ ਲੜਕੀ ਤੇ ਦੋਹਤਿਆਂ ਨੂੰ ਪਾਲ ਕੇ ਪ੍ਰਵਾਨ ਚੜ੍ਹਾਉਣ ਵਾਲੇ ਹਰਨਾਮਾ ਉਂਗਲੀ-ਵੱਢ ਬਨਾਮ ਧੀ ਤੇ ਦੋਹਤਿਆਂ ਤੋਂ ਬੇਮੁੱਖ ਹੋਏ ਬਚਨ ਸਿੰਘ ਦੀ ਤੁਲਨਾ ਵੀ ਚਿੰਨ੍ਹਾਤਮਕ ਰੂਪ ਵਿਚ ਨਾਵਲਕਾਰ ਦੇ ਅਸਲ ਆਸ਼ੇ ਨੂੰ ਸੁਝਾਉਂਦੀ ਹੈ।

ਨਾਵਲਕਾਰ ਸਪੱਸ਼ਟ ਕਰਦਾ ਹੈ ਕਿ ਜਦੋਂ ਗ੍ਰਹਿਸਤ ਵਿਚ ਅਜਿਹੇ ਵਿਗਾੜ ਆਉਂਦੇ ਹਨ ਤਾਂ 'ਗੁੜ' 'ਬਰਫ਼ੀ' ਦੇ ਅਰਥ ਸਮਝਾਉਣ ਵਾਲਾ ਸਵੈ ਕਾਬੂ ਰੱਖਦਾ ਰਿਹਾ ਬਚਨ ਸਿੰਘ ਵੀ ਆਪਾ ਖੋ ਬੈਠਦਾ ਹੈ। ਜਿਹੜਾ ਬਚਨ ਸਿੰਘ ਆਪਣੇ ਭਤੀਜੇ ਦੀ ਰਖੇਲ ਰੇਸ਼ਮਾਂ ਤੇ ਅਨੋਖੇ ਤੋਂ ਭਿੱਟ ਮੰਨਦਾ, ਉਹੀ ਹੁਣ ਸ਼ਰਾਬੀ ਹੋਇਆ ਆਸਰਾ ਲੱਭਦਾ ਰੇਸ਼ਮਾਂ ਨੂੰ ਫੜ ਕੇ ਡੁਸਕਣ ਲੱਗ ਪੈਂਦਾ ਹੈ। ਨਾਵਲਕਾਰ ਨੇ ਵਲਾਇਤੀ ਗਾਂ ਨੂੰ ਕੱਟਾ ਚੁੰਘਣ ਦੇ ਪ੍ਰਤੀਕ ਰਾਹੀਂ ਕਾਮੁਕ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਹੈ: "ਸਾਹਮਣੇ ਖੁਰਲੀ ਉੱਪਰ ਰੱਜੀ ਖੜੋਤੀ, ਜੁਗਾਲੀ ਕਰਦੀ, ਵਲਾਇਤੀ ਗਾਂ ਨੂੰ ਕੱਟਾ ਚੁੰਘਣ ਲੱਗ ਪਿਆ ਸੀ ਅਤੇ ਹਮੇਸ਼ਾ ਵਾਂਗ ਉਹ ਪੈਰ ਗੱਡ ਕੇ ਖੜ੍ਹੀ ਰਹੀ ਜਿਵੇਂ ਉਹ ਕੱਟਾ ਨਹੀਂ, ਉਸਦਾ ਆਪਣਾ ਵੱਛਾ ਹੋਵੇ"।

ਨਾਵਲਕਾਰ ਨੇ ਵਲਾਇਤੀ ਗਾਂ ਤੇ ਕੱਟੇ ਦੇ ਪ੍ਰਤੀਕ ਰਾਹੀਂ ਰੇਸ਼ਮਾ ਤੇ ਬਚਨ ਸਿੰਘ ਦੇ ਜਾਤੀ ਤੇ ਜਮਾਤੀ ਵਖਰੇਵੇਂ ਨੂੰ ਵੀ ਸਪੱਸ਼ਟ ਕੀਤਾ ਹੈ। ਬੇਸ਼ੱਕ ਦਾਰੂ ਨਾਲ ਟੁੰਨ ਹੋਏ ਹੁਕਮੇ ਨੇ ਸੌਣ ਲੱਗਿਆਂ ਰੇਸ਼ਮਾ ਨੂੰ ਤਾੜਨਾ ਵੀ ਕੀਤੀ ਸੀ ਕਿ ਉਹ ਕੱਟੇ ਨੂੰ ਚੰਗੀ ਤਰਾਂ ਵਲ ਮਾਰ ਕੇ ਬੰਨ੍ਹ ਦੇਵੇ ਪਰ ਅਜਿਹਾ ਨਹੀਂ ਹੁੰਦਾ। ਰਾਤ ਨੂੰ ਦਾਰੂ ਦੇ ਨਸ਼ੇ ਵਿਚ ਅਬਾ ਤਬਾ ਬੋਲਦੇ ਬਚਨੇ ਨੂੰ ਸੁਪਨੇ ਵਿਚ ਅਹਿਸਾਸ ਹੁੰਦਾ ਹੈ ਕਿ ਉਸਦੇ ਹੱਥ ਕੋਈ ਕਲਜੋਗਣ ਵੱਢ ਕੇ ਲੈ ਗਈ ਹੈ। ਉਹ ਅੱਬੜਵਾਹਾ ਉੱਠਿਆ ਆਪਣੇ ਲਹੂ-ਲੁਹਾਣ ਟੁੰਡਾਂ ਨੂੰ ਦੇਖ ਕੇ ਹੈਰਾਨ ਹੁੰਦਾ ਹੈ। ਹੱਥ ਵੱਢੇ ਜਾਣਾ ਉਸ ਨਾਲ ਵਾਪਰੀ ਭਾਵੀ ਦਾ ਚਿਹਨ ਹੈ। ਬਚਿੱਤਰ ਉਸ ਲਈ ਰੋਟੀ ਲੈ ਕੇ ਆਉਂਦਾ ਹੈ ਜਿਹੜੀ ਉਸਦੇ ਜਾਣ ਮਗਰੋਂ ਅਲਸ਼ੇਸ਼ਨ ਕੁੱਤਾ ਕੰਸ 'ਤੋਂ ਲਾਹ ਕੇ ਖਾ ਜਾਂਦਾ ਹੈ। ਇਸ ਬਿਰਤਾਂਤ ਰਾਹੀਂ ਨਾਵਲਕਾਰ ਨੇ ਬਚਿੱਤਰ ਦੁਆਰਾ ਬਚਨੇ ਦੀ ਜ਼ਮੀਨ ਆਪਣੇ ਨਾਂਅ ਕਰਾਉਣ ਦਾ ਬਿਰਤਾਂਤ ਸਿਰਜਿਆ ਹੈ। ਬਚਿੱਤਰ ਦੀ ਤੁਲਨਾ ਕੁੱਤੇ ਨਾਲ ਕੀਤੀ ਹੈ ਜਿਸਦਾ ਮਸਲਾ ਸਿਰਫ ਰੋਟੀ ਤਕ ਹੀ ਹੈ। ਬਚਨ ਸਿੰਘ ਕੁੱਤੇ ਨੂੰ ਆਖਦਾ ਹੋਇਆ ਕਿਸੇ ਘੋਰ ਪਛਤਾਵੇ ਵਿਚੋਂ ਬੋਲਦਾ ਹੈ: "ਵਾਹ ਓਏ ਜੈਕੀ! ਅਸਲ ਮਸਲਾ ਤੇਰਾ ਰੋਟੀ ਦਾ ਸੀ, ਜਿਹੜਾ ਹੱਲ ਹੋ ਗਿਐ। ਲੱਜ-ਲਿਹਾਜ਼ ਕੋਈ ਨੀਂ ਤੈਨੂੰ। ਹੁਣ 'ਕੱਲਾ ਹੀ ਵਿਤੋਂ ਬਾਹਰਾ ਅੰਨ ਖਾ ਕੇ ਮਰੇਂਗਾ ਨਹੀਂ ਤੂੰ ਕੰਜਰਾ?"

ਇਸ ਮਗਰੋਂ ਬਚਨ ਸਿੰਘ ਨੇ ਮੌਨ ਧਾਰ ਲਿਆ। ਉਸ ਲਈ ਭਤੀਜਿਆਂ ਦਾ ਵੱਸਦਾ-ਰਸਦਾ ਘਰ 'ਘਰ' ਨਹੀਂ ਰਹਿੰਦਾ। ਕਿਸੇ ਸਮੇਂ ਆਪਣੇ ਭਤੀਜੇ ਬਚਿੱਤਰ ਨੂੰ ਘਰ ਵੜਨ ਸੰਬੰਧੀ ਸਿੱਖਿਆ

ਦਿੰਦਾ ਉਹ ਵਾਸ਼ਨਾ ਭਰਪੂਰ ਚਿੰਨ੍ਹਾਂ ਰਾਹੀਂ ਕਾਮ ਭਟਕਣਾ ਤੋਂ ਵਰਜਦਾ ਹੋਇਆ ਆਖਦਾ ਹੈ: "ਸਾਰੀ ਉਮਰ ਨੀਂ ਵੱਛੇ ਭਜਾਏ ਜਾਂਦੇ। ਸਾਰੀ ਉਮਰ ਨੀਂ ਧੂੜਾਂ ਉੱਡਦੀਆਂ। ....ਜੇਹਾ ਗੁੜ ਖਾ ਲਿਆ, ਤੇਹੀ ਬਰਫੀ। ਚਸਕਾ ਤਾਂ ਮਿੱਠੇ ਦਾ ਹੀ ਪੂਰਾ ਕਰਨਾ ਹੁੰਦੈ। ...ਗੰਡ ਵਿਚੋਂ ਡੱਕੇ ਲਾ-ਲਾ ਖਾਧੇ ਲਾਲ਼ੇ ਦਾ ਵੀ ਆਪਣਾ ਹੀ ਆਨੰਦ ਹੁੰਦੈ, ਬਚਿੱਤਰ ਸਿਆਂ"।

ਅਜਿਹੇ ਕਾਮੁਕ ਸਿੰਬਲ ਵਰਤ ਕੇ ਘਰ ਦੇ ਅਰਥ ਸਮਝਾਉਣ ਦੀ ਕੋਸ਼ਿਸ਼ ਕਰਨ ਵਾਲਾ ਬਚਨ ਸਿੰਘ ਹੁਣ ਆਪ ਹੀ ਬੇਘਰਿਆਂ ਵਾਂਗ ਪਾਗ਼ਲ ਹੋਇਆ ਫਿਰਦਾ ਹੈ। ਉਹ ਮਨ ਹੀ ਮਨ ਆਪਣੇ ਆਪ ਨੂੰ ਦੋਸ਼ੀ ਸਮਝਦਾ ਹੋਇਆ ਘਰ-ਬਾਰ ਛੱਡ ਕੇ ਚਲਾ ਜਾਂਦਾ ਹੈ ਤੇ ਮੁੜ ਵਾਪਸ ਨਹੀਂ ਆਉਂਦਾ। ਘਰੋਂ ਜਾਣ ਸਮੇਂ ਉਹ ਆਪਣੇ ਮੰਜੇ ਦੀਆਂ ਬਾਹੀਆਂ ਤੇ ਸੇਰਵੇ ਅਲੱਗ ਕਰ ਲੈਂਦਾ ਹੈ। ਉਸਦਾ ਵਾਣ ਇਕੱਠਾ ਕਰਕੇ ਉਸਦੀ ਪੰਡ ਬੰਨ੍ਹਕੇ ਸਾਈਕਲ 'ਤੇ ਰੱਖ ਚਲਾ ਜਾਂਦਾ ਹੈ। ਉਸਦਾ ਪਿੱਛਾ ਕਰਕੇ ਲੱਭਣ ਗਏ ਬਚਿੱਤਰ ਹੋਰਾਂ ਨੂੰ ਵੀ ਇਹੀ ਪਤਾ ਲੱਗਦਾ ਹੈ ਕਿ ਉਹ ਆਪਣੇ ਸਾਈਕਲ ਨਾਲ ਮੰਜੇ ਦੀਆਂ ਬਾਹੀਆਂ, ਸੇਰਵੇ ਤੇ ਵਾਣ ਹਰ ਵਕਤ ਬੰਨ੍ਹੀ ਰੱਖਦਾ ਹੈ। ਨਾਵਲਕਾਰ ਨੇ ਇਸ ਮੰਜੇ ਦੇ ਬਿਰਤਾਂਤ ਰਾਹੀਂ ਰਿਸ਼ਤਿਆਂ ਦੇ ਖਿੰਡ ਜਾਣ ਦਾ ਪ੍ਰਤੀਕ ਸਿਰਜਿਆ ਹੈ। ਬਾਹੀਆਂ ਭਰਾਵਾਂ ਦਾ ਪ੍ਰਤੀਕ ਹਨ, ਸੇਰਵੇ ਪੁੱਤਾਂ-ਭਤੀਜਿਆਂ ਦਾ ਅਤੇ ਵਾਣ ਅੱਗੇ ਪੋਤੇ-ਦੋਹਤੇ ਤੇ ਦੋਹਤੀਆਂ ਦਾ ਪ੍ਰਤੀਕ ਹਨ। ਉਸਦੀ ਪਤਨੀ ਤੇ ਧੀ ਉਸਨੂੰ ਜ਼ਮੀਨ ਨਾ ਦੇਣ ਕਰਕੇ ਨਫਰਤ ਕਰਦੇ ਹਨ, ਵੱਡੇ ਭਰਾ ਦੀ ਮੌਤ ਹੋ ਜਾਂਦੀ ਹੈ ਤੇ ਭਤੀਜੇ ਉਸਨੂੰ ਠੱਗ ਜਾਪਦੇ ਹਨ ਜਿਹੜੇ ਬਿਨਾਂ ਪੁੱਛੇ ਤੋਂ ਉਸਦੀ ਜ਼ਮੀਨ ਆਪਣੇ ਨਾਂਅ ਚੜ੍ਹਾ ਲੈਂਦੇ ਹਨ। ਜਦੋਂ ਉਸਨੂੰ ਸਮਾਜ ਨਾਲ ਜੋੜਨ ਵਾਲੀ ਤੰਦ ਮੰਜੇ ਵਾਂਗ ਸੰਘਣਾ ਬੁਣਿਆ ਉਸਦਾ ਪਰਿਵਾਰ ਬਣਦਾ ਮਾਣ-ਸਤਿਕਾਰ ਨਹੀਂ ਦਿੰਦਾ, ਰਿਸ਼ਤੇ ਉਸਦੇ ਮੇਚੇ ਵਿਚ ਨਹੀਂ ਆਉਂਦੇ ਤਾਂ ਉਹ ਆਪਣੇ ਸੰਘਣੀ ਬੁਣਤੀ ਵਾਲੇ ਪਰਿਵਾਰ ਨੁਮਾ ਮੰਜੇ ਨੂੰ ਖਿੱਲਰ ਗਿਆ ਸਮਝਦਾ ਹੈ। ਇਸ ਲਈ ਉਹ ਮੰਜੇ ਨੂੰ ਅਲੱਗ-ਅਲੱਗ ਕਰਦਾ ਹੈ ਤੇ ਆਪਣੇ ਨਾਲ ਬੰਨ੍ਹ ਕੇ ਸਦਾ ਲਈ ਘਰ ਛੱਡ ਕੇ ਚਲਾ ਜਾਂਦਾ ਹੈ। ਨਾਵਲਕਾਰ ਨੇ ਬਚਨੇ ਦੀ ਖਿੱਲਰੀ ਮਾਨਸਿਕਤਾ ਨੂੰ ਵੱਖ-ਵੱਖ ਪ੍ਰਤੀਕਾਂ ਰਾਹੀਂ ਸਫਲਤਾ ਨਾਲ ਪੇਸ਼ ਕੀਤਾ ਹੈ।

ਗਿਆਨੋ ਦੇ ਪ੍ਰਾਹੁਣੇ ਕੇਵਲ ਸਿੰਘ ਦੁਆਰਾ ਜ਼ਮੀਨ ਲੈਣ ਵਾਲੀ ਰਮਜ਼ ਪ੍ਰਗਟਾਉਣ ਦੇ ਜਵਾਬ ਵਜੋਂ ਅਮਰੋ ਆਪਣੀ ਸੁਬਾਤ ਵਿਚਲੀ ਗਾਡਰ 'ਤੇ ਆਲ੍ਹਣਾ ਪਾਈ ਬੈਠੀ ਚਿੜੀ ਦਾ ਬਿਰਤਾਂਤ ਸੁਣਾਉਂਦੀ ਹੈ। ਜਿਸ ਅਨੁਸਾਰ ਹੱਥੀਂ ਪਾਲੇ-ਪਲੋਸੇ ਬੱਚੇ ਰਖਵਾਲੇ ਮਾਪਿਆਂ ਦੇ ਹਿਰਦੇ ਜ਼ਖ਼ਮੀ ਕਰ ਦਿੰਦੇ ਹਨ। ਉਹ ਦੱਸਦੀ ਹੈ ਕਿ ਉਹਨਾਂ ਦੀ ਸੁਬਾਤ ਵਿਚਲੀ ਗਾਡਰ 'ਤੇ ਪਾਏ ਆਲ੍ਹਣੇ ਵਿਚੋਂ ਚਿੜੀ ਦੇ ਹੇਠਾਂ ਡਿੱਗੇ ਬੋਟਾਂ ਨੂੰ ਉੱਪਰ ਰੱਖਣ ਸਮੇਂ ਚਿੜੀ ਨੇ ਅਮਰੋ ਨੂੰ ਚੁੰਝਾਂ ਮਾਰ-ਮਾਰ ਕੇ ਜ਼ਖ਼ਮੀ ਕਰ ਦਿੱਤਾ ਸੀ। ਅਜਿਹੇ ਬੇਵਿਸ਼ਵਾਸੀ ਦੇ ਮਾਹੌਲ ਵਿਚ ਉੱਲੂ ਦਾ ਆਗਮਨ ਹੁੰਦਾ ਹੈ। ਗਿਆਨੋ ਨੂੰ ਜ਼ਮੀਨ ਦੇਣ ਦੇ ਮਸਲੇ 'ਤੇ ਬਚਨੇ ਤੇ ਉਸਦੀ ਪਤਨੀ ਦੀ ਆਪਸੀ ਤਲਖੀ ਨੂੰ ਨਾਵਲਕਾਰ ਨੇ ਉੱਲੂ ਤੇ ਬਿੱਲ ਬਤੌਰੀ ਦੀ ਆਪਸੀ ਲੜਾਈ ਵਜੋਂ ਰੂਪਮਾਨ ਕੀਤਾ ਹੈ। ਉੱਲੂ ਉਜਾੜ ਦੇ ਪ੍ਰਤੀਕ ਵਜੋਂ ਪੇਸ਼ ਹੋਇਆ ਹੈ ਜਿਹੜਾ ਹੱਸਦੇ ਵਸਦੇ ਘਰ ਵਿਚ ਕਲੇਸ਼ ਦਾ ਆਗਮਨ ਕਰ ਦਿੰਦਾ ਹੈ। ਅਮਰ ਕੌਰ ਦੇ ਘਰ ਅੱਗੇ ਆਪਣੇ ਆਪ ਉੱਗੀ ਕਿੱਕਰ ਵੀ ਇਸੇ ਕਲੇਸ਼ ਦਾ ਪ੍ਰਤੀਕ ਹੈ। ਅਮਰ ਕੌਰ ਇਸ ਕਲੇਸ਼ ਨੂੰ ਟਾਲਣ ਲਈ ਆਪਣੀ ਕੰਧ ਵਿਚਲੇ ਆਲ਼ੇ ਵਿਚ ਚਿਰਾਗ਼ ਬਾਲਦੀ ਹੋਈ ਕਿਸੇ ਕੌਤਕ ਦੇ ਵਰਤਣ ਦੀ ਉਡੀਕ ਕਰਦੀ ਹੈ। ਪਰੰਤੂ ਉਸਦੇ ਵੱਡ-ਵਡੇਰੇ ਤੇ ਪੀਰ ਵੀ ਇਸ ਕਲੇਸ਼ ਨੂੰ ਘੱਟ ਕਰਨ ਵਿਚ ਸਹਾਈ ਨਹੀਂ ਹੁੰਦੇ। ਉਸਨੂੰ ਅਨੋਖੇ ਕਾਰੀਗਰ ਵੱਲੋਂ ਜੁੱਤੀਆਂ ਬਣਾਉਣ ਵਾਲੀ ਪੱਥਰੀ ਹੇਠ ਦੀਵਾ ਬਾਲਣ ਦਾ ਮਾਰੂ ਦ੍ਰਿਸ਼ਟਾਂਤ ਵੀ ਦਿਖਾਈ ਦਿੰਦਾ। ਆਪਣੇ ਕਸਬ ਨੂੰ ਚੱਲਦਾ ਰੱਖਣ ਲਈ ਜਿਹੜਾ ਪਿੰਡ ਵਿਚ ਪਸ਼ੂਆਂ ਦੇ ਮਰਨ ਦੀ ਸੁੱਖ ਸੁੱਖਦਾ।

ਇਹ ਬਿਰਤਾਂਤ ਬਚਨੇ ਹੋਰਾਂ ਦੇ ਪਰਿਵਾਰ ਦੀ ਹੋਣੀ ਨੂੰ ਰੂਪਮਾਨ ਕਰਦਾ ਹੈ।

ਇਸ ਵਾਤਾਵਰਣ ਵਿਚ ਨਵੀਂ 'ਕਾਂਗਿਆਰੀ' ਪੈਦਾ ਹੋ ਜਾਂਦੀ ਹੈ ਜਿਹੜੀ ਕਣਕ ਦੇ ਨਿਸਰਨ ਮੌਕੇ ਹੀ ਦਿਖਾਈ ਦਿੰਦੀ ਹੈ। ਸਿੱਟੇ ਵਜੋਂ ਅਨਾਜ ਨਾਲ ਭਰੀ ਬੱਲੀ ਦੀ ਸੁਆਹ ਬਣ ਜਾਂਦੀ ਹੈ। ਇਹ ਕਾਂਗਿਆਰੀ ਬਚਿੱਤਰ ਤੇ ਦਲਬੀਰ ਕੌਰ ਦੇ ਆਪਸੀ ਰਿਸ਼ਤੇ ਵਿਚ ਉਸਦੀ ਰਖੇਲ ਰੇਸ਼ਮਾ ਦੇ ਰੂਪ ਵਿਚ ਉੱਗ ਆਉਂਦੀ ਹੈ ਜਿਹੜੀ ਉਹਨਾਂ ਦੇ ਕਣਕ ਦੀ ਬੱਲੀ ਵਾਂਗ ਨਿੱਸਰੇ ਰਿਸ਼ਤੇ ਨੂੰ ਸੁਆਹ ਕਰ ਦਿੰਦੀ ਹੈ। ਬਚਿੱਤਰ ਲਈ ਘਰ ਓਪਰਾ ਹੋ ਜਾਂਦਾ ਹੈ ਤੇ ਉਸਦਾ ਡੇਰਾ ਹੁਣ ਖੂਹ ਉੱਤੇ ਹੀ ਲੱਗ ਜਾਂਦਾ ਹੈ। ਉੱਥੇ ਪਾਲੋ ਤੇ ਜੁਲੈਖ਼ਾਂ ਵਰਗੀਆਂ ਹੋਰ ਗੁਜਰੀਆਂ ਦੀਆਂ ਕੁੱਛੜਾਂ ਤੇ ਕੱਖਾਂ-ਕਾਨਿਆਂ ਦੀਆਂ ਕੁੱਲੀਆਂ ਉਸਨੂੰ ਮਹਿਲਾਂ ਨਾਲੋਂ ਵੱਧ ਨਿੱਘ ਤੇ ਠੰਢਕ ਬਖਸ਼ਦੀਆਂ ਹਨ। ਸਿੱਟੇ ਵਜੋਂ ਪੰਜਾਂ ਪੀਰਾਂ ਨੇੜੇ ਘੱਗਾਂ ਕੋਲ ਬੈਠਾ ਬਚਿੱਤਰ ਸਿੰਘ ਦਸ-ਦਸ, ਵੀਹ-ਵੀਹ ਦੇ ਨੋਟਾਂ ਦੇ ਜਹਾਜ਼ ਉਡਾਉਂਦਾ, ਘਰ ਨੂੰ ਤੰਗਲੀ ਲਾਉਂਦਾ ਹੈ। ਨਾਵਲਕਾਰ ਨੇ ਬਚਿੱਤਰ ਤੇ ਦਲਬੀਰੋ ਦੀ ਆਪਸੀ ਤਲਖੀ ਦਾ ਮੁੱਢ ਬੱਝਣ ਦਾ ਪ੍ਰਤੀਕਾਤਮਕ ਬਿਰਤਾਂਤ ਸਿਰਜਿਆ ਹੈ। ਬਚਿੱਤਰ ਦੇ ਘਰ ਆਉਣ ਸਮੇਂ ਦਲਬੀਰੋ ਵਿਹੜੇ ਬਾਹਰਲਾ ਗੇਟ ਸੁੰਭਰ ਰਹੀ ਹੁੰਦੀ ਹੈ। ਉਹ ਸੂਹਣ ਲੈ ਕੇ ਸੁੰਭਰਨ ਸਮੇਂ ਆਪਣੀ ਸਲਵਾਰ ਦੇ ਪਹੁੰਚੇ ਟੰਗ ਲੈਂਦੀ ਹੈ। ਬਚਿੱਤਰ ਦੀ ਮਰਦ ਹਉਮੈਂ ਨੂੰ ਇਹ ਗੱਲ ਹਜ਼ਮ ਨਹੀਂ ਹੁੰਦੀ। ਉਹ ਦਲਬੀਰੋ ਨੂੰ ਲੰਘਦੇ ਰਾਹਗੀਰਾਂ ਨੂੰ ਪਿੰਜਣੀਆਂ ਦਿਖਾਉਣ ਦਾ ਤਾਹਨਾ ਮਾਰਦਾ ਹੈ। ਇਸ ਗੱਲ 'ਤੇ ਬਿਫਰੀ ਦਲਬੀਰੋ ਸੁੱਟੀ ਸੂਹਣ ਮੁੜ ਕਦੇ ਨਹੀਂ ਚੁੱਕਦੀ। ਸੂਹਣ ਇਕੱਠ ਦਾ ਪ੍ਰਤੀਕ ਹੈ ਜਿਹੜੀ ਥਾਂ-ਥਾਂ ਖਿਲਰਿਆ ਕੂੜਾ-ਕਰਕਟ ਇਕੱਠਾ ਕਰ ਦਿੰਦੀ ਹੈ ਪਰੰਤੂ ਨਾਵਲਕਾਰ ਨੇ ਇਸ ਨੂੰ ਉਲਟ ਪ੍ਰਤੀਕ ਵਜੋਂ ਵਰਤਦੇ ਹੋਏ ਉਹਨਾਂ ਵਿਚ ਆਪਸੀ ਵਖਰੇਵੇਂ ਦੇ ਪ੍ਰਤੀਕ ਵਜੋਂ ਵਰਤਿਆ ਹੈ।

ਅਮਰ ਕੌਰ ਦਰਾਂ ਵਿਚ ਬੈਠ ਕੇ ਮਿੱਟੀ ਫਰੋਲਦੀ ਦਿਸਦੀ ਹੈ। ਉਸਦਾ ਮਿੱਟੀ ਫਰੋਲਣਾ ਗੁਆਚੇ ਹੋਏ ਸੁਖ-ਸੰਤੋਖ ਨੂੰ ਟਟੋਲਣਾ ਹੈ। ਦਰਵਾਜ਼ਾ ਮੰਡਲੀ ਨੂੰ ਕਾਲੂ ਦੀ ਏਕੇ-ਜ਼ੀਰੋ ਵਾਲੀ ਕਵਿਤਾ ਯਾਦ ਆਉਂਦੀ ਹੈ। ਸ਼ਿਵ ਲਿੰਗ ਦਿਸਦਾ ਹੈ ਜੋ ਏਕੇ ਜ਼ੀਰੋ ਵਾਂਗ ਹੀ ਨਰ-ਨਾਰੀ, ਕਾਮੁਕ ਤ੍ਰਿਪਤੀ, ਸੰਤਾਨ ਉਤਪਤੀ ਦਾ ਚਿੰਨ੍ਹ ਹੈ। ਪ੍ਰੀਤਮ ਕੌਰ ਤੋਂ ਬਗ਼ੈਰ ਇਸ ਨਾਵਲ ਵਿਚਲੀਆਂ ਸਾਰੀਆਂ ਔਰਤਾਂ ਇਸ ਅਤ੍ਰਿਪਤੀ ਦਾ ਸੰਤਾਪ ਭੋਗਦੀਆਂ ਹਨ। ਖ਼ਾਲੀ ਪੋਟਲੀਆਂ ਲਈ ਫਿਰਦੇ ਮਰਦ ਪਾਤਰ ਉਹਨਾਂ ਦੀ ਭਾਵੁਕ ਤ੍ਰਿਪਤੀ ਕਰਨੋਂ ਵੀ ਅਸਮਰਥ ਹਨ। ਅਮਰੋ ਦੇ ਇਸ ਗੀਤ ਤੋਂ ਇਸਦੀ ਪੁਸ਼ਟੀ ਹੁੰਦੀ ਹੈ:

ਸਿਫ਼ਰੇ ਨਾਲ ਏਕਾ ਲਾ ਦਿਓ ਜੀ, ਸਾਡਾ ਜੀਵਨ ਸਫਲਾ ਹੋਜੂ।
ਸਿਫ਼ਰੇ ਨਾਲ ਏਕਾ ਨਹੀਂ ਜੁੜਿਆ,
ਸਾਡਾ ਅੰਗ-ਅੰਗ ਮੁੜਿਆ-ਤੁੜਿਆ।

ਨਾਵਲਕਾਰ ਨੇ ਸਪੱਸ਼ਟ ਕੀਤਾ ਹੈ ਕਿ ਧਰਮ ਦਾ ਭ੍ਰਿਸ਼ਟ ਅੰਗ ਇਹਨਾਂ ਔਰਤਾਂ ਦੀ ਮਾਨਸਿਕ ਤੇ ਸਰੀਰਕ ਤ੍ਰਿਪਤੀ ਨੂੰ ਆਪਣੇ ਮਨੋਰਥ ਦੀ ਸਿੱਧੀ ਲਈ ਵਰਤਦਾ ਹੈ। ਸਾਧਾਂ, ਡੇਰੇਦਾਰ ਬਾਬਿਆਂ ਕੋਲੋਂ ਇਹਨਾਂ ਮਸਲਿਆਂ ਦੀ ਰਾਹਤ ਲੱਭਣੀ ਵੀ ਇਸ ਸਮੱਸਿਆ ਦਾ ਹੱਲ ਨਹੀਂ।

ਚਰਨ-ਬਚਨ ਦੋਵੇਂ ਭਰਾ, ਉਹਨਾਂ ਦੀਆਂ ਪਤਨੀਆਂ, ਦੁਰਲੱਭ ਸਿੰਘ ਅਤੇ ਸਰੂਪਾ, ਹਰਨਾਮਾ ਲੰਬੜ, ਟਹਿਲਾ ਪਟਵਾਰੀ, ਟਹਿਲੇ ਅਤੇ ਜੈ ਸਿੰਘ ਸਿੱਖ ਦੇ ਉੱਚੀ ਪੜ੍ਹਾਈ ਨੂੰ ਪਰਨਾਏ ਸਪੁੱਤਰ ਸਾਰੇ ਕਿਰਤ ਕਲਚਰ ਅਤੇ ਉੱਦਮ ਦੇ ਪ੍ਰਤੀਕ ਬਣ ਕੇ ਉਭਰਦੇ ਹਨ ਜਦੋਂ ਕਿ ਬਚਿੱਤਰ ਸਿੰਘ, ਅਨੂਪਾ, ਰੂਪਕੰਵਰ ਦਾ ਪ੍ਰਾਹੁਣਾ ਸਾਹਿਬਾ ਭੱਟੀ, ਗਿਆਨੋ ਦਾ ਪਤੀ ਕੇਵਲ ਸਿੰਘ ਅਤੇ ਲੜਕਾ ਗੁਰਸੋਹਣ, ਨੂੰਹ ਹੁਸਨਪ੍ਰੀਤ ਆਦਿ ਸਾਰੇ ਕਿਰਤ ਨਾਲੋਂ ਟੁੱਟ ਕੇ ਜਾਗੀਰੂ ਰੁਚੀਆਂ ਦੇ ਧਾਰਨੀ ਤੇ

ਅੱਯਾਸ਼ੀ ਨਾਲ ਪਰਨਾਏ ਹੋਏ ਹਨ। ਹਰਨਾਮੇ ਨੂੰ ਉਂਗਲੀ ਵੱਢ ਦੇ ਪ੍ਰਤੀਕ ਰਾਹੀਂ ਉਸਦੀ ਅਤ੍ਰਿਪਤ ਤੇ ਅਧੂਰੀ ਜ਼ਿੰਦਗੀ ਨੂੰ ਬਿਆਨ ਕੀਤਾ ਹੈ ਜਿਹੜਾ ਆਪਣੇ ਪੁੱਤ-ਪੋਤਿਆਂ ਹੱਥੋਂ ਜ਼ਮੀਨ ਖੁਹਾ ਕੇ ਖ਼ਾਲੀ ਰਹਿ ਜਾਂਦਾ ਹੈ। ਨਾਵਲਕਾਰ ਨੇ ਪੁਰਾਣੀ ਪੀੜ੍ਹੀ ਤੇ ਅੱਜੋਕੀ ਨਵੀਂ ਪੀੜ੍ਹੀ ਵਿਚ ਕਾਮ ਦੀ ਚੇਸ਼ਟਾ ਪ੍ਰਤੀ ਵੱਖ-ਵੱਖ ਧਾਰਨਾਵਾਂ ਨੂੰ ਸਿਰਜਦੇ ਹੋਏ ਸਪੱਸ਼ਟ ਕੀਤਾ ਹੈ ਕਿ ਪਹਿਲਿਆਂ ਲਈ ਕਾਮ ਦਾ ਮਕਸਦ ਸੰਤਾਨ ਉਤਪਤੀ ਸੀ। ਜਦਕਿ ਇਸ ਪੀੜ੍ਹੀ ਲਈ ਆਨੰਦ ਪ੍ਰਾਪਤੀ ਦਾ ਸਾਧਨ ਬਣ ਕੇ ਰਹਿ ਗਿਆ ਹੈ। ਅਜਿਹੇ ਮੌਕੇ ਕਾਲੂ ਬਾਹਮਣ ਦੀ ਦਿੱਤੀ ਨਸੀਹਤ ਵੀ ਧਿਆਨ ਦੀ ਮੰਗ ਕਰਦੀ ਹੈ: "ਮਸਲਾ ਆਪਣੀ ਬੰਸ ਨੂੰ ਅੱਗੇ ਤੋਰਨ ਦਾ ਹੁੰਦੈ, ਲੰਬੜਦਾਰਾ। ਸਿਫ਼ਰੇ ਨਾਲ ਏਕਾ ਲਾਉਣ ਦਾ। ਜੇ ਏਕਾ ਸਿੱਧਾ ਨਾ ਮਿਲੇ, ਹਾਸਿਲ ਲੈ ਲਵੋ। ਫੇਰ ਦੇਖੋ ਏਹਦੀ ਕਰਾਮਾਤ। ...ਤੀਮੀ ਹੀ ਅਸਲ ਮੇਂ ਮਾਇਆ ਹੁੰਦੀ। ...ਖੇਡ ਚਲਦੀ ਰਹਿਣੀ ਚਾਹੀਦੀ-ਏਕੇ ਨਾਲ ਸਿਫ਼ਰੇ ਵਾਲੀ ਖੇਡ! ਏਹੀ ਜਗਤ-ਰਵੀਰਾ ਹੈਗਾ"।

ਇਹ ਨੁਸਖਾ ਉਹ ਆਪਣੇ ਮੁੰਡੇ ਰਮੇਸ਼ ਲਈ ਵਰਤਦਾ ਹੈ ਜਿਸਨੂੰ ਕੋਈ ਸਾਕ ਨਹੀਂ ਹੁੰਦਾ। ਉਸਦੇ ਜੀਵਨ ਦੀ ਹੋਂਦ ਸਿਫ਼ਰ ਦੇ ਤੁਲ ਹੈ। ਜਦ ਉਸਨੂੰ ਸਿੱਧੇ ਤੌਰ 'ਤੇ ਏਕਾ ਨਹੀਂ ਮਿਲਦਾ ਤਾਂ ਉਹ ਹਾਸਿਲ ਲੈ ਕੇ ਪ੍ਰਾਪਤ ਕਰ ਲੈਂਦਾ ਹੈ। ਟਰੱਕ ਡਰਾਇਵਰ ਬਣਿਆ ਉਹ ਦਿੱਲੀ ਤੋਂ ਵਹੁਟੀ ਲਿਆ ਕੇ ਆਪਣੀ ਗ੍ਰਹਿਸਥੀ ਸੰਪੂਰਨ ਕਰਨ ਲਈ ਸਿਫ਼ਰੇ ਨਾਲ ਏਕਾ ਲਾ ਲੈਂਦਾ ਹੈ।

ਨਾਵਲ ਵਿਚ ਸਿਰਜਿਆ ਤੁਲਨਾਤਮਕ ਮਾਹੌਲ ਵੀ ਪ੍ਰਤੀਕ ਦੀ ਸਿਰਜਣਾ ਕਰਦਾ ਹੈ। ਰੰਡੀ ਹੋਈ ਧੀ ਗਿਆਨੋ ਦੇ ਸਹੁਰਿਆਂ ਦੇ ਪਿੰਡ ਠੀਕਰੀਵਾਲ ਤੋਂ ਵਾਪਸ ਰਾਏਪੁਰ ਵੱਲ ਨੂੰ ਮੁੜੀ ਜਾਂਦੀ ਅਮਰ ਕੌਰ ਭਲੇ ਵੇਲਿਆਂ ਦੀ ਅੱਜੋਕੇ ਸਮੇਂ ਨਾਲ ਤੁਲਨਾ ਕਰਦੀ ਹੈ। ਉਸਦੀ ਤੁਲਨਾ ਵਿਚੋਂ ਭਾਵਪੂਰਤ ਦ੍ਰਿਸ਼ ਬਿੰਬ ਦੀ ਉਸਾਰੀ ਹੁੰਦੀ ਹੈ ਜਿਹੜਾ ਨਾਵਲ ਦੇ ਵਿਸ਼ੇ ਨੂੰ ਉਭਾਰਦਾ ਹੈ: "...ਸਾਰੀ ਗਲ਼ੀ ਵਿਚ ਉਦੋਂ ਜਵਾਕ ਖੇਡਦੇ। ਕਿਧਰੇ ਔਰਤਾਂ ਖੜੋਤੀਆਂ ਗੁਪਤ ਮਸ਼ਵਰਾ ਕਰਦੀਆਂ। ਚੌਂਕ ਵਿਚ ਲਾਲੇ ਦੀ ਹੱਟੀ ਅੱਗੇ ਡੱਬੀਦਾਰ ਲਾਲ ਪਰਨਿਆਂ ਵਾਲੇ, ਚਾਰ ਪੰਜ ਮਹਾਜਨ ਝੱਗੀਆਂ ਪਾਈਂ, ਤਾਸ਼ ਕੁੱਟਦੇ ਦਿਖਾਈ ਦਿੰਦੇ। ਪਰ ਹੁਣ ਬਹੁਗਿਣਤੀ ਮਕਾਨਾਂ ਮੂਹਰੇ ਲਟਕਦੇ ਭਾਂਤ ਸੁਭਾਂਤੇ ਤਾਲੇ, ਹਰੇਕ ਲੰਘੇ ਜਾਂਦੇ ਅਜਨਬੀ ਦਾ ਮੂੰਹ ਚਿੜਾਉਂਦੇ। ਚਾਰ-ਪੰਜ ਘਰ ਜਿਹੜੇ ਖੁੱਲ੍ਹੇ ਸਨ, ਉਹ ਵੀ ਅੰਦਰੋਂ ਬੰਦ ਰਹਿੰਦੇ। ਕੋਈ ਬੂਹਾ ਚੌਪੱਟ ਖੁੱਲ੍ਹਾ ਨਾ ਮਿਲਦਾ। ਪਤਾ ਨਹੀਂ, ਕਿਉਂ ਲੋਕ ਅੰਦਰੋਂ-ਅੰਦਰੀਂ ਸਿਮਟ ਗਏ ਸਨ"।

ਨਾਵਲਕਾਰ ਸਪੱਸ਼ਟ ਕਰਦਾ ਹੈ ਕਿ ਅੱਜੋਕਾ ਵਿਕਾਸ ਮਨੁੱਖੀ ਰਿਸ਼ਤਿਆਂ, ਕਦਰਾਂ-ਕੀਮਤਾਂ ਦੇ ਵਿਨਾਸ਼ ਦਾ ਕਾਰਨ ਬਣਦਾ ਹੈ। ਅਜਿਹੇ ਮਾਹੌਲ ਵਿਚ ਬਚਿੱਤਰ ਲਈ ਵੱਡੀ ਕੋਠੀ 'ਭੂਤ ਬੰਗਲਾ' ਦਿਖਾਈ ਦਿੰਦੀ ਹੈ ਅਤੇ ਉਸਦੀ ਨੂੰਹ ਲਈ ਜੇਹਲਖਾਨਾ। ਇਸੇ ਸਮੇਂ ਦੌਰਾਨ ਕਾਲੀ ਗੋਲੀ ਦਾ ਕਹਿਰ ਵਰਤਦਾ ਹੈ। ਉਡਣ ਖਟੋਲੇ ਦੇ ਸੁਫਨੇ ਲੈਂਦਾ, ਜਵਾਨ ਹੋਇਆ ਦਿਲਪ੍ਰੀਤ ਬੇਸ਼ੱਕ ਕੈਨੇਡਾ ਚਲਾ ਜਾਂਦਾ ਹੈ। ਪਰ ਪੈਸੇ ਦੀ ਵਧਦੀ ਭੁੱਖ ਕਾਰਨ ਉੱਥੇ ਨਸ਼ੇ ਦਾ ਆਦੀ ਅਤੇ ਗੁੰਡਾ ਗਿਰੋਹ ਨਾਲ ਰਲ ਜਾਂਦਾ ਹੈ। ਉਸਦੇ ਅਜਿਹੇ ਲੱਛਣਾਂ ਕਾਰਨ ਉਸਨੂੰ ਉੱਥੋਂ ਵੀ ਕੱਢ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਰੱਜੀ ਪੁੱਜੀ ਧਨੀ ਕਿਸਾਨੀ, ਖੋਖਲੀ ਹੋਈ ਜਵਾਨੀ ਦੇ ਹਰ ਪੱਖ ਵਿਚੋਂ ਭੂਕਾਂ ਵਰਗਾ ਪਿਚਕਿਆਪਣ ਦਿਸਣਾ ਸੁਭਾਵਕ ਹੈ ਕਿਉਂਕਿ ਕਿਰਨ ਨਾਲ ਭਰੇ ਮਾਇਆ ਦੇ ਖੂਹ ਸੁੱਕ ਚੁੱਕੇ ਹਨ। ਹੁਣ ਤਾਂ ਬਚਿੱਤਰ ਸਿੰਘ ਦੀ ਕੋਠੀ ਵੱਡੀ ਹੋਣ ਦੇ ਬਾਵਜੂਦ ਖਾਲੀ ਖੜ੍ਹੀ ਭਾਂਅ-ਭਾਂਅ ਕਰਦੀ ਹੈ।

ਨਾਵਲਕਾਰ ਨੇ ਵਿਸ਼ਵੀਕਰਨ ਦੇ ਪ੍ਰਬੰਧ ਨੂੰ ਬਹੁਤ ਖੂਬਸੂਰਤ ਪ੍ਰਤੀਕਾਂ ਰਾਹੀਂ ਪੇਸ਼ ਕੀਤਾ ਹੈ। ਵਿਸ਼ਵੀਕਰਨ ਨੇ ਪੰਜਾਬ ਦੀ ਸਾਂਝੀ ਇਕਾਈ ਨੂੰ ਤੋੜ ਕੇ ਮਨੁੱਖ ਦੀ ਮਾਨਸਿਕਤਾ ਨੂੰ ਖੰਡਤ ਕਰ ਦਿੱਤਾ ਹੈ। ਵਿਸ਼ਵੀਕਰਨ ਨੇ ਪੰਜਾਬ ਦੀ ਕਿਸਾਨੀ ਕੋਲੋਂ ਭੂਮੀ ਯੋਗ ਜ਼ਮੀਨ ਖੋਹ ਲਈ ਹੈ। ਨਵੀਂ

ਪੀੜ੍ਹੀ ਨੂੰ ਸਰਮਾਏ ਦਾ ਲਾਲਚ ਦਿਖਾ ਕੇ ਨਸ਼ਿਆਂ 'ਚ ਉਲਝਾ ਦਿੱਤਾ ਹੈ, ਉਹਨਾਂ ਨੂੰ ਕਿਰਤ ਨਾਲੋਂ ਤੋੜ ਕੇ ਵਿਹਲੇ ਰਹਿ ਕੇ ਐਸ਼ ਕਰਨ ਦਾ ਮੰਤਰ ਸਿਖਾ ਦਿੱਤਾ ਹੈ। ਇਸ ਪ੍ਰਬੰਧ ਨੂੰ ਨਾਵਲਕਾਰ ਨੇ ਆਸਮਾਨੋਂ ਉਤਰੀਆਂ ਗਿਰਝਾਂ, ਜੀਭਾਂ ਲਟਕਾਈ ਹਰਲ-ਹਰਲ ਕਰਦੇ ਫਿਰਦੇ ਹੱਡਾਰੋੜੀ ਦੇ ਕੁੱਤੇ, ਟਿੱਡੀ ਦਲ ਅਤੇ ਕਾਂ ਆਦਿ ਪ੍ਰਤੀਕਾਂ ਨਾਲ ਇਸ ਤਰ੍ਹਾਂ ਬਿਆਨ ਕੀਤਾ ਹੈ: "ਮੋਟਾ ਮਾਸ ਤਾਂ ਅਸਮਾਨੋਂ ਉਤਰੀਆਂ ਗਿਰਝਾਂ ਨੇ ਚੂੰਡ ਜਾਣਾ। ਹੱਡਵਾਰ ਸੁੰਘਦੇ, ਹੱਡਾਂ ਰੋੜੀ ਦੇ ਕੁੱਤੇ ਤਾਂ ਸਾਰੇ ਪਿੰਡਾਂ ਵਿਚ ਹਰਲ-ਹਰਲ ਕਰਦੇ, ਜੀਭਾਂ ਲਟਕਾਈ ਫਿਰਦੇ ਨੇ।.... ਸਾਰੀਓ ਹਰੇਵਾਈ ਮਤ੍ਹੱਛੀ ਲਿਓ, ਤੁਸੀਂ। ਟਿੱਡੀ ਦਲ ਵਾਂਗੂੰ ਚੱਟ ਜਾਣਗੇ। ਸਾਰਾ ਕੁਛ ਉੱਜੜ ਜਾਣੈ ਕਿਸੇ ਦਿਨ। ਪਹਿਲੇ ਸਮਿਆਂ ਵਿਚ ਕਾਉਂ ਛੱਤ ਹੇਠਾਂ ਨ੍ਹੀਂ ਸੀ ਵੜਦੇ। ਨਾ ਹੀ ਕਰੰਗਾਂ ਦੇ ਕੁੱਤੇ ਗਲੀਆਂ 'ਚ ਦਿਖਦੇ"।

ਨਾਵਲ ਵਿਚ ਬਹੁਤ ਪਿੱਛੇ ਜਾ ਕੇ ਅਜਿਹੇ ਇਕ ਮੌਕੇ ਮਿੱਠੀ ਨਾਨੀ ਅਮਰੋ ਜੇ ਖੂਹ ਰੂਪੀ ਖ਼ੁਆਜੇ ਉੱਪਰ ਮੱਥਾ ਟੇਕਣ ਦੀ ਚੇਸ਼ਟਾ ਕਰਦੀ ਤਾਂ ਬਚਿੱਤਰ ਸਿੰਘ ਦਾ ਨਸ਼ਿਆਂ ਤੇ ਬਦਫੈਲੀਆਂ ਦੇ ਰਾਹ ਪਿਆ ਲੜਕਾ ਅਨੂਪਾ ਵਰਜ ਦਿੰਦਾ: "ਬੋਲਿਆ ਬੱਦਲਾ! ...ਉਹ ਖੂਹ ਥੋਡਾ ਹੁਣ ਸੁੱਕਾ ਪਿਐ। ਖ਼ਾਲੀ ਖੂਹ 'ਤੇ ਕਿਹੜਾ ਮੱਥਾ ਲੱਗੂਗਾ ਤੇਰਾ?" ਉਦੋਂ ਨਾਨੀ ਬੜੀ ਕਰੁਣਾਮਈ ਸੁਰ ਵਿਚ ਬੋਲਦੀ-ਬੋਲਦੀ ਚਿੰਨ੍ਹਾਤਮਕ ਗੀਤ ਛੇੜਦੀ ਹੈ, ਜਿਸ ਵਿਚ ਸਰਾਂ ਤੇ ਵਣਾਂ ਵਿਚਲੇ ਪਾਣੀ ਸੁੱਕਣ ਦਾ ਬਿਰਤਾਂਤ ਹੈ: "ਵੇ ਭਾਈ ਕੀ ਸਰਾਪ ਪੈ ਗਿਆ, ਦੁਨੀਆਂ ਨੂੰ ? ਸਰ ਤਾਂ ਸੁੱਕਦੇ ਦੇਖੇ ਸੀ, ਖੂਹ ਖ਼ਾਲੀ ਹੁੰਦੇ ਕਦੇ ਨਹੀਂ ਸੀ ਸੁਣੇ।....

ਜ਼ੋਰੂ ਤੇਰੀ ਵੇ ਬਚਨ ਸਿਆਂ ਕਰਦੀ 'ਪਾਣੀ ਪਾਣੀ'!
ਨੀ ਸਰ ਸੁੱਕ ਗਏ ਨਖ਼ਰੋ ਕਿੱਥੋਂ ਲਿਆਵਾਂ ਪਾਣੀ!"

ਅਸਲ ਵਿਚ ਸਰਾਂ ਦੇ ਪਾਣੀ ਵਿਚ ਖੜੋਤ ਹੁੰਦੀ ਹੈ ਤੇ ਖੜੋਤ ਵਾਲਾ ਪਾਣੀ ਸੁੱਕ ਜਾਂਦਾ ਹੈ ਜਦਕਿ ਖੂਹ ਰਵਾਨੀ ਦਾ ਪ੍ਰਤੀਕ ਹੈ। ਜਦੋਂ ਜ਼ਿੰਦਗੀ ਦੀ ਰਵਾਨੀ ਖੜ੍ਹ ਜਾਵੇ ਤਾਂ ਇਹ ਚਿੰਤਾ ਦੀ ਗੱਲ ਹੁੰਦੀ ਹੈ। ਇਹ ਚਿੰਤਾ ਸਿਰਫ ਅਮਰ ਕੌਰ ਦੀ ਨਹੀਂ ਸਗੋਂ ਅੱਜੋਕੇ ਪੰਜਾਬ ਦੇ ਹਰ ਇਕ ਬੁੱਧੀਜੀਵੀ ਦੀ ਚਿੰਤਾ ਵੀ ਬਣ ਚੁੱਕੀ ਹੈ। ਨਾਵਲਕਾਰ ਨੇ ਇਸ ਚਿੰਤਾ ਦੇ ਦੁਆਲੇ ਹੀ ਨਾਵਲ ਦਾ ਸਮੁੱਚਾ ਕਥਾਨਕ ਬੁਣਿਆ ਹੈ। ਇਸ ਨਾਵਲ ਵਿਚ ਖੂਹ ਦਾ ਪ੍ਰਤੀਕ ਕਈ ਅਰਥਾਂ ਨੂੰ ਰੂਪਮਾਨ ਕਰਦਾ ਹੈ। ਪੰਜਾਬੀ ਜਾਂ ਭਾਰਤੀ ਸਭਿਆਚਾਰ ਵਿਚ ਖੂਹ ਹਰਿਆਲੀ, ਖੁਸ਼ਹਾਲੀ ਅਤੇ ਉੱਜਲ ਭਵਿੱਖ ਦਾ ਪ੍ਰਤੀਕ ਹੈ। ਖਾਸ ਕਰਕੇ ਪੰਜਾਬ ਦੇ ਕਿਸਾਨੀ ਜੀਵਨ ਵਿਚ ਖੂਹ ਦੀ ਮਹੱਤਤਾ ਉਤਪਾਦਨ ਦੇ ਵਾਧੇ ਨਾਲ ਸੰਬੰਧ ਰੱਖਦੀ ਹੈ। ਖੂਹ ਭਾਵੇਂ ਖੜੋਤ ਦੀ ਅਵਸਥਾ ਵਿਚ ਹੁੰਦਾ ਹੈ ਪਰੰਤੂ ਇਸਦੇ ਪਾਣੀ ਦੇ ਅਰਥ ਜ਼ਿੰਦਗੀ ਦੀ ਗਤੀਸ਼ੀਲਤਾ ਨੂੰ ਪ੍ਰਗਟਾਉਂਦੇ ਹਨ।

ਉਪਰੋਕਤ ਵਿਚਾਰ ਚਰਚਾ ਤੋਂ ਸਪੱਸ਼ਟ ਹੁੰਦਾ ਹੈ ਕਿ 'ਖ਼ਾਲੀ ਖੂਹਾਂ ਦੀ ਕਥਾ' ਨਾਵਲ ਵਿਚ ਅਵਤਾਰ ਸਿੰਘ ਬਿਲਿੰਗ ਨੇ ਖੂਹ ਨੂੰ ਕਿਰਤ ਦੀ ਉਪਜਾਊ ਸ਼ਕਤੀ ਨਾਲ ਜੋੜ ਕੇ ਖੁਸ਼ਹਾਲੀ ਤੇ ਜ਼ਿੰਦਗੀ ਦੀ ਗਤੀਸ਼ੀਲਤਾ ਦੇ ਪ੍ਰਤੀਕ ਵਜੋਂ ਵਰਤਿਆ ਹੈ। ਕਿਰਤ ਸ਼ਕਤੀ ਨਾਲ ਪੁੱਟਿਆ ਇਹ ਖੂਹ ਉਦੋਂ ਤਕ ਨਹੀਂ ਸੁੱਕਦਾ ਜਦੋਂ ਤਕ ਇਸਨੂੰ ਵਗਦਾ ਰੱਖਣ ਵਾਲੇ ਕਿਰਤੀ ਮੌਜੂਦ ਹੋਣ। ਕਿਰਤ ਤੋਂ ਵਿਯੋਗੀ ਨਵੀਂ ਪੀੜ੍ਹੀ ਜਦੋਂ ਖਪਤਵਾਦੀ ਰੁਚੀਆਂ ਦੀ ਧਾਰਨੀ ਬਣ ਜਾਂਦੀ ਹੈ ਤਾਂ ਇਹ ਖੂਹ ਸੁੱਕ ਜਾਂਦਾ ਹੈ। ਅੱਜੋਕੇ ਪੂੰਜੀਵਾਦੀ ਮੁੱਲ-ਵਿਧਾਨ ਦੀ ਵਧ ਰਹੀ ਸਰਦਾਰੀ ਦੇ ਇਸ ਦੌਰ ਵਿਚ ਕਿਸਾਨੀ ਦੀ ਵੇਦਨਾ ਨੂੰ ਪ੍ਰਤੀਕਮਈ ਅਰਥਾਂ ਵਿਚ ਪੇਸ਼ ਕਰਨ ਵਿਚ ਬਿਲਿੰਗ ਪੂਰੀ ਤਰ੍ਹਾਂ ਸਫਲ ਹੈ। 000

{ਰਿਸਰਚ ਸਕਾਲਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ,
ਫੋਨ:84274-98822}

ਕਾਵਿ ਕੁਣਕਾ (ਕਾਵਿ ਸੰਗ੍ਰਹਿ) ਸਰਬਜੀਤ ਕੌਰ ਸੋਹਲ

ਮੈਂ ਸਰਬਜੀਤ ਕੌਰ ਸੋਹਲ ਨੂੰ ਲੋਕਗੀਤ ਪ੍ਰਕਾਸ਼ਨ ਰਾਹੀਂ ਜਾਣਦਾ ਹਾਂ। 'ਕਾਵਿ ਕੁਣਕਾ' ਦੇ ਪ੍ਰਕਾਸ਼ਕ ਵੀ ਉਹੀਓ ਹਨ।ਪੰਜਾਬੀ ਯੂਨੀਵਰਸਿਟੀ ਵਾਸਤੇ ਹਰਿਭਜਨ ਸਿੰਘ ਸਿਮ੍ਰਤੀ ਗ੍ਰੰਥ ਤਿਆਰ ਕਰਨਾ ਸੀ ਤਾਂ ਇਸ ਲਈ ਮਿਆਰੀ ਲੇਖਾਂ ਦੀ ਲੋੜ ਸੀ। ਲੋਕਗੀਤ ਵਾਲਿਆਂ ਮੈਨੂੰ ਸੋਹਲ ਦੇ ਘਰ ਦਾ ਰਾਹ ਦਿਖਾ ਦਿੱਤਾ। ਇਸ ਸਾਂਝੇ ਪ੍ਰਕਾਸ਼ਕ ਰਾਹੀਂ ਮੇਰੀ ਸੋਹਲ ਨਾਲ ਅਦਬ ਆਦਾਬ ਵਾਲੀ ਜਾਣ-ਪਛਾਣ ਪਹਿਲਾਂ ਵੀ ਸੀ ਪਰ ਮੈਂ ਉਸ ਦੀ ਕੋਈ ਰਚਨਾ ਨਹੀਂ ਸੀ ਪੜ੍ਹੀ। ਮੇਰੀ ਨਜ਼ਰ ਵਿਚ ਉਹ ਸੋਹਲ ਤੇ ਸੋਹਣੀ ਅਧਿਆਪਕਾ ਸੀ। ਸਿਮ੍ਰਤੀ ਗ੍ਰੰਥ ਵਾਲਾ ਲੇਖ ਵੀ ਸ਼ਲਾਘਾਯੋਗ ਸੀ। ਵਧੀਆ ਅਧਿਆਪਕਾ ਵਾਲਾ।

'ਕਾਵਿ ਕੁਣਕਾ' ਉਸ ਦਾ ਚੌਥਾ ਕਾਵਿ ਸੰਗ੍ਰਹਿ ਹੈ। ਮੈਂ ਇਸ ਦੇ ਪੰਨੇ ਫਰੋਲੇ ਤੇ ਰੀਵੀਊ ਲਿਖਣ ਦਾ ਮਨ ਬਣਾ ਲਿਆ। ਪ੍ਰਕਾਸ਼ਕ ਨੇ ਮੈਨੂੰ 'ਸਫ਼ਰ-ਦਰ-ਸਫ਼ਰ', 'ਐਵੇਂ ਕਿਵੇਂ' ਅਤੇ 'ਗੁੰਨ੍ਹੀ ਮਿੱਟੀ' ਵੀ ਚੁਕਾ ਦਿੱਤੇ। ਮਾੜਾ ਤੇ ਲਾਪਰਵਾਹ ਪਾੜ੍ਹਾ ਹੋਣ ਕਾਰਨ ਮੈਂ ਹੱਥਲੇ ਸੰਗ੍ਰਹਿ ਤੋਂ ਬਿਨਾਂ ਬਾਕੀ ਤਿੰਨੋਂ ਏਧਰ-ਓਧਰ ਰੱਖ ਬੈਠਾ ਹਾਂ। ਸੱਚ ਪੁੱਛੋ ਤਾਂ ਹੱਥਲਾ ਸੰਗ੍ਰਹਿ ਵੀ ਰੁਲਿਆ ਖੁਲ੍ਹਿਆ ਹੀ ਲੱਭਾ ਹੈ। ਬਾਕਮਾਲ ਲੱਭਤ। ਬਾਕਮਾਲ ਏਸ ਲਈ ਕਿ ਇਸ ਵਿਚਲੀ ਕਵਿਤਾ ਦਾ ਸੁਹੱਪਣ ਅਧਿਆਪਕੀ ਸੁਹਪਣ ਨਾਲੋਂ ਉੱਤੇ ਹੈ।

ਸੋਹਲ ਦੀ ਕਵਿਤਾ ਮੁਹੱਬਤ ਦੀ ਕਵਿਤਾ ਨਹੀਂ, ਇਸ ਦੇ ਅਹਿਸਾਸ ਦੀ ਕਵਿਤਾ ਹੈ। ਤਰਲ ਅਹਿਸਾਸ ਤੇ ਮੁਹੱਬਤੀ ਰੰਗ ਦੀ। ਸੋਹਲ, ਸੁੰਦਰ ਤੇ ਪਿਆਰੀ। ਵਾਕ ਲੈਣ ਵਾਂਗ ਕੋਈ ਵੀ ਪੰਨਾ ਖੋਲ੍ਹੋ:

ਮਨ ਦੀ ਹੀਣੀ ਕੂੜ ਅਵਸਥਾ,ਨਾਂਹ ਵਾਚਕ ਰੁਚੀਆਂ ਅਪਣਾਵੇ
ਭੇਖ ਧਾਰੇ ਜੋਗੀ ਬਣ ਜਾਏ, ਥਾਂ ਥਾਂ ਮੰਗੇ ਅਲਖ ਜਗਾਵੇ
ਭੋਗੀ ਬਣੇ ਜ਼ਫ਼ਰ ਵੀ ਜਾਲੇ, ਮਨ ਚਿੰਤਾ ਤੋਂ ਭੱਜਣਾ ਚਾਹੇ

000

ਜਦੋਂ ਮੁਰੱਵਤ ਦੇ ਨਾਲ ਕੋਈ, ਘੁਟ ਗਲਵੱਕੜੀ ਪਾਉਂਦਾ ਏ
ਦਿਲ ਦੀਆਂ ਰੀਝਾਂ ਝੱਲੀਆਂ ਹੋਵਣ, ਚੈਨ ਨਾ ਕਿਧਰੇ ਆਉਂਦਾ ਏ
ਪੈਰਾਂ ਨੂੰ ਫਿਰ ਨੱਚਣਾ ਸੁੱਝਦਾ, ਦਿਲ ਅੱਲਾ-ਹੂ ਗਾਉਂਦਾ ਏ

000

ਭਿੱਜੀ ਕੰਬਲੀ ਲਾਹ ਦਿੱਤੀ ਏ, ਵਿਚ ਦਰਿਆ ਦੇ ਪਾ ਦਿੱਤੀ ਏ
ਜੀਵਨ ਦੀ ਇਸ ਕੋਸੀ ਧੁੱਪ ਨੂੰ, ਜਾਗ ਇਸ਼ਕ ਦੀ ਲਾ ਦਿੱਤੀ ਏ
ਜਦ ਦਾ ਓਹਲਾ ਤੱਜ ਦਿੱਤਾ ਏ, ਜਾਚ ਜੀਣ ਦੀ ਪਾ ਲਿੱਤੀ ਏ

ਵਰਗੇ ਰੋਮ ਰੋਮ ਵਿਚ ਰਚ ਜਾਣ ਵਾਲੇ ਅਹਿਸਾਸ ਸੱਜਣਾਂ ਦੀ ਪਉਣ ਵਿਚ ਸੁਗੰਧੀਆਂ ਭਰਨ ਲਗਦੇ ਹਨ।

ਕਵਿਤਾ ਦੇ ਨਾਂ ਵੀ ਬਹੁਤ ਕੁਝ ਕਹਿ ਜਾਂਦੇ ਹਨ: ਓਹਲਾ, ਕੱਜਣ, ਬੇਵਸੀ, ਮਖਸੂਸ ਪਲ, ਅਣਮਾਣੇ ਅਹਿਸਾਸ, ਟੂਣੇਹਾਰੀ ਨੀਂਦ, ਮਾਂ ਦੀ ਗੋਦ, ਧਰਤ ਤੇ ਧੀ, ਮਾਦਾ-ਸੰਤਾਪ, ਧੁਖਧੁਖੀ, ਸਫ਼ਰ, ਹੋਣੀ, ਅੰਤਰ ਯਾਤਰਾ, ਮਨ ਤੇ ਵਾਸਨਾ, ਵਰਜਿਤ ਫਲ, ਪਿਆਰ ਕਲੋਲਾਂ, ਸਵੈ-ਵਿਸਥਾਰ, ਟੂਣ ਚੁਰੱਸਤਾ; ਕਿਸੇ ਇਕ ਦਾ ਵੀ ਅਰਥ ਲੱਭਣ ਲੱਗੋ ਤਾਂ ਸ਼ਬਦ ਇਕ ਤੇ ਅਰਥ ਅਨੇਕ। 'ਟੂਣ ਚੁਰੱਸਤਾ' ਹੀ ਲੈ ਲਓ:

ਆ ਵੇ, ਜਿਊਣ ਜੋਗਿਆ! ਨ੍ਹੇਰਿਆਂ ਨੂੰ ਛੰਡੀਏ
ਮਨ ਦੇ ਡੂੰਘੇ ਜ਼ਖ਼ਮਾਂ 'ਤੇ / ਕੋਈ ਫੰਬਾ ਧਰੀਏ
ਆ ਵੇ, ਜਿਊਣ ਜੋਗਿਆ! / ਟੂਣ ਚੁਰਸਤਾ ਲੰਘੀਏ
ਤੇ ਸੱਚੀ ਸੁੱਚੀ ਰੂਹ ਨਾਲ / ਮੁਹੱਬਤਾਂ ਕਰੀਏ...।

ਜਦ ਉਹ ਘਰਾਂ ਦੀ ਗੱਲ ਕਰਦੀ ਹੈ ਤਾਂ ਉਹ ਵੀ ਲੱਖਾਂ ਵਰਗੀ:

ਘਰ - ਤੰਦਾਂ ਦੇ ਬੁਣੇ ਹੁੰਦੇ
ਹੌਲੀ ਹੌਲੀ ਬਣਦੇ / ਪਰ ਯਕਲਖ਼ਤ ਉਧੜਦੇ
ਪਰਦੇ ਸਾਰੇ ਦੇ ਸਾਰੇ / ਢਕੀ ਰਖਦੇ
ਮੇਚ ਬੇ-ਮੇਚ ਘਰ / ਮਨੁੱਖ 'ਤੇ ਹਾਵੀ ਨਾ ਹੁੰਦੇ
ਘਰ ਖਿਲਰਿਆਂ ਨੂੰ ਸੰਭਾਲਦੇ / ਸੰਕੀਰਣ ਕਦੇ ਨਾ ਹੁੰਦੇ
ਠੰਢੀਆਂ ਯਖ ਰਾਤਾਂ 'ਚ / ਕੋਸਾ ਕੋਸਾ ਮਹਿਸੂਸਦੇ
ਰਿਸ਼ਤਿਆਂ ਦਾ ਨਿੱਘ / ਘਰ ਹੁੰਦੈ
ਤੇ ਰਿਸ਼ਤਿਆਂ ਦੀ ਠਾਰ / ਅ-ਘਰ, ਕਬਰ ਨਿਆਈਂ

ਏਸੇ ਤਰ੍ਹਾਂ ਜੇ ਔਰਤ ਦੀ ਗੱਲ ਕਰਦੀ ਹੈ ਤਾਂ ਉਹ ਵੀ ਥੋੜ੍ਹੇ ਸ਼ਬਦਾਂ ਵਿਚ ਬਹੁਤੀ:

ਆਪਣੇ ਵਜੂਦ ਨੂੰ / ਸਮੇਂ ਦਾ ਪੜੇਥਣ ਲਾ
ਰੋਜ਼ ਵੇਲਦੀ / ਤਵੇ 'ਤੇ ਤਪਾਉਂਦੀ
ਖੁਦ ਨੂੰ ਪਕਾਉਂਦੀ / ਤੇ ਖਾਣ ਲਈ ਪਰੋਸਦੀ
ਸਹਿਜੇ ਸਹਿਜੇ ਖਾਂਦੇ ਤੁਸੀਂ / ਜਿਵੇਂ ਬੇਸਵਾਦ ਰੋਟੀ

ਹੁਣ ਅਣਮਾਣੇ ਅਹਿਸਾਸ ਦੀ ਵਜ਼ਾਹਤ ਸੁਪਨਿਆਂ ਰਾਹੀਂ ਕਿਵੇਂ ਉਘੜਦੀ ਹੈ, ਉਹ ਵੀ ਵੇਖੋ:

ਸੁਪਨੇ ਬੇਤਰਤੀਬੇ ਜਿਹੇ ਆਉਂਦੇ ਜਾਂਦੇ
ਕਦੀ ਦਿਨ ਤੇ ਅਕਸਰ ਰਾਤ
ਭਰ ਦਿੰਦੇ ਰੂਹ ਦੇ ਖੱਪਿਆਂ ਨੂੰ
ਸੁਪਨਿਆਂ ਨੂੰ ਮਲੀਨ ਕਰਦੇ
ਨਾ ਡਰਦੇ ਪਰ ਇਹ ਕਦੇ
ਰੋਕਾਂ ਤੋਂ, ਮਨਾਹੀਆਂ ਤੋਂ
ਉਹਲਿਆਂ 'ਚ ਪਲਦੇ ਸੁਪਨੇ
ਅਣਮਾਣੇ ਨੂੰ ਮਾਣਿਆ ਕਰਦੇ

'ਧਰਤੀ ਤੇ ਧੀ' ਦਾ ਆਦਿ ਤੇ ਅੰਤ ਵੀ ਕੋਹ ਕੋਹ ਲੰਮੇ ਅਰਥਾਂ ਵਾਲਾ ਹੈ:

ਧਰਤ ਹੇਠ / ਧੌਲ ਸੀ / ਧਰਮ ਸੀ
ਹੁਣ ਮੇਰੀ ਧੀ ਹੈ...
ਘੋਰ ਕਲਯੁਗ ਆ ਗਿਆ
ਧੌਲ ਮਰ ਗਿਆ / ਧਰਮ ਮੁੱਕ ਗਿਆ
ਧਰਤ ਹੇਠ / ਧਰਤ ਜਿਹੀ
ਹੁਣ, ਕੇਵਲ ਮੇਰੀ ਧੀ ਹੈ

ਮੈਂ ਆਖਿਆ ਸੀ ਨਾ, ਕੋਈ ਵੀ ਪੰਨਾ ਖੋਲ੍ਹ ਲਓ, ਸ਼ਬਦ ਹਨ ਤੇ ਉਨ੍ਹਾਂ ਵਿਚ ਅਰਥ ਹਨ! ਗੱਡਿਆਂ ਦੇ ਗੱਡੇ ਅਰਥ। ਇਹ ਸਿਲਸਿਲਾ ਮੁੱਕਣ ਵਾਲਾ ਨਹੀਂ। ਸਰਬਜੀਤ ਸੋਹਲ ਦੇ ਬੋਲਾਂ

ਨਾਲ ਹੀ ਮੁਕਾਉਂਦਾ ਹਾਂ:

ਅੱਧੀ ਰਾਤ ਪਹਿਰ ਦੇ ਤੜਕੇ / ਬਿਰਹਾ ਦਰ ਖੜਕਾਵੇ ਹੂ
ਅੱਥਰਾ ਘੋੜਾ ਖੌਰੂ ਪਾਉਂਦਾ / ਪਰੀ ਦੇਸ਼ ਤੋਂ ਆਵੇ ਹੂ
ਜੰਗਲ ਦੇ ਵਿਚ ਹਿਲਜੁਲ ਹੁੰਦੀ / ਧਰਤੀ ਪਿੰਡੇ ਸਿਹਰਨ ਹੂ
ਰੁੱਤ ਮੌਲਦੀ ਪੰਛੀ ਟਹਿਕਣ/ ਕੁਦਰਤ ਨਾਦ ਸੁਣਾਵੇ ਹੂ
ਦਿਨ ਚੜ੍ਹਦੇ ਦੀ ਲਾਲੀ ਜੀਕਣ / ਚਹੁੰ ਕੂੰਟਾਂ ਰੁਸ਼ਨਾਵੇ ਹੂ
ਕੀ ਹੋਇਆ ਜੇ ਸੁਪਨਾ ਟੁੱਟਾ / ਯਾਦ ਦਾ ਨਿੱਘ ਗਰਮਾਵੇ ਹੂ

ਸਰਬਜੀਤ ਸੋਹਲ ਨੇ ਆਪਣੀਆਂ ਲਘੂ ਰਚਨਾਵਾਂ ਵਿਚ ਖੁਦ ਵੀ ਅਰਥ ਕੱਢੇ ਹਨ। ਜਿਵੇਂ ਤਨ ਸੁਹਣੇ ਨਹੀਂ ਹੁੰਦੇ, ਸੁਹਣੇ ਮਨ ਹੁੰਦੇ ਨੇ (ਵਰਜਿਤ ਫਲ); ਅਹਿਸਾਸ ਵਡਮੁੱਲਾ ਜਦ ਹੋਰ ਅਗਾਂਹ ਵੱਲ ਤੋਰਦਾ ਤਾਂ ਅਚਨਚੇਤ ਫਿਰ ਵਾਪਰਦਾ ਨਵਾਂ ਕੁਝ (ਗਤੀਸ਼ੀਲਤਾ); ਨੀਂਦ ਜੋ ਕਿਤੇ ਦੂਰ ਦੂਰ ਵਸਦੀ ਏ, ਬੱਚਿਆਂ ਦੇ ਸੁਪਨਿਆਂ ਤੇ ਨੌਜਵਾਨਾਂ ਦੀਆਂ ਮੁਹੱਬਤਾਂ ਵਿਚ ਹੱਸਦੀ ਏ (ਅੱਜ ਦੀ ਰਾਤ); ਮੁਹੱਬਤ ਮਹਿਸੂਸੀਅਤ ਦੀ ਸਿਖਰ ਤੇ ਜਿਊਣ ਦਾ ਅੰਦਾਜ਼ ਹੀ ਨਹੀਂ, ਸਵੈ ਤੋਂ ਸ੍ਰਿਸ਼ਟੀ ਦੀ ਯਾਤਰਾ ਤੇ ਹੋਂਦ ਦਾ ਵਿਸਥਾਰ ਵੀ ਹੈ (ਸਵੈ-ਵਿਸਥਾਰ); ਪਿਆਰ ਤਾਂ ਸਾਹ ਲੈਣ ਜਿਹਾ ਵਰਤਾਰਾ ਏ (ਵਰਤਾਰਾ); ਮੈਨੂੰ ਤਵਾਇਫ਼ ਤੇ ਬਜ਼ਾਰੂ ਨਾ ਕਹੋ, ਮੈਂ ਤਾਂ ਸਿਰਫ਼ ਕੱਪੜੇ ਹੀ ਕਿੱਲੀ 'ਤੇ ਟੰਗੇ ਨੇ, ਤੁਸੀਂ ਜ਼ਮੀਰ ਹੀ ਲਾਹ ਕੇ ਕਿਤੇ ਟੰਗ ਆਏ ਹੋ (ਤਵਾਇਫ਼ ਨਾ ਕਹੋ)।

ਜੇ ਸੱਚ ਪੁੱਛੋ ਤਾਂ ਸਰਬਜੀਤ ਸੋਹਲ ਦੀ ਕਵਿਤਾ ਨਿਰੀ ਸਰੋਦੀ ਹੀ ਨਹੀਂ, ਉਸ ਦੇ ਸਰੋਦ ਵਿਚ ਵੀ ਬਿਰਤਾਂਤ ਹੈ। ਕਿੱਸਾਕਾਰਾਂ ਵਰਗਾ ਬਿਰਤਾਂਤ। ਥੋੜ੍ਹੇ ਸ਼ਬਦਾਂ ਵਿਚ ਬਹੁਤ ਕੁਝ ਕਹਿਣ ਵਾਲਾ। ਜੇ ਵਜ਼ਾਹਤ ਦੀ ਲੋੜ ਹੋਵੇ ਤਾਂ ਉਸ ਦੀ 'ਵਜ਼ਾਹਤ' ਹੀ ਲੈ ਲਵੋ:

ਬਾਲ ਨਾਥ ਜੇ ਜੋਗ ਦਿੱਤੋ ਈ, ਤਾਂ ਕੀ ਅਹਿਸਾਨ ਕੀਤੋ ਈ
ਇਸ਼ਕ ਮੇਰੇ ਨੇ ਜੋਗ ਤੇਰੇ ਨੂੰ, ਜੱਗ ਮਸ਼ਹੂਰ ਕੀਤੋ ਈ
ਤੇਰਾ ਟਿੱਲਾ ਕੋਈ ਨਾ ਜਾਣਸ, ਸਭ ਰਾਂਝੇ ਦੀਆਂ ਮਿਹਰਾਂ
ਮੇਰਿਆਂ ਕੰਨਾਂ ਤੇਰੀਆਂ ਮੁੰਦਰਾਂ ਨੂੰ, ਵਜੂਦ ਦਿੱਤੋ ਈ
ਜੇ ਨਾ ਹੀਰ ਵਿਆਹੁੰਦੇ ਖੇੜੇ, ਕਿਸ ਤੇਰੇ ਕੋਲ ਆਵਣਾ ਸੀ
ਤੇਰੇ ਭਿਖਿਆ ਕਾਸੇ ਨੂੰ, ਮੇਰੇ ਇਸ਼ਕ ਨੇ ਸੁੱਚਿਆਂ ਕੀਤੋ ਈ
ਰਾਂਝੇ ਕਰਕੇ ਸੁਣ ਵੇ ਨਾਥਾ! ਤੈਨੂੰ ਜੱਗ ਨੇ ਸਿਜਦਾ ਕੀਤੋ ਈ

ਮੈਂ ਥੋੜ੍ਹੇ ਵਿਚ ਬਹੁਤਾ ਕਹਿਣ ਵਾਲੀ ਸਰਬਜੀਤ ਸੋਹਲ ਦੀ ਕਲਾ ਦਾ ਭਰਪੂਰ ਸਵਾਗਤ ਕਰਦਾ ਹਾਂ। ਕਣਕੇ ਦੀ ਮਾਤਰਾ ਨਹੀਂ ਵੇਖੀਦੀ, ਉਸ ਦਾ ਪ੍ਰਭਾਵ ਮਾਣਿਆ ਜਾਂਦਾ ਹੈ। ਇਹ ਹੈ ਸੋਹਲ ਦਾ 'ਕਾਵਿ ਕਣਕਾ'।

–ਗੁਲਜ਼ਾਰ ਸਿੰਘ ਸੰਧੂ

ਸੜਕਛਾਪ ਸ਼ਾਇਰੀ (ਕਾਵਿ ਸੰਗ੍ਰਹਿ) ਸ਼ਸ਼ੀ ਪਾਲ ਸਮੁੰਦਰਾ

'ਬੋਗਨਵਿਲਾ ਦੇ ਵਸਤਰ' (1992) ਵਾਲੀ ਸ਼ਾਇਰਾ ਸ਼ਸ਼ੀ ਪਾਲ ਸਮੁੰਦਰਾ 'ਮੇਰੇ ਮਨ ਦੀ ਕੋਇਲ' (2011) ਤੋਂ ਬਾਅਦ ਹੁਣ 'ਸੜਕਛਾਪ ਸ਼ਾਇਰੀ' (ਪੰਨੇ 135, ਮੁੱਲ 150 ਰੁਪਏ, ਪੰਜਾਬੀ ਸਾਹਿਤ ਪਬਲੀਕੇਸ਼ਨਜ਼, ਬਾਲੀਆਂ, ਸੰਗਰੂਰ) ਲੈ ਕੇ ਪੰਜਾਬੀ ਸਾਹਿਤ ਦੇ ਵਿਹੜੇ ਆਈ ਹੈ। 'ਮੇਰੇ ਮਨ ਦੀ ਕੋਇਲ' ਦੇ ਵੇਲਿਆਂ ਵਾਲੀ ਝਿਜਕ ਹੁਣ ਸੰਬੋਧਨੀ ਸੁਰ ਵਿਚ ਵਟ ਗਈ ਹੈ। ਉਦੋਂ ਉਹਨੇ ਆਪਣੀ ਕਵਿਤਾ ਅਤੇ ਖੁਦ ਨੂੰ ਕੁਝ ਸਵਾਲਾਂ ਦੇ ਸਨਮੁਖ ਕੀਤਾ ਸੀ, ਕਵਿਤਾ ਦੀ ਸਾਰਥਿਕਤਾ ਬਾਰੇ ਪੁੱਛਾਂ ਵੀ ਛੱਡੀਆਂ ਸਨ, ਪਰ ਐਤਕੀਂ ਤਾਂ ਸਵਾਲ-ਦਰ-ਸਵਾਲ, ਸ਼ਾਇਰੀ ਦੀ ਕਾਇਆ ਅੰਦਰ ਲਗਾਤਾਰ ਉਸਲਵੱਟੇ ਭੰਨ ਰਹੇ ਹਨ ਅਤੇ ਇਹ ਸ਼ਾਇਰੀ 'ਔਕਾਤ ਵਿਚ ਰਹਿ' ਕੇ

‘ਮਨ ਆਈਆਂ ਗੱਲਾਂ ਕਹਿਣ ਦੇ’ ਤਕ ਪਰਵਾਜ਼ ਭਰਦੀ ਹੈ। ਪਹਿਲੀ ਨਜ਼ਰੇ ‘ਸੜਕਛਾਪ ਸ਼ਾਇਰੀ’ ਵਾਲਾ ਸਿਰਲੇਖ ਭੁਚਲਾਉਂਦਾ ਹੈ, ਤੇ ਰਤਾ ਕੁ ਪ੍ਰਸ਼ਾਨ ਵੀ ਕਰਦਾ ਹੈ; ਸ਼ਸ਼ੀ ਪਾਲ ਸਮੁੰਦਰਾ ਇਸ ਬਾਰੇ ਖੁਲਾਸਾ, ਸ਼ਾਇਰੀ ਦੀ ਨਦੀ ਵਗਣ ਤੋਂ ਪਹਿਲਾਂ ਖ਼ੁਦ ਵੀ ਕਰਦੀ ਹੈ, ਪਰ ਵਾਕ-ਵਾਕ ਤੁਰਦਿਆਂ ਇਹ ਪ੍ਰੇਸ਼ਾਨੀ ਆਪੇ ਕਾਫ਼ੂਰ ਹੋਈ ਜਾਂਦੀ ਹੈ ਅਤੇ ‘ਸਮਰਪਣ’ ਤੇ ‘ਜਾਣਕਾਰੀ’ ਦੇ ਪਾਠ ਤੋਂ ਬਾਅਦ ਜਦੋਂ ਕਵਿਤਾਵਾਂ ਦੀ ਲੜੀ ਆਰੰਭ ਹੁੰਦੀ ਹੈ, ਸਾਹਮਣੇ ਦਿਸਹੱਦੇ ਤਕ ਵਿਰਾਟ ਚੌੜੇਰੀ ਚਰਾਂਦ ਦੇ ਦਰਸ਼ਨ ਹੁੰਦੇ ਹਨ। ‘ਸੜਕਛਾਪ’ ਸ਼ਬਦ ਇੰਨਾ ਜ਼ਿਆਦਾ ਮੂੰਹ-ਜ਼ੋਰ ਹੋ ਸਕਦਾ ਹੈ, ਤੇ ਇਸ ਦੇ ਅਰਥ ਇੰਨੇ ਨੁਕੀਲੇ ਤੇ ਬਰਮੀ ਨਾਲ ਵੇਹ ਕੱਢਣ ਵਾਂਗ ਪੇਚਦਾਰ ਹੋਣਗੇ ਅਤੇ ਨਾਲ ਦੀ ਨਾਲ ਇਨ੍ਹਾਂ ਦਾ ਖਾਸਾ ਇੰਨਾ ਮੁਹੱਬਤੀ ਹੋਵੇਗਾ; ਖ਼ੌਰੇ ਕਦੀ ਕਿਤੇ ਤਸੱਵਰ ਵਿਚ ਨਾ ਆਇਆ ਹੋਵੇ। ਅਸਲ ਵਿਚ ਇਹੀ ਸ਼ਸ਼ੀ ਪਾਲ ਦਾ ਜ਼ੋਰ-ਏ-ਕਲਮ ਹੈ ਜੋ ਸੁਹੱਪਣ ਦੀ ਨਵੀਂ ਪਰਿਭਾਸ਼ਾ ਬੰਨ੍ਹਦਾ ਹੈ। ਇਸ ਪਰਿਭਾਸ਼ਾ ਵਿਚ ਦੁਰਕਾਰੇ, ਦਰਾਵਿੜ, ਸਾਂਵਲੇ, ਗ਼ੁਲਾਮ; ਸਾਰੇ ਦੇ ਸਾਰੇ ਸੁਹੱਪਣ ਦਾ ਨਵਾਂ ਬੁਰਜ ਤਾਮੀਰ ਕਰਦੇ ਹਨ। ਸੁਹੱਪਣ ਦੀ ਇਹ ਬੁਰਜ-ਉਸਾਰੀ ਕਿਤਾਬ ਦੇ ਮੱਥੇ ਉੱਤੇ ਲਾਈ ਜਨਮੇਜਾ ਸਿੰਘ ਜੌਹਲ ਦੀ ਤਸਵੀਰ ਦੇ ਹਵਾਲੇ ਨਾਲ ਹੋਈ ਹੈ ਜਿਸ ਵਿਚ ਮੌਲ ਰਹੀ ਕਾਇਨਾਤ ਅਤੇ ਸਫ਼ਰ ‘ਤੇ ਨਿਕਲੀ ਔਰਤ ਦੀ ਜੁਗਲਬੰਦੀ ਹੈ। ‘ਸੜਕਛਾਪ ਸ਼ਾਇਰੀ’ ਦਰਅਸਲ ਕੁਦਰਤ ਦੀ ਮਹਿਮਾ ਦੀ ਕਵਿਤਾ ਹੈ ਅਤੇ ਇਸ ਮਹਿਮਾ ਵਿਚ ਕੈਦ-ਮੁਕਤੀ ਲਈ ਤੀਬਰ ਤਾਂਘ ਤੇ ਨੀਰਸ ਜ਼ਿੰਦਗੀ ਨੂੰ ਵੀ ਜੀਅ ਸਕਣ ਦੇ ਰਹੱਸ ਛੁਪੇ ਹੋਏ ਹਨ। ਸ਼ਸ਼ੀ ਪਾਲ ਦਾ ਜ਼ਾਵੀਆ ‘ਧਰਤੀ ਇਕ ਸਕੂਲ’ ਨਾਲ ਆਪਣੇ ਖੰਭ ਖਲਾਰਦਾ ਹੈ ਅਤੇ ਇਉਂ ਆਖ ਕੇ ਉਹ ਹਰ ਵੇਲੇ ਇਮਤਿਹਾਨ ਵਿਚ ਰਹਿਣ ਦਾ ਚੇਤਾ ਕਰਵਾਉਂਦੀ ਹੈ। ਇਸ ਇਮਤਿਹਾਨ ਦੌਰਾਨ ਉਹ ਪਹਿਲਾਂ ਸਬਕ ਸਿੱਖਦੀ ਹੈ (ਕਾਟੋ ਨੂੰ ਵੀ ਪਤਾ ਹੈ- ਜੇ ਰੁੱਖ ਹਨ ਤਾਂ ਉਹ ਵੀ ਹੈ) ਅਤੇ ਫਿਰ ਸਵਾਲ ਕਰਦੀ ਹੈ (‘ਕੌਣ ਕਹਿੰਦੈ, ਤੇਰੀ ਸਾਰ ਨਾ ਜਾਣੇ ਕੋਈ’)। ਸਬਕ ਸਿੱਖਣ ਤੋਂ ਲੈ ਕੇ ਸਵਾਲ ਪੁੱਛਣ ਦਾ ਸਫਰ ਕੱਛ ਕੇ ਹੀ ‘ਅਰਦਾਸ’ ਵਰਗੀ ਕਵਿਤਾ ਜਨਮ ਲੈ ਸਕਦੀ ਹੈ:

ਤੂੰ ਕੀ ਕਰੇਂਗਾ ਅਰਦਾਸ
ਜੋ ਕਰਦੀ ਹੈ ਪਹਾੜੀ ਤੋਂ ਹੇਠਾਂ ਵਹਿੰਦੀ
ਨਿੱਕੀ ਜਹੀ ਨਦੀ
...
ਕਦੇ ਆਪਣੀ ਅਰਦਾਸ ‘ਚ
ਨਦੀ ਦੀ ਰੀਸ ਵੀ ਕਰ ਲਿਆ ਕਰ

‘ਸਕੂਲ’ ਕਵਿਤਾ ਵਿਚ ਸਕੂਲ ਦੀ ਕਲਪਨਾ ਸਗਲ ਬ੍ਰਹਿਮੰਡ ਨੂੰ ਕਲਾਵੇ ਵਿਚ ਲੈਂਦੀ ਹੈ। ‘ਉਪਰੋਂ ਮਿੱਠੇ ਤੇ ਅੰਦਰੋਂ ਖੋਖੇ’ ਬੰਦਿਆਂ ਨਾਲ ਵਾਹ ਤੋਂ ਬਾਅਦ ਉਹ ਅਜਿਹੇ ਹਾਲਾਤ ਨਾਲ ਟੱਕਰ ਲਈ, ਪਹਿਲਾਂ ਸਕੂਲ ਅੰਦਰ ਜਾਣ ਦੇ ਤਰੱਦਦ ਅਤੇ ਫਿਰ ਉੱਥੋਂ ਘੜੀ-ਮੁੜੀ ਪੈਂਦੀ ਭਾਜੜ ਬਾਰੇ ਸੁਰਾਂ ਦੀ ਤਾਲ ਛੇੜਦੀ ਹੈ। ਇੰਦਾਂ ਦੀ ਹੀ ਕੋਈ ਸੂਰਤ ਹੋਵੇਗੀ ਜਦੋਂ ਚੰਨ ਦਾਤੀ ਬਣ ਕੇ ਚੜ੍ਹਿਆ ਜਾਪਦਾ ਹੋਵੇਗਾ:

ਆਕਾਸ਼ ਬਦਲਦਾ ਰੰਗ ਸੀ
ਤੇ ਹੁਣ ਤਾਰਿਆਂ ਨਾਲ ਬੁਲੰਦ ਸੀ
ਚੰਨ ਦਾਤੀ ਬਣ ਕੇ ਚੜ੍ਹਿਆ
ਤੇ ਹਰ ਦੁੱਖ ਹਰਿਆ...

ਇਸੇ ਪ੍ਰਸੰਗ ਵਿਚ ਹੀ ‘ਨਲੂਏ ਦੀ ਧੀ’ ਦਾ ਜ਼ਿਕਰ ਛਿੜਦਾ ਹੈ: *ਪੜ੍ਹ ਕੇ ਅੱਖਰ ਪੈਂਤੀ ਦੇ / ਧਰਤੀ ਦੇ ਉੱਤੇ ਲਿਖਦੀ ਹੈ।* ਪੈਂਤੀ ਅੱਖਰਾਂ ਦੇ ਇਸ ਹਮ੍ਹੇ ਵਿਚੋਂ ਹੀ ‘ਫੁੱਲ ਦੀ ਤਾਸੀਰ’ ਅਤੇ

‘ਗਮਲੇ ਦੀ ਵੇਲ’ ਵਰਗੀਆਂ ਰਚਨਾਵਾਂ ਦੀ ਸਿਰਜਣਾ ਸੰਭਵ ਹੈ। ਇਸ ਸਿਰਜਣਾ ਵਿਚ ‘ਧਰਤੀ ਦਾ ਸਾਵਾ ਸਾਲੂ’ ਜ਼ਰੂਰ-ਬਰ-ਜ਼ਰੂਰ ਓੜ੍ਹਿਆ ਗਿਆ ਹੋਵੇਗਾ। ਇਸ ਤੋਂ ਬਾਅਦ ਹੀ ‘*ਤੂੰ ਕੁਝ ਵੀ ਬਣ / ਪਰ ਜਿਸਮ ਦੀ ਸੀਮਾ ਨਾ ਬਣ*’ ਵਾਲਾ ਅਲਾਪ ਲਿਆ ਜਾ ਸਕਦਾ ਹੈ। ਉਂਝ, ਇਸ ਅਲਾਪ ਤੋਂ ਪਹਿਲਾਂ ਦਾ ਵੀ ਕੋਈ ਅਲਾਪ ਹੈ:

ਹਾਂ, ਜੀਣ ਦੀਆਂ ਕੁਝ ਮੁਸ਼ਕਿਲਾਂ ਨੇ:
ਦਸ ਕੁ ਸਾਲ, ਠੇਡੇ ਖਾ ਖਾ ਤੁਰਨਾ ਸਿੱਖਣਾ
ਫਿਰ ਨੱਸਣ ਲੱਗਣਾ ਤਾਂ ਪੈਰੀਂ ਜ਼ੰਜੀਰਾਂ
...
ਹੌਸਲਾ ਕਰ ਮੈਂ ਫੜ ਕੇ ਕੰਨੀ
ਪੱਬ ਉਠਾ ਜਦ ਦਿਲ ਦੀ ਮੰਨੀ
ਕੰਧਾਂ ਨਾਲ ਟਕਰਾ ਕੇ ਡਿੱਗੀ
ਭੁੱਲ ਗਈ ਸਾਂ, ਤੇਰਾ ਵਿਹੜਾ
ਸੀ ਮੇਰਾ ਸੰਸਾਰ

ਇਹ ਤੀਬਰ ਤਾਂਘਾਂ ਅਤੇ ਪ੍ਰਚੰਡ ਪਹੁੰਚ ਦਾ ਪ੍ਰਤਾਪ ਹੈ ਜੋ ਸਮੁੰਦਰ ਅਤੇ ਰੱਬ ਦੇ ਹਾਣ ਦੀ ਹੋਣ ਬਾਰੇ ਸੋਚਣ ਦੀ ਗੁਸਤਾਖੀ ਦਾ ਸਬੱਬ ਬਣਦਾ ਹੈ। ‘ਦੀਵਾਰ ਤੋਂ ਉਸ ਪਾਰ’ ਵਾਲੀ ਤਾਂਘ ਦਾ ਰੂਪ ‘ਕਹਿਕਸ਼ਾਂ ਤੋਂ ਪਾਰ’ ਤੋਂ ਐਨ ਵੱਖਰਾ ਹੈ। ਇਸ ਬਾਰੇ ਸ਼ਸ਼ੀ ਪਾਲ ਬਾ-ਖ਼ਬਰ ਹੈ। ਇਸੇ ਕਰਕੇ ਦਾਤੀ ਬਣ ਕੇ ਚੜ੍ਹੇ ਚੰਨ ਅਤੇ ਖ਼ੰਜਰ ਵਾਂਗ ਲਿਸ਼ਕਦੇ ਉਠਦੇ ਚੰਨ ਵਿਚ ਫ਼ਰਕ ਬਹੁਤ ਉਭਰਵਾਂ ਜ਼ਾਹਿਰ ਹੁੰਦਾ ਹੈ। ਇਸੇ ਲੜੀ ਵਿਚ ‘*ਮਹਿੰਦੀ ਦਾ ਰੰਗ ਖ਼ੂਨ ਜਿਹਾ ਕਿਉਂ?*’ ਵਾਲਾ ਸਵਾਲ ਵਾਛੜ ਬਣ ਕੇ ਵਰ੍ਹਦਾ ਹੈ ਅਤੇ ਵਾਵਰੋਲਾ ਬਣ ਕੇ ਚੜ੍ਹਦਾ ਹੈ। ‘ਨਸ਼ਾ’ ਨਾਂ ਦੀ ਕਵਿਤਾ ਵਿਚ ਦਰਜ ਵਿਅੰਗ ਸਭ ਹੱਦਾਂ ਪਾਰ ਕਰ ਗਿਆ ਹੈ। ਸਾਧਾਰਨ ਜਿਹੀ ਦਿਸਦੀ ਕਵਿਤਾ ਪੂਰੇ ਜਲੌਅ ਵਿਚ ਰੂਪਮਾਨ ਹੋਈ ਹੈ। ਹਾਂ, ‘ਖਰਾਬ ਕੁੜੀ’, ‘ਭੇਡਾਂ ਵੀ ਮਾੜੀਆਂ ਨਹੀਂ ਹੁੰਦੀਆਂ’ ਅਤੇ ‘ਹੱਜ ਨੂੰ ਜਾਂਦੀਆਂ ਬਿੱਲੀਆਂ’ ਵਿਚ ਕਵਿਤਾ ਵਾਲੀ ਕੋਈ ਗੱਲ ਲੱਭਣ ਲਈ ਖ਼ੂਬ ਜੂਝਣਾ ਪੈਂਦਾ ਹੈ। ਇਹ ਸ਼ਾਇਦ ਕੋਈ ਛਿਲਤਾਂ ਹਨ ਜੋ ਕਾਇਆ ਵਿਚ ਪੱਕੀਆਂ ਪੁੜੀਆਂ ਹੋਈਆਂ ਹਨ। ‘ਸਬਜ਼ੀ ਬਣਾਉਂਦਿਆਂ’ ਵਿਚ ਜ਼ਰੂਰ ਕੋਈ ਵੱਡੀ ਕਹਾਣੀ ਪਈ ਹੈ। ਇਸ ਕਹਾਣੀ ਵਿਚ ਪੀੜ੍ਹੀਆਂ ਦੀ ਚਾਲ-ਢਾਲ ਝਾਤੀਆਂ ਮਾਰਦੀ ਹੈ।

ਸ਼ਸ਼ੀ ਪਾਲ ਸਮੁੰਦਰਾ ਦੀ ਸ਼ਾਇਰੀ ਉਲਟੇ ਰੁਖ਼ ਪਰਵਾਜ਼ ਭਰਨ ਵਰਗੀ ਹੈ। ਪੰਜਾਬੀ ਸਾਹਿਤ ਵਿਚ ਰਾਤ ਦਾ ਜ਼ਿਕਰ ਅਕਸਰ ਹਨ੍ਹੇਰੇ ਨਾਲ ਜੁੜ ਕੇ ਆਇਆ ਹੈ। ਸ਼ਾਇਰਾ ‘ਰਾਤ ਦੇਵੀ ਦੇ ਮੰਦਿਰ ਵਿਚ’ ਰਾਹੀਂ ਰਾਤ ਦਾ ਜਿਹੜਾ ਚਿੱਤਰ ਖਿੱਚਦੀ ਹੈ, ਉਹ ਆਮ ਨਹੀਂ। ‘*ਮਹਿਕ ਨਚੋੜ ਕੇ ਫੁੱਲ ਸਮੁੱਚੇ / ਪੌਣਾਂ ਵਿਚ ਕੀਤੀ ਛਿੜਕਾਈ*’ ਵਾਲਾ ਬਿੰਬ ਬੰਨ੍ਹਦੀ ਸ਼ਾਇਰਾ ਇਹ ਮੰਦਿਰ ਕਿਆਮਤ ਤੱਕ ਖੁੱਲ੍ਹਾ ਰਹਿਣ ਦਾ ਖਿਆਲ ਕਰਦੀ ਹੈ। ਇਹ ਖਿਆਲ ‘ਅਰਦਾਸ’ ਨਾਲ ਮਿਲ ਕੇ ਮੁਕੰਮਲ ਹੋਣਾ ਹੁੰਦਾ ਹੈ। ‘ਕੀ ਮੈਂ ਇਸ ਸੂਰਜ ‘ਤੇ ਇਤਬਾਰ ਕਰਾਂ’ ਵਾਲਾ ਨਿਹੋਰਾ ਐਨ ਵੱਖਰੇ ਰੰਗ ਵਾਲਾ ਹੈ। ਇਹਦਾ ਬਿਰਤਾਂਤ ਬਰਸਾਤ ਤੋਂ ਪਾਰ ਵਾਲਾ ਹੈ। ਕਿੰਨੇ ਸ਼ਾਇਰਾਂ ਨੇ ਆਪੋ-ਆਪਣੇ ਢੰਗ ਨਾਲ ਮੇਘ ਦੀ ਮਹਿਮਾ ਅਤੇ ਪ੍ਰੀਤਮ ਨਾਲ ਪ੍ਰੀਤ ਦੀਆਂ ਗੱਲਾਂ ਛੋਹੀਆਂ ਹਨ, ਪਰ ਇਸ ਕਵਿਤਾ ਅੰਦਰ ਮਨ ਭਿੱਜ ਭਿੱਜ ਕੇ ਅੱਕਿਆ ਪਿਆ ਹੈ। ਕਵਿਤਾ ਵਿਚ ਸੰਕੇਤ ਦੀਆਂ ਸੁਰਾਂ ਅਤੇ ਕਨਸੋਆਂ ਭਾਰੀ ਪੈ ਰਹੀਆਂ ਹਨ, ਉਂਝ ਸੁਨੇਹਾ ਸਪਸ਼ਟ ਹੈ। ‘ਸਾਰ ਨਾ ਲੈਂਦਾ’ ਵਾਲੀ ਹੂਕ, ਹਾਕ ਬਣੀ ਪਈ ਹੈ ਅਤੇ ਇਹ ਹਾਕ, ਉਡੀਕ ਮੁੱਕਣ ਤੋਂ ਬਾਅਦ ਦੀ ਮਨ-ਅਵੱਸਥਾ ਹੈ ਸ਼ਾਇਦ!

ਕਿਤਾਬ ਦੇ ਪੰਨੇ ਪਰਤਦਿਆਂ ਵਾਰ-ਵਾਰ ਜ਼ਿਹਨ ਵਿਚ ਸਿੰਘ ਅਵਲੋਕਨ ਚੇਤਿਆਂ ਵਿਚ

ਉਭਰਦਾ ਹੈ। ਆਪਣੇ ਸ਼ਿਕਾਰ ਤੋਂ ਬਾਅਦ ਤਸੱਲੀ ਨਾਲ ਮੁੜ ਰਿਹਾ ਸ਼ੇਰ ਜਿਸ ਤਰ੍ਹਾਂ ਕੁਝ ਵਿੱਥ 'ਤੇ ਜਾ ਕੇ ਆਪਣੇ ਕੀਤੇ ਉੱਤੇ ਪਿਛਾਂਹ ਵੱਲ ਝਾਤੀ ਮਾਰਦਾ ਹੈ, ਇਸੇ ਤਰ੍ਹਾਂ ਸ਼ਸ਼ੀ ਇਨ੍ਹਾਂ ਕਵਿਤਾਵਾਂ ਰਾਹੀਂ ਆਪਣੇ ਬੀਤੇ ਉੱਤੇ ਨਿਗ੍ਹਾ ਸੁੱਟ ਰਹੀ ਹੈ। ਇਹ ਝਾਤੀ ਬਹੁਤ ਭਰਪੂਰ ਹੈ, ਭਾਵੇਂ ਕਿਤੇ ਕਿਤੇ ਹੇਰਵਾ ਭੂਤਾਂ-ਪ੍ਰੇਤਾਂ ਵਾਲਾ ਹਾਸਾ ਹੱਸਦਾ ਹੈ। ਕਿਤਾਬ ਦੇ ਸਮਰਪਣ ਵਿਚ ਆਜੜੀ ਮੁੰਡਿਆਂ ਦੇ ਭੱਠੀ ਰੰਗੇ ਚਿਹਰਿਆਂ 'ਤੇ ਲਸਣ ਦੀਆਂ ਫਾੜੀਆਂ ਵਰਗੇ ਖਿੜ-ਖਿੜ ਹੱਸਦੇ ਦੰਦਾਂ ਦਾ ਜ਼ਿਕਰ ਹੈ, 'ਸੜਕਛਾਪ ਸ਼ਾਇਰੀ' ਲਸਣ ਦੀਆਂ ਇਨ੍ਹਾਂ ਫਾੜੀਆਂ ਵਰਗੀ ਲਗਦੀ ਹੈ ਜਿਨ੍ਹਾਂ ਦੀ ਵਾਸ਼ਨਾ ਚੁਫੇਰੇ ਫੈਲੀ ਮਹਿਸੂਸ ਹੁੰਦੀ ਹੈ।

ਕਿਤਾਬ ਦੀ ਆਖ਼ਰੀ ਕਵਿਤਾ 'ਯਾਤਰਾ' ਆਖ਼ਰੀ ਨਹੀਂ। ਕਵਿਤਾ ਦੇ ਨਾਮਕਰਨ ਨਾਲ ਹੀ ਬਹੁਤ ਕੁਝ ਬੱਝਿਆ ਹੋਇਆ ਹੈ। ਇਹ ਬਣਨ-ਵਿਗਸਣ ਦਾ ਕੋਈ ਬਿਰਤਾਂਤ ਹੈ। ਕਵਿਤਾ ਮਿੱਟੀ ਵਿਚ ਡਿੱਗੇ ਬੀਅ ਵਾਂਗ ਬਹੁਤ ਸਹਿਜ ਨਾਲ ਪੜਾਅ-ਦਰ-ਪੜਾਅ ਤੁਰਦੀ ਹੈ, ਅਖ਼ੀਰ ਵੱਲ:

ਨਹੀਂ ਦਿਸੀਆਂ ਪੱਤੀਆਂ ਮਿੱਟੀ ਮਿਲੀਆਂ
ਤੇ ਉੱਡਿਆ ਇਨ੍ਹਾਂ ਦਾ ਰੰਗ ਜਿਹਾ
ਨਹੀਂ ਦਿਸਿਆ ਕਦ ਸਭ ਸ਼ੁਰੂ ਹੋਇਆ
ਤੇ ਮੁੱਕ ਗਿਆ।

ਇੱਥੇ ਕੋਈ ਵਜੂਦ ਤਾਂ ਮੁੱਕ ਰਿਹਾ ਹੈ, ਪਰ ਕਵਿਤਾ ਨਹੀਂ ਮੁੱਕਦੀ! ਸਗੋਂ ਕਵਿਤਾ ਦੀ ਵਿਆਖਿਆ ਸ਼ੁਰੂ ਹੋ ਜਾਂਦੀ ਹੈ, ਪਰ ਕਵਿਤਾ ਵਿਆਖਿਆ ਵਿਚੋਂ ਨਹੀਂ, ਵਹਿਣ ਵਿਚੋਂ ਲੰਘਦੀ ਹੈ। ਇੰਨੀ ਸੋਹਣੀ ਕਵਿਤਾ ਜੋੜਨ ਵਾਲੀ ਸ਼ਸ਼ੀ ਪਾਲ, ਭਲਾ ਕਵਿਤਾ ਦੀ ਤਾਕਤ ਉਤੇ ਯਕੀਨ ਕਿਉਂ ਨਹੀਂ ਕਰਦੀ? ਅਜੇ ਇਕ ਸਫਾ ਪਹਿਲਾਂ ਹੀ ਤਾਂ ਉਹ ਲਿਖ ਕੇ ਹਟੀ ਸੀ: '*ਏਥੇ ਕੋਈ ਨੀ ਮਰਦਾ / ਤੇ ਕਿਧਰੇ ਨੀ ਜਾਂਦਾ / ਬੱਸ ਭੇਸ ਵਟਾ ਕੇ / ਮੁੜ ਮੁੜ ਏਥੇ ਆਉਂਦਾ ਰਹਿੰਦੈ*'। ਕਵਿਤਾ ਦੀ ਵਿਆਖਿਆ ਵਿਚ ਪੈਣ ਵਾਲਾ ਤਕਰੀਬਨ ਇਹੀ ਹਾਦਸਾ 'ਤੋਰੀਆਂ ਦੀ ਵੇਲ' ਨਾਲ ਹੋਇਆ ਹੈ। 'ਅਰਦਾਸ' ਦੀ ਆਖਰੀ ਸਤਰ, ਇਸ ਸ਼ਾਹਕਾਰ ਕਵਿਤਾ ਦੇ ਮੱਥੇ ਉਤੇ ਚੰਨ ਵਾਲਾ ਦਾਗ਼ ਬਣ ਗਈ ਹੈ। ਪੰਜਾਬੀ ਵਿਚ ਅਜੇ ਪੇਸ਼ੇਵਰ ਸੰਪਾਦਨ ਕਾਰਜ ਦਾ ਰਿਵਾਜ ਨਹੀਂ ਪਿਆ; ਤਾਂ ਹੀ ਤਾਂ ਲਹਿਰਦੀ ਕਵਿਤਾ ਦੇ ਖੇਤਾਂ ਵਿਚ ਕਾਂਗਿਆਰੀਆਂ ਤੰਗ ਕਰਦੀਆਂ ਹਨ। 'ਅਰਦਾਸ' ਵਿਚ ਸ਼ਸ਼ੀ ਪਾਲ ਸਮੁੰਦਰਾ '*ਨਦੀ ਦੀ ਰੀਸ ਵੀ ਕਰ ਲਿਆ ਕਰ*' ਦਾ ਸੁਨੇਹਾ ਦਿੰਦੀ ਹੈ, ਸਾਨੂੰ ਵੀ ਹੁਣ ਘੱਟੋ-ਘੱਟ ਅੰਗਰੇਜ਼ੀ ਕਿਤਾਬਾਂ ਛਾਪਣ-ਛਪਵਾਉਣ ਵਾਲਿਆਂ ਦੇ ਪੇਸ਼ੇਵਰ ਸੰਪਾਦਨ ਕਸਬ ਦੀ ਰੀਸ ਕਰਨੀ ਚਾਹੀਦੀ ਹੈ; ਕਿਉਂ ਜੋ ਮਸਲਾ ਹੁਣ ਕਵਿਤਾ/ਰਚਨਾ ਉਤੇ ਯਕੀਨ ਦਾ ਹੈ। **–ਜਸਬੀਰ**

ਝੁਮਕੇ (ਕਹਾਣੀ ਸੰਗ੍ਰਹਿ) ਕੁਲਜੀਤ ਮਾਨ

ਕੈਨੇਡਾ ਵਸਦਾ ਕੁਲਜੀਤ ਮਾਨ ਨਵੀਂ ਪੀੜ੍ਹੀ ਦੇ ਉਹਨਾਂ ਕਲਮਕਾਰਾਂ ਵਿਚੋਂ ਹੈ ਜਿਹਨਾਂ ਨੇ ਪਰਵਾਸ ਧਾਰਨ ਕਰਨ ਉਪਰੰਤ ਹੀ ਪੰਜਾਬੀ ਸਾਹਿਤ-ਸਿਰਜਣਾ ਦੇ ਖੇਤਰ ਵਿਚ ਪ੍ਰਵੇਸ਼ ਕੀਤਾ ਹੈ। ਕੈਨੇਡਾ-ਪਰਵਾਸ ਦੇ ਆਪਣੇ ਅਨੁਭਵ ਸਦਕਾ ਪਰਵਾਸੀ ਪੰਜਾਬੀਆਂ ਦੇ ਜੀਵਨ-ਸਮਾਚਾਰ, ਸਮੱਸਿਆਵਾਂ ਤੇ ਸਰੋਕਾਰ ਉਸਦੀ ਕਹਾਣੀ-ਰਚਨਾ ਦੀ ਵਸਤੂ ਸਮੱਗਰੀ ਬਣਦੇ ਹਨ। ਇਹਨਾਂ ਪਰਵਾਸੀ ਪਾਤਰਾਂ ਦੇ ਜੀਵਨ-ਯਥਾਰਥ ਦੀ ਕੋਈ ਨਾ ਕੋਈ ਕੰਨੀ ਉਹਨਾਂ ਦੇ ਮੂਲ 'ਦੇਸ਼ ਪੰਜਾਬ' ਦੀ ਧਰਤੀ ਤੇ ਰਹਿਤਲ ਨਾਲ ਜੁੜੀ ਹੋਈ ਤਾਂ ਹੈ ਪਰ ਇਹਨਾਂ ਦੀ ਬਾਤ ਪਾਉਂਦਿਆਂ ਕੁਲਜੀਤ ਮਾਨ ਪਹਿਲੇ ਪਰਵਾਸੀ ਪੰਜਾਬੀ ਲੇਖਕਾਂ ਵਾਂਗ ਆਪਣੀ ਰਚਨਾ ਦਾ ਧਰਾਤਲ ਪਿੱਛੇ ਰਹਿ ਗਏ ਪੰਜਾਬ ਨੂੰ ਨਹੀਂ ਬਣਾਉਂਦਾ, ਸਗੋਂ ਪਰਵਾਸ ਵਾਲੀ ਧਰਤੀ ਕੈਨੇਡਾ ਨੂੰ ਹੀ ਰੱਖਦਾ ਹੈ। ਅੱਠ ਵੱਡ-

ਆਕਾਰੀ ਕਹਾਣੀਆਂ ਉੱਤੇ ਆਧਾਰਤ ਉਸਦੇ ਹੱਥਲੇ ਕਹਾਣੀ ਸੰਗ੍ਰਹਿ 'ਝੁਮਕੇ' (ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ 224, ਮੁੱਲ 300 ਰੁਪਏ) ਵਿਚ ਇਕ ਵੀ ਕਹਾਣੀ ਅਜਿਹੀ ਨਹੀਂ ਜਿਸਦੇ ਕਥਾਨਕ ਦਾ ਮੂਲ ਆਧਾਰ ਪੰਜਾਬ ਹੋਵੇ ਅਤੇ ਜਿਸ ਦੇ ਵੇਰਵੇ ਵਿਚੋਂ ਵਿਗੋਚੇ ਦੇ ਅਹਿਸਾਸ ਦੀ ਧੁਨੀ ਸੁਣਦੀ ਹੋਵੇ, ਜੋ ਮੁੱਢਲੇ ਪਰਵਾਸੀ ਪੰਜਾਬੀ ਗਲਪ ਸਾਹਿਤ ਦਾ ਸਿੱਕੇਬੰਦ ਪਛਾਣ-ਚਿੰਨ੍ਹ ਬਣ ਗਈ ਸੀ।

ਪੰਜਾਬੀਆਂ ਨੇ ਅਵੱਸ਼ ਹੀ ਚੋਖੀ ਵੱਡੀ ਗਿਣਤੀ ਵਿਚ ਕੈਨੇਡਾ ਵਰਗੇ ਮੁਲਕਾਂ ਵਿਚ ਆਪਣੇ ਆਪ ਨੂੰ ਸਥਾਪਤ ਕਰਦਿਆਂ ਹੋਇਆਂ ਆਵਾਸ ਵਾਲੇ ਨਵੇਂ ਮੁਲਕਾਂ ਵਿਚ ਚੰਗੀ ਥਾਂ ਬਣਾ ਲਈ ਹੋਈ ਹੈ। ਨਾਲ ਹੀ ਇਹ ਵੀ ਸੱਚ ਹੈ ਕਿ ਉਹਨਾਂ ਨੇ ਉੱਥੋਂ ਦੇ ਮੂਲਵਾਸੀਆਂ ਅਤੇ ਪਹਿਲਾਂ ਸਥਾਪਤ ਹੋ ਚੁੱਕੇ ਗੋਰੇ ਆਬਾਦਕਾਰਾਂ ਨਾਲ ਕੋਈ ਬਹੁਤਾ ਤਾਲਮੇਲ ਨਹੀਂ ਬਣਾਇਆ। ਸਗੋਂ ਬਹੁਤ ਹਾਲਤਾਂ ਵਿਚ ਉਹ ਉੱਥੇ ਵੀ ਪੁਰਾਣੀ ਪੰਜਾਬੀ ਰੀਤ ਤੇ ਸੰਸਕਾਰਾਂ ਨਾਲ ਜੁੜੇ ਰਹਿਣ ਦੀ ਕੋਸ਼ਿਸ਼ ਕਰਦੇ ਹੋਏ ਆਪਣੇ ਸੀਮਤ ਜਿਹੇ ਘੇਰੇ ਵਿਚ ਵਿਚਰਦੇ ਹਨ। ਏਸੇ ਯਥਾਰਥ ਦੇ ਸਨਮੁਖ ਪਰਵਾਸੀ ਪੰਜਾਬੀ ਸਿਰਜਕਾਂ ਦੀ ਲਿਖਤ ਵਿਚ ਆਪਣੇ ਤੋਂ ਵੱਖਰੇ ਲੋਕਾਂ ਦਾ ਚਿਤਰਨ ਜਾਂ ਉਹਨਾਂ ਨਾਲ ਤਾਲਮੇਲ ਦਾ ਉਲੇਖ ਬਹੁਤ ਘੱਟ ਹੋਇਆ ਹੈ। ਕੁਲਜੀਤ ਮਾਨ ਦੀਆਂ ਕਹਾਣੀਆਂ ਵਿਚਲੇ ਪਾਤਰ ਮੁੱਢਲੇ ਪਰਵਾਸੀ ਪੰਜਾਬੀ ਲੇਖਕਾਂ ਵੱਲੋਂ ਪੇਸ਼ ਕੀਤੇ ਗਏ ਲੋਕਾਂ ਨਾਲੋਂ ਵੱਖਰੀ ਪਛਾਣ ਰੱਖਣ ਦੇ ਬਾਵਜੂਦ ਅਜਿਹੇ ਹੀ ਲੋਕ ਹਨ ਜੋ ਕੈਨੇਡਾ ਦੀ ਧਰਤੀ ਉੱਤੇ ਆਪਣੇ ਭਾਈਚਾਰੇ ਦੇ ਅੰਦਰ ਅੰਦਰ ਹੀ ਵਿਚਰਦੇ ਹਨ ਅਤੇ ਕੈਨੇਡਾ ਵਰਗੇ ਬਹੁ-ਸਭਿਆਚਾਰਕ ਦੇਸ਼ ਵਿਚ ਵੀ ਆਪਣੇ ਤੋਂ ਵੱਖਰੇ ਦੂਜੇ ਸਮੂਹਾਂ ਨਾਲ ਦਸਤਪੰਜਾ ਲੈਂਦੇ ਕਿਤੇ ਘੱਟ ਹੀ ਨਜ਼ਰ ਆਉਂਦੇ ਹਨ। ਇਸ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਪੰਜਾਬੀ ਮੂਲ ਦੇ ਆਵਾਸੀ ਪਾਤਰਾਂ ਦੀਆਂ ਜੀਵਨ-ਸਥਿਤੀਆਂ ਉੱਤੇ ਫੋਕਸ ਕਰਦੀਆਂ ਹੋਈਆਂ ਇਕ ਅਜਿਹਾ ਸੰਦ੍ਰਿਸ਼ ਉਭਾਰਦੀਆਂ ਹਨ ਜਿਸ ਉਪਰ ਪੰਜਾਬੀਆਂ ਵਜੋਂ ਬੇਲੋੜੇ ਮਾਣ ਜਾਂ ਰੁਦਨ ਦੀ ਸੁਰ ਛੇੜਨ ਵਾਸਤੇ ਕੋਈ ਗੁੰਜਾਇਸ਼ ਨਹੀਂ ਰਹਿੰਦੀ।

ਆਧੁਨਿਕ ਕਹਾਣੀ ਆਮ ਮਨੁੱਖ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੀ ਸਾਹਿਤਕ ਵਿਧਾ ਪ੍ਰਵਾਨ ਕੀਤੀ ਗਈ ਹੈ, ਜਿਸ ਵਿਚ ਅਸਾਧਾਰਨ ਕੱਦ-ਬੁੱਤ ਵਾਲੇ ਵੱਡੇ ਆਦਰਸ਼ਕ ਨਾਇਕ ਦੇ ਉਭਰਨ ਦੀ ਸੰਭਾਵਨਾ ਨਹੀਂ ਹੁੰਦੀ। ਆਪਣੇ ਸਾਧਾਰਨ ਗੁਣਾਂ ਲੱਛਣਾਂ ਤੇ ਸੀਮਾਵਾਂ, ਨਿੱਕੀਆਂ ਮੋਟੀਆਂ ਜਿੱਤਾਂ ਤੇ ਹਾਰਾਂ ਵਾਲੇ ਸਾਧਾਰਨ ਮਨੁੱਖ ਹੀ ਆਧੁਨਿਕ ਕਹਾਣੀ ਵਿਚ ਪੇਸ਼ ਹੁੰਦੇ ਹਨ। ਕੁਲਜੀਤ ਮਾਨ ਦੀ ਇਸ ਪੁਸਤਕ ਦੀਆਂ ਕਹਾਣੀਆਂ ਵਿਚਲੇ ਪਾਤਰ ਏਸੇ ਭਾਂਤ ਦੇ ਸਾਧਾਰਨ ਵਿਅਕਤੀ ਹਨ, ਜਿਹਨਾਂ ਨਾਲ ਹੋਈ ਬੀਤੀ ਕਿਸੇ ਘਟਨਾ ਨੂ ਜਾਂ ਜਿਹਨਾਂ ਦੇ ਸੁਭਾਅ ਤੇ ਵਿਹਾਰ ਦੀ ਕਿਸੇ ਪਰਤ ਨੂੰ ਅਸਾਧਾਰਨਤਾ ਦੀ ਕਲਾਤਮਕ ਛੋਹ ਨਾਲ ਪੇਸ਼ ਕਰਨ ਦਾ ਉਸ ਵੱਲੋਂ ਯਤਨ ਕੀਤਾ ਗਿਆ ਹੈ। ਪੁਸਤਕ ਦੀ ਪਹਿਲੀ ਕਹਾਣੀ ਹੈ 'ਡਰਨੇ ਦੀ ਮੌਤ', ਜਿਸ ਵਿਚ ਅਧਖੜ ਉਮਰ ਦਾ ਵਿਅਕਤੀ ਆਪਣੀ ਪਤਨੀ ਤੋਂ ਚੋਰੀ ਦਾਰੂ ਆਦਿ ਪੀਂਦਾ ਅਤੇ ਇਕ ਸਹੇਲੀ ਨੂੰ ਮਿਲਦਾ ਗਿਲਦਾ ਰਹਿੰਦਾ ਹੈ। ਇਸ ਤਰ੍ਹਾਂ ਦਾ ਉਹਲਾ ਰੱਖਣ ਅਤੇ ਪ੍ਰਵਾਣਤ ਸਮਾਜੀ ਵਿਹਾਰ ਅਨੁਸਾਰ ਚੱਲਣ ਦਾ ਵਿਖਾਵਾ ਕਰਨ ਦੇ ਦਵੰਦ ਵਿਚ ਫਸਿਆ ਇਹ ਪਾਤਰ ਪੱਛਮੀ ਪਰਿਵੇਸ਼ ਵਿਚ ਪ੍ਰਵਾਨ ਚੜ੍ਹੇ ਆਪਣੇ ਨੌਜਵਾਨ ਪੁੱਤਰ ਦੀ ਬਲੈਕਮੇਲਿੰਗ ਦਾ ਸ਼ਿਕਾਰ ਹੁੰਦਾ ਹੈ। ਕਹਾਣੀ ਦੇ ਅੰਤ 'ਤੇ ਸਾਰੀ ਗੱਲ ਦੇ ਸਾਹਮਣੇ ਆ ਜਾਣ ਨਾਲ ਉਹ ਜਿਵੇਂ ਆਪਣੇ ਆਪ ਲਈ ਖੜ੍ਹੇ ਕੀਤੇ ਡਰਨੇ ਤੋਂ ਮੁਕਤ ਹੋ ਜਾਂਦਾ ਹੈ, ਕਿਉਂਕਿ ਪੱਛਮ ਦੀ ਨਵੀਂ ਜੀਵਨ-ਸ਼ੈਲੀ ਅਨੁਸਾਰ ਜੋ ਕੁਝ ਉਹ ਕਰਦਾ ਹੈ, ਉਹ ਕੋਈ ਵੱਡਾ ਉਪੱਦਰ ਨਹੀਂ। ਪੁੱਤਰ ਨੂੰ ਤਾਂ ਅਜਿਹੀ ਕੋਈ ਚਿੰਤਾ ਹੈ ਹੀ ਨਹੀਂ ਕਿ ਪਿਉ ਦਾ ਵਿਹਾਰ ਚੰਗਾ ਹੈ ਜਾਂ ਮਾੜਾ, ਭੂਪਵਾਦੀ ਮਾਨਸਿਕਤਾ ਵਾਲੇ ਮਰਦ ਨੂੰ ਚੰਗੀ ਤਰ੍ਹਾਂ ਪਛਾਣਦੀ ਹੋਈ ਮੁਕਾਬਲਤਨ ਵਧੇਰੇ ਸੂਝ ਬੂਝ ਵਾਲੀ ਉਸਦੀ ਪਤਨੀ ਵੀ ਡਰਨੇ ਤੋਂ ਮੁਕਤ ਹੋਣ

ਵਿਚ ਪਤੀ ਦੀ ਸਹਾਇਤਾ ਕਰਦੀ ਹੈ। ਕਹਾਣੀ ਦਾ ਇਹ ਪਾਤਰ ਆਦਰਸ਼ਕ ਵਿਹਾਰ ਵਾਲਾ ਮਨੁੱਖ ਨਾ ਸਹੀ, ਪਰ ਉਹ ਕੋਈ ਖਲਨਾਇਕ ਵੀ ਨਹੀਂ। ਉਹ ਸਾਧਾਰਨ ਮਨੁੱਖੀ ਕਮਜ਼ੋਰੀ ਵਾਲਾ ਆਮ ਜਿਹਾ ਜੀਵ ਹੈ, ਜਿਸਦੀ ਸਥਿਤੀ ਨੂੰ ਵਿਅੰਗ ਦੀ ਹਲਕੀ ਜਿਹੀ ਚੋਭ ਨਾਲ ਪੇਸ਼ ਕੀਤਾ ਗਿਆ ਹੈ। ਏਸੇ ਤਰ੍ਹਾਂ ਦਾ ਹੀ ਵਿਅਕਤੀ ਹੈ ਪੁਸਤਕ ਦੀ ਆਖਰੀ ਕਹਾਣੀ 'ਸਕਿਊਰਟੀ ਗਾਰਡ' ਵਿਚਲਾ ਦੇਸੀ ਭਾਈ, ਜੋ ਬਹੁਤ ਸਹਿਜ ਨਾਲ ਚੌਕੀਦਾਰੇ ਵਾਲੀ ਆਪਣੀ ਨੌਕਰੀ ਦਾ ਕੰਮ ਨਿਪਟਾਉਂਦਾ ਹੈ। ਚੌਕੀਦਾਰੀ ਕਰਨ ਲਈ ਰਾਤ ਨੂੰ ਲੋਕੇਸ਼ਨ ਦਾ ਵਿਧੀਵਤ ਰੂਪ ਵਿਚ ਗੇੜਾ ਮਾਰਦੇ ਰਹਿਣ ਦੀ ਥਾਂ ਚਾਬੀਆਂ ਘੁਮਾਉਣ ਦੀ ਟੈਕਨੀਕਲ ਹੇਰਾ ਫੇਰੀ ਕਰਨ, ਇਕ ਅੱਧ ਹਾੜਾ ਲਾ ਕੇ ਡਿਊਟੀ ਦੌਰਾਨ ਸੌਂ ਰਹਿਣ, ਕੋਈ ਹੋਰ ਦੇਖਣ ਵਾਲਾ ਨਾ ਹੋਣ ਦੀ ਸੂਰਤ ਵਿਚ, ਸੁਪਰਵਾਈਜ਼ਰ ਤੋਂ ਬਚਕੇ, ਰਾਤ ਕੁਝ ਘੰਟੇ ਘਰ ਹੀ ਬਿਤਾ ਆਉਣ ਨੂੰ ਇਹ ਪਾਤਰ ਕੋਈ ਗ਼ਲਤ ਗੱਲ ਨਹੀਂ ਸਮਝਦਾ। ਪਹਿਲੀ ਕਹਾਣੀ ਦਾ ਪਾਤਰ ਘਰ ਵਿਚ ਚੀਟਿੰਗ ਕਰਦਾ ਸੀ ਜਦਕਿ ਇਹ ਵਿਅਕਤੀ ਆਪਣੇ ਕੰਮ ਵਾਲੀ ਥਾਂ ਇਹੀ ਕੁਝ ਕਰਦਾ ਹੈ। ਪਰ ਕਹਾਣੀ ਦੇ ਪਾਤਰਾਂ ਵਜੋਂ ਦੋਹਾਂ ਦੀ ਖੂਬਸੂਰਤੀ ਇਸ ਤੱਥ ਵਿਚ ਹੈ ਕਿ ਪਾਠਕ ਦੇ ਮਨ ਵਿਚ ਇਹਨਾਂ ਪ੍ਰਤੀ ਕੋਈ ਮੰਦ-ਭਾਵ ਨਹੀਂ ਉਭਰਦਾ, ਕਿਉਂਕਿ ਇਹਨਾਂ ਦੀ ਹੇਰਾਫੇਰੀ ਸਾਧਾਰਨ ਮਨੁੱਖ ਦੀ ਵਿਹਾਰਕ ਕਮਜ਼ੋਰੀ ਦੀ ਸੰਭਾਵਨਾ ਦੇ ਘੇਰੇ ਵਿਚ ਰਹਿੰਦੀ ਹੈ, ਜੋ ਆਪਣੇ ਲਈ ਛੋਟਾ ਮੋਟਾ ਲਾਹਾ ਲੈਂਦਿਆਂ ਕਿਸੇ ਹੋਰ ਦਾ ਕੋਈ ਵੱਡਾ ਨੁਕਸਾਨ ਨਹੀਂ ਕਰਦੀ।

ਕਨੇਡਾ ਵਿਚਲੇ ਪੰਜਾਬੀ ਪਰਿਵਾਰਾਂ ਅਤੇ ਵਿਸ਼ੇਸ਼ ਕਰਕੇ ਦੰਪਤੀ ਜੀਵਨ ਦੀ ਕੋਈ ਨਾ ਕੋਈ ਪਰਤ ਸਾਹਵੇ ਲਿਆਉਂਦੀਆਂ 'ਮਹਿਕ ਦਾ ਸਫਰ', 'ਰਖੇਲ', 'ਸੱਪ ਤੇ ਨਿਉਲਾ' ਅਤੇ 'ਪਾਰਟਨਰ' ਨਾਂ ਦੀਆਂ ਕਹਾਣੀਆਂ ਵਿਚੋਂ ਵੀ ਏਸੇ ਤਰ੍ਹਾਂ ਦੇ ਪਾਤਰ ਨਮੂਦਾਰ ਹੁੰਦੇ ਹਨ। 'ਮਹਿਕ ਦਾ ਸਫਰ' ਵਾਲੇ ਵਰਿੰਦਰ ਸਿੰਘ ਨਾਂ ਦੇ ਉਤਮ ਪੁਰਖੀ ਪਾਤਰ ਨੂੰ ਇਹ ਭੁਲੇਖਾ ਰਿਹਾ ਹੈ ਕਿ ਕੈਨੇਡਾ ਵਿਚਲੇ ਉਸਦੇ ਬਣਨ ਵਾਲੇ ਸਹੁਰਿਆਂ ਨੇ ਜੀਤੀ ਨਾਲ ਉਸਦਾ ਨਾਤਾ ਜੋੜਨ ਸਮੇਂ ਉਸਦੇ ਮਾਪਿਆਂ ਤੋਂ ਪੰਜ ਲੱਖ ਰੁਪਏ ਵਟੋਰ ਲਏ ਸਨ। ਇਸ ਕਾਰਨ ਉਹ ਕੈਨੇਡਾ ਵਿਚ ਪੱਕਾ ਹੋ ਜਾਣ ਪਿੱਛੋਂ ਸੁਚੱਜੇ ਵਿਹਾਰ ਵਾਲੀ ਆਪਣੀ ਪਤਨੀ ਨਾਲੋਂ ਤੋੜ-ਵਿਛੋੜਾ ਕਰਨ ਲਈ ਨਾਕਾਮ ਕੋਸ਼ਿਸ਼ਾਂ ਵੀ ਕਰਦਾ ਰਿਹਾ ਹੈ।ਇਸ ਦੰਪਤੀ ਦੇ ਹੁਣ ਤਾਂ ਬੱਚੇ ਵੀ ਵੱਡੇ ਹੋ ਚੁੱਕੇ ਹਨ ਪਰ ਵਰ੍ਹਿਆਂ ਤੋਂ ਚੱਲੀ ਆ ਰਹੀ ਵਰਿੰਦਰ ਦੇ ਮਨ ਵਿਚਲੀ ਗੰਢ ਹਾਲੇ ਵੀ ਕਾਇਮ ਹੈ। ਜਦੋਂ ਉਹ ਪ੍ਰਸੰਨਤਾ ਦੇ ਭਾਵ ਨਾਲ ਇਹ ਸਮਝਦਾ ਹੈ ਕਿ ਉਸਦੇ ਵਿਹਾਰ ਤੋਂ ਅੱਕੀ ਥੱਕੀ ਦੁਰਾਡੇ ਦੇ ਸ਼ਹਿਰ ਵਿਨੀਪੈਗ ਰਿਸ਼ਤੇਦਾਰਾਂ ਕੋਲ ਗਈ ਉਸਦੀ ਪਤਨੀ ਹੁਣ ਮੁੜਕੇ ਨਹੀਂ ਆਉਣ ਲੱਗੀ, ਪੰਜ ਲੱਖ ਦੀ ਗੰਢ ਦਾ ਨਾਟਕੀ ਢੰਗ ਨਾਲ ਖੁਲ੍ਹ ਜਾਣਾ ਉਸ ਅੰਦਰ ਜੀਵਨ ਸਾਥਣ ਪ੍ਰਤੀ ਮੋਹ ਦੀ ਮਹਿਕ ਖਲਾਰ ਦਿੰਦਾ ਹੈ। ਏਸੇ ਤਰ੍ਹਾਂ ਦਾ ਕਥਾਨਕ 'ਸੱਪ ਤੇ ਨਿਉਲਾ' ਕਹਾਣੀ ਦਾ ਹੈ ਜਿਸ ਵਿਚ ਪਤੀ ਪਤਨੀ ਦੇ ਰਿਸ਼ਤੇ ਦੀ ਹੰਢਣਸਾਰਤਾ ਨੂੰ ਦ੍ਰਿੜਾਇਆ ਗਿਆ ਹੈ। ਆਪਣੇ ਮਰਦ ਨਾਲ ਸੰਬੰਧ ਦੇ ਮਾਮਲੇ ਵਿਚ ਇਹਨਾਂ ਕਹਾਣੀਆਂ ਵਿਚਲੀਆਂ ਔਰਤਾਂ ਭੂਪਵਾਦੀ ਕਦਰਾਂ-ਕੀਮਤਾਂ ਦਾ ਥੋੜ੍ਹਾ ਬਹੁਤ ਵਿਰੋਧ ਕਰਨ ਦੇ ਬਾਵਜੂਦ ਘਰ ਪਰਿਵਾਰ ਨੂੰ ਬਣਾਈ ਰੱਖਣ ਲਈ ਮਰਦਾਂ ਦੇ ਟਾਕਰੇ ਵਧੇਰੇ ਸਿਆਣਪ ਦਾ ਪ੍ਰਮਾਣ ਦਿੰਦੀਆਂ ਹਨ। 'ਡੁਮੈਸਟਿਕ ਵਾਇਲੈਂਸ' ਲਈ ਘਰ ਤੋਂ ਬਾਹਰ ਕੱਢੇ ਗਏ ਅਤੇ 'ਐਂਗਰ ਟਰੀਟਮੈਂਟ' ਦਾ ਕੋਰਸ ਲੈ ਰਹੇ ਆਪਣੇ ਪਤੀ ਜੱਗੇ ਦੀ ਘਰ ਵਾਪਸੀ ਨੂੰ ਪ੍ਰਵਾਨਗੀ ਦਿੰਦੀ ਬਲਦੀਪ ਪ੍ਰਤੀਕ ਰੂਪ ਵਿਚ ਸਮਝਦੀ ਹੈ ਕਿ ਸੱਪ ਦੇ ਖਤਰੇ ਦਾ ਟਾਕਰਾ ਕਰਨ ਲਈ ਘਰ ਵਿਚ ਨਿਉਲੇ ਦਾ ਹੋਣਾ ਸ਼ਾਇਦ ਜ਼ਰੂਰੀ ਹੈ। ਇਹਨਾਂ ਦੋਹਾਂ ਕਹਾਣੀਆਂ ਦੇ ਟਾਕਰੇ 'ਰਖੇਲ' ਤੇ 'ਪਾਰਟਨਰ' ਵਿਚ ਔਰਤ ਮਰਦ ਦੇ ਰਿਸ਼ਤੇ ਨੂੰ ਅਤੇ ਖ਼ਾਸਕਰ ਔਰਤ ਦੀ ਸਥਿਤੀ ਨੂੰ ਬਦਲਦੇ ਪੂੰਜੀਵਾਦੀ ਪਰਿਵੇਸ਼ ਤੇ ਮੁੱਲ-ਵਿਧਾਨ ਦੇ ਪ੍ਰਸੰਗ ਵਿਚ ਵੇਖਿਆ ਗਿਆ ਹੈ। ਅੱਜ ਦੇ ਯੁਗ ਵਿਚ

ਔਰਤ ਹੀ ਨਹੀਂ ਮਰਦ ਵੀ ਰਖੇਲ ਦੀ ਸਥਿਤੀ ਵਿਚ ਹੋ ਸਕਦੇ ਹਨ, ਜਿਹਨਾਂ ਨੂੰ ਔਰਤ ਆਪਣੇ ਦੇਹ-ਸੁਖ ਲਈ ਵਰਤ ਸਕਦੀ ਹੈ। 'ਰਖੇਲ' ਨਾਂ ਦੀ ਕਹਾਣੀ ਵਿਚ ਕਨੇਡਾ ਤੋਂ ਆਈ ਬਾਲਾ ਦੀਪ ਅੱਗੇ ਇਹੋ ਜਿਹੇ ਰਿਸ਼ਤੇ ਦਾ ਹੀ ਪ੍ਰਸਤਾਵ ਰੱਖਦੀ ਹੈ, ਜਦਕਿ 'ਪਾਰਟਨਰ' ਨਾਂ ਦੀ ਕਹਾਣੀ ਵਿਆਹ-ਸੰਸਥਾ ਦੇ ਬਦਲ ਵਜੋਂ ਵਿਕਸਤ ਪੱਛਮੀ ਮੁਲਕਾਂ ਵਿਚ ਜ਼ਿੰਦਗੀ ਜੀਣ ਦੇ ਨਵੇਂ ਰੁਝਾਨ ਨਾਲ ਪਰਿਚਯ ਕਰਾਉਂਦੀ ਹੈ।

ਵੱਡੇ ਆਕਾਰ ਦੀਆਂ ਕਹਾਣੀਆਂ ਸਿਰਜਦਾ ਕੁਲਜੀਤ ਮਾਨ ਕਾਫੀ ਗੰਭੀਰ ਫਲਸਫਾਨਾ ਮੁਦਰਾ ਧਾਰਨ ਕਰ ਲੈਂਦਾ ਹੈ। ਕਹਾਣੀ ਦੇ ਕਥਾਨਕ ਵਿਚ ਉਪ ਕਥਾਨਕ ਲਿਆਉਣ ਨਾਲ ਵੀ ਕਹਾਣੀਆਂ ਅਕਸਰ ਗੁੰਝਲਦਾਰ ਤੇ ਅਸਪਸ਼ਟ ਹੋ ਜਾਂਦੀਆਂ ਹਨ। ਬੋਝਲਪਣ ਦੇ ਪ੍ਰਭਾਵ ਤੋਂ ਮੁਕਤ ਹੋਣ ਲਈ ਉਸਨੂੰ ਫਿਰ ਹਾਸੇ ਮਜ਼ਾਕ ਵਾਲੀਆਂ ਸਥਿਤੀਆਂ ਸਿਰਜਣ ਤੇ ਚੁਸਤ ਗੱਲਬਾਤ ਦਾ ਸਹਾਰਾ ਲੈਣਾ ਪੈਂਦਾ ਹੈ। ਕਹਾਣੀ ਕਹਿਣ ਦੀ ਜੁਗਤ ਦੇ ਇਸ ਗੁਣ ਤੇ ਸੀਮਾ ਦਾ ਅਹਿਸਾਸ ਪੁਸਤਕ ਦੇ ਸੀਰਸ਼ਕ ਵਾਲੀ ਕਹਾਣੀ 'ਝੁਮਕੇ' ਵਿਚ ਬਹੁਤ ਤੀਖਣ ਰੂਪ ਵਿਚ ਹੁੰਦਾ ਹੈ, ਜੋ ਕਹਾਣੀ ਇਕੋ ਸਮੇਂ ਅਸਪਸ਼ਟਤਾ ਤੇ ਰੋਚਿਕਤਾ ਦੇ ਅੰਸ਼ਾਂ ਨਾਲ ਗੁੱਥਮਗੁੱਥਾ ਹੋਈ ਪਈ ਹੈ। ਵੈਸੇ ਹਲਕੇ ਫੁਲਕੇ ਢੰਗ ਨਾਲ ਗੰਭੀਰ ਗੱਲ ਕਰ ਜਾਣ ਦੇ ਪੱਖ ਤੋਂ ਚੋਰਾਂ ਨੂੰ ਮੋਰ ਪੈਣ ਦੇ ਅਖਾਣ ਨੂੰ ਆਧਾਰ ਬਣਾਉਂਦੀ ਕਹਾਣੀ 'ਮੋਰ' ਵੀ ਕੋਈ ਘੱਟ ਗੌਲਣਯੋਗ ਰਚਨਾ ਨਹੀਂ। ਸਮੁੱਚੇ ਤੌਰ 'ਤੇ ਇਹ ਆਖਣ ਵਿਚ ਕੋਈ ਸੰਕੋਚ ਨਹੀਂ ਹੋ ਸਕਦਾ ਕਿ ਇਸ ਪੁਸਤਕ ਦੇ ਰੂਪ ਵਿਚ ਕਲਜੀਤ ਮਾਨ ਦੇ 'ਝੁਮਕੇ' ਪੰਜਾਬੀ ਕਹਾਣੀ ਦੇ ਸ਼ਿੰਗਾਰ ਵਿਚ ਅਵੱਸ਼ ਵਾਧਾ ਕਰਦੇ ਹਨ। **-ਰਘਬੀਰ ਸਿੰਘ**

ਗੰਧਲੇ ਪਾਣੀ (ਨਾਵਲ) ਬਲਦੇਵ ਸਿੰਘ

ਬਲਦੇਵ ਸਿੰਘ ਸੜਕਨਾਮਾ ਪੰਜਾਬੀ ਸਾਹਿਤ ਅਕਾਦਮੀ ਜੇਤੂ ਨਾਵਲਕਾਰ ਹੈ। ਬੇਸ਼ੱਕ ਉਸਦੀਆਂ ਲਿਖਤਾਂ ਦਾ ਘੇਰਾ ਵੱਡਾ ਹੈ ਤੇ ਉਹ ਬਹੁਵਿਧਾਈ ਲੇਖਕ ਹੈ ਪਰ ਉਸਦੀ ਮੁੱਖ ਪਛਾਣ ਇਕ ਨਾਵਲਕਾਰ ਵਜੋਂ ਹੈ।ਉਸਨੇ ਆਪਣੇ ਨਾਵਲਾਂ ਨਾਲ ਪੰਜਾਬੀ ਸਭਿਆਚਾਰ,ਪੰਜਾਬ ਦੇ ਇਤਿਹਾਸ ਅਤੇ ਪੰਜਾਬ ਦੀਆਂ ਆਜ਼ਾਦੀ ਲਹਿਰਾਂ ਦੇ ਨਾਇਕਾਂ ਨੂੰ ਬਿਰਤਾਂਤ ਦੇ ਕੇਂਦਰ ਬਣਾ ਕੇ ਇਤਿਹਾਸਿਕ ਨਾਵਲ ਦਾ ਵੱਖਰਾ ਪੈਟਰਨ ਸਥਾਪਿਤ ਕੀਤਾ ਹੈ। ਜਿਵੇਂ ਢਾਹਵਾਂ ਦਿੱਲੀ ਦੇ ਕਿੰਗਰੇ ਵਰਗੇ ਨਾਵਲ ਵਿਚ ਉਸਨੇ ਪੰਜਾਬੀ ਲੋਕ ਮਨਾਂ ਦੇ ਰਾਜੇ ਦੁੱਲਾ ਭੱਟੀ ਦੇ ਕਿਰਦਾਰ ਨੂੰ ਪੰਜਾਬ ਦੀ ਜੁਝਾਰੂ ਤਾਸੀਰ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੈ। ਉਸਨੇ ਮਹਾਂਬਲੀ ਸੂਰਾ ਨਾਵਲ ਬੰਦਾ ਸਿੰਘ ਬਹਾਦਰ ਦੀ ਬਹਾਦਰ ਗਾਥਾ ਬਾਰੇ ,ਪੰਜਵਾਂ ਸਾਹਿਬਜ਼ਾਦਾ ਭਾਈ ਜੈਤਾ ਦੇ ਸਿਦਕ ਬਾਰੇ ਅਤੇ ਸਤਲੁਜ ਵਹਿੰਦਾ ਰਿਹਾ ਨਾਵਲ ਸ਼ਹੀਦ ਭਗਤ ਸਿੰਘ ਦੇ ਜੀਵਨ ਬਿਰਤਾਂਤ ਨੂੰ ਆਧਾਰ ਬਣਾ ਕੇ ਲਿਖਿਆ ਹੈ। ਇਨ੍ਹਾਂ ਨਾਵਲਾਂ ਵਿਚ ਉਹ ਪੰਜਾਬ ਦੇ ਸਮਕਾਲੀ ਮੁੱਦਿਆਂ ਨੂੰ ਸਿੱਧਾ ਮੁਖ਼ਾਤਬ ਹੋਣ ਦੀ ਥਾਂ ਇਤਿਹਾਸ ਦੇ ਗਰਭ ਵਿਚਲੇ ਨਾਇਕਾਂ ਨੂੰ ਗਲੋਰੀਫਾਈ ਕਰਦਾ ਭੂਤਕਾਲ ਨੂੰ 'ਟੂਲ ਬਾਕਸ ' ਵਜੋਂ ਵਰਤਦਾ ਹੈ। ਪੰਜਾਬੀ ਸਾਹਿਤ ਦੀ ਇਹ ਰਚਨਾ-ਰੁੜ੍ਹੀ ਰਹੀ ਹੈ ਕਿ ਵਰਤਮਾਨ ਤੋਂ ਨਿਰਾਸ਼ਤਾ ਦਾ ਹੱਲ ਭੂਤਕਾਲ ਨੂੰ ਵਡਿਆ ਕੇ ਕੀਤਾ ਜਾਂਦਾ ਹੈ।

ਬਲਦੇਵ ਸਿੰਘ ਆਪਣੇ ਕਈ ਨਾਵਲਾਂ ਦੁਆਰਾ ਭੂਤਕਾਲ ਦੀ ਥਾਂ ਸਮਕਾਲ ਨੂੰ ਸਿੱਧਾ ਸੰਬੋਧਨ ਵੀ ਰਿਹਾ ਹੈ। ਜਿਵੇਂ ਉਸਦਾ 'ਅੰਨਦਾਤਾ' ਨਾਵਲ ਪੰਜਾਬੀ ਕਿਸਾਨੀ ਦੇ ਦੁਖਾਂਤ ਦਾ ਪ੍ਰਮਾਣਿਕ ਪ੍ਰਗਟਾਵਾ ਹੈ। ਇਸੇ ਤਰ੍ਹਾਂ 'ਲਾਲ ਬੱਤੀ' ਨਾਵਲ ਕਲਕੱਤਾ ਵਰਗੇ ਸ਼ਹਿਰਾਂ ਵਿਚ ਚੱਲਦੇ ਦੇਹ ਵਪਾਰ ਦੇ ਧੰਦੇ ਵਿਚ ਫਸੀਆਂ ਔਰਤਾਂ ਦੀ ਸੰਵੇਦਨਾ ਨੂੰ ਪੇਸ਼ ਕਰਦਾ ਹੈ। ਬਲਦੇਵ ਸਿੰਘ ਦਾ ਵਿਚਾਰਅਧੀਨ ਨਵਾਂ ਨਾਵਲ ਗੰਧਲੇ ਪਾਣੀ (ਪੰਨੇ198,ਮੁੱਲ,300 , , ਲੋਕਗੀਤ ਪ੍ਰਕਾਸ਼ਨ,ਚੰਡੀਗੜ੍ਹ) ਵੀ ਲਾਲ ਬੱਤੀ ਨਾਵਲ ਦਾ ਨਵਾਂ ਵਿਸਥਾਰ ਹੈ। ਇਸ ਨਾਵਲ ਦਾ ਬਿਰਤਾਂਤ

ਪੰਜਾਬ ਵਿਚ ਤੇਜ਼ੀ ਨਾਲ ਫੈਲਦੇ ਦੇਹ ਵਪਾਰ ਦੇ ਧੰਦੇ ਵਿਚ ਫਸੀਆਂ ਔਰਤਾਂ ਦੀ ਮਨੋਦਸ਼ਾ ਨੂੰ ਫੜਦਾ ਹੈ। ਲੇਖਕ ਦਾ ਇਹ ਗਲਪੀ ਕਾਰਜ ਦੇਹ ਵਪਾਰ ਦੇ ਧੰਦੇ ਸਬੰਧੀ ਕੀਤੀ ਖੋਜ ਵਰਗਾ ਹੈ । ਜਿਸ ਵਿਚ ਉਹ ਵੇਸਵਾਗਮਨੀ ਦੇ ਪ੍ਰੇਰਕਾਂ ,ਕਾਰਨਾਂ ਅਤੇ ਸਿੱਟਿਆਂ ਨੂੰ ਪੇਸ਼ ਕਰਦਾ ਪੰਜਾਬ ਦੀ ਧਰਤੀ ਦੇ 'ਥਾਈਲੈਂਡ' ਵਾਂਗ ਬਣਦੇ ਜਾਣ 'ਤੇ ਚਿੰਤਨ ਕਰਦਾ ਹੈ। ਲੇਖਕ ਨੇ ਇਸ ਨਾਵਲ ਦੁਆਰਾ ਦੇਹ ਵਪਾਰ ਦੇ ਧੰਦੇ ਦੀ ਵਿਡੰਬਨਾ ਪੇਸ਼ ਕਰਦਿਆਂ ਨਾ ਸਿਰਫ਼ ਇਸ ਗਲੀਜ਼ ਕਾਰਜ ਵਿਚ ਫਸੀਆਂ ਲੜਕੀਆਂ ਦੇ ਦੁਖਾਂਤ ਨੂੰ ਪੇਸ਼ ਕੀਤਾ ਹੈ ਬਲਕਿ ਇਸ ਧੰਦੇ ਨੂੰ ਵਧਾਉਣ ਵਿਚ ਸੱਤਾ ਦੇ ਸੰਦਾਂ ਦੀ ਭਾਈਵਾਲੀ ਵੀ ਸਿੱਧ ਕੀਤੀ ਹੈ। ਇਸ ਟੈਕਸਟ ਦੁਆਰਾ ਲੇਖਕ ਨੇ ਔਰਤਾਂ ਦੀ ਇਸ ਦੁਖਾਂਤਕ ਸਥਿਤੀ ਦੁਆਰਾ ਇਕ ਪਾਸੇ ਵਿਸ਼ਵੀਕਰਨ ਦੇ ਮੌਜੂਦਾ ਵਿਕਾਸ ਮਾਡਲ ਉੱਤੇ ਪ੍ਰਸ਼ਨ ਚਿੰਨ ਲਾਉਂਣ ਅਤੇ ਦੂਜੇ ਪਾਸੇ ਸੰਤਾਂ ਮਹਾਂਪੁਰਸ਼ਾਂ ਦੀ ਧਰਤੀ ਦੇ ਵਾਰਿਸਾਂ ਨੂੰ ਵੀ ਝੰਜੋੜਨ ਦਾ ਯਤਨ ਕੀਤਾ ਹੈ।

ਇਸ ਨਾਵਲ ਦੇ ਕੇਂਦਰ ਵਿਚ ਦੇਹ ਵਪਾਰ ਦੇ ਧੰਦੇ ਵਿਚ ਫਸੀਆਂ ਕੁਝ ਲੜਕੀਆਂ ਸਵੀਟੀ, ਮੀਤੋ, ਮਿੰਦੋ, ਰਾਜ਼ੀ, ਨੀਤੂ, ਤਾਰੋ, ਕੁਲਵਿੰਦਰ ਆਦਿ ਦੇ ਜੀਵਨ ਵੇਰਵੇ ਹਨ ਜਿਨ੍ਹਾਂ ਦੀਆਂ ਮਾੜੀਆਂ ਆਰਥਿਕ ਸਥਿਤੀਆਂ,ਪਰਿਵਾਰਕ ਕਲੇਸ਼,ਮਰਦ ਪਾਤਰ ਦੀ ਨਸ਼ੇਬਾਜ਼ੀ ਆਦਿ ਕਾਰਨ ਉਨ੍ਹਾਂ ਨੂੰ ਸ਼ਹਿਰਾਂ- ਕਸਬਿਆਂ ਵਿਚ ਚੱਲਦੇ ਚਕਲਿਆਂ ਵੱਲ ਆਉਣ ਲਈ ਮਜ਼ਬੂਰ ਕਰ ਦਿੰਦੇ ਹਨ। ਪਰਵਾਸ ਤੋਂ ਪੈਸੈ ਕਮਾ ਕੇ ਪੰਜਾਬ ਆਉਂਦੇ ਗੋਲਡੀ ਵਰਗੇ ਪਾਤਰ ਇਨ੍ਹਾਂ ਅੱਡਿਆਂ ਨਾਲ ਸੰਪਰਕ ਰੱਖਦੇ ਹਨ ਤੇ ਸਵੀਟੀ ਵਰਗੀਆਂ ਕੁੜੀਆਂ ਦੀ ਮਜ਼ਬੂਰੀ ਦਾ ਫਾਇਦਾ ਲੈਂਦੇ ਐਸ਼ਪ੍ਰਸਤੀ ਕਰਦੇ ਹਨ। ਨਾਵਲ ਵਿਚ ਮੁੰਦਰਾਂ ਆਂਟੀ ਇਕ ਕਸਬੇ ਦੇ ਅੱਡੇ ਦੀ ਸੰਚਾਲਕਾ ਹੈ ਜਿਸਦੇ ਸੰਪਰਕ ਸ਼ਹਿਰ ਦੇ ਲੀਡਰਾਂ, ਪੁਲੀਸ ਅਧਿਕਾਰੀਆਂ ,ਵਪਾਰੀਆਂ ਅਤੇ ਹੋਰ ਰਸੂਖਵਾਨਾਂ ਨਾਲ ਹਨ। ਨਾਵਲ ਵਿਚ ਵਾਲੀਆ ਨਾਂ ਦਾ ਪਾਤਰ ਇਸ ਅੱਡੇ ਦੇ ਨੇੜੇ ਇਕ ਹੋਟਲ ਚਲਾਉਂਦਾ ਹੈ ਜਿਹੜਾ ਨਵੇਂ ਗਾਹਕਾਂ ਨੂੰ ਫਸਾਉਂਦਾ ਹੈ,ਸ਼ਹਿਰ ਦੇ ਅਖੌਤੀ ਰਸੂਖਵਾਨਾਂ ਨੂੰ ਕੁੜੀਆਂ ਦੀ ਸਪਲਾਈ ਕਰਦਾ ਹੈ ਅਤੇ ਖੁਦ ਪੈਸੇ ਕਮਾਉਂਦਾ ਹੈ। ਨਾਵਲ ਵਿਚ ਡੇਂਜਰ ਨਾਂ ਦਾ ਪੁਲਸੀਆ ਪਾਤਰ ਮੀਨੂੰ ਵਰਗੀ ਲੜਕੀ ਦੀ ਮਦਦ ਨਾਲ ਭੋਲੇਭੋਲੇ ਲੋਕਾਂ ਨੂੰ ਠੱਗਦਾ ਹੈ ਅਤੇ ਮੋਟੀਆਂ ਰਕਮਾਂ ਵਸੂਲਦਾ ਹੈ। ਨਾਵਲ ਵਿਚ ਇਹ ਧੰਦਾ ਆਪਣੇ ਰਵਾਇਤੀ ਅੰਦਾਜ਼ ਤੋਂ ਨਿਕਲ ਕੇ ਜਦੋਂ ਲੁੱਟਖੋਹ ,ਕਤਲ ਅਤੇ ਬਲਿਊ ਫਿਲਮਾਂ ਦੀ ਨਿਰਮਾਣਕਾਰੀ ਨਾਲ ਜੁੜ ਜਾਂਦਾ ਹੈ ਤਾਂ ਇਸਦੇ ਸਮਾਜ ਲਈ ਭਿਆਨਕ ਸਿੱਟੇ ਨਿਕਲਦੇ ਹਨ। ਇਸ ਕੰਮ ਵਿਚ ਵਾਲੀਏ ਵਰਗਾ ਪਾਤਰ ਧੰਦੇ ਨਾਲ ਜੁੜੀਆਂ ਕੁੜੀਆਂ ਅਤੇ ਗਾਹਕਾਂ ਨੂੰ ਬਲੈਕਮੇਲ ਕਰਦਾ ਹੈ। ਡੇਂਜਰ ਵਰਗੀ ਪੁਲਸੀਆ ਕੁੜੀਆਂ ਦੇ ਮਾਧਿਅਮ ਨਾਲ ਨਕਲੀ ਪੁਲੀਸ ਪਾਰਟੀ ਬਣਾ ਕੇ ਲੋਕਾਂ ਨੂੰ ਲੁੱਟਦਾ ਹੈ । ਕੁੱਲ ਮਿਲਾ ਕੇ ਇਹ ਨਾਵਲ ਆਪਣੇ ਆਰੰਭ ਤੋਂ ਆਖਿਰ ਤੱਕ ਨਿਰੰਤਰ ਰੂਪ ਵਿਚ ਦੇਹ ਵਪਾਰ ਦੇ ਧੰਦੇ ਦੀ ਗਾਥਾ ਦਾ ਹਿਰਦੇਵੇਦਕ ਪ੍ਰਗਟਾਵਾ ਹੈ। ਇਸ ਨਾਵਲ ਦੇ ਪਾਤਰਾਂ ਦੀ ਵੰਡ ਲਕੀਰੀ ਕਿਸਮ ਦੀ ਹੈ ਜਿਸ ਨਾਲ ਕਈ ਵਾਰ ਇਹ ਟੈਕਸਟ ਬੜਾ ਪੇਤਲਾ ਪ੍ਰਭਾਵ ਸਿਰਜਦੀ ਹੈ। ਜਿਵੇਂ ਇਸ ਨਾਵਲ ਵਿਚ ਸਾਰੇ ਮਰਦ ਪਾਤਰ ਕਾਮ ਲਈ ਹਾਬੜੇ ਫਿਰਦੇ ਹਨ ਅਤੇ ਔਰਤ ਪਾਤਰਾਂ ਨੂੰ ਦੇਹ ਵਪਾਰ ਦੇ ਧੰਦੇ ਵਿਚ ਦਿਖਾ ਕੇ ਮਰਦਾਂ ਨੂੰ ਹੀ ਅੰਤਿਮ ਦੋਸ਼ੀ ਸਿੱਧ ਕੀਤਾ ਗਿਆ ਹੈ। ਦੇਹ ਵਪਾਰ ਦੇ ਧੰਦੇ ਦੀ ਹਰ ਲੜਕੀ ਦਾ ਭਰਾ ਨਸ਼ੇੜੀ ਹੈ,ਪਤੀ ਕੁੱਟਮਾਰ ਕਰਦਾ ਹੈ, ਸੱਸ ਕੁਪੱਤੀ ਹੈ,ਮਤਰੇਏ ਪਿਤਾ ਕਾਮੀ ਹਨ ਆਦਿ। ਨਾਵਲ ਨੂੰ ਪੜ੍ਹਦਿਆਂ ਕਈ ਵਾਰ ਇੰਝ ਜਾਪਦਾ ਹੈ ਜਿਵੇਂ ਦੁਨੀਆਂ ਦਾ ਹਰ ਮਰਦ ਔਰਤ ਨੂੰ ਦੇਹ ਵਪਾਰ ਦੇ ਧੰਦੇ ਨਾਲ ਜੋੜ ਰਿਹਾ ਹੈ ਨਾਵਲ ਵਿਚਲੇ ਸਾਰੇ ਮਰਦ ਪਾਤਰ ਕਾਮੀ ਸੁਭਾਅ ਵਾਲੇ ਹੋਣ ਕਰਕੇ ਇਹ ਰਚਨਾ ਸਿੱਧੀ ਸਪਾਟ ਆਪਣੀ 'ਨਿਸ਼ਚਿਤ ਮੰਜ਼ਿਲ' ਵੱਲ ਤੁਰੀ ਰਹਿੰਦੀ ਹੈ। ਨਾਵਲ ਵਿਚ ਉਕਤ ਨਿਸ਼ਚਿਤ ਧਾਰਨਾਵਾਂ ਕਾਰਨ ਇਹ ਟੈਕਸਟ ਆਪਣਾ ਬਹੁਪਰਤੀ ਸੁਭਾਅ ਸਿਰਜਣ ਤੋਂ ਵਾਂਝੀ ਰਹਿ ਜਾਂਦੀ ਹੈ ਦੇਹ ਵਪਾਰ ਜਿਹੇ ਧੰਦੇ ਨੂੰ ਉਪਰੇ ਤੇ ਪੇਤਲੇ ਚਿੰਤਨ ਨਾਲ ਪੇਸ਼ ਕਰਦੀ ਹੈ। ਨਾਵਲੀ ਪਾਤਰ ਚਿੱਟੇ- ਕਾਲੇ ਵਾਲੀ ਵੰਡ ਵਿਚ ਪੇਸ਼ ਹੋਏ ਹੋਣ ਕਰਕੇ ਕੋਈ ਸੰਵਾਦ ਪੈਦਾ ਨਹੀਂ ਕਰਦੇ ਤੇ ਪਾਠਕਾਂ ਦੀ ਹਮਦਰਦੀ ਜਾਂ ਨਫਰਤ ਤਲਾਸ਼ਦੇ ਹਨ। ਨਾਵਲ ਦੇ ਕਈ ਪਾਤਰਾਂ ਦਾ ਆਪਣਾ ਕੋਈ ਵਜੂਦ ਨਾ ਹੋਣ ਕਰਕੇ ਇਹ ਲੇਖਕ ਦੇ ਹੱਥਾਂ ਦੀਆਂ ਕਠਪੁਤਲੀਆਂ ਬਣੇ ਰਹਿੰਦੇ ਹਨ।

ਉਪਰੋਕਤ ਦੇ ਬਾਵਜੂਦ ਨਾਵਲ ਦੀ ਕਥਾ ਰੋਚਿਕ ਹੈ ਤੇ ਪਾਠਕਾਂ ਨੂੰ ਅੱਗੇ ਤੋਂ ਅੱਗੇ ਜਾਣਨ ਦੀ ਇੱਛਾ ਰਹਿੰਦੀ ਹੈ। ਧੰਦੇ ਵਿਚ ਫਸੀਆਂ ਕੁੜੀਆਂ ਦੇ ਆਪਸੀ ਵਾਰਤਾਲਾਪ ਨੂੰ ਦਿਖਾ ਕੇ ਲੇਖਕ ਨੇ ਕਈ ਥਾਵਾਂ 'ਤੇ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਚਿੰਤਨ ਕੀਤਾ ਹੈ। ਜਿਵੇਂ ਪੰਨਾ 40-41 'ਤੇ। ਕੁੱਲ ਮਿਲਾ ਕੇ ਬੇਸ਼ੱਕ ਲੇਖਕ ਦਾ ਇਹ ਨਾਵਲ ਉਸਦੇ ਅੰਨਦਾਤਾ ਨਾਵਲ ਵਰਗਾ ਪ੍ਰਭਾਵ ਸਿਰਜਣ ਤੋਂ ਪਿਛਾਂਹ ਰਹਿ ਜਾਂਦਾ ਹੈ ਪਰ ਪੰਜਾਬ ਵਿਚ ਦੇਹ ਵਪਾਰ ਦੇ ਵੱਧਦੇ ਧੰਦੇ ਬਾਰੇ ਚਿੰਤਾ ਜਰੂਰ ਪੈਦਾ ਕਰਦਾ ਹੈ। ਇਹ ਚਿੰਤਾ ਅਜੇ ਚਿੰਤਨ ਵਿਚ ਵਟਣੀ ਹੈ। **-ਜੀ. ਬੀ. ਸੇਖੋਂ**

ਰੇਤ'ਚ ਨਹਾਉਂਦੀਆਂ ਚਿੜੀਆਂ (ਕਹਾਣੀ ਸੰਗ੍ਰਹਿ) ਨਛੱਤਰ

ਕਹਾਣੀਕਾਰ ਨਛੱਤਰ ਨੇ ਆਪਣਾ ਛੇਵਾਂ ਕਹਾਣੀ-ਸੰਗ੍ਰਹਿ ''ਰੇਤ 'ਚ ਨਹਾਉਂਦੀਆਂ ਚਿੜੀਆਂ' (ਮੁੱਲ 225 ਰੁਪਏ, ਪੰਨੇ 172, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਧੀਆਂ-ਪੁੱਤਰਾਂ ਦੀ ਪਰਿਵਾਰ 'ਚ ਸਮਾਨਤਾ, ਜਾਇਜ਼-ਨਾਜਾਇਜ਼ ਔਰਤ-ਮਰਦ ਸੰਬੰਧਾਂ, ਧਰਮ ਅਤੇ ਰਾਜਨੀਤੀ ਦੀ ਰਲਗੱਡਤਾ, ਖੱਬੇਪੱਖੀ ਰਾਜਨੀਤਕ ਪਾਰਟੀਆਂ ਦੀ ਲੋਕ-ਪੱਖੀ ਕਾਰਗੁਜ਼ਾਰੀ, ਪਰਵਾਸ ਕਾਰਨ ਪੈਦਾ ਹੋਏ ਆਰਥਿਕ ਤੇ ਪਰਿਵਾਰਕ ਸੰਕਟ, ਵਿਧਵਾ ਔਰਤ ਦੀ ਸਮਾਜਕ ਸਥਿਤੀ, ਰੁਜ਼ਗਾਰ ਦੀ ਭਾਲ ਲਈ ਮਹਾਂਨਗਰਾਂ 'ਚ ਭਟਕਦਾ ਨੌਜਵਾਨ ਵਰਗ, ਖੂਨ ਦੇ ਰਿਸ਼ਤਿਆਂ ਵਿਚ ਆਏ ਬੇਗਾਨੇਪਣ ਆਦਿ ਵਿਭਿੰਨ ਵਿਸ਼ਿਆਂ ਨੂੰ ਲੈ ਕੇ ਰਚਿਆ ਹੈ।

ਹੱਥਲੇ ਸੰਗ੍ਰਹਿ ਦੀ ਸਿਰਲੇਖਕ ਕਹਾਣੀ 'ਰੇਤ'ਚ ਨਹਾਉਂਦੀਆਂ ਚਿੜੀਆਂ' ਜਿੱਥੇ ਜਾਤ ਆਧਾਰਤ ਸਮਾਜਕ ਢਾਂਚੇ ਵਿਚਲੀਆਂ ਬੋਦੀਆਂ ਕਦਰਾਂ-ਕੀਮਤਾਂ ਦਾ ਮੂੰਹ ਚਿੜਾਉਂਦੀ ਹੈ ਉੱਥੇ ਅਗਾਂਹਵਧੂ ਸੋਚ ਦੇ ਮਾਲਕ ਹੋਣ ਦਾ ਭਰਮ ਪਾਲੀ ਬੈਠੇ ਲੋਕਾਂ ਦੁਆਰਾ ਆਪਣੇ ਧੀਆਂ ਪੁੱਤਰਾਂ ਦੀ ਪਰਵਰਿਸ਼ ਵਿਚ ਕੀਤੇ ਜਾਂਦੇ ਫਰਕ ਦਾ ਭਾਂਡਾ ਵੀ ਭੰਨਦੀ ਹੈ। ਇਸ ਕਹਾਣੀ ਵਿਚ ਵਾਪਰਦੀਆਂ ਘਟਨਾਵਾਂ ਦਾ ਬਿਰਤਾਂਤ ਕਹਾਣੀ ਦੇ ਮੁੱਖ ਪਾਤਰ ਸਿਕੰਦਰ ਵਰਗੇ ਆਧੁਨਿਕ ਲੋਕਾਂ ਦੇ ਮਨ ਦੇ ਇਕ-ਨੁਕਰੇ ਪਈ ਜਗੀਰੂ ਸੋਚ ਨੂੰ ਉਘਾੜਦਾ ਹੈ। ਅਸਲ ਵਿਚ ਇਹ ਕਹਾਣੀ ਧੀਆਂ ਨਾਲ ਹੁੰਦੇ ਅਮਾਨਵੀ ਵਿਵਹਾਰ ਦਾ ਹੀ ਦ੍ਰਿਸ਼ ਚਿਤਰਣ ਹੈ। 'ਮਹਿਕ ਦੀ ਮੌਤ' ਨਾਂ ਦੀ ਕਹਾਣੀ ਵਿਚ ਕਹਾਣੀਕਾਰ ਨੇ ਅਜੋਕੇ ਦੌਰ ਦੇ ਵਪਾਰੀਕਰਨ ਤੇ ਸਨਅੱਤੀਕਰਨ ਦੀ ਆਰਥਿਕ-ਸਮਾਜਕ ਪ੍ਰਕਿਰਿਆ ਵਿਚ ਭਾਰਤੀ ਔਰਤ ਨੂੰ ਸਵੈ-ਨਿਰਭਰ ਹੁੰਦਿਆਂ ਵਿਖਾਇਆ ਹੈ ਪਰ ਅਫਸੋਸ ਇਸ ਗੱਲ ਦਾ ਹੈ ਕਿ ਆਰਥਿਕ ਨਿਰਭਰਤਾ ਦੇ ਬਾਵਜੂਦ ਔਰਤ ਦੀ ਵਰਤਮਾਨ ਸਥਿਤੀ ਵਿਚ ਤਸੱਲੀਬਖਸ਼ ਸੁਧਾਰ ਨਹੀਂ ਹੋਇਆ। ਸਮਾਜਕ ਤੌਰ ਉੱਤੇ ਉਹ ਅੱਜ ਵੀ ਮਰਦ ਦੀ ਜਗੀਰ ਹੀ ਸਾਬਤ ਹੁੰਦੀ ਹੈ। 'ਹਨੇਰੇ ਵਿਚ ਝਾਕਦੀ ਅੱਖ' ਕਹਾਣੀ ਦੰਪਤੀ ਰਿਸ਼ਤਿਆਂ ਵਿਚਲੇ ਅਸਾਵੇਂਪਣ ਕਾਰਨ ਪੈਦਾ ਹੁੰਦੇ ਪਤਨੀ ਦੇ ਨਾਜਾਇਜ਼ ਸੰਬੰਧਾਂ ਦੀ ਬਾਤ ਪਾਉਂਦੀ ਹੈ। ਕਹਾਣੀ ਦੇ ਮੁੱਖ ਪਾਤਰ ਗੁਰਮੀਤ ਦੀ ਪਤਨੀ ਕਰਮਿੰਦਰ ਨੂੰ ਮੰਗੇ ਨਾਲ ਆਪਣੇ ਨਾਜਾਇਜ਼ ਸੰਬੰਧਾਂ ਦੇ ਭਵਿੱਖਮੁਖੀ ਮਾੜੇ ਨਤੀਜਿਆਂ ਦਾ ਅਹਿਸਾਸ ਹੋਣ 'ਤੇ ਉਹ ਮੁੜ ਆਪਣੀ ਗ੍ਰਹਿਸਤ ਜ਼ਿੰਦਗੀ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਵਿਧਵਾ ਔਰਤਾਂ ਦੇ ਆਰਥਿਕ ਤੇ ਸਮਾਜਕ ਜੀਵਨ-ਯਥਾਰਥ ਨੂੰ ਆਧਾਰ ਬਣਾਉਂਦੀ ਕਹਾਣੀ 'ਕੰਡਿਆਂ ਉੱਤੇ ਤੁਰਦੀ ਜ਼ਿੰਦਗੀ' ਬਿਊਟੀ ਪਾਰਲਰਾਂ ਦੀ ਆੜ ਵਿਚ ਚਲਾਏ ਜਾਂਦੇ ਦੇਹ ਵਪਾਰ ਦੇ ਧੰਦਿਆਂ

ਦਾ ਪਰਦਾ ਫਾਸ਼ ਕਰਦੀ ਹੈ। 'ਲੜਾਈ' ਕਹਾਣੀ ਫੌਜੀ ਹਰਬੰਸ ਦੇ ਜੀਵਨ ਵਿਚਲੀਆਂ ਦੋ ਅਹਿਮ ਲੜਾਈਆਂ ਦੇ ਅੰਤਰ-ਵਿਰੋਧ ਵਿਚੋਂ ਵਿਸਥਾਰ ਗ੍ਰਹਿਣ ਕਰਦੀ ਹੈ। ਪਹਿਲੀ ਲੜਾਈ ਦੇਸ਼ ਦੀ ਸੁਰੱਖਿਆ ਲਈ ਸਰਹੱਦ 'ਤੇ ਲੜੀ ਗਈ ਹੈ ਜਿਸ ਵਿਚ ਉਹ ਬਚ ਕੇ ਰਿਟਾਇਰ ਹੋਣ ਤੋਂ ਬਾਅਦ ਆਪਣੇ ਘਰ ਮੁੜ ਆਉਂਦਾ ਹੈ। ਐਪਰ ਆਪਣੀ ਹੋਂਦ ਲਈ ਆਪਣੇ ਪਰਿਵਾਰਕ ਮੈਂਬਰਾਂ ਨਾਲ ਲੜੀ ਗਈ ਦੂਜੀ ਲੜਾਈ ਵਿਚ ਉਹ ਹਾਰ ਜਾਂਦਾ ਹੈ ਤੇ ਅੰਤ ਮੌਤ ਦੇ ਮੂੰਹ ਵਿਚ ਜਾ ਪੈਂਦਾ ਹੈ। ਇਸ ਪ੍ਰਕਾਰ ਪਰਿਵਾਰਕ ਕਲੇਸ਼ ਸਰਹੱਦਾਂ ਉੱਤੇ ਲੜੀਆਂ ਜਾਣ ਵਾਲੀਆਂ ਲੜਾਈਆਂ ਨਾਲੋਂ ਕਿਤੇ ਵੱਧ ਘਾਤਕ ਸਾਬਤ ਹੁੰਦਾ ਹੈ।

ਖਾੜਕੂਵਾਦ ਦੇ ਦੌਰ ਵਿਚ ਪੰਜਾਬ ਦੀ ਧਰਤੀ ਉੱਤੇ ਚੱਲੀਆਂ ਤੱਤੀਆਂ ਹਵਾਵਾਂ ਦੀ ਯਾਦ ਤਾਜ਼ਾ ਕਰਵਾਉਂਦੀ 'ਬੇਦੋਸ਼ੇ' ਨਾਂ ਦੀ ਕਹਾਣੀ ਦਾ ਤਰਕ ਹੈ ਕਿ ਖਾੜਕੂਵਾਦ ਨੇ ਪੰਜਾਬ ਦੀਆਂ ਫਸਲਾਂ ਦੇ ਨਾਲ ਨਾਲ ਟੱਬਰਾਂ ਦੇ ਟੱਬਰ ਵੀ ਲੂਹ ਸੁੱਟੇ ਸਨ। ਖਾਵਕੂਵਾਦ ਦੇ ਦਿਨਾਂ ਵਿਚ ਜਿੱਥੇ ਪੰਜਾਬ ਦੇ ਜ਼ਿਆਦਾਤਰ ਨੌਜਵਾਨ ਖਾੜਕੂਆਂ ਦੀਆਂ ਸਫਾਂ ਵਿਚ ਭਰਤੀ ਹੋਏ ਸਨ ਉੱਥੇ ਕਹਾਣੀ ਦੇ ਮੁੱਖ ਪਾਤਰ ਜਰਨੈਲ ਵਰਗੇ ਨੌਜਵਾਨ ਪੁਲਿਸ ਵਿਚ ਇਸ ਮਕਸਦ ਨਾਲ ਭਰਤੀ ਹੋਏ ਸਨ ਕਿ ਹਰ ਵਿੰਗੇ-ਟੇਢੇ ਢੰਗ ਨਾਲ ਪੈਸਾ ਕਮਾਇਆ ਜਾਵੇ। ਜਰਨੈਲ ਵਰਗੇ ਸਬ-ਇੰਸਪੈਕਟਰਾਂ ਦੀਆਂ ਵਧੀਕੀਆਂ ਤੇ ਅਣਮਨੁੱਖੀ ਕਾਰਨਾਮੇ ਤੇ ਭਿੰਦੀ ਵਰਗੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਅਣਗਿਣਤ ਬੇਦੋਸ਼ਿਆਂ ਨਾਲ ਹੋਈ ਬੀਤੀ ਦਾ ਬਿਰਤਾਂਤ ਸਿਰਜਦੀ ਇਹ ਕਹਾਣੀ ਅੰਤ ਵਿਚ ਸਬ-ਇੰਸਪੈਕਟਰ ਜਰਨੈਲ ਦੀ ਸੜਕ ਦੁਰਘਟਨਾ ਵਿਚ ਮੌਤ ਦੇ ਚਿਹਨਾਤਮਕ ਵੇਰਵੇ ਰਾਹੀਂ ਪੰਜਾਬ 'ਚੋਂ ਖਾੜਕੂਵਾਦ ਦੇ ਖਾਤਮੇ ਵੱਲ ਸੰਕੇਤ ਕਰਨ ਦੇ ਨਾਲ ਜਰਨੈਲ ਦੇ ਡਿੱਗੇ ਪਏ ਮੋਟਰ ਸਾਈਕਲ ਦੇ ਹੈਂਡਲ ਨਾਲ ਬੰਨ੍ਹੇ ਹੋਏ ਝੋਲੇ ਵਿਚੋਂ ਅੱਖਾਂ ਅੱਡੀ ਝਾਕਦੇ ਦੋ ਮੁਰਗਿਆਂ ਦੇ ਜ਼ਿੰਦਾ ਬਚੇ ਰਹਿਣ ਦੇ ਦ੍ਰਿਸ਼ਟਾਂਤਕ ਬਿੰਬ ਸਿਰਜਦੀ ਹੈ। ਇੰਝ ਹੀ ਵਰਤਮਾਨ ਸਮੇਂ ਦੀਆਂ ਸਰਕਾਰਾਂ ਦੁਆਰਾ ਧਰਮ ਤੇ ਰਾਜਨੀਤੀ ਨੂੰ ਰਲਗੱਡ ਕਰਕੇ ਫਿਰਕੂ ਫਸਾਦਾਂ ਦੌਰਾਨ ਦੇਸ਼ ਦੇ ਨੇਤਾਵਾਂ ਦੁਆਰਾ ਆਪਣੀਆਂ ਸਿਆਸੀ ਰੋਟੀਆਂ ਸੇਕਣ ਦਾ ਬਿਰਤਾਂਤ ਸਿਰਜਦੀ 'ਭਰਮ' ਨਾਂ ਦੀ ਕਹਾਣੀ ਖੱਬੇ ਪੱਖੀ ਪਾਰਟੀਆਂ ਦੀ ਜਨ-ਸਾਧਾਰਨ ਦੇ ਹਿੱਤਾਂ ਵਿਚ ਭੁਗਤਣ ਦੀ ਵਿਚਾਰਧਾਰਕ ਸੋਚ 'ਤੇ ਪਹਿਰਾ ਦਿੰਦੀ ਹੈ। ਖੱਬੇਪੱਖੀ ਪਾਰਟੀਆਂ ਦੇ ਲੋਕ-ਪੱਖੀ ਮਿਆਰ ਨੂੰ ਕਹਾਣੀ ਦੇ ਮੁੱਖ ਪਾਤਰ ਜਰਨੈਲ ਵਰਗੇ ਕੁਝ ਕੁ ਜਾਅਲੀ ਕਾਮਰੇਡਾਂ ਦੀ ਸਵੈ-ਕੇਂਦਰਤ ਸੋਚ ਅਤੇ ਆਚਰਣਕ ਕਮਜ਼ੋਰੀਆਂ ਕਾਰਨ ਲੱਗੇ ਕਲੰਕ ਤੋਂ ਬਚਾਉਂਦੀ ਹੋਈ ਆਮ ਲੋਕਾਂ ਦੀ ਇਹਨਾਂ ਪਾਰਟੀਆਂ ਬਾਰੇ ਬਣੀ ਗਲਤ ਧਾਰਨਾ ਦੀ ਭਰਮ-ਨਵਿਰਤੀ ਕਰਦੀ ਹੈ।

'ਅੱਗ ਦੀ ਰੋਟੀ' ਕਹਾਣੀ ਸ਼ਮਸ਼ਾਨ ਘਾਟ ਵਿਚ ਹੋਣ ਵਾਲੀਆਂ ਅੰਤਮ ਸਮੇਂ ਦੀਆਂ ਰਸਮਾਂ ਅਤੇ ਸ਼ਮਸ਼ਾਨ ਘਾਟ ਵਿਚ ਰਹਿਣ ਵਾਲੇ ਪਰਿਵਾਰਾਂ ਦੇ ਜੀਵਨ-ਯਥਾਰਥ ਨੂੰ ਸਾਹਵੇਂ ਲਿਆਉਂਦੀ ਹੈ। ਕੁੰਦਨ ਵਰਗੇ ਲਾਵਾਰਸ ਬੱਚਿਆਂ ਦੇ ਜੀਵਨ ਦੀਆਂ ਸਮੱਸਿਆਂ ਬਾਰੇ ਡੂੰਘੀ ਜਾਣਕਾਰੀ ਦਿੰਦੀ ਹੋਈ ਇਹ ਕਹਾਣੀ ਇਸ ਤੱਥ ਵੱਲ ਇਸ਼ਾਰਾ ਕਰਦੀ ਹੈ ਕਿ ਜੀਵਨ ਵਿਚ ਕਦੇ ਕਦਾਈਂ ਖੂਨ ਦੇ ਰਿਸ਼ਤੇ ਵੀ ਦਗ਼ਾ ਦੇ ਜਾਂਦੇ ਹਨ ਤੇ ਕਦੇ ਬੇਗਾਨੇ ਰਿਸ਼ਤੇ ਖੂਨ ਦੇ ਰਿਸ਼ਤਿਆ ਨਾਲੋਂ ਵੀ ਅਹਿਮ ਹੋ ਨਿਬੜਦੇ ਹਨ। 'ਤੱਥ' ਕਹਾਣੀ ਟਰੈਵਲ ਏਜੰਟਾਂ ਦੁਆਰਾ ਗੈਰ-ਕਾਨੂੰਨੀ ਤਰੀਕੇ ਨਾਲ ਵਿਦੇਸ਼ਾਂ ਵਿਚ ਭੇਜੇ ਜਾਣ ਵਾਲੇ ਨੌਜਵਾਨਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਨਾਲ ਨਾਲ ਕਈ ਹੋਰ ਅਹਿਮ ਤੱਥਾਂ ਦਾ ਖੁਲਾਸਾ ਵੀ ਕਰਦੀ ਹੈ। ਬਾਹਰ ਗਏ ਨੌਜਵਾਨਾਂ ਕਰਕੇ ਪਿੱਛੇ ਪਿੰਡਾਂ ਵਿਚਲੇ ਪਰਿਵਾਰਾਂ ਦੀ ਆਰਥਿਕ ਸਥਿਤੀ ਤਾਂ ਜ਼ਰੂਰ ਮਜ਼ਬੂਤ ਹੋਈ ਹੈ ਪਰ ਪਿੱਛੇ ਰਹਿ ਗਏ ਬਜ਼ੁਰਗ ਮਾਪਿਆਂ ਦੇ ਜੀਵਨ ਵਿਚਲਾ ਇਕਲਾਪਾ ਪੁੱਤਰਾਂ ਵੱਲੋਂ ਭੇਜੇ ਗਏ ਡਾਲਰਾਂ ਨਾਲ ਵੀ ਦੂਰ ਨਹੀਂ ਹੁੰਦਾ। ਪਰਦੇਸ ਗਏ ਇਹਨਾਂ ਨੌਜਵਾਨਾਂ ਦੀਆਂ ਘਰਵਾਲੀਆਂ ਦੀ ਦਰਦ-ਕਹਾਣੀ ਨੂੰ ਕਹਾਣੀ ਦੀ ਇਕ ਪਾਤਰ ਦਲਬੀਰੋ

ਦੇ ਇਨ੍ਹਾਂ ਬੋਲਾਂ 'ਚੋਂ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ,"ਭਾਅ ਜੀ ਧਨ ਦੌਲਤ ਵੀ ਬਹੁਤ ਆ। ਸੁੱਖ ਸਹੂਲਤਾਂ ਵੀ ਪੂਰੀਆਂ ਨੇ,ਪਰ ਇੰਨਾ ਸਭ ਕੁਝ ਹੋਣ ਤੇ ਵੀ ਔਰਤ ਨੂੰ ਕਈ ਕੁਝ ਹੋਰ ਚਾਹੀਦਾ ਹੁੰਦਾ ਏ ਜੋ ਵਿਦੇਸੀਂ ਗਿਆਂ ਦੀਆਂ ਘਰਵਾਲੀਆਂ ਨੂੰ ਨਸੀਬ ਨੀਂ ਹੁੰਦਾ। ਏਸੇ ਦੁੱਖੋਂ ਮਰਦੀਆਂ ਨੂੰ ਤਾਂ ਐਧਰੋਂ ਉਧਰੋਂ ਅੱਕ ਚੱਬਣਾ ਪੈਂਦਾ ਏ।" 'ਲਾਸ਼' ਕਹਾਣੀ ਵੱਖ ਵੱਖ ਪ੍ਰਾਂਤਾਂ ਤੋਂ ਮੁੰਬਈ ਮਹਾਨਗਰ ਦੇ ਫਿਲਮੀ ਜਗਤ ਵਿਚ ਆਪਣੀ ਕਿਸਮਤ ਅਜ਼ਮਾਉਣ ਗਏ ਤਿੰਨ ਦੋਸਤਾਂ ਦੇ ਜੀਵਨ ਸੰਘਰਸ਼ ਨੂੰ ਪੇਸ਼ ਕਰਦੀ ਹੈ। ਵਿਕਟਰ ਨਾਮੀ ਪਾਤਰ ਵਾਂਗ ਆਪਣੀ ਮਰੀ ਹੋਈ ਹੋਂਦ ਨੂੰ ਲੈ ਕੇ ਮੁੰਬਈ ਵਰਗੇ ਮਹਾਂਨਗਰ ਵਿਚ ਆਪਣੀ ਪਛਾਣ ਬਦਲ ਕੇ ਜਿਊਣਾ ਵੀ ਆਪਣੀ ਲਾਸ਼ ਨੂੰ ਆਪਣੇ ਹੀ ਮੋਢਿਆਂ ਉੱਤੇ ਢੋਂਦਿਆਂ ਫਿਰਨ ਦੇ ਸਮਾਨ ਹੈ।

ਵੱਖੋ-ਵੱਖਰੇ ਵਿਸ਼ਿਆਂ ਵਾਲੀਆਂ ਇਹ ਸਾਰੀਆਂ ਕਹਾਣੀਆਂ ਪਾਤਰਾਂ ਦੀ ਸੋਚ ਦੇ ਚੱਕਰ ਲਾਉਂਦੀਆਂ ਹੋਈਆਂ ਟੁੱਟਵੇਂ ਤੇ ਵਲੇਂਵੇਂਦਾਰ ਬਿਰਤਾਂਤ ਵਾਲੀਆਂ ਹਨ ਜੋ ਪਾਠਕਾਂ ਨੂੰ ਵੀ ਚੱਕਰਾਂ ਵਿਚ ਪਾ ਦਿੰਦੀਆਂ ਹਨ। ਇਕ ਕਹਾਣੀ ਨੂੰ ਛੱਡ ਕੇ ਬਾਕੀ ਦੀਆਂ ਕਹਾਣੀਆਂ ਵਿਚ ਸ਼ਰਾਬ ਦੇ ਮੈਟਾਫਰ ਦੀ ਖੁੱਲ੍ਹੇਆਮ ਵਰਤੋਂ ਕੀਤੀ ਗਈ ਹੈ। ਇਹ ਜ਼ਰਾ ਸੋਚਣ ਦਾ ਵਿਸ਼ਾ ਹੈ ਕਿ ਨਸ਼ਾ-ਮੁਕਤ ਪੰਜਾਬ ਦੀ ਸਿਰਜਣਾ ਲਈ ਸਮਕਾਲੀ ਕਹਾਣੀ ਵਿਚ ਵਾਰ ਵਾਰ ਇਸ ਮੈਟਾਫਰ ਦੀ ਵਰਤੋਂ ਕਿੱਥੋਂ ਤਕ ਉੱਚਿਤ ਹੈ?

–ਗੁਰਦੀਪ ਕੌਰ

ਔਲੇ ਦਾ ਬੂਟਾ (ਕਹਾਣੀ ਸੰਗ੍ਰਹਿ) ਜਸਬੀਰ ਕਲਸੀ

'ਰਾਤ ਲੰਘ ਗਈ' ਤੇ 'ਟਿੱਬਿਆਂ ਦੀ ਜੂਨ' ਤੋਂ ਬਾਅਦ 'ਔਲੇ ਦਾ ਬੂਟਾ'(ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ 95, ਮੁੱਲ 175 ਰੁਪਏ) ਜਸਬੀਰ ਕਲਸੀ ਦਾ ਤੀਸਰਾ ਕਹਾਣੀ-ਸੰਗ੍ਰਹਿ ਹੈ। ਕੁੱਲ ਸੱਤ ਕਹਾਣੀਆਂ ਵਾਲੇ ਇਸ ਸੰਗ੍ਰਹਿ ਵਿਚ ਕਹਾਣੀਕਾਰ ਨੇ ਮੋਟੇ ਤੌਰ ਉੱਤੇ ਨਸ਼ਾਖੋਰੀ, ਭਰੂਣ-ਹੱਤਿਆ, ਬੇਰੁਜ਼ਗਾਰੀ, ਕਿਸਾਨ ਖੁਦਕੁਸ਼ੀਆਂ, ਧਰਮ ਤੇ ਰਾਜਨੀਤੀ ਦੀ ਰਲਗੱਡਤਾ ਅਤੇ ਪੰਜਾਬ ਵਿਚਲੇ ਆਤੰਕਵਾਦ ਜਿਹੇ ਮਸਲਿਆਂ ਨੂੰ ਛੋਹਿਆ ਹੈ। ਇਹਨਾਂ ਮਸਲਿਆ ਨੂੰ ਛੋਹਣ ਸਮੇਂ ਉਹ ਮਨੁੱਖੀ ਜੀਵਨ ਨੂੰ ਅਹਿਮੀਅਤ ਦਿੰਦਾ ਹੈ। ਵਾਰਤਾਲਾਪੀ ਕਲਾਤਮਕ ਅੰਦਾਜ਼ ਵਿਚ ਲਿਖੀ 'ਚਾਰ ਆਸ਼ਰਮ' ਨਾਂ ਦੀ ਪੁਸਤਕ ਵਿਚਲੀ ਪਹਿਲੀ ਕਹਾਣੀ ਵਿਚ ਬ੍ਰਹਮਚਾਰੀਆ, ਗ੍ਰਹਿਸਥ, ਬਾਣ-ਪ੍ਰਸਥ ਤੇ ਸੰਨਿਆਸ ਨਾਂਵਾਂ ਦੇ ਚਾਰ ਆਸ਼ਰਮਾਂ ਦੀ ਗੱਲ ਕਰਕੇ ਮਨੁੱਖੀ ਜੀਵਨ ਨੂੰ ਹੀਰੇ ਸਮਾਨ ਅਮੋਲਕ ਦੱਸਿਆ ਗਿਆ ਹੈ ਅਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਸਿੱਖਿਆ ਦਿੱਤੀ ਗਈ ਹੈ। ਕਹਾਣੀ ਦਾ ਪਾਤਰ ਭਗਵੰਤ ਤਾਂ ਦਾਰੂ ਪੀਣ ਕਰਕੇ 'ਬਾਣ-ਪ੍ਰਸਥ ਆਸ਼ਰਮ' ਵਿਚ ਹੀ ਸੰਸਾਰ ਤਿਆਗ ਜਾਂਦਾ ਹੈ। ਪਤੀ-ਪਤਨੀ ਦੇ ਰਿਸ਼ਤੇ ਵਿਚਲੀ ਅਣਬਣ ਭਗਵੰਤ ਦੇ ਜ਼ਿਆਦਾ ਦਾਰੂ ਪੀਣ ਦਾ ਮੁੱਖ ਕਾਰਨ ਬਣਦੀ ਹੈ ਤੇ ਇਸ ਦੰਪਤੀ ਦੀ ਅਣਬਣ ਦਾ ਮੁੱਖ ਕਾਰਨ ਹੈ;ਭਜਨੋ ਦੇ ਕਾਲਜ ਸਮੇਂ ਉਸਦੇ ਨਾਲ ਪੜ੍ਹਦੇ ਲਵਪ੍ਰੀਤ ਨਾਲ ਪਿਆਰ ਸੰਬੰਧ। ਕਿੱਤੇ ਵਜੋਂ ਅਧਿਆਪਕ ਭਗਵੰਤ ਸਿੰਘ ਚੰਗੇ ਆਚਰਣ ਵਾਲਾ ਵਿਅਕਤੀ ਸੀ ਪਰ ਘਰੇਲੂ ਅਣਬਣ ਕਰਕੇ ਜ਼ਿਆਦਾ ਦਾਰੂ ਦਾ ਸੇਵਨ ਉਸਦੀ ਮੌਤ ਦਾ ਕਾਰਨ ਬਣਦਾ ਹੈ। ਕਹਾਣੀਕਾਰ ਦਾ ਆਜ਼ਾਦੀ ਪਸੰਦ ਵਿਚਾਰਧਾਰਕ ਦ੍ਰਿਸ਼ਟੀਕੋਣ ਹਰ ਪ੍ਰਕਾਰ ਦੀ ਗੁਲਾਮੀ ਦੇ ਵਿਰੁੱਧ ਹੈ। ਏਥੋਂ ਤਕ ਕਿ ਉਸਨੂੰ ਭਗਵੰਤ ਸਿੰਘ ਦੀ ਸਰਕਾਰੀ ਨੌਕਰੀ ਵੀ ਗੁਲਾਮੀ ਲੱਗਦੀ ਹੈ। ਨੌਕਰੀ ਨਾਲੋਂ ਉਹ ਖੇਤੀ ਨੂੰ ਤਰਜੀਹ ਦਿੰਦਾ ਹੈ। ਪਰ ਵਰਤਮਾਨ ਸਮੇਂ ਵਿਚ ਫੈਲੀ ਮਹਿੰਗਾਈ, ਕਿਸਾਨ-ਵਿਰੋਧੀ ਸਰਕਾਰੀ ਨੀਤੀਆਂ ਅਤੇ ਕਰਜ਼ੇ ਦੇ ਬੋਝ ਨੇ ਕਿਸਾਨਾਂ ਨੂੰ ਖੁਦਕੁਸ਼ੀਆਂ ਕਰਨ ਦੇ ਰਾਹ ਤੋਰ ਦਿੱਤਾ ਹੈ। ਅਜਿਹੀਆਂ ਸਥਿਤੀਆਂ ਵਿਚ ਸਮਾਜ ਵਿਚ ਰਹਿਣ ਵਾਲਾ ਵਿਅਕਤੀ, ਭਾਵੇਂ ਉਹ ਸਰਕਾਰੀ ਨੌਕਰ ਹੈ ਤੇ ਭਾਵੇਂ ਕਿਸਾਨ, ਦਾ ਹੀਰੇ ਵਰਗਾ ਅਮੋਲਕ ਜੀਵਨ ਪਦਾਰਥਵਾਦੀ ਯੁੱਗ ਦੀ ਭੇਟ ਚੜ੍ਹਦਾ ਜਾ ਰਿਹਾ ਹੈ।

'ਕਿੱਕਰ ਦੀ ਛਾਂ' ਕਹਾਣੀ ਸੀਰੀਆਂ ਤੇ ਕੰਮੀਆਂ ਦੇ ਜੀਵਨ-ਯਥਾਰਥ ਨੂੰ ਪੇਸ਼ ਕਰਦੀ ਹੋਈ ਕਮਜ਼ੋਰ ਆਰਥਿਕ ਸਥਿਤੀਆਂ ਦਾ ਸੰਤਾਪ ਹੰਢਾ ਰਹੀਆਂ ਨਿਮਨ-ਸ਼੍ਰੇਣੀਆਂ ਦੇ ਜੀਵਨ-ਸੰਘਰਸ਼ ਨੂੰ ਪੇਸ਼ ਕਰਦੀ ਹੈ। ਅਤੇ ਨਾਲ ਹੀ ਕੰਮੀ-ਸ਼੍ਰੇਣੀਆਂ ਵਿਚ ਆਈ ਉਸ ਸਮਾਜਕ ਚੇਤਨਾ ਵੀ ਦੀ ਗਵਾਹੀ ਭਰਦੀ ਹੈ ਜਿਸ ਅਨੁਸਾਰ ਵਿੱਦਿਆ ਦੀ ਪ੍ਰਾਪਤੀ ਨਾਲ ਹੀ ਇਹ ਸ਼੍ਰੇਣੀਆਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਰਥਿਕ ਤੰਗੀਆਂ ਦੀ ਦਲਦਲ 'ਚੋਂ ਬਾਹਰ ਕੱਢ ਸਕਣਗੀਆਂ। ਪਰ ਅਫਸੋਸ ਇਸ ਗੱਲ ਦਾ ਹੈ ਕਿ ਅੱਜੋਕੀ ਵਿਦਿਆ-ਪ੍ਰਣਾਲੀ ਵਿਚ ਵਧਦੇ ਨਕਲਾਂ ਦੇ ਰੁਝਾਨ ਅਤੇ ਮਹਿੰਗੀਆਂ ਟਿਊਸ਼ਨਾਂ ਦੇ ਕਲਚਰ ਕਰਕੇ ਵਿੱਦਿਆ ਪ੍ਰਾਪਤ ਕਰਨਾ ਇਹਨਾਂ ਸ਼੍ਰੇਣੀਆਂ ਲਈ ਇਕ ਸੁਪਨਾ ਬਣ ਕੇ ਰਹਿ ਗਿਆ ਹੈ। ਇਸ ਪ੍ਰਕਾਰ ਇਹ ਕਹਾਣੀ ਸਰਕਾਰੀ ਆਰ.ਟੀ.ਈ. ਐਕਟ ਵਿਚਲੀਆਂ ਕਮਜ਼ੋਰੀਆਂ ਦੀ ਵੀ ਪੋਲ ਖੋਲ੍ਹਦੀ ਹੈ। ਕਹਾਣੀ ਦੇ ਮੁੱਖ ਪਾਤਰ ਗੇਜੇ ਨੂੰ ਆਪਣੇ ਮਰਹੂਮ ਪਿਤਾ ਨਾਲ ਇਸ ਗੱਲ ਦੀ ਨਾਰਾਜ਼ਗੀ ਹੈ ਕਿ ਜੇਕਰ ਉਸਦੇ ਬਾਪੂ ਨੇ ਵੀ ਉਸਦੀ ਭੂਆ ਦੇ ਪੁੱਤ ਸੀਰੇ ਦੀ ਤਰ੍ਹਾਂ ਉਸਨੂੰ ਚਾਰ ਜਮਾਤਾਂ ਪੜ੍ਹਾਇਆ ਹੁੰਦਾ ਤਾਂ ਉਸਦੀ ਕਿਸਮਤ ਬਦਲ ਜਾਣੀ ਸੀ ਤੇ ਉਹ ਵੀ ਸੀਰੇ ਦੀ ਤਰ੍ਹਾਂ ਅੱਜ ਲੀਡਰ ਬਣਿਆ ਫਿਰਦਾ, ਚੰਗਾ ਖਾਂਦਾ, ਚੰਗਾ ਕੱਪੜਾ ਪਾਉਂਦਾ ਤੇ ਕਾਰਾਂ-ਜੀਪਾਂ ਦੀ ਸਵਾਰੀ ਕਰਦਾ। ਐਪਰ ਆਪਣੇ ਬਾਪੂ ਦੀਆਂ ਉਸਨੂੰ ਚਾਹੁੰਦਿਆਂ ਹੋਇਆਂ ਵੀ ਨਾ ਪੜ੍ਹਾਉਣ ਦੀਆਂ ਗਲਤੀਆਂ ਤੋਂ ਸਬਕ ਸਿਖ ਕੇ ਗੇਜਾ ਆਪਣੇ ਪੁੱਤਰ ਭੋਲੇ ਨੂੰ ਪੜ੍ਹਾ-ਲਿਖਾ ਕੇ ਸਰਕਾਰੀ ਨੌਕਰੀ ਦੇ ਯੋਗ ਬਣਾਉਣਾ ਚਾਹੁੰਦਾ ਹੈ। ਪਰ ਬਿਨਾਂ ਨਕਲ ਤੇ ਬਿਨਾਂ ਟਿਊਸ਼ਨ ਤੋਂ ਉਸਦਾ ਪੁੱਤਰ ਅੱਠਵੀਂ ਵਿਚੋਂ ਫੇਲ੍ਹ ਹੋ ਜਾਂਦਾ ਹੈ।ਤੇ ਹਾਰ ਕੇ ਗੇਜਾ ਭੋਲੇ ਨੂੰ ਪਸ਼ੂ ਚਾਰਨ 'ਤੇ ਲਾਉਣ ਲਈ ਮਜਬੂਰ ਹੋ ਜਾਂਦਾ ਹੈ।

'ਕੁੜੀ ਤੇ ਕੁੜੀਆਂ' ਕਹਾਣੀ ਭਰੂਣ-ਹੱਤਿਆ ਨੂੰ ਰੋਕਣ ਲਈ ਸਰਕਾਰੀ ਵਿੱਦਿਅਕ ਸੰਸਥਾਵਾਂ ਵਿਚ ਸਮੇਂ ਸਮੇਂ ਉੱਤੇ ਕਰਵਾਏ ਜਾਣ ਵਾਲੇ ਸੈਮੀਨਾਰਾਂ ਰਾਹੀਂ ਅੱਜੋਕੀ ਨੌਜਵਾਨ ਪੀੜ੍ਹੀ ਵਿਚ ਫੈਲਾਈ ਜਾ ਰਹੀ ਜਾਗਰੂਕਤਾ ਦੀ ਗਵਾਹੀ ਭਰਦੀ ਹੈ। ਪਰ ਨਾਲ ਹੀ ਇਸ ਤੱਥ ਨੂੰ ਵੀ ਸਪਸ਼ਟ ਕਰਦੀ ਹੈ ਕਿ 'ਔਰਤ ਹੀ ਔਰਤ ਦੀ ਦੁਸ਼ਮਣ ਹੈ'। ਜਦੋਂ ਤਕ ਔਰਤ ਹੀ ਔਰਤ ਦੀ ਸੁਰੱਖਿਆ ਲਈ ਪਹਿਲਕਦਮੀ ਨਹੀਂ ਕਰਦੀ ਉਦੋਂ ਤਕ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ਉੱਤੇ ਆਯੋਜਿਤ ਹੋਣ ਵਾਲੇ ਸੈਮੀਨਾਰ ਮਹੱਤਵਹੀਣ ਹੋ ਜਾਂਦੇ ਹਨ।ਇਸ ਕਹਾਣੀ ਵਿਚ ਪਰਤਾਪੀ ਦੇ ਤੀਜੀ ਵਾਰ ਗਰਭਵਤੀ ਹੋਣ'ਤੇ ਉਸਦੀ ਸੱਸ ਗਿਆਨੋ ਉਸਨੂੰ ਘਰਦਿਆਂ ਤੋਂ ਚੋਰੀ ਸ਼ਹਿਰ ਦੇ ਹਸਪਤਾਲ ਵਿਚ ਅਗਲਾ ਬੱਚਾ ਮੁੰਡਾ ਹੈ ਜਾਂ ਕੁੜੀ? ਇਹ ਜਾਨਣ ਲਈ ਟੈਸਟ ਕਰਵਾਉਣ ਲੈ ਜਾਂਦੀ ਹੈ। ਗਰਭ ਵਿਚਲੀ ਜਾਨ ਦੇ ਕੁੜੀ ਹੋਣ ਦਾ ਪਤਾ ਲੱਗਦਿਆਂ ਹੀ ਗਿਆਨੋ ਆਪਣੀ ਨੂੰਹ ਦਾ ਗਰਭਪਾਤ ਕਰਵਾ ਦਿੰਦੀ ਹੈ। ਠੀਕ ਉਸੇ ਦਿਨ ਪਰਤਾਪੀ ਦੇ ਦਿਉਰ ਗੁਰਪ੍ਰੀਤ ਦੇ ਕਾਲਿਜ ਵਿਚ "ਭਰੂਣ ਹੱਤਿਆ ਰੋਕੋ" ਵਿਸ਼ੇ'ਤੇ ਸੈਮੀਨਾਰ ਦੇ ਵੇਰਵੇ ਨੌਜਵਾਨਾਂ ਨੂੰ ਭਰੂਣ-ਹੱਤਿਆ ਖਿਲਾਫ ਜਾਗਰੂਕ ਕਰਦੇ ਹਨ।'ਮੁੰਡਾ ਏ ਜਾਂ ਕੁੜੀ' ਨਾਂ ਦੀ ਕਹਾਣੀ ਵੀ ਏਸੇ ਵਿਸ਼ੇ ਨਾਲ ਸੰਬੰਧਤ ਹੈ।ਜਿਸ ਵਿਚ ਗਰਭਪਾਤ ਦੌਰਾਨ ਜਿਮੀਂਦਾਰ ਹਰਬੰਸ ਸਿੰਘ ਦੀ ਨੂੰਹ ਗਰਭਪਾਤ ਕਾਰਨ ਫੈਲੇ ਜ਼ਹਿਰਵੇ ਨਾਲ ਮਰ ਜਾਂਦੀ ਹੈ।ਇਹਨਾਂ ਦੋਹਾਂ ਕਹਾਣੀਆਂ ਵਿਚ ਕਹਾਣੀਕਾਰ ਭਰੂਣ-ਹੱਤਿਆ ਤੇ ਕਰਜ਼ੇ ਦੇ ਬੋਝ ਹੇਠ ਦੱਬੇ ਕਿਸਾਨਾਂ ਦੁਆਰਾ ਕੀਤੀਆਂ ਖੁਦਕੁਸ਼ੀਆਂ ਨੂੰ ਪੰਜਾਬ ਦੀ ਬਰਬਾਦੀ ਲਈ ਜ਼ਿੰਮੇਵਾਰ ਸਮਝਦਾ ਹੈ।

'ਫੁੱਲ ਖਿੜੇਗਾ ਜਾਂ ਨਹੀਂ' ਕਹਾਣੀ ਛੋਟੀ ਕਿਸਾਨੀ ਦੇ ਜੀਵਨ-ਯਥਾਰਥ ਦੀ ਝਲਕ ਪੇਸ਼ ਕਰਦੀ ਹੈ। ਪੀੜ੍ਹੀ-ਦਰ-ਪੀੜ੍ਹੀ ਵੰਡ ਹੁੰਦੀਆਂ ਜ਼ਮੀਨਾਂ ਕਾਰਨ ਘੱਟ ਜ਼ਮੀਨ ਵਿਚ ਖੇਤੀਬਾੜੀ ਕਰਨ ਨਾਲ ਕਿਸਾਨੀ ਪਰਿਵਾਰਾਂ ਦੀ ਕਬੀਲਦਾਰੀ ਹੀ ਮਸਾਂ ਕਿਉਂਟੀ ਜਾ ਰਹੀ ਹੈ। ਉਪਰੋਂ ਆੜ੍ਹਤੀਏ ਦਾ ਸਿਰ ਚੜ੍ਹਿਆ ਕਰਜ਼ਾ ਕਿਸਾਨ ਨੂੰ ਸਾਹ ਨਹੀਂ ਲੈਣ ਦਿੰਦਾ। ਅਜਿਹੀ ਸਥਿਤੀ ਵਿਚ

ਪੰਜਾਬ ਦਾ ਨੌਜਵਾਨ ਵਰਗ ਪਰਦੇਸਾਂ ਵਿਚ ਜਾ ਕੇ ਪੈਸਾ ਕਮਾਉਣ ਵੱਲ ਵਧੇਰੇ ਰੁਚਿਤ ਹੋ ਰਿਹਾ ਹੈ। ਪਰ ਟਰੈਵਲ ਏਜੰਟਾਂ ਦੁਆਰਾ ਕੀਤੀਆਂ ਜਾਂਦੀਆ ਠੱਗੀਆਂ ਤੇ ਗ਼ੈਰਕਾਨੂੰਨੀ ਤਰੀਕੇ ਨਾਲ ਬਾਹਰ ਭੇਜਣ ਦੇ ਨਤੀਜੇ ਵਜੋਂ ਪਰਦੇਸ ਜਾਣ ਵਿਚ ਵੀ ਛੋਟੀ ਕਿਸਾਨੀ ਦੀਆਂ ਆਰਥਿਕ ਸਮੱਸਿਆਵਾਂ ਦਾ ਹੱਲ ਨਜ਼ਰ ਨਹੀਂ ਆਉਂਦਾ ਸਗੋਂ ਪਰਦੇਸਾਂ ਵਿਚ ਹੋਣ ਵਾਲੇ ਵਿਤਕਰੇ ਤੇ ਕਈ ਹੋਰ ਤਰ੍ਹਾਂ ਦੀਆਂ ਘਟਨਾਵਾਂ ਨਾਲ ਕਿਸਾਨੀ ਲਈ ਕਈ ਨਵੀਂ ਤਰ੍ਹਾਂ ਦੀਆਂ ਸਮੱਸਿਆਵਾਂ ਖੜ੍ਹੀਆਂ ਹੋ ਰਹੀਆਂ ਹਨ। ਗੁਰਮੁਖ ਨਾਂ ਦਾ ਕਹਾਣੀ ਦਾ ਵਿਚਲਾ ਪਾਤਰ ਡੁਬਈ ਜਾ ਕੇ ਆਪਣੀ ਆਰਥਿਕ ਸਥਿਤੀ ਨੂੰ ਸੁਧਾਰਨ ਦਾ ਸੁਪਨਾ ਦੇਖਦਾ ਹੈ। ਪਰ ਉੱਥੇ ਜਾ ਕੇ ਸੜਕ ਦੁਰਘਟਨਾ ਵਿਚ ਉਸਦੀ ਮੌਤ ਹੋ ਜਾਂਦੀ ਹੈ ਤੇ ਪਿੱਛੇ ਪਤਨੀ ਅਤੇ ਬੱਚਿਆਂ ਦਾ ਜੀਵਨ ਪਹਿਲਾਂ ਨਾਲੋਂ ਵੀ ਬਦਤਰ ਹੋ ਜਾਂਦਾ ਹੈ।

ਇਸੇ ਤਰ੍ਹਾਂ 'ਸੁਪਨਿਆਂ ਦਾ ਕਤਲ' ਨਾਂ ਦੀ ਕਹਾਣੀ ਆਤੰਕਵਾਦ ਦੇ ਦੌਰ ਵਿਚ ਮਾਰੇ ਗਏ ਉਹਨਾਂ ਨਿਰਦੋਸ਼ਿਆਂ ਦੇ ਪਰਿਵਾਰਕ ਦੁਖਾਂਤ ਦਾ ਮਾਰਮਿਕ ਦ੍ਰਿਸ਼ ਪੇਸ਼ ਕਰਦੀ ਹੈ ਜਿਹਨਾਂ ਦੇ ਜ਼ਿੰਦਗੀ ਨੂੰ ਜਿਉਣ ਲਈ ਵੇਖੇ ਗਏ ਭਵਿੱਖਮੁਖੀ ਸੁਪਨੇ ਹਮੇਸ਼ਾ ਹਮੇਸ਼ਾ ਲਈ ਦਮ ਤੋੜ ਗਏ। ਪਿੱਛੇ ਰਹਿ ਗਏ ਪਰਿਵਾਰਕ ਮੈਂਬਰਾਂ ਦੀਆਂ ਮਾਰੇ ਗਏ ਆਪਣਿਆਂ ਲਈ ਸਿਸਕੀਆਂ ਦੀ ਆਵਾਜ਼ ਇਸ ਕਹਾਣੀ ਦੇ ਵੇਰਵਿਆਂ 'ਚੋਂ ਸਾਫ ਸੁਣਾਈ ਦਿੰਦੀ ਹੈ। ਕਹਾਣੀਕਾਰ ਦੀ ਮਾਨਵੀ ਵੇਦਨਾ ਮਨੁੱਖੀ ਸੁਪਨਿਆਂ ਦੇ ਕਾਤਲਾਂ ਨੂੰ ਬਾਬਰ ਦੀ ਸੰਗਿਆ ਦਿੰਦੀ ਹੋਈ ਰੱਬ ਤੇ ਸਮਾਜ ਦੇ ਪਹਿਰੇਦਾਰਾਂ ਅੱਗੇ ਇਹ ਸਵਾਲ ਮੁੜ ਦੁਹਰਾਉਂਦੀ ਹੈ ਕਿ, 'ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨ ਆਇਆ'। ਸੰਗ੍ਰਹਿ ਦੀ ਸਿਰਲੇਖਕ ਕਹਾਣੀ 'ਔਲ਼ੇ ਦਾ ਬੂਟਾ' ਵੱਖ ਵੱਖ ਰਾਜਨੀਤਕ ਪਾਰਟੀਆਂ ਦੁਆਰਾ ਧਰਮ ਤੇ ਰਾਜਨੀਤੀ ਨੂੰ ਰਲਗੱਡ ਕਰਨ ਦੇ ਖਿਲਾਫ ਆਵਾਜ਼ ਉਠਾਉਂਦੀ ਹੋਈ ਸਾਫ-ਸੁਥਰੀ ਰਾਜਨੀਤੀ ਪ੍ਰਤਿ ਲੋਕ-ਰਾਏ ਦੀ ਉਸਾਰੀ ਕਰਦੀ ਜਾਪਦੀ ਹੈ। ਖਾਸਕਰ ਪੰਜਾਬ ਵਿਚ ਉੱਠੀ ਖਾਲਿਸਤਾਨ ਦੀ ਮੰਗ ਨੂੰ ਰਾਸ਼ਟਰ ਵਿਰੋਧੀ ਮੰਨਦੀ ਹੋਈ ਕਿਸੇ ਵੀ ਪਾਰਟੀ ਦੀ ਕਾਮਯਾਬੀ ਲਈ ਲੋਕ-ਰਾਏ ਤੇ ਲੋਕ-ਸੰਗਠਨ ਦੇ ਮਹੱਤਵ ਨੂੰ ਤਰਜੀਹ ਦਿੰਦੀ ਹੈ।

ਸਮੁੱਚੇ ਤੌਰ ਉੱਤੇ ਕਿਹਾ ਜਾ ਸਕਦਾ ਹੈ ਕਿ ਹੱਥਲੇ ਕਹਾਣੀ ਸੰਗ੍ਰਹਿ ਵਿਚ ਕਹਾਣੀਕਾਰ ਦਾ ਮਨੋਰਥ ਗੁਰੂਆਂ,ਪੀਰਾਂ ਤੇ ਪੈਗੰਬਰਾਂ ਦੀਆਂ ਪਾਈਆਂ ਲੀਹਾਂ ਉੱਤੇ ਚੱਲਦਿਆਂ ਧਰਮ, ਜਾਤ-ਪਾਤ ਤੇ ਨਸਲੀ ਵਿਤਕਰਿਆਂ ਤੋਂ ਮੁਕਤ ਨਰੋਈਆਂ ਕਦਰਾਂ-ਕੀਮਤਾਂ ਵਾਲੇ ਸਮਾਜ ਦੀ ਸਿਰਜਣਾ ਕਰਨਾ ਹੈ।

-ਗੁਰਦੀਪ ਕੌਰ

ਪ੍ਰਾਪਤ ਪੁਸਤਕਾਂ

ਏਨੀ ਮੇਰੀ ਬਾਤ (ਸਵੈ ਜੀਵਨੀ) ਕਰਨਜੀਤ ਸਿੰਘ

ਪੰਨੇ 169, ਮੁੱਲ 375 ਰੁਪਏ, ਮਨਪ੍ਰੀਤ ਪ੍ਰਕਾਸ਼ਨ, ਗੀਤਾ ਕਾਲੋਨੀ, ਦਿੱਲੀ

ਨੈਣ ਨਾ ਰਹਿੰਦੇ ਤੱਕਣੋਂ (ਝੰਗ ਦੇ ਗਾਉਣ) ਪ੍ਰੋ. ਸਈਅਦ ਭੁੱਟਾ

ਪੰਨੇ 216, ਮੁੱਲ 300 ਰੁਪਏ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ

ਜੱਗ ਜੰਕਸ਼ਨ ਰੇਲਾਂ ਦਾ (ਕਰਨੈਲ ਸਿੰਘ ਪਾਰਸ ਰਚਨਾਵਲੀ) ਭਾਗ-1

ਪੰਨੇ 280+16, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਭਰਿਆ ਹੈ ਮੇਰਾ ਅਸਮਾਨ (ਕਾਵਿ ਸੰਗ੍ਰਹਿ) ਡਾ. ਰਵਿੰਦਰ

ਪੰਨੇ 104, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਗੀਤ ਦਾ ਬੇਦਾਵਾ (ਕਾਵਿ ਸੰਗ੍ਰਹਿ) ਸੁਰਿੰਦਰ ਗਿੱਲ

ਪੰਨੇ 80, ਮੁੱਲ 150 ਰੁਪਏ, ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

ਸੜਕਛਾਪ ਸ਼ਾਇਰੀ (ਕਾਵਿ ਸੰਗ੍ਰਹਿ) ਸ਼ਸ਼ੀ ਪਾਲ ਸਮੁੰਦਰਾ

ਪੰਨੇ 135, ਮੁੱਲ 150 ਰੁਪਏ, ਪੰਜਾਬੀ ਸਾਹਿਤ ਪਬਲੀਕੇਸ਼ਨਜ਼, ਬਾਲ਼ੀਆਂ (ਸੰਗਰੂਰ)

ਤੇਰੀ ਮੁਹੱਬਤ (ਕਾਵਿ ਸੰਗ੍ਰਹਿ) ਗੁਰਨਾਮ ਢਿੱਲੋਂ

ਪੰਨੇ 112, ਮੁੱਲ 150 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਦੁਮੇਲ (ਕਾਵਿ ਸੰਗ੍ਰਹਿ) ਧਰਮ ਕੰਮੇਆਣਾ

ਪੰਨੇ 119, ਮੁੱਲ 125 ਰੁਪਏ, ਸਨਾਵਰ ਪਬਲੀਕੇਸ਼ਨਜ਼, ਪਟਿਆਲਾ

ਕਹਿ ਦਿਉ ਉਸ ਕੁੜੀ ਨੂੰ (ਕਾਵਿ ਸੰਗ੍ਰਹਿ) ਡਾ. ਗੁਰਮਿੰਦਰ ਸਿੱਧੂ

ਪੰਨੇ 127, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਮੇਰਾ ਯਕੀਨ ਕਰੀਂ (ਕਾਵਿ ਸੰਗ੍ਰਹਿ) ਸਹਿਜਪ੍ਰੀਤ ਸਿੰਘ ਮਾਂਗਟ

ਪੰਨੇ 127, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਨੀਂਦਰ ਭਿੱਜੀਆਂ ਅੱਖਾਂ (ਕਾਵਿ ਸੰਗ੍ਰਹਿ) ਸਲੀਮ ਸ਼ਹਿਜ਼ਾਦ, ਲਿਪੀਅੰਤਰ ਜਸਪਾਲ ਘਈ

ਪੰਨੇ 102, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਸਭ ਤੋਂ ਵੱਡੀ ਬੇਹ (ਗ਼ਜ਼ਲਾਂ) ਸੁਰਿੰਦਰ ਸੀਹਰਾ

ਪੰਨੇ 100, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਕਿਣ ਕਿਣ ਕਣੀਆਂ (ਗ਼ਜ਼ਲ ਸੰਗ੍ਰਹਿ) ਉਜਾਗਰ ਸਿੰਘ ਕੰਵਲ

ਪੰਨੇ 126, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਯਸ਼ੋਧਰਾ (ਲੰਮੀ ਕਵਿਤਾ) ਇੰਦਰਜੀਤ ਨੰਦਨ

ਪੰਨੇ 110, ਮੁੱਲ 100 ਰੁਪਏ, ਪਾਵਸੀ ਪ੍ਰਕਾਸ਼ਨ, ਸ਼ਿਵਾਲਿਕ ਸਿਟੀ, ਗ੍ਰੇਟਰ ਮੁਹਾਲੀ

ਊੜਾ (ਕਾਵਿ ਸੰਗ੍ਰਹਿ) ਦਵਿੰਦਰ ਪੂਨੀਆ

ਪੰਨੇ 88, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਕੱਚ ਦੇ ਅੱਖਰ (ਕਵਿਤਾਵਾਂ) ਜਗਜੀਵਨ ਮੀਤ

ਪੰਨੇ 120, ਮੁੱਲ 150 ਰੁਪਏ, ਚੱਕ ਸਤਾਰਾਂ ਪ੍ਰਕਾਸ਼ਨ, ਪੁਰਾਣਾ ਰਾਜਪੁਰਾ

ਗੰਧਲੇ ਪਾਣੀ (ਨਾਵਲ) ਬਲਦੇਵ ਸਿੰਘ

ਪੰਨੇ 198, ਮੁੱਲ 300 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਤੋੜੀ ਨਾ ਤੁਟੇ (ਨਾਵਲ) ਡਾ. ਅਮਰਜੀਤ ਸਿੰਘ

ਪੰਨੇ 191, ਮੁੱਲ 300 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਚੁਪੈ ਚੁਪ ਨਾ ਹੋਵਈ (ਨਾਵਲ) ਡਾ. ਅਮਰਜੀਤ ਸਿੰਘ

ਪੰਨੇ 143, ਮੁੱਲ 275 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਸ਼ਾਹਰਗ ਦੇ ਰਿਸ਼ਤੇ (ਨਾਵਲ) ਹਰਪਿੰਦਰ ਰਾਣਾ

ਪੰਨੇ 120, ਮੁੱਲ 120 ਰੁਪਏ, ਸਾਹਿਬਦੀਪ ਪ੍ਰਕਾਸ਼ਨ, ਭੀਖੀ (ਮਾਨਸਾ)

ਬਿੱਲੀਆਂ ਅੱਖਾਂ ਦਾ ਜਾਦੂ (ਕਹਾਣੀਆਂ) ਜਸਵੀਰ ਰਾਣਾ

ਪੰਨੇ 152, ਮੁੱਲ 150 ਰੁਪਏ, ਪੰਜਾਬੀ ਸਾਹਿਤ ਪਬਲੀਕੇਸ਼ਨਜ਼, ਬਾਲ਼ੀਆਂ (ਸੰਗਰੂਰ)

ਔਰਤ ਦੀ ਸ਼ਰਣ ਵਿਚ (ਕਹਾਣੀਆਂ) ਬਲਜਿੰਦਰ ਨਸਰਾਲੀ

ਪੰਨੇ 128, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਇਹ ਜੰਗ ਕੌਣ ਲੜੇਗਾ (ਕਹਾਣੀਆਂ) ਭੋਲਾ ਸਿੰਘ ਸੰਘੇੜਾ

ਪੰਨੇ 144, ਮੁੱਲ 160 ਰੁਪਏ, ਲੋਕਰੰਗ ਪ੍ਰਕਾਸ਼ਨ, ਮਾਡਲ ਟਾਊਨ, ਬਰਨਾਲਾ

ਤਾਕਿ ਸਨਦ ਰਹੇ (ਕਹਾਣੀਆਂ) ਧਿਆਨ ਸਿੰਘ ਸ਼ਾਹ ਸਿਕੰਦਰ

ਪੰਨੇ 104, ਮੁੱਲ 100 ਰੁਪਏ, ਸਾਤਿਵਕ ਬੁਕਸ, ਸਿਟੀ ਸੈਂਟਰ, ਅੰਮ੍ਰਿਤਸਰ

ਮੋਮਬੱਤੀਆਂ (ਕਹਾਣੀਆਂ) ਇੰਦਰਜੀਤਪਾਲ ਕੌਰ

ਪੰਨੇ 128, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਚੰਦਰਮੁਖੀ (ਕਹਾਣੀ ਸੰਗ੍ਰਹਿ) ਸੁਖਰਾਜ ਧਾਲੀਵਾਲ

ਪੰਨੇ 143, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਰਸਾਇਣਕ ਕਹਾਣੀਆਂ (ਰੂਸੀ ਕਹਾਣੀਆਂ) ਐਨ ਵਲਾਸੋਵ, ਡੀ. ਤਰਿਫੋਨੋਵ

ਪੰਨੇ 259, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

ਧੁੰਦ ਚੀਰਦੀ ਕਿਰਨ (ਮਿੰਨੀ ਕਹਾਣੀਆਂ) ਸੰਪਾਦਕ: ਡਾ. ਅਸ਼ੋਕ ਭਾਟੀਆ

ਪੰਨੇ 180, ਮੁੱਲ 150 ਰੁਪਏ, ਸਾਂਝ ਪ੍ਰਕਾਸ਼ਨ, ਕ੍ਰਿਸ਼ਨਾ ਨਗਰ, ਜਲੰਧਰ

ਕਾਲ਼ੇ ਕੋਟ ਦਾ ਦਰਦ (ਵਾਰਤਕ) ਨਿੰਦਰ ਘੁਗਿਆਣਵੀ

ਪੰਨੇ 200, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਕਨੇਡਾ ਵਿਚ ਪੰਜਾਬੀ ਬੋਲੀ (ਵਾਰਤਕ) ਸਾਧੂ ਬਿਨਿੰਗ

ਪੰਨੇ 176, ਮੁੱਲ 275 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

Greatest Punjabis ਮਹਾਨ ਪੰਜਾਬੀ (ਵਾਰਤਕ) ਜੋਗਿੰਦਰ ਸ਼ਮਸ਼ੇਰ

ਪੰਨੇ 128+32+16, ਮੁੱਲ 300 ਰੁਪਏ, $15, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਜੁਗਨੀ (ਵਾਰਤਕ) ਗੁਰਬਚਨ ਸਿੰਘ ਵਿਰਦੀ

ਪੰਨੇ 89, ਮੁੱਲ 150 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਕੌਮ ਦਾ ਸਿਤਾਰਾ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ (ਜੀਵਨੀ) ਡਾ. ਜਸਵੰਤ ਰਾਏ

ਪੰਨੇ 199, ਮੁੱਲ 295 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਵਿਛੜ ਗਿਆ ਭਰਾਵੋ ਮੇਲਾ (ਵਾਰਤਕ) ਪ੍ਰੋ. ਬਲਵੀਰ ਕੌਰ ਰੀਹਲ

ਪੰਨੇ 115, ਮੁੱਲ 200 ਰੁਪਏ, ਗੋਸ਼ਲ ਪ੍ਰਕਾਸ਼ਨ, ਗੋਸਲ (ਲੁਧਿਆਣਾ)

ਸਵਾਂਤ ਬੂੰਦ (ਬਾਬਾਣੀਆਂ ਕਹਾਣੀਆਂ-ਹਰਨਾਮ ਸਿੰਘ ਤੇਗ਼ ਪਿਸ਼ਾਵਰੀ) ਸੰਪਾਦਿਕਾ: ਚੰਦਨ ਨੇਗੀ

ਪੰਨੇ 287, ਮੁੱਲ 450 ਰੁਪਏ, ਆਰਸੀ ਪਬਲਿਸ਼ਰਜ਼, ਦਰਿਆ ਗੰਜ, ਦਿੱਲੀ

ਆਪੋ ਆਪਣੇ ਦਰਿਆ (ਕਾਵਿ-ਨਾਟਕ) ਰਵਿੰਦਰ ਰਵੀ

ਪੰਨੇ 190, ਮੁੱਲ 325 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਧ੍ਰਿਗ ਤਿਨਾ ਦਾ ਜੀਵਣਾ (ਨਾਟਕ ਸੰਗ੍ਰਹਿ) ਤਰਸਪਾਲ ਕੌਰ

ਪੰਨੇ 72, ਮੁੱਲ 100 ਰੁਪਏ, ਤਾਲਿਫ ਪ੍ਰਕਾਸ਼ਨ, ਬਰਨਾਲਾ

ਗਾਥਾ ਵਗਦੇ ਪਾਣੀਆਂ ਦੀ (ਨਾਟਕ) ਜਗਦੇਵ ਢਿੱਲੋਂ

ਪੰਨੇ 112, ਮੁੱਲ 100 ਰੁਪਏ, ਅਦਬੀ ਪਰਵਾਜ਼ ਪ੍ਰਕਾਸ਼ਨ, ਮਾਨਸਾ

ਸੱਤ ਸਮੁੰਦਰੋਂ ਪਾਰ ਦੀਆਂ ਧਰਤੀਆਂ (ਸਫ਼ਰਨਾਮਾ) ਪ੍ਰਿੰਸੀਪਲ ਨਛੱਤਰ ਸਿੰਘ ਸੇਖਾ

ਪੰਨੇ 216, ਮੁੱਲ 395 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਇੰਗਲੈਂਡ ਵਿਚ ਵਿਚਰਦਿਆਂ (ਸਫ਼ਰਨਾਮਾ) ਜੰਗ ਬਹਾਦਰ ਸਿੰਘ ਘੁੰਮਣ

ਪੰਨੇ 208, ਮੁੱਲ 150 ਰੁਪਏ, ਖੜਗ ਪ੍ਰਕਾਸ਼ਨ, ਲੁਧਿਆਣਾ

ਪਾਤਰ-ਕਾਵਿ ਦੀ ਅੰਤਰ-ਯਾਤਰਾ (ਆਲੋਚਨਾ) ਡਾ. ਸਾਧੂ ਸਿੰਘ

ਪੰਨੇ 104, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਗਿਆਨੀ ਕੇਸਰ ਸਿੰਘ ਦੇ ਨਾਵਲ ਤੇ ਆਜ਼ਾਦੀ...(ਆਲੋਚਨਾ) ਡਾ.ਗੁਰਬੀਰ ਸਿੰਘ ਬਰਾੜ

ਪੰਨੇ 144, ਮੁੱਲ 200 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਰਵਿੰਦਰ ਰਵੀ ਕਾਵਿ (ਆਲੋਚਨਾ) ਸਰਬਜੀਤ ਕੌਰ

ਪੰਨੇ 151, ਮੁੱਲ 275 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਸੁਖਨ ਨਿਸ਼ਾਨੀ: ਕਾਵਿ ਅਵਚੇਤਨ (ਆਲੋਚਨਾ) ਲਖਵੀਰ ਸਿੰਘ

ਪੰਨੇ 104, ਮੁੱਲ 200 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਸਬਾਲਟਰਨ (ਗੁਰਦਿਆਲ ਸਿੰਘ ਦੇ ਨਾਵਲਾਂ ਦੀ ਪਰਿਕਰਮਾ) ਹਰਪ੍ਰੀਤ ਕੌਰ ਬੰਗਾ

ਪੰਨੇ 111, ਮੁੱਲ 150 ਰੁਪਏ, ਸੰਗਮ ਪਬਲੀਕੇਸ਼ਨਜ਼, ਪਟਿਆਲਾ

ਸਮਕਾਲੀ ਪੰਜਾਬੀ ਕਹਾਣੀ: ਪ੍ਰਸੰਗ ਤੇ ਪ੍ਰਵਚਨ (ਆਲੋਚਨਾ) ਪ੍ਰੋ.ਜੇ.ਬੀ. ਸੇਖੋਂ

ਪੰਨੇ 251, ਮੁੱਲ 300 ਰੁਪਏ, ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ,ਜਲੰਧਰ

ਗ਼ਜ਼ਲਗੋ ਕੇਸਰ ਸਿੰਘ ਨੀਰ ਮੁਲਾਂਕਣ (ਆਲੋਚਨਾ) ਡਾ. ਐੱਸ. ਤਰਸੇਮ

ਪੰਨੇ 96, ਮੁੱਲ 120 ਰੁਪਏ, ਮਾਤਾ ਭਾਗਵੰਤੀ ਸਾਹਿਤ ਸੇਵਾ ਸੰਮਤੀ, ਮਾਲੇਰਕੋਟਲਾ

ਪੰਜਾਬੀ ਸਾਹਿਤ ਇਤਿਹਾਸ ਦੇ ਲੇਖ ਰਣਜੀਤ ਸਿੰਘ ਖੜਗ, ਸੰਕਲਨ ਇੰਜੀ: ਕਰਮਜੀਤ ਸਿੰਘ

ਪੰਨੇ 336, ਮੁੱਲ 395 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

Border Line of Wagha by Dr. S.S.Chhina

Pp128, Price Rs. 150/- , 6$, Citizens Welfare Trust, Amritsar

Shakespeare: Deconstructive Theory by Dr. Taraspal Kaur

Pp112, Price Rs. 250/- Dynamic Publications, Delhi

'ਸਿਰਜਣਾ' ਬਾਰੇ ਜਾਣਕਾਰੀ

1. ਪ੍ਰਕਾਸ਼ਨ ਸਥਾਨ	225-ਬੀ, ਮਖਦੂਮਪੁਰਾ, ਜਲੰਧਰ
2. ਪ੍ਰਕਾਸ਼ਨ ਕਾਲ	ਤ੍ਰੈਮਾਸਕ
3. ਛਾਪਕ, ਪ੍ਰਕਾਸ਼ਕ ਤੇ ਮਾਲਕ	ਸੁਰਿੰਦਰ ਮੋਹਨ ਸਿੰਘ
4. ਕੌਮੀਅਤ	ਭਾਰਤੀ
5. ਪਤਾ	225-ਬੀ, ਮਖਦੂਮਪੁਰਾ, ਜਲੰਧਰ
6. ਸੰਪਾਦਕ	ਰਘਬੀਰ ਸਿੰਘ
7. ਕੌਮੀਅਤ	ਭਾਰਤੀ
8. ਪਤਾ	1728, ਸੈਕਟਰ 43-ਬੀ, ਚੰਡੀਗੜ੍ਹ

ਮੈਂ ਸੁਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ: 28 ਫਰਵਰੀ 2016 ਦਸਤਖਤ: ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੋਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: **1 ਅਪਰੈਲ, 2016**

ਪੱਤਰ

ਸਿਰਜਣਾ-179 ਦੀ ਸੰਪਾਦਕੀ ਜਾਣਕਾਰੀ ਭਰਪੂਰ ਹੋਣ ਦੇ ਨਾਲ ਇਸ ਪੱਖੋਂ ਮਹੱਤਵਪੂਰਨ ਹੈ ਕਿ ਇਸ ਵਿਚ ਸਾਹਿਤ ਸਭਾਵਾਂ ਦੀ ਕਾਰਜਕੁਸ਼ਲਤਾ ਨੂੰ ਠੀਕ ਸੇਧ ਵਿਚ ਰੱਖਣ ਦੀ ਲੋੜ ਦ੍ਰਿੜਾਈ ਗਈ ਹੈ ਅਤੇ ਸਾਹਿਤ-ਜਗਤ ਨੂੰ ਮੇਲਾ ਕਲਚਰ ਤੋਂ ਬਚਾਉਣ ਦੀ ਗੱਲ ਕੀਤੀ ਗਈ ਹੈ। ਸਾਧੂ ਬਿਨਿੰਗ ਦੀਆਂ 'ਨਾਸਤਿਕ ਕਵਿਤਾਵਾਂ' ਖਿੱਚ ਪਾਊ ਵੀ ਹਨ ਤੇ ਅਰਥਪੂਰਨ ਵੀ। ਰਤਨ ਸਿੰਘ ਦੀ ਕਹਾਣੀ 'ਹੋਰ ਦਾ ਹੋਰ' ਸਰਲ ਤੇ ਸਹਿਜ ਹੈ ਜੋ ਬ੍ਰਹਿਮੰਡ ਵਾਂਗ ਫੈਲਦੀ ਹੀ ਜਾਂਦੀ ਹੈ। ਜਸਬੀਰ ਕੌਰ ਦਾ ਰਾਜਿੰਦਰ ਸਿੰਘ ਬੇਦੀ ਬਾਰੇ ਲੇਖ ਕਮਾਲ ਦਾ ਹੈ, ਜਿਸ ਵਿਚ ਕੁਝ ਗੱਲਾਂ ਲੇਖਕਾਂ ਵਿਦਵਾਨਾਂ ਲਈ ਗੁੜ੍ਹਤੀ ਵਾਂਗ ਹਨ। ਲਿਖਤ ਪੜ੍ਹਕੇ ਧੰਨ ਧੰਨ ਹੋ ਗਏ। ਅੱਜ ਤੋਂ ਪੱਚੀ ਤੀਹ ਸਾਲ ਪਹਿਲਾਂ 'ਸਿਰਜਣਾ' ਵਿਚ ਸੁਖਬੀਰ ਦਾ 'ਪ੍ਰਸੰਗਵਸ' ਪੜ੍ਹਿਆ ਸੀ, ਉਹ ਵੀ ਚੇਤਿਆਂ ਵਿਚ ਉਕਰਿਆ ਪਿਆ ਹੈ। ਤੌਕੀਰ ਚੁਗਤਾਈ ਦਾ ਹਬੀਬ ਜਾਲਿਬ ਦੀਆਂ ਯਾਦਾਂ ਨਾਲ ਜੁੜਿਆ ਨਿਬੰਧ ਲੇਖਕ ਅਤੇ ਸਿਆਸਤ ਦੇ ਸੰਬੰਧ ਬਾਰੇ ਰੌਚਕ ਤੇ ਮੁੱਲਵਾਨ ਜਾਣਕਾਰੀ ਦਿੰਦਾ ਹੈ। ਜੇ.ਬੀ. ਸੇਖੋਂ ਨੇ ਨਾਵਲ 'ਬੋਲ ਮਰਦਾਨਿਆ' ਦਾ ਚੰਗਾ ਰਿਵਿਊ ਕੀਤਾ ਹੈ ਜਿਸਨੂੰ ਪੜ੍ਹਕੇ ਪਾਠਕ ਅੰਦਰ ਪੁਸਤਕ ਪੜ੍ਹਨ ਦੀ ਜਗਿਆਸਾ ਪੈਦਾ ਹੋਣੀ ਸੁਭਾਵਕ ਹੈ।

-ਲਕਸ਼ਮੀ ਨਰਾਇਣ ਭੀਖੀ, ਅਰਬਨ ਅਸਟੇਟ, ਪਟਿਆਲਾ

ਸਿਰਜਣਾ-179 ਵਿਚ ਸੁਖਵੰਤ ਹੁੰਦਲ ਵੱਲੋਂ ਰੰਗਕਰਮੀ ਸੈਮੂਅਲ ਜੌਹਨ ਨਾਲ ਕੀਤੀ ਮੁਲਾਕਾਤ ਗਹੁ ਨਾਲ ਪੜ੍ਹੀ। ਮੋਟੇ-ਠੁੱਲ੍ਹੇ ਅੰਦਾਜ਼ ਵਿਚ ਕੀਤੀਆਂ ਗੱਲਾਂ ਮਨ ਨੂੰ ਚੰਗੀਆਂ ਲੱਗੀਆਂ। ਨਾਟਕ ਅਤੇ ਰੰਗ ਮੰਚ ਬਾਰੇ ਕਈ ਵਿਚਾਰ ਜ਼ਿਹਨ ਅੰਦਰ ਉਭਰੇ ਅਤੇ ਕਿਸੇ ਵੇਲੇ ਧਰੂ ਤਾਰੇ ਵਾਂਗ ਚਮਕਦੀ ਰਹੀ 'ਇਪਟਾ' ਲਹਿਰ ਚੇਤਿਆਂ ਅੰਦਰ ਘੁੰਮ ਗਈ। ਨਾਟਕ ਦੇ ਸੰਕਟ ਦੀਆਂ ਗੱਲਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ ਅਤੇ ਕਲਾਕਾਰਾਂ ਦੀ ਦੁਰਗਤ ਬਾਰੇ ਵੀ ਬਥੇਰਾ ਸੁਣੀਂਦਾ ਹੈ, ਪਰ ਇਹ ਮੁਲਾਕਾਤ ਪੜ੍ਹ ਕੇ ਲੱਗਿਆ ਕਿ ਇਸ ਸੰਕਟ ਦਾ ਹੱਲ ਕੱਢਿਆ ਜਾ ਸਕਦਾ ਹੈ। ਵੱਡੀ ਗੱਲ ਸੈਮੂਅਲ ਜੌਹਨ ਵੱਲੋਂ ਕੀਤੀਆਂ ਗੱਲਾਂ ਨੂੰ ਵੱਡੇ ਪੱਧਰ ਉੱਤੇ ਅਮਲ ਵਿਚ ਲਿਆਉਣ ਦੀ ਹੈ। ਸਿਆਸੀ ਖੇਤਰ ਵਿਚ ਚੜ੍ਹਤ ਵਾਲੇ ਸਮੇਂ ਵਿਚ ਤਾਂ ਇਸ ਤਰ੍ਹਾਂ ਸਮੱਸਿਆਵਾਂ ਕਿਸੇ ਨਾ ਕਿਸੇ ਰੂਪ ਵਿਚ ਹੱਲ ਹੁੰਦੀਆਂ ਰਹਿੰਦੀਆਂ ਹਨ, ਪਰ ਹੁਣ ਜਦੋਂ ਸਿਆਸੀ ਖੇਤਰ ਖੜੋਤ ਦੀ ਮਾਰ ਝੱਲ ਰਿਹਾ ਹੈ, ਤਾਂ ਮੁੱਖ ਮੁੱਦਾ ਅਜਿਹੇ ਹਾਲਾਤ ਵਿਚ ਚਿਣਗ ਬਾਲੀ ਰੱਖਣ ਦਾ ਬਣਦਾ ਹੈ। ਮੁਲਾਕਾਤ ਦੇ ਅਖ਼ੀਰ ਵਿਚ ਸੈਮੂਅਲ ਜੌਹਨ ਦੀ ਇਕ ਗੱਲ ਨੇ ਧਿਆਨ ਕੁਝ ਵਧੇਰੇ ਖਿੱਚਿਆ। ਉਨ੍ਹਾਂ ਆਖਿਆ ਹੈ ਕਿ ਉਹ ਅਸਲ ਕਾਮਿਆਂ ਨੂੰ ਲੈ ਕੇ ਆਪਣਾ ਨਾਟਕ ਤਿਆਰ ਕਰਨਾ ਚਾਹੁੰਦਾ ਹੈ। ਪਤਾ ਨਹੀਂ ਪੰਜਾਬੀ ਵਿਚ ਇਸ ਤਰ੍ਹਾਂ ਦਾ ਤਜਰਬਾ ਪਹਿਲਾਂ ਹੋਇਆ ਜਾਂ ਨਹੀਂ, ਪਰ ਜੇ ਅਜਿਹਾ ਹੋ ਜਾਂਦਾ ਹੈ ਤਾਂ ਇਹ ਵੱਡੀ ਗੱਲ ਹੋਵੇਗੀ। ਕਿਆ ਕਮਾਲ ਹੋਵੇਗਾ ਜਦੋਂ ਗੋਹਾ-ਕੂੜਾ ਕਰਨ ਵਾਲੀ ਮਾਂ ਕਿਸੇ ਨਾਟਕ ਦੀ ਪਾਤਰ ਬਣੇਗੀ ਅਤੇ ਆਪਣਾ ਦੁੱਖ ਆਪ ਲੋਕਾਂ ਨੂੰ ਦੱਸੇਗੀ। ਮੇਰਾ ਇਹ ਪੱਕਾ ਯਕੀਨ ਹੈ ਕਿ ਇਸ ਤਰ੍ਹਾਂ ਦੀ ਪ੍ਰਤੀਬੱਧਤਾ ਨਾਲ ਹੀ ਖੜੋਤ ਟੁੱਟ ਸਕਦੀ ਹੈ ਅਤੇ ਨਾਟਕ ਆਮ ਲੋਕਾਂ ਵਿਚ ਜਾ ਸਕਦਾ ਹੈ। ਨੂਰ ਸੰਤੋਖਪੁਰੀ ਦੀ ਕਹਾਣੀ 'ਅੰਦਰ ਬਾਹਰ ਵਿਛਿਆ ਸੱਥਰ' ਵਿਚ ਵੱਖਰੇ ਸਮਾਜ ਬਾਰੇ ਜਾਣਕਾਰੀ ਹਾਸਲ ਹੋਈ। ਇਸ ਕਹਾਣੀ ਵਿਚ ਔਰਤ-ਮਰਦ ਦੇ ਅਸਾਵੇਂ ਰਿਸ਼ਤਿਆਂ ਅਤੇ ਔਰਤ ਦੀ ਹਾਲਤ ਦੇ ਵੇਰਵੇ ਦੱਸਦੇ ਹਨ ਕਿ ਅਸੀਂ ਕਿਸ ਜਗਤ ਵਿਚ ਰਹਿ ਰਹੇ ਹਾਂ। ਅਖੀਰ ਵਿਚ ਇਕ ਨੁਕਤਾ ਸੰਪਾਦਕੀ ਬਾਰੇ ਸਾਂਝਾ ਕਰਨਾ ਚਾਹੁੰਦਾ ਹਾਂ। ਸੰਪਾਦਕੀ ਵਿਚ ਸਾਹਿਤ-ਸਭਿਆਚਾਰ ਦਾ ਪਿੜ ਬੱਝਣ ਅਤੇ ਦੋ ਪੈਰ ਮੜਕ ਨਾਲ ਤੁਰਨ ਦੀ ਰੀਝ ਤਾਂ ਅੱਛੀ ਬਾਤ ਹੈ, ਜੇ ਅਸੀਂ ਅੱਗੇ ਵਧਣਾ ਹੈ ਤਾਂ ਇਸ ਤਰ੍ਹਾਂ ਹੋਣਾ ਹੀ ਚਾਹੀਦਾ ਹੈ, ਪਰ ਹਾਲਾਤ ਬਹੁਤ ਬਦਲ ਚੁੱਕੇ ਹਨ।

ਉਲਟੀ ਨ੍ਹੇਰੀ ਦੀ ਅੱਤ ਹੋਈ ਪਈ ਹੈ। ਜਥੇਬੰਦ ਹੰਭਲਾ ਕਿਤੇ ਦਿਸਦਾ ਨਹੀਂ। ਕੰਮ-ਚਲਾਈ ਜਿਹੀ ਹੋਈ ਜਾਂਦੀ ਹੈ। ਇਸ ਤਰ੍ਹਾਂ ਦੀ ਸੂਰਤ ਵਿਚ ਫਸਿਆ ਗੱਡਾ ਕਿੰਝ ਨਿਕਲੇਗਾ? ਉਂਝ ਮੈਂ ਵੀ ਚਾਹੁੰਦਾ ਹਾਂ ਕਿ ਹਿਲਜੁਲ ਦੀ ਕਿਤਿਓਂ ਕੋਈ ਸ਼ੁਰੂਆਤ ਹੋਵੇ। **-ਨਰੇਸ਼ ਕੋਛੜ, ਨਵਾਂਸ਼ਹਿਰ**

ਉਂਝ ਤਾਂ 'ਸਿਰਜਣਾ' ਦਾ ਤਕਰੀਬਨ ਸਾਰਾ ਮੈਟਰ ਪੜ੍ਹਨ-ਵਿਚਾਰਨ ਵਾਲਾ ਹੁੰਦਾ ਹੈ, ਪਰ ਐਤਕੀਂ ਜਨਵਰੀ-ਮਾਰਚ 2016 ਵਾਲੇ ਅੰਕ (179) ਵਿਚ ਦਰਸ਼ਨ ਸਿੰਘ ਸਹਿਰੀ ਦਾ ਸੰਸਾਰ ਪ੍ਰਸਿੱਧ ਦਾਰਸ਼ਨਿਕ ਹੇਗਲ ਬਾਰੇ ਲਿਖਿਆ ਲੇਖ ਮੇਰੇ ਲਈ ਖਾਸ ਸੀ। ਸਹਿਰੀ ਹੁਰਾਂ ਦੀ ਤਰਕ-ਨਾਟਕ-ਲੜੀ ਚਿਰ ਪਹਿਲਾਂ 'ਸਿਰਜਣਾ' ਵਿਚ ਪੜ੍ਹੀ ਸੀ। ਉਦੋਂ ਵੀ ਇਨ੍ਹਾਂ ਲਿਖਤਾਂ ਨੂੰ ਪੜ੍ਹਨ ਦਾ ਇੰਨਾ ਹੀ ਲੁਤਫ ਆਇਆ ਸੀ। ਹੇਗਲ ਬਾਰੇ ਪਹਿਲਾਂ ਵੀ ਕੁਝ-ਕੁਝ ਪੜ੍ਹਿਆ ਸੀ, ਪਰ ਉਹ ਮੈਟਰ ਅੰਗਰੇਜ਼ੀ ਵਿਚ ਸੀ। ਹੁਣ ਪੰਜਾਬੀ ਵਿਚ ਹੇਗਲ ਪੜ੍ਹ ਕੇ ਬਹੁਤ ਚੰਗਾ ਲੱਗਾ। ਇਹ ਲੇਖ ਹੋਰ ਵੀ ਕਈਆਂ ਦੇ ਧਿਆਨ ਵਿਚ ਲਿਆਂਦਾ ਅਤੇ ਉਨ੍ਹਾਂ ਵੀ ਪੜ੍ਹ ਕੇ ਇਹੀ ਰਾਏ ਪ੍ਰਗਟ ਕੀਤੀ। ਲੇਖਕ ਨੇ ਥੋੜ੍ਹੇ ਸ਼ਬਦਾਂ ਵਿਚ ਹੇਗਲ ਦੇ ਜੀਵਨ ਅਤੇ ਉਸ ਦੇ ਚਿੰਤਨ ਉਤੇ ਝਾਤੀ ਪੁਆ ਦਿੱਤੀ ਹੈ। ਇਸੇ ਤਰ੍ਹਾਂ, ਇਸੇ ਅੰਕ ਵਿਚ ਛਪਿਆ ਸੁਰਜੀਤ ਹਾਂਸ ਦਾ ਲੇਖ 'ਸੁਝ ਅਤੇ ਆਵੇਖਣ' ਸੀ। ਹਾਂਸ ਹੁਰਾਂ ਦੇ ਲੇਖ ਵਿਚ ਕਦੀ-ਕਦੀ ਕਈ ਸ਼ਬਦ ਔਖਾ ਕਰਦੇ ਹਨ, ਜਿਵੇਂ ਸਿਰਲੇਖ ਵਾਲਾ ਸ਼ਬਦ 'ਆਵੇਖਣ' ਹੀ ਹੈ। ਇਸ ਦੇ ਨਾਲ ਹੀ ਕਈ ਸ਼ਬਦ ਨਵੇਂ ਵੀ ਲੱਭ ਜਾਂਦੇ ਹਨ। ਸਭ ਤੋਂ ਵੱਡੀ ਗੱਲ, ਉਹ ਜਿਸ ਪੁਸਤਕ ਬਾਰੇ ਚਰਚਾ ਕਰਦੇ ਹਨ, ਉਸ ਦੇ ਮੁੱਖ ਨੁਕਤੇ ਰੋਚਕ ਢੰਗ ਨਾਲ ਪਾਠਕਾਂ ਅੱਗੇ ਰੱਖ ਦਿੰਦੇ ਹਨ। ਪਰਚੇ ਵਿਚ ਰਿਵਿਊ ਵਾਲਾ ਹਿੱਸਾ ਵੀ ਤਸੱਲੀ ਕਰਵਾ ਦਿੰਦਾ ਹੈ। ਇਸ ਪਾਸੇ 'ਸਿਰਜਣਾ' ਨੇ ਵਧੀਆ ਪੈੜਾਂ ਪਾਈਆਂ ਹਨ। ਤੱਕੀਰ ਚੁਗਤਾਈ ਦੀਆਂ ਅਵਾਮੀ ਸ਼ਾਇਰ ਹਬੀਬ ਜਾਲਿਬ ਬਾਰੇ ਗੱਲਾਂ ਵੀ ਖੂਬ ਸਨ। ਸੈਮੂਅਲ ਜੌਹਨ ਨਾਲ ਸੁਖਵੰਤ ਹੁੰਦਲ ਨੇ ਪੂਰੀ ਤਸੱਲੀ ਨਾਲ ਇੰਟਰਵਿਊ ਕੀਤੀ ਹੈ। ਇਹ ਇੰਟਰਵਿਊ ਸਾਂਭ ਕੇ ਰੱਖਣ ਵਾਲੀ ਹੈ। ਇਸ ਵਿਚ ਮੁੰਬਈ ਬਾਰੇ ਆਏ ਵੇਰਵੇ ਨਿਆਰੇ ਹਨ ਅਤੇ ਇਹ ਨਵਿਆਂ ਨੂੰ ਸਿੱਖਿਆ ਦੇਣ ਵਾਲੇ ਵੀ ਹਨ। ਇਸ ਤਰ੍ਹਾਂ ਦਾ ਬੰਦਾ ਹਰ ਉਤਰਾਅ-ਚੜ੍ਹਾਅ ਦੇ ਬਾਵਜੂਦ ਕਿਤੇ ਪੈੜਾਂ ਛੱਡ ਜਾਂਦਾ ਹੈ। ਗੁਰਤੇਜ ਕੁਹਾਰਵਾਲਾ ਦੀ ਕਿਤਾਬ ਦਾ ਰਿਵਿਊ ਪੜ੍ਹ ਕੇ ਕਿਤਾਬ ਖਰੀਦ ਲਈ। ਸੱਚਮੁੱਚ ਤਸੱਲੀ ਹੋਈ। ਜ਼ਿਆਦਾ ਤਸੱਲੀ ਇਸ ਕਰਕੇ ਵੀ ਹੋਈ ਕਿ ਪੁਸਤਕਾਂ ਛਾਪਣ-ਛਪਵਾਉਣ ਦੇ ਘੜਮੱਸ ਵਿਚ ਗੁਰਤੇਜ ਵਰਗਾ ਕੋਈ ਹੈ ਜਿਹੜਾ ਇਸ ਤਰ੍ਹਾਂ ਦੀ ਦੌੜ ਦਾ ਹਿੱਸਾ ਨਹੀਂ ਬਣਿਆ। ਬਹੁਤੇ ਤਾਂ ਤਰੱਕੀਆਂ ਲੈਣ ਲਈ ਹੀ ਕਾਗਜ਼ ਖਰਾਬ ਕਰੀ ਜਾਂਦੇ ਹਨ।

-ਕੇਸਰ ਸਿੰਘ ਅਟਵਾਲ, ਬੰਗਾ

ਸਿਰਜਣਾ-179 ਵਿਚ ਰਾਜਿੰਦਰ ਸਿੰਘ ਬੇਦੀ ਬਾਰੇ ਛਪੇ ਨਿਬੰਧ ਨੇ ਕਈ ਪੁਰਾਣੀਆਂ ਯਾਦਾਂ ਤਾਜ਼ਾ ਕਰਵਾ ਦਿੱਤੀਆਂ। ਗੁਲਜ਼ਾਰ ਸਿੰਘ ਸੰਧੂ ਦੀ ਰਚਨਾ '1965 ਦੀ ਜੰਗ ਦੇ ਸ਼ਾਹੀ ਕੈਦੀ' ਪੜ੍ਹਦਿਆਂ ਅੱਖਾਂ ਭਰ ਆਈਆਂ। ਜੰਗ ਵਾਲੇ ਬਿਰਤਾਂਤ ਪੜ੍ਹ ਕੇ ਦਿਲ ਨੂੰ ਟਿਕਾਉਣਾ ਔਖਾ ਹੋ ਜਾਂਦਾ ਹੈ। ਇਹੀ ਹਾਲ ਵੰਡ ਬਾਰੇ ਪੜ੍ਹ ਕੇ ਹੁੰਦਾ ਹੈ। ਸਿਰਜਣਾ-178 ਵਿਚ ਸੁਰਜੀਤ ਹਾਂਸ ਦੇ 1947 ਦੀ ਵੰਡ ਬਾਰੇ ਲੇਖ ਵਿਚੋਂ ਕਈ ਨਵੇਂ ਤੱਥ ਪਤਾ ਲੱਗੇ। ਪਤਾ ਲਗਦਾ ਹੈ ਕਿ ਇੰਨੀ ਕਤਲੋਗਾਰਤ ਤੋਂ ਬਾਅਦ ਵੀ ਮਨੁੱਖ ਮਨ-ਆਈਆਂ ਕਰਦਾ ਰਹਿੰਦਾ ਹੈ। ਮਨੁੱਖ ਨੇ ਲਗਦਾ ਹੈ, ਕੁਝ ਨਹੀਂ ਸਿੱਖਿਆ। ਗੱਲ-ਗੱਲ 'ਤੇ ਤਲਵਾਰਾਂ ਦਾ ਭੇੜ ਸ਼ੁਰੂ ਹੋ ਜਾਂਦਾ ਹੈ। ਕੋਈ ਨਿੱਤਰ ਕੇ ਨਿਸ਼ਾਨਦੇਹੀ ਵੀ ਨਹੀਂ ਕਰਦਾ ਕਿ ਇਸ ਹਾਲਤ ਲਈ ਕਿਸ ਦੀ ਜ਼ਿੰਮੇਵਾਰੀ ਹੈ।

-ਰਣਜੀਤ ਕੌਰ, ਮੋਹਾਲੀ

ਇੰਗਲੈਂਡ ਵਸੇਂਦੇ ਪ੍ਰਗਤੀਵਾਦੀ ਚੇਤਨਾ ਦੇ ਸ਼ਾਇਰ
ਗੁਰਨਾਮ ਢਿੱਲੋਂ ਦਾ ਨਵਾਂ ਕਾਵਿ ਸੰਗ੍ਰਹਿ
ਤੇਰੀ ਮੁਹੱਬਤ



ਆਦਰਸ਼ਾਂ ਦੀ ਅਣਹੋਂਦ ਅਤੇ ਵਿਚਾਰਧਾਰਕ ਪ੍ਰਤੀਬੱਧਤਾ ਦੇ ਨਿਖੇਧ ਦੇ ਵਰਤਮਾਨ ਦੌਰ ਵਿਚ ਗੁਰਨਾਮ ਢਿੱਲੋਂ ਲੋਕ-ਹਿਤਾਂ ਨੂੰ ਪਰਨਾਈ ਅਤੇ ਸੱਚੇ-ਸੁੱਚੇ ਵਿਚਾਰਾਂ ਨਾਲ ਜੁੜੀ ਆਪਣੀ ਸੋਚ ਉੱਤੇ ਦ੍ਰਿੜਤਾ ਨਾਲ ਪਹਿਰਾ ਦੇ ਰਿਹਾ ਹੈ। ਇਕ ਕਵੀ ਵਜੋਂ ਇਹੀ ਉਸਦਾ ਨਿਵੇਕਲਾਪਣ ਹੈ।

ਪੰਨੇ 112 ਸੁੰਦਰ ਦਿੱਖ ਮੁੱਲ 150 ਰੁਪਏ

ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

SIRJANA Literary Punjabi Quarterly Chandigarh
No. 180 ISSN 2455-1058 April-June 2016
Registered with the Registrar of Newspapers for India vide R.N. 10215/65

ਅੱਜ ਦੀ ਬਾਤ ਪਾਉਂਦਾ
ਸ਼ਾਇਰ ਸੁਰਿੰਦਰ ਗਿੱਲ ਦਾ ਨਵਾਂ ਕਾਵਿ-ਸੰਗ੍ਰਹਿ
'ਗੀਤ ਦਾ ਬੇਦਾਵਾ'



ਸੁਰਿੰਦਰ ਗਿੱਲ ਨੇ 20ਵੀਂ ਸਦੀ ਦੇ 6ਵੇਂ ਦਹਾਕੇ ਪੰਜਾਬੀ ਸਾਹਿਤ ਦੇ ਵਿਹੜੇ 'ਸ਼ਗਨ' ਕਾਵਿ-ਸੰਗ੍ਰਹਿ ਨਾਲ ਪੈਰ ਧਰਿਆ ਸੀ, ਜਦੋਂ ਪ੍ਰਗਤੀਸ਼ੀਲ ਲਹਿਰ ਸਾਹਿਤ ਦੇ ਸਾਗਰ ਵਿਚ ਠਾਠਾਂ ਮਾਰ ਰਹੀ ਸੀ। ਹੁਣ 21ਵੀਂ ਸਦੀ ਦੇ ਦੂਜੇ ਦਹਾਕੇ ਦੌਰਾਨ ਉਸ ਨੇ ਅੱਜ ਦੇ ਸਮੇਂ ਦੇ ਨੈਣ-ਨਕਸ਼ ਉਲੀਕਣ ਦਾ ਹੀਲਾ ਕੀਤਾ ਹੈ। ਇਸ ਸ਼ਾਇਰੀ ਵਿਚ ਵੀ ਅੱਜ ਵਾਲੇ ਮਸਲੇ ਉਵੇਂ ਆਣ ਲੱਥੇ ਹਨ ਜਿਵੇਂ ਉਸ ਦੀਆਂ ਪਹਿਲ-ਪਲੋਕੜੀਆਂ ਰਚਨਾਵਾਂ ਵਿਚ ਇਹ ਬੜੇ ਸਹਿਜ ਨਾਲ ਪੰਜਾਬੀ ਸਾਹਿਤ-ਜਗਤ ਦਾ ਅਹਿਮ ਹਿੱਸਾ ਬਣੇ ਸਨ।

ਪੰਨੇ 80 ਸੁੰਦਰ ਦਿੱਖ ਮੁੱਲ 150 ਰੁਪਏ

ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ